# ਕਾਲੇ ਰੰਗ ਗੁਲਾਬਾਂ ਦੇ
(ਨਾਵਲ)

## ਇਸੇ ਕਲਮ ਤੋਂ ਹੋਰ ਨਾਵਲ

1. ਵਨ ਵੇਅ
2. ਰੇਤ
3. ਸਵਾਰੀ
4. ਸਾਊਥਾਲ
5. ਬ੍ਰਿਟਿਸ਼ ਬੌਰਨ ਦੇਸੀ
6. ਅਕਾਲ ਸਹਾਏ
7. ਗੀਤ
8. ਮੁੰਦਰੀ ਡੌਟ ਕੌਮ
9. ਮੋਰ ਉਡਾਰੀ
10. ਆਪਣਾ

## ਹੋਰ ਕਿਤਾਬਾਂ

1. ਸਰਦ ਪੈਰਾਂ ਦੀ ਉਡੀਕ (ਕਵਿਤਾ)
2. ਸੁੱਕਾ ਪੱਤਾ ਤੇ ਹਵਾ (ਕਹਾਣੀਆਂ)
3. ਕਾਲਾ ਲਹੂ (ਕਹਾਣੀਆਂ)
4. ਸੱਪਾਂ ਦਾ ਭਰ ਬ੍ਰਤਾਨੀਆਂ (ਕਹਾਣੀਆਂ)
5. ਖੂਹ ਵਾਲਾ ਘਰ (ਕਹਾਣੀਆਂ)
6. ਇਕ ਸੱਚ ਮੇਰਾ ਵੀ (ਕਹਾਣੀਆਂ)
7. ਨਵੇਂ ਗੀਤ ਦਾ ਮੁਖੜਾ (ਕਹਾਣੀਆਂ)
8. ਇਕ ਗੱਲ ਜੇ ਦਿਲ ਲੱਗੇ (ਕਹਾਣੀਆਂ)
9. ਦਸ ਦਰਵਾਜ਼ੇ (ਸਵੈ ਕਥਨ)
10. ਫੋਕਸ (ਯਾਤਰਾ)
11. ਪੱਚਾਸੀ ਵਰਿਆਂ ਦਾ ਜਸ਼ਨ (ਜੀਵਨੀ)

## हिंदी में

1. वन वेअ (नावल)
2. रेत (नावल)
3. साऊथाल (नावल)
4. थेमज किनारे (नावल)
5. दस दरवाजे (सवै कथन)
6. एक सच्च मेरा भी (कहानीआं)
7. पँजाबी की शरेशट कहानीआं (संपादना)

# ਕਾਲੇ ਰੰਗ ਗੁਲਾਬਾਂ ਦੇ

ਹਰਜੀਤ ਅਟਵਾਲ

ਸੰਗਮ ਪਬਲੀਕੇਸ਼ਨਜ਼, ਸਮਾਣਾ

# Kale Rang Gulaban De

(a novel)

**by**

**HARJEET ATWAL**
67 Hillside Road,
Southall,
Middlesex UB1 2PE
Phone: 0044 208 578 0393
England
Mobile: 0044 7782265726
Email ; harjeetatwal@hotmail.co.uk
harjeetatwal@gamil.com

ISBN 978-93-5231-?-?

© Author
2017

Published by
**Sangam Publications**
**Sekhon Colony, Near Bus Stand, Samana (Patiala)**
Ph. 01764-501934
Mob. 99151-03490, 98152-43917
www.sangampublications.com

Printed & Bound at:
Aarna Printing Solutions, Patiala
Ph. 99148-40666

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਮਰਹੂਮ ਦੋਸਤ ਜਸਬੀਰ ਦੇ ਨਾਂ

# ਇੱਕ

ਮਹਾਨਗਰ ਲੰਡਨ ਨੇ ਆਪਣੇ ਆਲੇ ਦੁਆਲੇ ਦੇ ਕਈ ਪਿੰਡ ਤੇ ਕਸਬੇ ਨਿਗਲ ਲਏ ਹਨ ਜਿਵੇਂ ਕਿ ਮਹਾਨਗਰ ਦੀ ਆਦਤ ਹੁੰਦੀ ਹੀ ਹੈ। ਹੀਥਰੋ ਦਾ ਵਿਸਥਾਰ ਤਾਂ ਹਾਲੇ ਤਕ ਕਈ ਪਿੰਡਾਂ ਨੂੰ ਉਜਾੜ ਰਿਹਾ ਹੈ। ਜਦ ਦੂਜਾ ਰਨ-ਵੇਅ ਬਣਾਇਆ ਗਿਆ ਤਾਂ ਕਈ ਪਿੰਡ ਤੇ ਕਸਬੇ ਉਠਾਲਣੇ ਪੈਣਗੇ। ਹਾਲ ਦੀ ਘੜੀ ਕੁਝ ਪਿੰਡ ਹੀਥਰੋ ਦੀ ਬੁੱਕਲ ਵਿੱਚ ਲੁਕੇ ਬੈਠੇ ਹਨ। ਇਹਨਾਂ ਵਿੱਚ ਹੀ ਇੱਕ ਹੈ, ਸਟੈਨਵੈੱਲ ਵਿਲੇਜ। ਸਟੈਨਵੈੱਲ ਵਿਲੇਜ ਚੌਥੇ ਤੇ ਪੰਜਵੇਂ ਟਰਮੀਨਲ ਨਾਲ ਖਹਿੰਦਾ ਹੋਇਆ ਵੱਸਦਾ ਹੈ। ਦੋਵੇਂ ਟਰਮੀਨਲ ਦਸ-ਦਸ ਮਿੰਟ ਪੈਦਲ ਦੀ ਦੂਰੀ ’ਤੇ ਹਨ। ਜੇ ਕਿਤੇ ਹਵਾ ਦਾ ਰੁਖ ਇਸ ਪਾਸੇ ਦਾ ਹੋਵੇ ਤੇ ਜਹਾਜ਼ ਇੱਧਰੋਂ ਦੀ ਉਤਰ ਰਹੇ ਹੋਣ ਤਾਂ ਜਾਪਦਾ ਹੈ ਕਿ ਉਤਰਦੇ ਜਹਾਜ਼ ਦੇ ਪਹੀਏ ਕਿਸੇ ਨਾ ਕਿਸੇ ਇਮਾਰਤ ਨੂੰ ਛੂਹ ਜਾਣਗੇ। ਇਸ ਪਿੰਡ ਵਿੱਚ ਘੁੰਮਦੇ ਹੋਵੋਂ ਤਾਂ ਹਾਲੇ ਵੀ ਘੋੜਿਆਂ ਦੀ ਲਿੱਦ ਦਾ ਮੁਸ਼ਕ ਆਉਣ ਲੱਗਦਾ ਹੈ। ਇਵੇਂ ਹੀ ਘੋੜਾ ਬੱਘੀਆਂ ਵੀ ਕਈ ਘਰਾਂ ਦੇ ਮੁਹਰੇ ਖੜੀਆਂ ਦਿੱਸ ਜਾਣਗੀਆਂ। ਕੁਝ ਕੁ ਖੇਤ ਵੀ ਮਿਲ ਜਾਣਗੇ ਜਿੱਥੇ ਕਣਕ ਜਾਂ ਮੱਕੀ ਬੀਜੀ ਹੋਈ ਹੋਵੇਗੀ। ਸਟੈਨਵੈੱਲ ਵਿਲੇਜ ਮਹਾਨਗਰ ਦੇ ਬਿਲਕੁਲ ਨੇੜੇ ਅਸਲੀ ਅੰਗਰੇਜ਼ੀ ਪਿੰਡ ਦੀ ਖੁਸ਼ਬੂ ਸੰਭਾਲੀ ਬੈਠਾ ਹੈ।

ਪਹਿਲਾਂ ਹੀਥਰੋ ਦੇ ਤਿੰਨ ਟਰਮੀਨਲ ਹੀ ਸਨ, ਫਿਰ ਚੌਥਾ ਬਣਿਆਂ ਤੇ ਕੁਝ ਦੇਰ ਬਾਅਦ ਪੰਜਵਾਂ। ਚੌਥੇ ਤੇ ਪੰਜਵੇਂ ਟਰਮੀਨਲ ਨੂੰ ਬਣਾਉਣ ਲਈ ਜਿਹੜੇ ਲੋਕ ਉਠਾਏ ਗਏ ਸਨ ਉਹਨਾਂ ਲਈ ਸਟੈਨਵੈੱਲ ਵਿਲੇਜ ਦੇ ਨਾਲ ਨਾਲ ਇੱਕ ਸੜਕ, ਕਲੇਅਰ ਰੋਡ, ਕੱਢ ਕੇ ਉਸ ਉਪਰ ਘਰ, ਬੰਗਲੇ ਤੇ ਫਲੈਟ ਬਣਾ ਦਿੱਤੇ ਗਏ ਸਨ। ਕਲੇਅਰ ਰੋਡ ਏਅਰਪੋਰਟ ਵੱਲੋਂ ਸ਼ੁਰੂ ਹੋ ਕੇ ਸਟੈਨਵੈਲ ਨੂੰ ਵਗਲਦੀ ਹੋਈ ਸਟੇਨ ਰੋਡ ਨੂੰ ਜਾ ਮਿਲਦੀ ਹੈ। ਫਿਰ ਜਲਦੀ ਹੀ ਇਸ ਵਿੱਚੋਂ ਵੀ ਕੁਝ ਸੜਕਾਂ ਕੱਢ ਕੇ ਹੋਰ ਲੋਕਾਂ ਨੂੰ ਵਸਾਇਆ ਗਿਆ। ਹੁਣ ਇਹ ਪਿੰਡ ਦੋ ਹਿੱਸਿਆਂ ਵਿੱਚ ਹੈ, ਇੱਕ ਸਟੈਨਵੈੱਲ ਵਿਲੇਜ ਤੇ ਦੂਜਾ ਸਟੈਨਵੈੱਲ। ਸਟੈਨਵੈੱਲ ਵਿਲੇਜ ਵਿੱਚ ਤਾਂ ਉਹੀ ਪੁਰਾਣੇ ਲੋਕ ਰਹਿੰਦੇ ਹਨ ਜਿਹਨਾਂ ਦੇ ਜੱਦੀ ਪੁਸ਼ਤੀ ਘਰ ਉੱਥੇ ਹਨ ਪਰ ਸਟੈਨਵੈੱਲ ਵਿੱਚ ਨਵੇਂ ਨਵੇਂ ਲੋਕ ਆ ਵਸੇ ਹਨ। ਲੰਡਨ ਨਾਲੋਂ ਇੱਥੇ ਘਰ ਕੁਝ ਸਸਤੇ ਹੋਇਆ ਕਰਦੇ ਸਨ ਇਸ ਲਈ ਏਸ਼ੀਅਨ ਲੋਕਾਂ ਨੇ ਇੱਥੇ ਘਰ ਲੈਣੇ ਸ਼ੁਰੂ ਕਰ ਦਿੱਤੇ। ਹੁਣ ਤਾਂ ਇੱਥੇ ਏਸ਼ੀਅਨ ਲੋਕ ਵਾਹਵਾ ਹੋ ਗਏ ਹਨ, ਖਾਸ ਤੌਰ ’ਤੇ ਤਾਮਿਲ ਤੇ ਕੇਰਲਾਈ। ਕੇਰਲਾ ਦੇ ਲੋਕਾਂ ਨੇ ਤਾਂ ਇੱਕ ਚਰਚ ਵੀ ਬਣਾ ਲਿਆ ਹੈ। ਪੰਜਾਬੀ ਲੋਕ ਵੀ ਕਾਫੀ ਹਨ ਪਰ ਗੁਰਦਵਾਰਾ ਬਣਾਉਣ ਜੋਗੇ ਹਾਲੇ ਨਹੀਂ ਹੋਏ। ਭਾਵੇਂ ਸਟੈਨਵੈੱਲ ਕਾਫੀ ਵਿਸਥਾਰਿਆ ਗਿਆ ਹੈ ਪਰ ਹਾਲੇ ਵੀ ਇੱਥੇ ਨਾ ਬੈਂਕ ਹੈ ਤੇ

ਨਾ ਹੀ ਕੋਈ ਸਰਕਾਰੀ ਦਫਤਰ। ਕੋਈ ਵੱਡਾ ਸਟੋਰ ਵੀ ਨਹੀਂ। ਛੋਟੀਆਂ ਛੋਟੀਆਂ ਕੁਝ ਕੁ ਦੁਕਾਨਾਂ ਹਨ। ਬਹੁਤੇ ਕੰਮਾਂ ਲਈ ਸਟੇਨਜ਼ ਜਾਣਾ ਪੈਂਦਾ ਹੈ। ਵੈਸੇ ਸਟੇਨਜ਼ ਤੇ ਹੋਰ ਇਲਾਕਿਆਂ ਨਾਲ ਇਹ ਪਿੰਡ ਬੱਸਾਂ ਰਾਹੀਂ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ । ਅੰਡਰ ਗਰਾਊਂਡ ਵੀ ਬਹੁਤੀ ਦੂਰ ਨਹੀਂ।

ਸਟੈਨਵੈੱਲ ਤੋਂ ਹੀ ਜੱਗੀ ਤੇ ਪ੍ਰੀਤੀ ਨੇ ਆਪਣਾ ਸਫਰ ਸ਼ੁਰੂ ਕੀਤਾ ਸੀ। ਫਲੈਟ ਨੰਬਰ 13, ਰੋਲੈਂਡ ਹਾਊਸ, ਕਲੇਅਰ ਰੋਡ। ਉਹਨਾਂ ਦਾ ਅਸਲ ਸਫਰ ਤਾਂ ਲੈਸਟਰ ਤੋਂ ਸ਼ੁਰੂ ਹੋਇਆ ਪਰ ਜਲਦੀ ਹੀ ਇੱਥੇ ਆ ਗਏ ਸਨ। ਲੈਸਟਰ ਪ੍ਰੀਤੀ ਦੇ ਭਰਾ-ਭਰਜਾਈ ਰਹਿੰਦੇ ਸਨ, ਮਾਤਾ-ਪਿਤਾ ਵੀ। ਜੱਗੀ ਵੀ ਵਿਆਹ ਕਰਾ ਕੇ ਲੈਸਟਰ ਹੀ ਆਇਆ। ਉੱਥੇ ਹੀ ਉਸ ਨੂੰ ਕੌਂਸਲ ਦਾ ਫਲੈਟ ਵੀ ਮਿਲ ਗਿਆ ਸੀ ਪਰ ਫਿਰ ਉਹ ਆਪਣਾ ਫਲੈਟ ਤਬਦੀਲ ਕਰਾ ਕੇ ਸਟੈਨਵੈੱਲ ਆ ਗਿਆ। ਸਟੈਨਵੈੱਲ ਦਾ ਕੋਈ ਪਰਿਵਾਰ ਲੈਸਟਰ ਜਾਣਾ ਚਾਹੁੰਦਾ ਸੀ ਤੇ ਜੱਗੀ ਲੈਸਟਰ ਛੱਡਣ ਲਈ ਕਾਹਲਾ ਸੀ। ਸਟੈਨਵੈੱਲ ਵਿੱਚ ਜੱਗੀ ਦੀ ਮਾਸੀ ਅਮਰੀਕ ਕੌਰ ਰਹਿੰਦੀ ਸੀ। ਉਸੇ ਨੇ ਹੀ ਜੱਗੀ ਦਾ ਰਿਸ਼ਤਾ ਪ੍ਰੀਤੀ ਨਾਲ ਕਰਾਇਆ ਸੀ ਤੇ ਫਲੈਟ ਦੇ ਤਬਾਦਲੇ ਵਿੱਚ ਵੀ ਉਸੇ ਨੇ ਮੱਦਦ ਕੀਤੀ। ਜੱਗੀ ਨੂੰ ਸਟੈਨਵੈੱਲ ਆਉਂਦਿਆਂ ਹੀ ਰੋਮੋ ਵਿੱਚ ਨੌਕਰੀ ਮਿਲ ਗਈ ਸੀ ਤੇ ਉਹ ਸੈਟਲ ਹੋ ਗਏ ਸਨ।

ਰੋਮੋ ਹੀਥਰੋ ਦੇ ਨਾਲ ਲੱਗਦਾ ਰੁਆਇਲ ਮੇਲ ਦਾ ਵੇਅਰ ਹਾਊਸ ਸੀ। ਜਿੱਥੇ ਦੁਨੀਆ ਭਰ ਦੀ ਡਾਕ ਆ ਕੇ ਇੱਕਠੀ ਹੁੰਦੀ ਸੀ। ਉੱਥੇ ਬਹੁਤ ਸਾਰੇ ਪੰਜਾਬੀ ਕੰਮ ਕਰਦੇ ਸਨ। ਸਟੈਨਵੈੱਲ ਦਾ ਰਾਮਾ ਨੰਦ ਜਿਹੜਾ ਕਿ ਕਿਸੇ ਵੇਲੇ ਜੱਗੀ ਦੇ ਮਰਹੂਮ ਮਾਸੜ ਦਾ ਦੋਸਤ ਰਿਹਾ ਸੀ, ਉਸ ਦੀ ਮੱਦਦ ਨਾਲ ਜੱਗੀ ਨੂੰ ਇਹ ਨੌਕਰੀ ਮਿਲ ਗਈ। ਰਾਮਾ ਨੰਦ ਰੁਆਇਲ ਮੇਲ ਦੀ ਯੂਨੀਅਨ ਦਾ ਰੈੱਪ ਸੀ ਇਸ ਲਈ ਉਸ ਦੀ ਕੁਝ ਕੁ ਚਲਦੀ ਵੀ ਸੀ। ਜੱਗੀ ਅੱਜ ਵੀ ਆਪਣੇ ਆਪ ਨੂੰ ਰਾਮਾ ਨੰਦ ਦਾ ਅਹਿਸਾਨਮੰਦ ਮੰਨਦਾ ਸੀ। ਵੈਸੇ ਵੀ ਰਾਮਾ ਨੰਦ ਵਧੀਆ ਬੰਦਾ ਸੀ, ਵੇਲੇ ਸਿਰ ਕੰਮ ਆਉਣ ਵਾਲਾ।

ਸਟੈਨਵੈੱਲ ਤੋਂ ਹੀ ਦੇਵਨ ਤੇ ਨਵੀ ਵੀ ਰੋਮੋ ਵਿੱਚ ਜੱਗੀ ਦੇ ਨਾਲ ਹੀ ਕੰਮ ਕਰਦੇ ਸਨ। ਦੇਵਨ ਵੈਲਵਿਊ ਗਾਰਡਨ 'ਤੇ ਹੀ ਰਹਿੰਦਾ ਸੀ ਜਿਹੜੀ ਕਿ ਕਲੇਅਰ ਰੋਡ ਵਿੱਚੋਂ ਨਿਕਲਦੀ ਸੀ। ਵੈਲਵਿਊ ਗਾਰਡਨ ਤੇ ਕਲੇਅਰ ਰੋਡ ਦੇ ਖੂੰਜੇ 'ਤੇ ਹੀ ਰੋਲੈਂਡ ਹਾਊਸ ਸਥਿੱਤ ਸੀ। ਇਸ ਚਾਰ ਮੰਜ਼ਲਾ ਇਮਾਰਤ ਵਿੱਚ ਕੌਂਸਲ ਦੇ ਪੰਜਾਹ ਕੁ ਫਲੈਟ ਸਨ ਤੇ ਦੂਜੀ ਮੰਜ਼ਿਲ 'ਤੇ ਜੱਗੀ ਦਾ ਫਲੈਟ ਪੈਂਦਾ ਸੀ। ਦੇਵਨ ਦਾ ਘਰ ਜੱਗੀ ਦੇ ਘਰ ਤੋਂ ਪੰਜ ਕੁ ਮਿੰਟ ਤੁਰਨ ਦੀ ਦੂਰੀ 'ਤੇ ਸੀ ਤੇ ਨਵੀ ਦਾ ਉਸ ਤੋਂ ਅਗਲੀ ਸੜਕ 'ਤੇ ਪੰਜ ਮਿੰਟ ਹੋਰ ਅੱਗੇ, ਡਿਜ਼ਾਇਰ ਗਾਰਡਨ ਉਪਰ। ਵੈਸੇ ਤਾਂ ਰੋਮੋ ਸਟੈਨਵੈੱਲ ਦੇ ਬਿਲਕੁਲ ਨਜ਼ਦੀਕ ਸੀ, ਪੈਦਲ ਵੀ ਕੰਮ 'ਤੇ ਜਾਇਆ ਜਾ ਸਕਦਾ ਸੀ ਪਰ ਜੱਗੀ, ਦੇਵਨ ਤੇ ਨਵੀ ਕਾਰ ਵਿੱਚ ਹੀ ਜਾਂਦੇ। ਤਿੰਨੋਂ ਇੱਕ ਕਾਰ ਲੈ ਜਾਂਦੇ। ਕਾਰ ਲੈ ਜਾਣ ਦਾ ਮੁੱਖ ਕਾਰਨ ਕਿ ਕਾਰ ਵਿੱਚ ਖਾਣ-ਪੀਣ ਦਾ ਸਾਮਾਨ ਵੀ ਹੁੰਦਾ। ਕੰਮ ਤੋਂ ਬ੍ਰੇਕ ਵੇਲੇ ਵੀ ਕਾਰ ਵਿੱਚ ਬੈਠਿਆ ਜਾ ਸਕਦਾ ਸੀ। ਕਿਸ ਨੇ ਕਾਰ ਲੈ ਕੇ ਜਾਣੀ ਸੀ ਇਸ ਦੀ ਉਹਨਾਂ ਕਦੇ ਚਿੰਤਾ ਨਹੀਂ ਸੀ ਕੀਤੀ। ਉਹਨਾਂ ਤਿੰਨਾਂ ਦੀ ਰਾਤ ਦੀ ਸ਼ਿਫਟ ਸੀ। ਰਾਤ ਦੇ ਦਸ ਵਜੇ ਤੋਂ ਸਵੇਰ ਦੇ ਛੇ ਵਜੇ ਤਕ। ਉਹ ਸਾਢੇ ਕੁ ਪੰਜ ਵਿਹਲੇ ਹੋ ਜਾਂਦੇ ਤੇ ਪੰਜ-ਸੱਤ ਮਿੰਟਾਂ ਵਿੱਚ ਘਰੀਂ ਪੁੱਜ ਜਾਂਦੇ।....



ਪ੍ਰੀਤੀ ਸਵੇਰੇ ਪੰਜ ਵਜੇ ਉੱਠ ਖੜੀ ਹੋਈ। ਆਮ ਤੌਰ 'ਤੇ ਉਹ ਸਾਢੇ ਪੰਜ ਉੱਠਦੀ, ਜੱਗੀ ਦੇ ਆਉਣ ਤਕ ਉਹ ਚਾਹ ਬਣਾ ਚੁੱਕੀ ਹੁੰਦੀ ਤੇ ਨਾਲ ਹੀ ਹਲਕਾ ਜਿਹਾ ਨਾਸ਼ਤਾ ਵੀ। ਅੱਜ ਉਸ ਦੇ ਮਨ ਵਿੱਚ ਅੱਚੋਤਾਣੀ ਲੱਗੀ ਹੋਈ ਸੀ। ਅੱਜ ਉਸ ਦਾ ਡਰਾਈਵਿੰਗ ਟੈੱਸਟ ਸੀ। ਤਿੰਨ ਵਾਰ ਉਹ ਪਹਿਲਾਂ ਵੀ ਟੈੱਸਟ ਦੇ ਚੁੱਕੀ ਸੀ ਪਰ ਫੇਲ੍ਹ ਹੁੰਦੀ ਰਹੀ ਸੀ। ਇਸ ਵਾਰ ਉਹ ਹਰ ਹਾਲ ਵਿੱਚ ਪਾਸ ਕਰਨਾ ਚਾਹੁੰਦੀ ਸੀ। ਇਸ ਵਾਰ ਉਸ ਨੇ ਕਾਰ ਚਲਾਉਣ ਦੀ ਪ੍ਰੈਕਟਿਸ ਵੀ ਬਹੁਤ ਕੀਤੀ ਸੀ। ਰਿਵਰਸ, ਕੌਰਨਰ, ਥਰੀ ਪੁਆਇੰਟ ਟਰਨਿੰਗ, ਐਮਰਜੈਂਸੀ ਬ੍ਰੇਕ ਤਾਂ ਹਜ਼ਾਰਾਂ ਵਾਰ ਕਰ ਚੁੱਕੀ ਸੀ। ਜੱਗੀ ਆਪ ਉਸ ਨੂੰ ਪ੍ਰੈਕਟਿਸ ਕਰਾਉਂਦਾ। ਜੱਗੀ ਨੂੰ ਵੀ ਯਕੀਨ ਸੀ ਕਿ ਇਸ ਵਾਰ ਉਹ ਜ਼ਰੂਰ ਪਾਸ ਕਰ ਜਾਵੇਗੀ। ਲਾਇਸੰਸ ਬਿਨਾਂ ਉਹ ਬਹੁਤ ਔਖੇ ਸਨ। ਜੱਗੀ ਰਾਤਾਂ ਦੀ ਸ਼ਿਫਟ ਇਸ ਕਰਕੇ ਹੀ ਕਰ ਰਿਹਾ ਸੀ ਕਿ ਇਵੇਂ ਘਰ ਦੇ ਕੰਮ ਦਿਨੇ ਕੀਤੇ ਜਾ ਸਕਣ। ਕਦੇ ਬੈਂਕ ਜਾਣਾ ਹੁੰਦਾ, ਕਦੇ ਕੌਂਸਲ ਦੇ ਦਫਤਰ ਤੇ ਕਦੇ ਸ਼ੌਪਿੰਗ ਕਰਨ। ਬੱਸਾਂ ਵਿੱਚ ਧੱਕੇ ਕੌਣ ਖਾਵੇ। ਸਵੇਰੇ ਦੋ ਢਾਈ ਘੰਟੇ ਸੌਂ ਕੇ ਜੱਗੀ ਉੱਠ ਖੜਦਾ, ਰੌਕੀ ਨੂੰ ਸਕੂਲ ਛੱਡ ਕੇ ਘਰ ਦੇ ਜਿਹੜੇ ਕੰਮ ਕਰਨ ਵਾਲੇ ਹੁੰਦੇ ਨਿਪਟਾ ਦਿੰਦਾ। ਦੁਪਹਿਰ ਦਾ ਖਾਣਾ ਖਾ ਕੇ ਫਿਰ ਕੁਝ ਘੰਟੇ ਅੱਖ ਲਾ ਲੈਂਦਾ। ਇਵੇਂ ਹੁੰਦੀ ਤਾਂ ਬੇਅਰਾਮੀ ਸੀ ਪਰ ਹੋਰ ਕੋਈ ਚਾਰਾ ਵੀ ਨਹੀਂ ਸੀ। ਹੁਣ ਜੇ ਪ੍ਰੀਤੀ ਟੈਸਟ ਪਾਸ ਕਰ ਲੈਂਦੀ ਹੈ ਤਾਂ ਜੱਗੀ ਨੂੰ ਉਪਰਲੇ ਕੰਮਾਂ ਤੋਂ ਛੁੱਟੀ ਮਿਲ ਜਾਵੇਗੀ। ਇਹ ਸਾਰੇ ਕੰਮ ਆਪੇ ਪ੍ਰੀਤੀ ਨੇ ਕਰ ਲਿਆ ਕਰਨੇ ਸਨ। ਅਜਿਹਾ ਕਿੰਨਾ ਕੁਝ ਸੋਚ ਕੇ ਪ੍ਰੀਤੀ ਅੱਜ ਦੇ ਆਪਣੇ ਡਰਾਈਵਿੰਗ ਟੈੱਸਟ ਬਾਰੇ ਬਹੁਤ ਉਤਸੁਕਤ ਹੋ ਰਹੀ ਸੀ। ਉਸ ਨੇ ਆਪਣੀਆਂ ਸਹੇਲੀਆਂ ਨੂੰ ਵੀ ਹੁੱਬ ਹੁੱਬ ਕੇ ਦੱਸਿਆ ਹੋਇਆ ਸੀ ਕਿ ਅੱਜ ਉਸ ਦਾ ਟੈੱਸਟ ਹੈ ਤੇ ਉਸ ਨੇ ਹਰ ਹਾਲਤ ਵਿੱਚ ਪਾਸ ਹੋ ਜਾਣਾ ਹੈ। ਸਹੇਲੀਆਂ ਉਸ ਦੀਆਂ ਬਹੁਤੀਆਂ ਨਹੀਂ ਸਨ, ਰੌਕੀ ਨੂੰ ਸਕੂਲ ਛੱਡਣ-ਲੈਣ ਜਾਣ ਸਮੇਂ ਹੀ ਕੁਝ ਬਣੀਆਂ ਸਨ। ਉਹ ਸਹੇਲੀਆਂ ਘੱਟ ਤੇ ਵਾਕਫ ਜ਼ਿਆਦਾ ਸਨ।

ਪ੍ਰੀਤੀ ਤਿਆਰ ਹੋ ਗਈ। ਰੌਕੀ ਨੂੰ ਉਸ ਨੇ ਹਾਲੇ ਨਹੀਂ ਸੀ ਉਠਾਇਆ। ਉਹ ਚਾਹ ਦਾ ਕੱਪ ਹੱਥ ਵਿੱਚ ਫੜੀ ਲਿਵਿੰਗ ਰੂਮ ਵਿੱਚ ਆ ਗਈ। ਉਸ ਨੇ ਖਿੜਕੀ ਦਾ ਪਰਦਾ ਹਟਾਇਆ। ਤਿੱਖੀ ਧੁੱਪ ਇਕਦਮ ਉਸ ਦੀਆਂ ਅੱਖਾਂ ਵਿੱਚ ਚੁਭਣ ਲੱਗੀ। ਉਹ ਖ਼ੁਸ਼ ਹੋ ਗਈ। ਅੱਜ ਦਿਨ ਵੀ ਵਧੀਆ ਸੀ। ਪਹਿਲਾਂ ਉਸ ਦੇ ਫੇਲ੍ਹ ਹੋਣ ਵਿੱਚ ਮੌਸਮ ਦਾ ਹੱਥ ਵੀ ਰਿਹਾ ਸੀ। ਉਸ ਨੇ ਹੇਠਾਂ ਖੜੀ ਆਪਣੀ ਕਾਰ ਨੂੰ ਦੇਖਿਆ। ਉਵੇਂ ਹੀ ਐਲ-ਪਲੇਟ ਲੱਗੀ ਦਿੱਸ ਰਹੀ ਸੀ। ਉਸ ਨੇ ਸਾਰੀ ਪ੍ਰੈਕਟਿਸ ਇਸੇ ਕਾਰ 'ਤੇ ਕੀਤੀ ਸੀ, ਅੱਜ ਟੈੱਸਟ ਵੀ ਇਸੇ 'ਤੇ ਦੇਣਾ ਸੀ। ਇਹ ਕਾਰ ਉਸ ਦੇ ਪੂਰੀ ਤਰ੍ਹਾਂ ਹੱਥ ਲੱਗੀ ਹੋਈ ਸੀ। ਇਸ ਨੂੰ ਪਾਣੀ ਵਾਂਗ ਚਲਾਈ ਫਿਰਦੀ ਸੀ, ਲੋੜ ਸੀ ਤਾਂ ਸਿਰਫ ਲਾਇਸੰਸ ਦੀ, ਜੋ ਅੱਜ ਉਸ ਨੇ ਲੈ ਆਉਣਾ ਸੀ। ਉਸ ਨੇ ਘੜੀ ਦੇਖੀ, ਪੌਣੇ ਛੇ ਹੋ ਰਹੇ ਸਨ। ਹੁਣ ਤਕ ਤਾਂ ਜੱਗੀ ਦੀ ਪੱਗ ਚਮਕ ਪਿਆ ਕਰਦੀ ਹੈ ਪਰ ਉਹ ਹਾਲੇ ਨਹੀਂ ਸੀ ਆਇਆ। ਸ਼ਾਇਦ ਕੰਮ ਤੋਂ ਹੀ ਲੇਟ ਹੋ ਗਿਆ ਹੋਵੇ। ਇਵੇਂ ਹੋ ਜਾਂਦਾ ਸੀ ਕਈ ਵਾਰ। ਛੇ ਵੱਜ ਗਏ ਤੇ ਫਿਰ ਸਾਢੇ ਛੇ। ਉਸ ਨੂੰ ਫਿਕਰ ਹੋਣ ਲੱਗਾ। ਜਦ ਸਾਡੇ ਛੇ ਵੱਜੇ ਤਾਂ ਉਸ ਦਾ ਫਿਕਰ ਵੱਧ ਗਿਆ। ਉਹ ਸੋਚਣ ਲੱਗੀ ਕਿ ਕਿਉਂ ਨਾ ਨਵੀ ਜਾਂ ਦੇਵਨ ਨੂੰ ਫੋਨ ਕਰਕੇ ਦੇਖੇ। ਦੇਵਨ ਤੇ ਨਵੀ ਨਾਲ

ਉਹਨਾਂ ਦੀ ਪਰਿਵਾਰਿਕ ਸਾਂਝ ਵੀ ਸੀ। ਇੱਕ ਦੂਜੇ ਦੇ ਘਰੀਂ ਕਾਫੀ ਆਉਣਾ-ਜਾਣਾ ਸੀ। ਦੇਵਨ ਨੂੰ ਪ੍ਰੀਤੀ ਪਸੰਦ ਨਹੀਂ ਸੀ ਕਰਦੀ ਪਰ ਨਵੀ ਨਾਲ ਉਸ ਦੇ ਸੰਬੰਧ ਵਾਹਵਾ ਦੋਸਤਾਨਾ ਸੀ। ਉਹਨਾਂ ਦਾ ਆਪਸ ਵਿੱਚ ਹਾਸਾ ਮਜ਼ਾਕ ਵੀ ਚਲਦਾ ਰਹਿੰਦਾ ਸੀ। ਸੋਚਦਿਆਂ ਸੋਚਦਿਆਂ ਸੱਤ ਵੱਜ ਗਏ ਤੇ ਉਸ ਨੇ ਨਵੀ ਦੇ ਘਰ ਦਾ ਫੋਨ ਨੰਬਰ ਘੁਮਾ ਲਿਆ। ਨਵੀ ਨੇ ਹੀ ਚੁੱਕਿਆ। ਪ੍ਰੀਤੀ ਬੋਲੀ,

-ਨਵੀ, ਜੈਗ ਹਾਲੇ ਤਕ ਘਰ ਨਹੀਂ ਆਇਆ, ਕਿਉਂ ? ਤੁਸੀਂ ਇਕੱਠੇ ਨਹੀਂ ਸਾਓ ?

-ਇਕੱਠੇ ਹੀ ਸਾਂ ਪਰ ਆਉਂਦੇ ਹੋਏ ਦੇਵਨ ਵੱਲ ਬਹਿ ਗਏ ਸਾਂ।

-ਦਾਰੂ ਪੀਂਦੇ ਹੋਵੋਂਗੇ ?

-ਤੇ ਹੋਰ ਏਸ ਉਮਰ ਵਿੱਚ ਦੁੱਧ ਪੀਣਾਂ ?

-ਨਵੀ, ਬੀ ਸੀਰੀਅਸ, ਅੱਜ ਮੇਰਾ ਡਰਾਈਵਿੰਗ ਟੈੱਸਟ ਐ।

-ਮੈਨੂੰ ਪਤਾ, ਜੱਗੀ ਕਹਿ ਵੀ ਰਿਹਾ ਸੀ ਪਰ ਦੇਵਨ ਅੰਦਰ ਆਉਣ ਲਈ ਜ਼ੋਰ ਪਾਉਣ ਲੱਗਾ ਤੇ ਅਸੀਂ ਬਹਿ ਗਏ। ਮੈਂ ਤਾਂ ਉੱਠ ਆਇਆ, ਪਲਵੀ ਦੀ ਹਸਪਤਾਲ ਦੀ ਐਪੁਆਏਂਟਮੈਂਟ ਐ, ਉਹਨੂੰ ਅੱਜ ਐਡਮਿੱਟ ਕਰਾਉਣਾ, ਤਿੰਨ ਦਿਨ ਲਈ ਪਰ ਜੱਗੀ ਤੇ ਦੇਵਨ ਹਾਲੇ....।

-ਇਟ'ਸ ਬਲੱਡੀ ਜੋਕ ! ਜੈਗ ਨੂੰ ਪਤਾ ਪਰ ਫੇਰ ਵੀ....! ਨਵੀ, ਪਲੀਜ਼ ਕਰ ਕੁਝ।

-ਪ੍ਰੀਤੀ, ਤੂੰ ਦੇਵਨ ਦੇ ਘਰ ਫੋਨ ਕਰ।

-ਇਹ ਦੇਵਨ ਪਤਾ ਨਹੀਂ ਮੇਰੇ ਨਾਲ ਕਿਉਂ ਖਾਰ ਖਾਂਦਾ ! ਜ਼ਰੂਰ ਜਾਣ-ਬੁਝ ਕੇ ਉਹਨੇ ਜੈਗ ਨੂੰ ਪਿਲ਼ਾਈ ਹੋਏਗੀ। ਆਏ ਹੇਟ ਹਿੱਮ !

ਆਖਦਿਆਂ ਪ੍ਰੀਤੀ ਨੇ ਫੋਨ ਰੱਖ ਦਿੱਤਾ। ਉਸ ਨੇ ਦੇਵਨ ਦੇ ਘਰ ਨੂੰ ਫੋਨ ਘੁਮਾ ਲਿਆ। ਸ਼ਿਵਾਨੀ ਨੇ ਚੁੱਕਿਆ। ਪ੍ਰੀਤੀ ਬੋਲੀ,

-ਸ਼ਿਵਾਨੀ, ਫੋਨ ਜੈਗ ਨੂੰ ਦੇ ਜ਼ਰਾ।

-ਜੱਗੀ ਤਾਂ ਸੌਂ ਗਿਆ ਪ੍ਰੀਤੀ। ਸ਼ਰਮਾ ਜੀ ਵੀ, ....ਦੋ ਬੋਤਲਾਂ ਖਾਲੀ ਕੀਤੀਆਂ ਇਹਨਾਂ ਨੇ।

-ਸ਼ਿਵਾਨੀ, ਪਲੀਜ਼ ਉਹਨੂੰ ਜਗਾ ਦੇ। ਉਹਨੂੰ ਚੇਤਾ ਕਰਾ ਕਿ ਮੇਰਾ ਅੱਜ ਟੈੱਸਟ ਐ।

-ਉਹ ਤਾਂ ਘੂਕ ਸੁੱਤਾ ਪਿਆ।

-ਓ ਸ਼ਿਟ !

ਉਹ ਉੱਚੀ ਆਵਾਜ਼ ਵਿੱਚ ਬੋਲ ਰਹੀ ਸੀ ਇਸ ਕਰਕੇ ਰੌਕੀ ਨੂੰ ਜਾਗ ਆ ਗਈ। ਉਸ ਨੇ ਕਾਹਲੀ ਨਾਲ ਰੌਕੀ ਨੂੰ ਸੀਰੀਅਲਜ਼ ਦਿੱਤੇ ਤੇ ਦੇਵਨ ਦੇ ਘਰ ਵੱਲ ਨੂੰ ਭੱਜ ਪਈ। ਜਾ ਕੇ ਦੇਖਿਆ ਤਾਂ ਜੱਗੀ ਸੈਟੀ 'ਤੇ ਇਵੇਂ ਸੁੱਤਾ ਪਿਆ ਸੀ ਜਿਵੇਂ ਮੁੜ ਕੇ ਉੱਠਣਾ ਹੀ ਨਾ ਹੋਵੇ। ਪ੍ਰੀਤੀ ਨੇ ਉਸ ਨੂੰ ਜਗਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਮੂੰਹ 'ਤੇ ਪਾਣੀ ਦੇ ਛਿੱਟੇ ਵੀ ਮਾਰੇ ਪਰ ਜੱਗੀ ਟੱਸ ਤੋਂ ਮੱਸ ਨਾ ਹੋਇਆ। ਪ੍ਰੀਤੀ ਰੋਂਦੀ ਹੋਈ ਵਾਪਸ



ਘਰ ਨੂੰ ਆ ਗਈ। ਅੱਠ ਵੱਜ ਰਹੇ ਸਨ। ਉਸ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਕੀ ਕਰੇ। ਉਸ ਨੇ ਇੱਕ ਵਾਰ ਫਿਰ ਨਵੀ ਨੂੰ ਫੋਨ ਕਰ ਕੇ ਸਾਰੀ ਗੱਲ ਦੱਸੀ। ਨਵੀ ਬੋਲਿਆ,

-ਪ੍ਰੀਤੀ, ਮੈਂ ਜਲਦੀ ਹੌਸਪੀਟਲ ਚਲੇ ਜਾਨਾ, ਜੇ ਉਹਨਾਂ ਨੇ ਪਲਵੀ ਨੂੰ ਜਾਂਦਿਆਂ ਹੀ ਐਡਮਿੱਟ ਕਰ ਲਿਆ ਤਾਂ ਮੈਂ ਸਿੱਧਾ ਆ ਕੇ ਤੈਨੂੰ ਟੈਸਟ ਲਈ ਲੈ ਜਾਵਾਂਗਾ।

ਪ੍ਰੀਤੀ ਸਮਝਦੀ ਸੀ ਕਿ ਹਸਪਤਾਲ ਵਿੱਚ ਕਾਗਜ਼ੀ ਕਾਰਵਾਈ ਨੂੰ ਹੀ ਕਿੰਨਾ ਚਿਰ ਲੱਗ ਜਾਂਦਾ ਹੈ, ਸਾਢੇ ਨੌਂ ਵਜੇ ਤਕ ਨਵੀ ਤੋਂ ਨਹੀਂ ਆਇਆ ਜਾਣਾ। ਉਸ ਨੂੰ ਜੱਗੀ 'ਤੇ ਬਹੁਤ ਗੁੱਸਾ ਆ ਰਿਹਾ ਸੀ। ਇੱਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਆਪ ਹੀ ਕਾਰ ਲੈ ਕੇ ਟੈੱਸਟ ਸੈਂਟਰ ਚਲੇ ਜਾਵੇ ਪਰ ਇਹ ਗੈਰ ਕਾਨੂੰਨੀ ਸੀ। ਜੇ ਰਾਹ ਵਿੱਚ ਪੁਲੀਸ ਨੇ ਰੋਕ ਲਿਆ ਤਾਂ ਉਲਟਾ ਚੱਕਰ ਪੈ ਜਾਣਾ ਸੀ ਤੇ ਜੇ ਟੈੱਸਟ ਸੈਂਟਰ ਵਿੱਚ ਇਕੱਲੀ ਐਲ-ਪਲੇਟ ਲਾ ਕੇ ਪੁੱਜੀ ਤਾਂ ਉਹਨਾਂ ਨੇ ਬਗੈਰ ਟੈੱਸਟ ਲਏ ਹੀ ਫੇਲ੍ਹ ਕਰ ਦੇਣਾ ਸੀ। ਉਸ ਨੇ ਰੌਕੀ ਨੂੰ ਤਿਆਰ ਕੀਤਾ ਤੇ ਸਕੂਲ ਛੱਡ ਆਈ। ਘਰ ਆ ਕੇ ਫਿਰ ਉਸੇ ਰੋਣੇ-ਧੋਣੇ ਵਿੱਚ ਪੈ ਗਈ। ਅੱਜ ਕੱਲ੍ਹ ਡਰਾਈਵਿੰਗ ਟੈੱਸਟ ਦੀ ਤਾਰੀਕ ਵੀ ਛੇ ਮਹੀਨੇ ਤੋਂ ਪਹਿਲਾਂ ਦੀ ਨਹੀਂ ਸੀ ਮਿਲਦੀ। ਉਸ ਨੇ ਇੱਕ ਵਾਰੀ ਫਿਰ ਦੇਵਨ ਦੇ ਘਰ ਫੋਨ ਕੀਤਾ। ਜੱਗੀ ਹਾਲੇ ਵੀ ਨਹੀਂ ਸੀ ਉੱਠਿਆ ਤੇ ਨਾ ਹੀ ਉੱਠਣ ਦੀ ਕੋਈ ਆਸ ਸੀ। ਪ੍ਰੀਤੀ ਆਪਣੇ ਮੋਏ ਮਾਂ-ਪਿਓ ਨੂੰ ਯਾਦ ਕਰਦੀ ਰੋਣ ਲੱਗੀ। ਉਹ ਪੂਰੀ ਦੁਨੀਆ ਵਿੱਚ ਨਜ਼ਰ ਮਾਰ ਕੇ ਦੇਖ ਰਹੀ ਸੀ ਕਿ ਉਸ ਦਾ ਆਪਣਾ ਕੋਈ ਨਹੀਂ ਸੀ। ਭਰਾ ਪਰਮਜੀਤ ਸਿੰਘ ਸੀ ਪਰ ਉਹ ਪਤਨੀ ਮਗਰ ਲੱਗ ਕੇ ਪ੍ਰੀਤੀ ਨੂੰ ਫੋਨ ਤਕ ਨਹੀਂ ਸੀ ਕਰਦਾ। ਪ੍ਰੀਤੀ ਸੈਟੀ 'ਤੇ ਬਹਿ ਕਿੰਨੀ ਦੇਰ ਤਕ ਰੋਂਦੀ ਰਹੀ।

ਅਚਾਨਕ ਦਰਵਾਜ਼ੇ ਦੀ ਘੰਟੀ ਵੱਜੀ। ਪ੍ਰੀਤੀ ਨੇ ਜਾ ਕੇ ਦੇਖਿਆ, ਜੱਗੀ ਕੰਧ ਦਾ ਆਸਰਾ ਲਈ ਖੜ੍ਹਾ ਸੀ, ਪੱਗ ਉਸ ਦੀ ਢਿਲਕੀ ਹੋਈ ਸੀ। ਲੱਤਾਂ ਉਸ ਦੀਆਂ ਭਾਰ ਨਹੀਂ ਸਨ ਚੁੱਕ ਰਹੀਆਂ। ਉਹ ਥਿੜਕਦੀ ਆਵਾਜ਼ ਵਿੱਚ ਬੋਲਿਆ,

-ਹੈਲੋ ਭਰਜਾਈ, ਕੀ ਹਾਲ ਐ ?

-ਜੈਗ, ਹੁਣ ਕੀ ਕਰਨ ਆ ਗਿਐਂ ? ਉੱਥੇ ਹੀ ਰਹਿੰਦਾ।

-ਭਰਜਾਈ, ਤੇਰੇ ਬਿਨਾਂ ਮੇਰਾ ਕੌਣ ਐਂ ? ਮੈਂ ਹੋਰ ਕਿੱਥੇ ਜਾ ਸਕਦਾਂ ਪਰ ਭਰਜਾਈ, ਆਏ'ਮ ਸੌਰੀ, ਰੀਅਲੀ ਵੈਰੀ ਸੌਰੀ !

-ਕਾਹਦੀ ਸੌਰੀ ? ਮੈਂ ਕਿਹੜਾ ਟੈੱਸਟ ਆਪਣੇ ਲਈ ਦੇਣਾ ਸੀ ? ਤੈਨੂੰ ਵੀ ਏਹਦਾ ਓਨਾ ਹੀ ਫਾਇਦਾ ਹੋਣਾ ਸੀ। ਨਾਈਟ ਸ਼ਿਫਟ ਤੋਂ ਤੂੰ ਹੀ ਛੁਟਕਾਰਾ ਪਾਉਣਾ ਸੀ।

-ਸੌਰੀ ਭਰਜਾਈ, ਤੂੰ ਫਿਕਰ ਨਾ ਕਰ, ਇਹ ਕਿਹੜਾ ਕੁੰਭ ਦਾ ਮੇਲਾ ! ਇਹ ਤਾਂ ਦੁਬਾਰਾ ਭਰ ਦੇਵਾਂਗੇ।

-ਨਹੀਂ, ਹੁਣ ਮੈਂ ਕਦੇ ਵੀ ਨਹੀਂ ਭਰਨਾ। ਮੈਂ ਸੋਚ ਲਿਆ ਸੀ ਕਿ ਜੇ ਮੈਂ ਅੱਜ ਟੈੱਸਟ ਦੇਣ ਨਹੀਂ ਜਾ ਸਕਦੀ ਤਾਂ ਕਦੇ ਵੀ ਨਹੀਂ ਜਾਵਾਂਗੀ। ਕਸਮ ਨਾਲ !

-ਏਦਾਂ ਨਾ ਕਹਿ ਭਰਜਾਈ।

ਜੱਗੀ ਹੌਲੀ ਹੌਲੀ ਅੰਦਰ ਆ ਕੇ ਸੈਟੀ 'ਤੇ ਬਹਿ ਗਿਆ ਤੇ ਪ੍ਰੀਤੀ ਵੱਲ ਦੇਖਦਾ ਬੋਲਿਆ,

-ਸੌਰੀ ਭਰਜਾਈ ! ਰੀਅਲੀ, ਰੀਅਲੀ ਸੌਰੀ !

–ਮੈਂ ਤੇਰੀ ਸੌਰੀ ਦਾ ਕੀ ਕਰਾਂ? ਤੈਨੂੰ ਚੰਗਾ ਭਲਾ ਪਤਾ ਸੀ ਕਿ ਅੱਜ ਮੇਰਾ ਟੈੱਸਟ ਐ।

–ਇਹ ਸਭ ਦੇਵਨ ਦਾ ਕੀਤਾ ਕਰਾਇਆ।

–ਤੇਰਾ ਆਪਣਾ ਕੋਈ ਸਟੈਂਡ ਨਹੀਂ? ਦੇਵਨ ਤੇਰੇ ਮੂੰਹ ਵਿੱਚ ਸ਼ਰਾਬ ਪਾ ਦਿੰਦਾ? ਨਵੀ ਵੀ ਤਾਂ ਉੱਥੇ ਹੀ ਸੀ। ਦੇਵਨ ਦੀ ਨਹੀਂ ਇਹ ਸਾਰੀ ਤੇਰੀ ਹੀ ਗਲਤੀ ਐ। ਮੇਰਾ ਦੁਸ਼ਮਣ ਦੇਵਨ ਨਹੀਂ ਤੂੰ ਐਂ ਤੂੰ!

ਆਖਦੀ ਪ੍ਰੀਤੀ ਰੋਣ ਲੱਗ ਪਈ। ਰੋਂਦੀ ਹੋਈ ਹੀ ਉਹ ਉਸ ਦੇ ਸਾਹਮਣੇ ਹੇਠਾਂ ਕਾਰਪੈੱਟ 'ਤੇ ਹੀ ਬੈਠ ਗਈ ਤੇ ਆਖਣ ਲੱਗੀ,

–ਮੇਰਾ ਏਸ ਦੁਨੀਆਂ ਵਿੱਚ ਕੋਈ ਵੀ ਨਹੀਂ। ਮਾਂਪਿਓ ਮਰ ਗਏ ਤੇ ਭਰਾ ਭਰਜਾਈ ਵੀ ਮਰਿਆਂ ਵਰਗੇ ਆ। ਆਪਣਾ ਦੁੱਖ ਕਿਹਨੂੰ ਦੱਸਾਂ? ਇੱਕ ਤੇਰੇ 'ਤੇ ਹੀ ਟੇਕ ਸੀ ਤੇ ਤੂੰ ਵੀ ਏਦਾਂ ਦਾ...., ਚੰਗਾ ਹੋਵੇ ਜੇ ਮੈਂ ਮਰ ਜਾਵਾਂ ਤਾਂ ਜੋ ਤੂੰ ਆਪਣੀ ਮਨ-ਮਰਜ਼ੀ ਕਰ ਸਕੇਂ!

–ਭਰਜਾਈ, ਆਏ'ਮ ਸੌਰੀ! ਤੇਰੀ ਆਈ 'ਤੇ ਮੈਂ ਮਰ ਜਾਵਾਂ! ਤੇਰੇ ਬਿਨਾਂ ਮੇਰਾ ਵੀ ਕੋਈ ਨਹੀਂ। ਤੇਰੀ ਹਰ ਖੁਸ਼ੀ ਵਿੱਚ ਹੀ ਮੇਰੀ ਖੁਸ਼ੀ ਐ, ਤੂੰ ਰੋਂਦੀ ਹੋਵੇਂ ਤਾਂ ਕੀ ਮੇਰਾ ਦਿਲ ਨਹੀਂ ਰੋਏਗਾ? ਮੁਆਫ ਕਰ ਦੇ ਭਰਜਾਈ!

ਜੱਗੀ ਨੇ ਕੰਨ ਫੜਦਿਆਂ ਕਿਹਾ ਤੇ ਹੇਠਾਂ ਕਾਰਪੈੱਟ 'ਤੇ ਉਸ ਦੇ ਬਿਲਕੁਲ ਸਾਹਮਣੇ ਆ ਬੈਠਾ ਤੇ ਰੋਣ ਲੱਗਾ। ਪ੍ਰੀਤੀ ਦੀ ਭੁੱਬ ਨਿਕਲ ਗਈ ਤੇ ਉਹ ਕਾਹਲੀ ਨਾਲ ਜੱਗੀ ਦੇ ਗਲ਼ ਨਾਲ਼ ਚੁੰਬੜ ਗਈ।

## ਦੋ

ਸਟੈਨਵੈੱਲ ਤੇ ਏਅਰ ਪੋਰਟ ਦੇ ਵਿਚਕਾਰ ਦੋ ਨਹਿਰਾਂ ਪੈਂਦੀਆਂ ਹਨ, ਜਿਹਨਾਂ ਨੂੰ ਨਦੀਆਂ ਵੀ ਕਹਿ ਲੈਂਦੇ ਹਨ। ਨਹਿਰਾਂ ਉਪਰ ਪੁੱਲ ਬਣੇ ਹੋਏ ਹਨ। ਕਾਰ ਰਾਹੀਂ ਏਅਰ ਪੋਰਟ ਨੂੰ ਜਾਣ ਲਈ ਤਾਂ ਅੱਗੋਂ ਚੱਕਰ ਤੋਂ ਪਹਿਲਾ ਮੋੜ ਲੈ ਕੇ ਅਗਲੇ ਚੱਕਰ ਤੋਂ ਤੀਜਾ ਰਸਤਾ ਲੈਣਾ ਪੈਂਦਾ ਹੈ ਪਰ ਜੇ ਸਟੈਨਵੈੱਲ ਤੋਂ ਇਹ ਦੋਵੇਂ ਪੁੱਲ ਪੈਦਲ ਟੱਪ ਕੇ ਜਾਈਏ ਤਾਂ ਸਾਹਮਣੇ ਹੀ ਇੱਕ ਇਮਾਰਤ ਦਿੱਸਦੀ ਹੈ ਜਿਸ ਦਾ ਨਾਂ ਹੈ ਰੋਮੋ। ਰੋਮੋ ਏਅਰ ਪੋਰਟ ਦੇ ਬਿਲਕੁਲ ਨਾਲ ਲੱਗਦੀ ਹੈ। ਰੋਮੋ ਰੋਆਇਲ ਮੇਲ ਦਾ ਦਫਤਰ ਹੈ। ਦਫਤਰ ਘੱਟ ਤੇ ਵੇਅਰ ਹਾਊਸ ਵੱਧ ਹੈ। ਇੱਥੇ ਜਹਾਜ਼ਾਂ ਤੋਂ ਉਤਰਦੀ ਡਾਕ ਇਕੱਠੀ ਕੀਤੀ ਜਾਂਦੀ ਹੈ ਤੇ ਅੱਗੇ ਇਹਨਾਂ ਨੂੰ ਵੱਖ ਵੱਖ ਦਫਤਰਾਂ ਵਿੱਚ ਭੇਜਿਆ ਜਾਂਦਾ ਹੈ। ਜਿੱਥੋਂ ਇਹਨਾਂ ਚਿੱਠੀਆਂ-ਪਾਰਸਲਾਂ ਨੂੰ ਛਾਂਟ ਕੇ ਇਹਨਾਂ ਦੀਆਂ ਮੰਜ਼ਿਲਾਂ ਤੀਕ ਪੁੱਜਦੇ ਕੀਤਾ ਜਾਂਦਾ ਹੈ। ਇਲੈਕਟਰੌਨਿਕ ਮੀਡੀਆ ਨੇ ਜਿੱਥੇ ਡਾਕਖਾਨਿਆਂ ਦਾ ਕੰਮ ਬਹੁਤ ਘਟਾ ਦਿੱਤਾ ਹੈ ਉੱਥੇ ਹੀ ਔਨ ਲਾਈਨ ਸ਼ੌਪਿੰਗ ਨੇ ਕੰਮ ਵਿੱਚ ਵਾਧਾ ਵੀ ਕੀਤਾ ਹੈ। ਹੁਣ ਚਿੱਠੀਆਂ ਤੇ ਪਾਰਸਲਾਂ ਦੀ ਅਨੁਪਾਤ ਉਲਟੀ ਹੋ ਗਈ ਹੈ। ਪਹਿਲਾਂ ਚਿੱਠੀਆਂ ਦੀ ਗਿਣਤੀ ਬਹੁਤੀ ਹੁੰਦੀ ਸੀ ਤੇ ਹੁਣ ਪਾਰਸਲਾਂ ਦੀ। ਇੱਥੇ ਸੌ ਕੁ ਬੰਦਾ ਵੱਖ ਵੱਖ ਸ਼ਿਫਟਾਂ ਵਿੱਚ ਪੱਕੇ ਤੌਰ



'ਤੇ ਕੰਮ ਕਰਦਾ ਹੈ, ਏਨੇ ਕੁ ਹੀ ਆਰਜ਼ੀ ਕਾਮੇ ਵੀ ਹੋਣਗੇ। ਆਰਜ਼ੀ ਕਾਮਿਆਂ ਦੀ ਗਿਣਤੀ ਲੋੜ ਅਨੁਸਾਰ ਵੱਧਦੀ ਘੱਟਦੀ ਰਹਿੰਦੀ ਹੈ।

ਰੋਮੋ ਦਾ ਉੱਤਰ ਵਾਲਾ ਪਾਸਾ ਏਅਰਪੋਰਟ ਵੱਲ ਨੂੰ ਖੁੱਲ੍ਹਦਾ ਹੈ ਦੋ ਕੁ ਸੌ ਗਜ਼ 'ਤੇ ਆ ਕੇ ਜਹਾਜ਼ ਖੜ੍ਹਦੇ ਹਨ ਜਿਹਨਾਂ ਵਿੱਚੋਂ ਡਾਕ ਉਤਾਰ ਕੇ ਵੈਨਾਂ, ਲੋਅਰ-ਲੋਡਰਾਂ ਤੇ ਪਿੱਕ-ਅੱਪਾਂ ਰਾਹੀਂ ਰੋਮੋ ਵਿੱਚ ਲਿਆਂਦੀ ਜਾਂਦੀ ਹੈ। ਰੋਮੋ ਦੇ ਇਸ ਪਾਸੇ ਦਸ ਬੇਅ ਜਾਂ ਵੱਡੇ ਦਰਵਾਜ਼ੇ ਹਨ ਜਿੱਥੇ ਵਿਦੇਸ਼ਾਂ ਤੋਂ ਆਈ ਡਾਕ ਨਾਲ ਭਰੇ ਬੈਗ ਉਤਾਰੇ ਜਾਂਦੇ ਹਨ ਤੇ ਇਹਨਾਂ ਨੂੰ ਯੌਰਕਾਂ ਭਾਵ ਟਰਾਲੀਆਂ ਵਿੱਚ ਪਾਇਆ ਜਾਂਦਾ ਹੈ ਤੇ ਰੋਮੋ ਦੇ ਦੱਖਣ ਵਿੱਚ ਬਣੇ ਦਸਾਂ ਬੇਆਂ ਵਿੱਚ ਲਾਰੀਆਂ ਆ ਕੇ ਖੜ੍ਹਦੀਆਂ ਹਨ ਤੇ ਇਹਨਾਂ ਬੈਗਾਂ ਨੂੰ ਵੱਖ ਵੱਖ ਦਿਸ਼ਾਵਾਂ ਵੱਲ ਲੈ ਤੁਰਦੀਆਂ ਹਨ। ਇਵੇਂ ਹੀ ਇਸ ਇਮਾਰਤ ਦੇ ਪੱਛਮ ਵੱਲ ਪੰਜ ਬੇਅ ਹਨ ਜਿੱਥੇ ਲਾਰੀਆਂ ਉਹ ਡਾਕ ਲੈ ਕੇ ਆਉਂਦੀਆਂ ਹਨ ਜਿਸ ਨੇ ਦੇਸ਼ ਤੋਂ ਬਾਹਰ ਜਾਣਾ ਹੁੰਦਾ ਹੈ। ਇਹ ਲਾਰੀਆਂ ਫਲਾਈਟਾਂ ਦੇ ਵਕਤ ਦੇ ਹਿਸਾਬ ਨਾਲ ਆਉਂਦੀਆਂ ਹਨ। ਕਈ ਵਾਰ ਡਾਕ ਵਾਲੇ ਬੈਗ ਲੋਹੇ ਦੇ ਕਿਸੇ ਵੱਡੇ ਡੱਬੇ ਰਾਹੀਂ ਆਉਂਦੇ ਤੇ ਕਈ ਉਵੇਂ ਹੀ। ਹਰ ਮੁਲਕ ਦੇ ਬੈਗ ਦਾ ਆਪਣਾ ਹੀ ਵੱਖਰਾ ਰੰਗ ਹੁੰਦਾ ਹੈ ਤੇ ਪਛਾਣਿਆਂ ਜਾਂਦਾ ਹੈ ਕਿ ਕਿਹੜਾ ਕਿਹੜੇ ਦੇਸ਼ੋਂ ਆਇਆ ਹੈ। ਰੋਮੋ ਦੇ ਦੱਖਣ ਵਿੱਚ ਹੀ ਇਸ ਇਮਾਰਤ ਦੀ ਮੇਨ ਐਂਟਰਸ ਹੈ। ਇੱਥੇ ਹੀ ਸਕਿਉਟਰੀ ਦਫਤਰ ਹੈ ਜਿੱਥੇ ਹਰ ਲਾਰੀ ਦੇ ਡਰਾਈਵਰ ਨੂੰ ਆ ਕੇ ਰਿਪ੍ਰੋਟ ਕਰਨੀ ਪੈਂਦੀ ਹੈ। ਰੋਮੋ ਦਾ ਹਰ ਕਾਮਾ ਵੀ ਆਪਣੀ ਸ਼ਨਾਖ਼ਤ ਕਰਾ ਕੇ ਜਾਂ ਸ਼ਨਾਖ਼ਤੀ ਕਾਰਡ ਸਕੈਨ ਕਰਕੇ ਇਸੇ ਪਾਸੇ ਬਣੇ ਛੋਟੇ ਗੇਟ ਰਾਹੀਂ ਅੰਦਰ ਲੰਘਦਾ ਹੈ।

ਰੋਮੋ ਦੇ ਪੂਰਬ ਵਿੱਚ ਇਸ ਦੇ ਕਾਮਿਆਂ ਲਈ ਕਾਰ ਪਾਰਕ ਹੈ। ਸ਼ਿਫਟਾਂ ਦੇ ਹਿਸਾਬ ਨਾਲ ਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।

ਰਾਤ ਦੇ ਹਾਲੇ ਦਸ ਨਹੀਂ ਸਨ ਵੱਜੇ ਕਿ ਨੀਲੇ ਰੰਗ ਦੀ ਹੌਂਡਾ ਆ ਕੇ ਕਾਰ ਪਾਰਕ ਵਿੱਚ ਰੁਕੀ। ਕਾਰ ਵਿੱਚੋਂ ਜੱਗੀ ਛਾਲ ਮਾਰ ਕੇ ਬਾਹਰ ਨਿਕਲਿਆ। ਨਿਕਲਦਿਆਂ ਹੀ ਪੱਗ ਦੇ ਲੜ ਠੀਕ ਕੀਤੇ ਤੇ ਆਲੇ ਦੁਆਲੇ ਦੇਖਣ ਲੱਗਾ ਕਿ ਕੌਣ ਕੌਣ ਆਇਆ ਹੋਇਆ ਹੈ, ਕਿ ਕਿਸ ਕਿਸ ਦੀ ਕਾਰ ਖੜੀ ਹੈ। ਉਸ ਦੇ ਮਗਰ ਹੀ ਦੇਵਨ ਨੇ ਡਰਾਈਵਿੰਗ ਸੀਟ ਤੋਂ ਸਿਰ ਬਾਹਰ ਕੱਢਿਆ ਤੇ ਫਿਰ ਆਪ ਪੂਰੇ ਦਾ ਪੂਰਾ ਆ ਖੜਾ ਹੋਇਆ। ਪਿਛਲੀ ਸੀਟ ਤੋਂ ਨਵੀ ਆਪਣੀ ਆਦਤ ਮੁਤਾਬਕ ਸਹਿਜੇ ਜਿਹੇ ਬਾਹਰ ਆ ਗਿਆ। ਕੰਮ 'ਤੇ ਆਉਣ ਲਈ ਦੇਵਨ ਨੇ ਪਹਿਲਾਂ ਜੱਗੀ ਨੂੰ ਚੁੱਕਿਆ ਸੀ ਤੇ ਫਿਰ ਨਵੀ ਨੂੰ। ਇੱਕੋ ਕਾਰ ਵਿੱਚ ਉਹ ਤਿੰਨੋਂ ਆਉਂਦੇ ਸਨ। ਕਾਰ ਆਮ ਤੌਰ 'ਤੇ ਖਾਣ ਪੀਣ ਦੇ ਸਾਮਾਨ ਨਾਲ ਭਰੀ ਹੁੰਦੀ। ਤਿੰਨੋਂ ਹੀ ਸ਼ਰਾਬ ਦੇ ਸ਼ੌਕੀਨ ਸਨ। ਦਸ ਵਜੇ ਸ਼ਿਫਟ ਸ਼ੁਰੂ ਹੋਣੀ ਸੀ। ਉਹ ਕੰਮ ਲਈ ਤਿਆਰ ਹੋਣ ਵਾਸਤੇ ਆਪਣੇ ਲੌਕਰਾਂ ਵਿੱਚ ਚਲੇ ਗਏ ਜਿੱਥੇ ਉਹਨਾਂ ਦੇ ਸੇਫਟੀ ਸ਼ੂਅਜ਼ ਪਏ ਹੁੰਦੇ ਤੇ ਹਾਈਵੀਜ਼ ਵੀ। ਹਾਈਵੀਜ਼, ਚਮਕਦਾਰ ਜੈਕਟ ਜਿਹੜੀ ਹਨੇਰੇ ਵਿੱਚ ਚਮਕ ਪੈਂਦੀ ਸੀ ਤੇ ਕਿਸੇ ਕਮਰਚਾਰੀ ਦੀ ਹੋਂਦ ਬਾਰੇ ਦੂਰੋਂ ਹੀ ਦੱਸ ਦਿੰਦੀ। ਹੁਣ ਇਹ ਹਾਈਵੀਜ਼ ਤੇ ਸੇਫਟੀ ਸ਼ੂਅਜ਼ ਕਾਨੂੰਨਨ ਜ਼ਰੂਰੀ ਹੋ ਗਏ ਸਨ। ਉਹਨਾਂ ਦੇ ਲੌਕਰ ਵੀ ਨਾਲ ਨਾਲ ਸਨ। ਦੇਵਨ ਨੇ ਆਪਣਾ ਲੌਕਰ ਖੋਹਲਿਆ ਤੇ ਬੋਲਿਆ,

–ਆਹ ਯਾਰ, ਲੀਟਰ ਦੀ ਤਾਂ ਇੱਥੇ ਵੀ ਇੱਕ ਪਈ ਸੀ, ਐਵੇਂ ਹੋਰ ਚੁੱਕ ਲਿਆਂਦੀ।

–ਏਹਦੀ ਕਿਹੜੀ ਐਕਪਾਇਰੀ ਡੇਟ ਨਿਕਲ ਚੱਲੀ ਐ, ਪਈ ਰਹਿਣ ਦੇ।

ਜੱਗੀ ਨੇ ਹੱਸਦਿਆਂ ਆਖਿਆ। ਦੇਵਨ ਨੇ ਬੋਤਲ ਹੱਥ ਵਿੱਚ ਫੜਦਿਆਂ ਪੁੱਛਿਆ,

–ਹੋ ਜਾਏ ਇੱਕ ਇੱਕ?

–ਨਾ ਓਏ, ਹੁਣੇ ਤਾਂ ਹਾਲੇ ਰੋਟੀ ਖਾਧੀ ਐ। ਹੁਣ ਕਿੱਥੋਂ ਪੀ ਹੋਣੀ ਐਂ!

ਨਵੀ ਨੇ ਕਾਹਲੀ ਵਿੱਚ ਕਿਹਾ। ਹਾਲੇ ਦਸ ਵੱਜਣ ਵਿੱਚ ਪੰਜ ਮਿੰਟ ਵਿੱਚ ਪਏ ਸਨ ਤੇ ਉਹ ਰੈਸਟ ਰੂਮ ਵਿੱਚ ਆ ਗਏ। ਰਾਤ ਦੀ ਸ਼ਿਫਟ ਵਾਲੇ ਸਾਰੇ ਓਥ ਪੀਥ ਜੀਥ ਉੱਥੇ ਹੀ ਬੈਠੇ ਸਨ। ਕੁਝ ਸਨੂਕਰ ਖੇਡ ਰਹੇ ਸਨ ਤੇ ਕੁਝ ਸੋਫਿਆਂ ’ਤੇ ਬੈਠੇ ਸੁਸਤਾ ਰਹੇ ਸਨ। ਕੁਝ ਕੁ ਨਾਲ ਉਹਨਾਂ ਨੇ ਹੱਥ ਮਿਲਾਏ ਤੇ ਕੁਝ ਕੁ ਨੂੰ ਦੂਰੋਂ ਹੀ ਹੈਲੋ ਕਹਿ ਲਿਆ। ਪੂਰੇ ਦਸ ਵਜੇ ਮੈਨੇਜਰ ਸ਼ੌਨ ਆ ਕੇ ਅੱਜ ਦੇ ਕੰਮ ਦੀ ਬਰੀਫਿੰਗ ਦੇਣ ਲੱਗਿਆ ਜਿਸ ਨੂੰ ਸਾਰੇ ਹਡਲਿੰਗ ਕਹਿੰਦੇ ਸਨ। ਪੰਜ ਕੁ ਮਿੰਟ ਦੀ ਬਰੀਫਿੰਗ ਬਾਅਦ ਸਾਰੇ ਕੰਮਾਂ ਲਈ ਤੁਰ ਪਏ। ਜੱਗੀ ਨੇ ਡਿਸਪੈਚ ’ਤੇ ਜਾਣਾ ਸੀ ਜਿੱਥੋਂ ਬੈਗਾਂ ਨਾਲ ਭਰੇ ਯੌਰਕ ਲਾਰੀਆਂ ਵਿੱਚ ਚੜ੍ਹਾਏ ਜਾਂਦੇ ਸਨ ਤੇ ਦੇਵਨ ਦੀ ਡਿਊਟੀ ਬੈਗ ਉਤਾਰਨ ਵਾਲੀ ਜਗ੍ਹਾ ਸੀ। ਇਵੇਂ ਹੀ ਨਵੀ ਡਾਕ ਬਾਹਰ ਭੇਜਣ ਵਾਲੀ ਜਗ੍ਹਾ ਹੁੰਦਾ। ਪਰ ਉਹ ਤਿੰਨੇ ਇਕੱਠੇ ਹੀ ਬ੍ਰੇਕ ਲੈਂਦੇ। ਵਿੱਚ ਵਿੱਚ ਵਕਤ ਮਿਲਦਿਆਂ ਹੀ ਗੱਲਾਂ ਕਰਨ ਲਈ ਇੱਕ ਦੂਜੇ ਕੋਲ ਜਾ ਖੜਦੇ।

ਦੇਵਨ ਆਪਣਾ ਕੰਮ ਕਰ ਰਿਹਾ ਸੀ ਕਿ ਉਸ ਦੇ ਨਾਲ ਕੰਮ ਕਰਦਾ ਉਸ ਦਾ ਵਰਕ-ਮੇਟ ਮੁਖਤਾਰ ਸਿੰਘ ਉਸ ਨੂੰ ਕਹਿਣ ਲੱਗਿਆ,

–ਦੇਵਨ, ਤੇਰਾ ਚਿਹਰਾ ਬੜਾ ਉਤਰਿਆ ਹੋਇਆ, ਕੀ ਗੱਲ ਹੋਈ?

–ਨਹੀਂ ਤਾਂ। ਮੈਂ ਤਾਂ ਘੋੜੇ ਵਰਗਾਂ।

–ਨਹੀਂ ਕੁਝ ਫਰਕ ਲੱਗਦਾ। ਸ਼ਾਇਦ ਅੱਜ ਓਵਰ ਟਾਈਮ ਨਾ ਮਿਲਣ ਕਰਕੇ ਹੋਵੇ।

–ਮੁਖਤਾਰਿਆ, ਟਿੱਚਰਾਂ ਕਰਦਾਂ! ਮੈਨੂੰ ਤੇਰਾ ਕਿਤੇ ਪਤਾ ਨਹੀਂ, ਓਵਰ ਟਾਈਮ ਲਈ ਮੈਨੇਜਰ ਦੀ ਕਿੰਨੀ ਝੋਲੀ ਚੁੱਕਦਾਂ।

ਦੇਵਨ ਦਾ ਰੁਖ਼ ਜ਼ਰਾ ਕੁ ਗੁੱਸੇ ਵਾਲਾ ਸੀ। ਮੁਖਤਾਰ ਝਿਪਦਾ ਜਿਹਾ ਆਪਣੇ ਕੰਮ ਨੂੰ ਲੱਗ ਗਿਆ। ਦੇਵਨ ਮਨ ਵਿੱਚ ਬੋਲਿਆ, ‘ਕੰਜਰ ਦਿਆ, ਅੱਜ ਦੇਖਦਾਂ ਤੈਨੂੰ ਡਿਨਰ ਬ੍ਰੇਕ ਵਿੱਚ।’ ਉਸ ਨੂੰ ਪਤਾ ਸੀ ਕਿ ਮੁਖਤਾਰ ਸ਼ਰਾਬ ਦਾ ਲਾਲਚੀ ਸੀ ਤੇ ਜ਼ਿਆਦਾ ਪੀ ਜਾਂਦਾ ਸੀ। ਉਹ ਲੰਚ ਬ੍ਰੇਕ ਵਿੱਚ ਉਸ ਨੂੰ ਦੋ ਪੈੱਗ ਵਾਧੂ ਪਿਲਾ ਦੇਵੇਗਾ ਤੇ ਉਹ ਕੰਮ ਕਰਨ ਜੋਗਾ ਨਹੀਂ ਰਹੇਗਾ। ਮੈਨੇਜਰ ਸ਼ੌਨ ਉਸ ਦੇ ਘੰਟੇ ਕੱਟ ਲਵੇਗਾ। ਕੰਮ ਉਪਰ ਸ਼ਰਾਬ ਪੀਣ ਦੀ ਸਖਤ ਮਨਾਹੀ ਸੀ ਪਰ ਸ਼ੌਨ ਥੋੜ੍ਹੀ ਬਹੁਤ ਸ਼ਰਾਬ ਪੀਣ ਨੂੰ ਅਣਗੌਲ ਜਾਂਦਾ ਸੀ ਤੇ ਸ਼ਰਾਬੀ ਦਿੱਸਦੇ ਬੰਦੇ ਨੂੰ ਉਹ ਘਰ ਭੇਜ ਦਿੰਦਾ ਸੀ ਤੇ ਉਸ ਦੀ ਗੈਰਹਜ਼ਿਰੀ ਲਾ ਦਿੰਦਾ ਸੀ। ਜੇ ਕੋਈ ਸ਼ਰਾਬ ਪੀ ਕੇ ਫਲੋਰ ’ਤੇ ਆ ਜਾਵੇ ਤੇ ਕੋਈ ਗੜਬੜ ਕਰੇ ਤਾਂ ਉਸ ਨੂੰ ਸਸਪੈਂਡ ਵੀ ਕਰ ਦਿੱਤਾ ਜਾਂਦਾ ਸੀ। ਦਸ ਵਜੇ ਕੰਮ ਸ਼ੁਰੂ ਹੋ ਕੇ ਬਾਰਾਂ ਵਜੇ ਉਹਨਾਂ ਨੂੰ ਟੀ-



ਬ੍ਰੇਕ ਹੋ ਗਈ। ਦੇਵਨ ਸਭ ਤੋਂ ਪਹਿਲਾਂ ਲੌਕਰ ਰੂਮ ਵਿੱਚ ਪੁੱਜ ਗਿਆ। ਉਸ ਦੇ ਮਗਰੇ ਹੀ ਨਵੀ ਤੇ ਜੱਗੀ ਵੀ। ਉਹਨਾਂ ਨੇ ਇੱਕ-ਇੱਕ ਪੈੱਗ ਪਾ ਲਿਆ। ਮੁਖਤਾਰ ਨੂੰ ਲੰਘਦਿਆਂ ਦੇਖ ਕੇ ਦੇਵਨ ਨੇ ਨਵੀ ਨੂੰ ਕਿਹਾ,

–ਇਹਨੂੰ ਕੰਜਰ ਦੇ ਨੂੰ ਸੱਦ ਜ਼ਰਾ। ਗਲਾਸੀ ਪਿਲਾਈਏ।

–ਸਾਡੇ ਕੋਲ ਵਾਧੂ ਆ ਕੋਈ?

–ਨਹੀਂ, ਏਸ ਕੰਜਰ ਦੇ ਨੇ ਮੈਨੂੰ ਟਿੱਚਰ ਕੀਤੀ ਸੀ।

ਦੇਵਨ ਨੇ ਦੱਸਿਆ। ਨਵੀ ਨੇ ਮੁਖਤਾਰ ਨੂੰ ਇਸ਼ਾਰਾ ਕਰਕੇ ਕੋਲ ਸੱਦ ਲਿਆ। ਉਹਨਾਂ ਨੂੰ ਦੇਖਦਾ ਉਹ ਬੋਲਿਆ,

–ਤਿੱਕੜੀ ਨੇ ਹੁਣੇ ਹੀ ਸ਼ੁਰੂ ਕਰ ਲਈ?

–ਆ ਜਾ ਤੂੰ ਵੀ।

–ਹਾਲੇ ਅਰਲੀ ਨਹੀਂ?

–ਅਰਲੀ ਨੂੰ ਹਾਲੇ ਕਿਹੜਾ ਸ਼ਾਹ ਵੇਲਾ ਐ?

ਦੇਵਨ ਨੇ ਕਿਹਾ ਤੇ ਪਲਾਸਟਿਕ ਦਾ ਇੱਕ ਗਲਾਸ ਲੈ ਕੇ ਉਸ ਵਿੱਚ ਵਾਹਵਾ ਸਾਰਾ ਹਾੜਾ ਪਾ ਦਿੱਤਾ। ਮੁਖਤਾਰ ਇੱਕੋ ਸਾਹੇ ਪੀ ਗਿਆ। ਦੇਵਨ ਨੇ ਇੱਕ ਹੋਰ ਪਾ ਦਿੱਤਾ। ਨਾ-ਨਾ ਕਰਦਾ ਮੁਖਤਾਰ ਉਹ ਵੀ ਪੀ ਗਿਆ ਤੇ ਭੁਜੀਏ ਦੀ ਮੁੱਠ ਭਰਦਾ ਤੇ ਮੂੰਹ ਸੰਵਾਰਦਾ ਤੁਰ ਪਿਆ। ਉਹ ਤਿੰਨੋਂ ਖੜੇ ਹੌਲੀ ਹੌਲੀ ਪਹਿਲੇ ਪੈੱਗ ਨੂੰ ਹੀ ਪੀਂਦੇ ਰਹੇ। ਦੇਵਨ ਜੱਗੀ ਨੂੰ ਕਹਿਣ ਲੱਗਿਆ,

–ਯਾਰ, ਤੇਰੇ ਤੋਂ ਇੱਕ ਕੰਮ ਕਰਾਉਣਾ।

–ਦੱਸ, ਹੁਣੇ ਕਰ ਦਿੰਨੇ ਆਂ।

–ਹੁਣ ਨਹੀਂ, ਹੁਣ ਕੀਤਾ ਤਾਂ ਸਿੱਧੀ ਸ਼ੱਕ ਮੇਰੇ ’ਤੇ ਆਉਣੀ ਆਂ। ਕਿਸੇ ਛੁੱਟੀ ਵਾਲੇ ਦਿਨ ਜਾਂ ਜਿੱਦਣ ਛੇ ਵਜੇ ਸ਼ੁਰੂ ਕੀਤਾ ਓਦਣ ਸਹੀ।

–ਕੰਮ ਤਾਂ ਦੱਸ?

–ਯਾਰ, ਮੈਂ ਆਪਣੇ ਸਾਲ਼ੇ ਕੰਜਰ ਦੇ ਨੂੰ ਗਾਲ੍ਹਾਂ ਕੱਢਣੀਆਂ। ਤੂੰ ਵਾਹਵਾ ਆਵਾਜ਼ ਬਦਲ ਲੈਨਾਂ। ਤੂੰ ਕਰੀ ਇਹ ਕੰਮ।

–ਕੋਈ ਅਕਲ ਦਾ ਕੰਮ ਕਰੋ ਯਾਰ, ਜੇ ਇਹੋ ਗੱਲ ਐ ਤਾਂ ਚੱਲ ਉਹਦੇ ਘਰ ਜਾ ਕੇ ਮੂੰਹ ’ਤੇ ਕੱਢ ਆਉਂਨੇ ਆਂ।

ਨਵੀ ਨੇ ਆਖਿਆ। ਦੇਵਨ ਹੱਸਣ ਲੱਗਿਆ ਤੇ ਬੋਲਿਆ,

–ਮੈਂ ਉਹਦੇ ਨਾਲ ਵਿਗਾੜਨੀ ਵੀ ਨਹੀਂ ਚਾਹੁੰਦਾ। ਉਹ ਕੰਜਰ ਦਾ ਲੱਗਾ ਹੋਇਆ ਆਪਣੀ ਤੀਵੀਂ ਦੇ ਥੱਲੇ। ਬਹੁਤ ਸਮਝਾਇਆ ਪਰ ਸਮਝਦਾ ਨਹੀਂ। ਮੈਨੂੰ ਉਹਦੀ ਤੀਵੀਂ ਨਾਲ ਬਹੁਤ ਨਫਰਤ ਐ, ਮੈਂ ਤਾਂ ਓਹਦੇ ਘਰ ਵੀ ਨਹੀਂ ਜਾਂਦਾ। ਸੋਚਦਾਂ ਬਈ ਕੰਜਰ ਦੇ ਨੂੰ ਜ਼ਰਾ ਤੰਗ ਕਰਾਂ।

ਨਵੀ ਕੁਝ ਨਾ ਬੋਲਿਆ। ਜੱਗੀ ਆਪਣੀ ਪੱਗ ਠੀਕ ਕਰਦਾ ਬੋਲਿਆ,

–ਕਹਾਣੀ ਹੀ ਕੋਈ ਨਹੀਂ, ਵੈਸੇ ਸਾਲ਼ੇ ਸਾਲ਼ਿਆਂ ਨੂੰ ਸਾਹਮਣੇ ਹੋ ਕੇ ਹੀ ਗਾਲ੍ਹਾਂ ਕੱਢਣ ਦਾ ਮਜ਼ਾ ਆਉਂਦਾ।

ਜਦ ਤਕ ਸ਼ੌਨ ਲੰਘਦਾ ਦਿੱਸਿਆ। ਉਹਨਾਂ ਨੇ ਆਪਣੀਆਂ ਗਲਾਸੀਆਂ ਲੁਕੋ ਲਈਆਂ। ਸ਼ੌਨ ਨੇ ਉਹਨਾਂ ਨੂੰ ਘੜੀ ਦਿਖਾਈ ਭਾਵ ਬ੍ਰੇਕ ਦਾ ਵਕਤ ਖਤਮ ਹੋਣ ਵਾਲਾ ਹੈ। ਕੁਝ ਦੇਰ ਬਾਅਦ ਮੁਖਤਾਰ ਇੱਕ ਵਾਰ ਫਿਰ ਉਹਨਾਂ ਕੋਲ ਆ ਖੜਿਆ। ਦੇਵਨ ਨੇ ਫਿਰ ਉਸ ਨੂੰ ਭਰਵਾਂ ਜਿਹਾ ਪੈੱਗ ਪਾ ਦਿੱਤਾ ਤੇ ਉਹ ਇੱਕੋ ਸਾਹੇ ਪੀ ਗਿਆ। ਦੇਵਨ ਨੇ ਸਾਰਾ ਸਾਮਾਨ ਸਾਂਭਿਆ ਤੇ ਉਹ ਮੁੜ ਆਪੋ ਆਪਣੀ ਡਿਊਟੀ 'ਤੇ ਤੁਰ ਪਏ।

ਡਿਨਰ ਬ੍ਰੇਕ ਵੇਲੇ ਉਹ ਅਕਸਰ ਕਾਰ ਵਿੱਚ ਬੈਠਿਆ ਕਰਦੇ ਸਨ। ਜਿਸ ਦੀ ਕਾਰ ਹੁੰਦੀ ਉਸ ਨੇ ਕੁਝ ਨਾ ਕੁਝ ਖਾਣ ਲਈ ਲਿਆਂਦਾ ਹੋਇਆ ਹੁੰਦਾ। ਬ੍ਰੇਕ ਹੋਈ ਤਾਂ ਉਹ ਤਿੰਨੋਂ ਕਾਰ ਪਾਰਕ ਨੂੰ ਚਲੇ ਗਏ। ਦੇਵਨ ਮੁਖਤਾਰ ਨੂੰ ਸੱਦਾ ਦੇ ਆਇਆ ਹੋਇਆ ਸੀ ਪਰ ਕਿਹਾ ਸੀ ਕਿ ਆਵੇ ਕੁਝ ਠਹਿਰ ਕੇ। ਉਹਨਾਂ ਕਾਰ ਵਿੱਚ ਬਹਿ ਕੇ ਆਪਣੇ ਪੈੱਗ ਪਾ ਲਏ ਤੇ ਨਾਲ ਹੀ ਦੇਵਨ ਨੇ ਸਮੋਸੇ ਲਿਆਂਦੇ ਹੋਏ ਸਨ। ਕੀਮੇ ਦੇ ਵੀ ਤੇ ਵੈਜੀ ਵੀ। ਨਵੀ ਬੋਲਿਆ,

–ਮੁਖਤਾਰ ਨਹੀਂ ਰੜਕਿਆ। ਮੁਫਤ ਦੀ ਦਾਰੂ ਤਾਂ ਉਹ ਕਦੇ ਛੱਡਦਾ ਨਹੀਂ।

–ਆ ਜਾਊ ਕੰਜਰ ਦਾ। ਮੈਂ ਸੱਦਾ ਦਿੱਤਾ ਹੋਇਆ ਕਿ ਜ਼ਰਾ ਠਹਿਰ ਕੇ ਆਵੇ। ਮੇਰਾ ਮਤਲਬ ਕਿ ਦਾਰੂ ਨਾਲ ਉਹ ਕੁਝ ਖਾਵੇ ਨਾ ਤੇ ਏਦਾਂ ਕੰਜਰ ਦਾ ਛੇਤੀ ਸ਼ਰਾਬੀ ਹੋ ਜਾਊ ਤੇ ਆਊ ਸਬਕ ਟਿੱਚਰ ਕਰਨ ਦਾ। ਅਖੇ ਓਵਰ ਟਾਈਮ ਨਾ ਮਿਲਣ ਕਰਕੇ ਤੇਰਾ ਚਿਹਰਾ ਉਤਰਿਆ ਹੋਇਐ। ਬਈ ਕੰਜਰ ਦਿਆ, ਓਵਰ ਟਾਈਮ ਮੈਂ ਇਕੱਲਾ ਕਰਦਾਂ? ਸਾਰੇ ਪੈਂਦੇ ਆ ਓਵਰ ਟਾਈਮ ਨੂੰ।

ਦੇਵਨ ਹਿਰਖ ਵਿੱਚ ਕਹਿੰਦਾ ਜਾ ਰਿਹਾ ਸੀ। ਨਵੀ ਨੂੰ ਉਸ ਦੇ ਸੁਭਾਅ ਦਾ ਪਤਾ ਸੀ ਕਿ ਜਿਹੜਾ ਬੰਦਾ ਦੇਵਨ ਨੂੰ ਪਸੰਦ ਨਹੀਂ ਸੀ ਉਸ ਨੂੰ ਉਹ ਤੰਗ ਕਰਨ ਲੱਗਦਾ ਸੀ। ਏਨੇ ਚਿਰ ਵਿੱਚ ਮੁਖਤਾਰ ਵੀ ਆ ਗਿਆ। ਦੇਵਨ ਨੇ ਕਾਹਲੀ ਦੇ ਦੋ ਪੈੱਗ ਪਾਏ ਤੇ ਮੁਖਤਾਰ ਖਿੱਚਦਾ ਗਿਆ। ਬ੍ਰੇਕ ਖਤਮ ਹੋਣ ਤਕ ਉਹ ਟੇਡਾ ਹੋ ਗਿਆ। ਉਹ ਉਸ ਨੂੰ ਕਾਰ ਵਿੱਚ ਪਏ ਨੂੰ ਛੱਡ ਕੇ ਵਾਪਸ ਕੰਮ 'ਤੇ ਚਲੇ ਗਏ।

ਦੇਵਨ ਨੂੰ ਇਕੱਲੇ ਕੰਮ ਕਰਦਿਆਂ ਦੇਖ ਕੇ ਸ਼ੌਨ ਉਸ ਕੋਲ ਆਇਆ ਤੇ ਪੁੱਛਣ ਲੱਗਾ,

–ਦੇਵਨ, ਤੇਰਾ ਮੇਟ ਕਿਥੇ ਐ?

–ਪਤਾ ਨਹੀਂ, ਸ਼ਾਇਦ ਸੌਂ ਗਿਆ ਹੋਵੇ। ਮੇਰੇ ਤੋਂ ਕਾਰ ਦੀ ਚਾਬੀ ਮੰਗਦਾ ਸੀ, ਮੈਂ ਕਿਹਾ ਕਿ ਕਾਰ ਖੁੱਲ੍ਹੀ ਹੀ ਐ।

–ਕਿਤੇ ....?

ਕਹਿੰਦਿਆਂ ਉਸ ਨੇ ਹੱਥ ਦਾ ਕੱਪ ਜਿਹਾ ਬਣਾ ਕਿ ਮੂੰਹ ਨੂੰ ਲਾਇਆ ਕਿ ਕਿਤੇ ਦਾਰੂ ਤਾਂ ਨਹੀਂ ਸੀ ਪੀਤੀ। ਦੇਵਨੇ ਨੇ ਮੋਢੇ ਮਾਰਦਿਆਂ ਇਸ਼ਾਰਾ ਕੀਤਾ ਕਿ ਪਤਾ ਨਹੀਂ।

ਸ਼ੌਨ ਨੇ ਮੁਖਤਾਰ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਉਹ ਰੈਸਟ ਰੂਮ ਵਿੱਚ ਨਹੀਂ ਸੀ। ਕੰਟੀਨ ਵਿੱਚ ਵੀ ਨਹੀਂ ਤੇ ਨਾ ਹੀ ਲੌਕਰਾਂ ਵਿੱਚ। ਉਹ ਕਾਰ ਪਾਰਕ ਵਿੱਚ ਗਿਆ ਤਾਂ ਮੁਖਤਾਰ ਕਾਰ ਵਿੱਚ ਸੁੱਤਾ ਪਿਆ ਸੀ। ਸ਼ੌਨ ਨੇ ਉਸ ਨੂੰ ਜਗਾਇਆ ਤੇ ਉਸ ਦੇ ਕੋਲ ਹੋ ਕੇ ਸੁੰਘ ਲਈ। ਨੱਕ ਨੂੰ ਹਵਾ ਮਾਰਦਾ ਬੋਲਿਆ,



–ਏਨੀ ਪੀਤੀ ਐ ਤੂੰ। ਹੁਣ ਤੂੰ ਏਥੇ ਹੀ ਸੁੱਤਾ ਰਹਿ। ਹੋਸ਼ ਆਈ 'ਤੇ ਘਰ ਨੂੰ ਚਲੇ ਜਾਵੀਂ।

ਸ਼ੌਨ ਵਾਪਸ ਆ ਕੇ ਦੇਵਨ ਨੂੰ ਬੋਲਿਆ,

–ਤੇਰੀ ਕਾਰ ਵਿੱਚ ਹੀ ਸੀ ਪਰ ਸ਼ਰਾਬੀ! ਮੈਂ ਉਸ ਨੂੰ ਘਰ ਭੇਜ ਆਇਆਂ। ਮੈਂ ਤੇਰੀ ਮੱਦਦ ਲਈ ਕਿਸੇ ਹੋਰ ਨੂੰ ਆਖਦਾਂ।

ਆਖਦਾ ਸ਼ੌਨ ਚਲੇ ਗਿਆ। ਦੇਵਨ ਬੁੜਬੁੜਾਇਆ, 'ਹੋਰ ਕਰ ਟਿੱਚਰ ਕੰਜਰ ਦਿਆ!' ਉਹ ਆਪਣੀ ਜਿੱਤ 'ਤੇ ਬਹੁਤ ਖੁਸ਼ ਸੀ ਪਰ ਹਾਲੇ ਵੀ ਕੁਝ ਅਜਿਹਾ ਸੀ ਜੋ ਉਸ ਦੇ ਮਨ ਵਿੱਚ ਰੜਕ ਰਿਹਾ ਸੀ। ਅੱਜ ਉਹ ਮੁਖਤਾਰ ਲਈ ਤਾਂ ਤਿਆਰ ਹੀ ਨਹੀਂ ਸੀ, ਮੁਖਤਾਰ ਤਾਂ ਖਾਹਮਖਾਹ ਹੀ ਰਾਹ ਵਿੱਚ ਆ ਗਿਆ ਸੀ। ਚਾਰ ਵਜੇ ਦੀ ਬ੍ਰੇਕ ਹੋਈ ਤਾਂ ਉਹ ਇੱਕ ਵਾਰ ਫਿਰ ਲੌਕਰਾਂ ਵਿੱਚ ਆ ਗਏ। ਦੇਵਨ ਨੇ ਬੋਤਲ ਚੁੱਕੀ ਤਾਂ ਜੱਗੀ ਬੋਲਿਆ,

–ਨਾ ਬਈ, ਅੱਜ ਭਰਜਾਈ ਦਾ ਟੈੱਸਟ ਐ।

–ਟੈੱਸਟ ਹੈਗਾ ਜਾ ਕੇ ਦੁਪਹਿਰ ਨੂੰ। ਜਦ ਤਕ ਤਾਂ ਆਪਾਂ ਦੋ ਬੋਤਲਾਂ ਪੀ ਕੇ ਉੱਠ ਖੜੀਏ। ਨਾਲੇ ਟੈੱਸਟ ਭਰਜਾਈ ਨੇ ਦੇਣਾਂ ਨਾ ਕਿ ਤੂੰ।

–ਲੈ ਕੇ ਤਾਂ ਮੈਂ ਹੀ ਜਾਣਾ।

–ਫੜ ਜ਼ਰਾ। ਛੇ ਘੰਟੇ ਪਏ ਹਾਲੇ ਜਾਣ ਵਿੱਚ।

ਉਸ ਨੇ ਇੱਕ ਗਲਾਸ ਭਰ ਕੇ ਜੱਗੀ ਦੇ ਹੱਥ ਵਿੱਚ ਫੜਾ ਦਿੱਤਾ ਤੇ ਇੱਕ ਨਵੀ ਨੂੰ ਤੇ ਇੱਕ ਆਪ ਵੀ ਪਾ ਲਿਆ। ਇੱਕ-ਇੱਕ ਪੀ ਕੇ ਇੱਕ-ਇੱਕ ਹੋਰ ਪਾ ਲਈ। ਦੇਵਨ ਦੀ ਖਾਸ ਗੱਲ ਇਹ ਸੀ ਕਿ ਉਹ ਪਾਣੀ ਦੀ ਇੱਕ ਬੋਤਲ ਹਰ ਵੇਲੇ ਜੇਬ ਵਿੱਚ ਰੱਖਦਾ। ਜਦ ਪਾਣੀ ਮੁੱਕ ਜਾਂਦਾ ਤਾਂ ਬੋਤਲ ਨੂੰ ਦੁਬਾਰਾ ਭਰ ਲੈਂਦਾ। ਇਵੇਂ ਬਹੁਤਾ ਪਾਣੀ ਪੀਣ ਨਾਲ ਨਸ਼ਾ ਕਾਬੂ ਵਿੱਚ ਰਹਿੰਦਾ ਸੀ। ਨਵੀ ਦਾ ਇੱਕ ਹਿਸਾਬ ਸੀ ਕਿ ਇੱਕ ਜਗ੍ਹਾ ਜਾ ਕੇ ਉਸ ਨੂੰ ਪਤਾ ਲੱਗ ਜਾਂਦਾ ਸੀ ਕਿ ਉਹ ਹੋਰ ਸ਼ਰਾਬ ਨਹੀਂ ਪੀ ਸਕਦਾ ਤੇ ਉੱਥੇ ਹੀ ਰੁਕ ਜਾਂਦਾ ਸੀ।

ਸਵੇਰੇ ਸਾਢੇ ਪੰਜ ਵਜੇ ਉਹਨਾਂ ਨੇ ਕੰਮ ਛੱਡਿਆ। ਵਾਪਸ ਤੁਰਨ ਲਈ ਕਾਰ ਵਿੱਚ ਬੈਠੇ ਤਾਂ ਨਵੀ ਬੋਲਿਆ,

–ਦੇਵਨ, ਕਾਰ ਧਿਆਨ ਨਾਲ ਚਲਾਈਂ, ਤੂੰ ਇਕਦਮ ਰੇਸ ਚੁੱਕ ਦਿੰਨਾਂ, ਧਿਆਨ ਨਾਲ।

–ਨਵੀ ਬਾਬੂ, ਤੂੰ ਫਿਕਰ ਨਾ ਕਰ, ਕਾਰ ਕੰਜਰ ਦੀ ਏਦਾਂ ਜਾਊ ਜਿੱਦਾਂ ਪਾਣੀ ਵਿੱਚ ਮੱਛੀ।

ਦੇਵਨ ਨੇ ਕਿਹਾ ਤੇ ਸੱਚ ਹੀ ਉਹ ਕਾਰ ਧਿਆਨ ਨਾਲ ਚਲਾਉਣ ਲੱਗਿਆ। ਉਹੀ ਛੋਟਾ ਜਿਹਾ ਰਸਤਾ ਸੀ, ਲਾਈਟਾਂ ਤੋਂ ਖੱਬੇ ਮੁੜ, ਚੱਕਰ ਤੋਂ ਤੀਜਾ ਮੋੜ ਲੈ ਕੇ ਅਗਲੇ ਚੱਕਰ ਤੋਂ ਫਿਰ ਤੀਜਾ ਮੋੜ ਲੈ ਕੇ ਕਲੇਅਰ ਰੋਡ ਤੋਂ ਖੱਬੇ। ਦਸਾਂ ਮਿੰਟਾਂ ਦੇ ਅੰਦਰ ਅੰਦਰ ਕਾਰ ਵੈਲਵਿਊ ਗਾਰਡਨ 'ਤੇ ਖੜੀ ਸੀ, ਦੇਵਨ ਦੇ ਘਰ ਦੇ ਮੂਹਰੇ। ਦੇਵਨ ਨੇ ਕਿਹਾ,

–ਸ਼ਿਵਾਨੀ ਨੇ ਕੋਫਤੇ ਬਹੁਤ ਸੁਹਣੇ ਬਣਾਏ ਆ। ਆ ਜਾਓ, ਦੋ-ਦੋ ਕੋਫਤੇ ਹੋ ਜਾਣ।

ਜੱਗੀ ਨੇ ਫਿਰ ਪ੍ਰੀਤੀ ਦੇ ਟੈੱਸਟ ਬਾਰੇ ਕਹਿਣਾ ਸੀ, ਉਸ ਤੋਂ ਪਹਿਲਾਂ ਹੀ ਨਵੀ ਬੋਲਿਆ,

-ਨਹੀਂ ਬਈ, ਅੱਜ ਪਲਵੀ ਨੇ ਹੌਸਪੀਟਲ ਐਡਮਿੱਟ ਹੋਣਾ ਤਿੰਨ ਦਿਨ ਵਾਸਤੇ, ਏਸ ਕਰਕੇ ਮੈਂ ਤਾਂ ਜਾਣਾਂ, ਮੈਨੂੰ ਘਰੇ ਲਾਹ ਦੇ।

ਨਵੀ ਪਿਛਲੀ ਸੀਟ 'ਤੇ ਬੈਠਾ ਸੀ। ਦੇਵਨ ਨੇ ਘੁੰਮ ਕੇ ਉਸ ਵੱਲ ਦੇਖਿਆ ਤੇ ਬਹੁਤ ਗੰਭੀਰ ਹੁੰਦਾ ਮੱਥੇ 'ਤੇ ਉਂਗਲ ਰੱਖਦਾ ਆਖਣ ਲੱਗਾ,

-ਯਾਰ ਨਵੀ, ਮੈਨੂੰ ਪਤਾ ਪਲਵੀ ਦੀ ਸਿਹਤ ਠੀਕ ਨਹੀਂ ਤੇ ਤੁਸੀਂ ਪਿਛਲੇ ਪੰਜ-ਛੇ ਸਾਲਾਂ ਤੋਂ ਬੱਚੇ ਦੀ ਕੋਸ਼ਿਸ਼ ਕਰ ਰਹੇ ਓ, ਇਸੇ ਲਈ ਅੱਜ ਹੌਸਪੀਟਲ ਵੀ ਜਾਣਾ ਪਰ ਮੈਂ ਦੋਸਤ ਹੋਣ ਦੇ ਨਾਤੇ ਇੱਕ ਸਲਾਹ ਦੇਣੀ ਚਾਹੁੰਨਾ।

-ਦੇ ਯਾਰ, ਤੂੰ ਵੀ ਸਲਾਹ ਦੇ। ਜਿੰਨੇ ਵਾਕਫ ਐ ਸਾਰੇ ਸਲਾਹਾਂ ਹੀ ਦਿੰਦੇ ਆ, ਕੋਈ ਕਹਿੰਦਾ ਕਿ ਬੱਚਾ ਅਡੌਪਟ ਕਰ ਲਓ, ਕੋਈ ਕਹਿੰਦਾ ਕਿ ਬੱਚਾ ਸੈਰੋਗੇਟ ਕਰ ਲਓ।

-ਨਹੀਂ, ਮੈਂ ਇਹ ਸਲਾਹ ਨਹੀਂ ਦੇਣੀ। ਤੇਰਾ ਬੱਚਾ ਜਿਹੜਾ ਉਹੀ ਤੇਰਾ ਖ਼ੂਨ ਹੋਣਾ, ਮੈਂ ਸਲਾਹ ਹੋਰ ਦੇਣੀ ਆਂ।

-ਕਿਹੜੀ ?

-ਮੇਰੀ ਸਲਾਹ ਇਹ ਐ ਕਿ ਤੁਸੀਂ ਹੈਗੇ ਜੱਟ ਤੇ ਜੱਟਾਂ ਵਿੱਚ ਭਰਜਾਈਆਂ ਸਾਂਝੀਆਂ ਹੁੰਦੀਆਂ, ਐਵੇਂ ਪਲਵੀ ਨੂੰ ਤੰਗ ਕਰਦਾ ਫਿਰਦਾਂ, ਕਿਉਂ ਨਹੀਂ ਤੂੰ ਕਿਸੇ ਭਰਾ ਨਾਲ ਸਾਂਝ ਪਾ ਲੈਂਦਾ !

ਨਵੀ ਨੇ ਦੇਵਨ ਵੱਲ ਦੇਖਿਆ। ਪਹਿਲਾਂ ਤਾਂ ਉਹਨੂੰ ਜ਼ਰਾ ਕੁ ਗੁੱਸਾ ਲੱਗਾ ਪਰ ਫਿਰ ਉਸ ਦਾ ਇਕਦਮ ਹਾਸਾ ਛੁੱਟ ਗਿਆ। ਅਜਿਹਾ ਹਾਸਾ ਕਿ ਕਿੰਨੀ ਦੇਰ ਤਕ ਬੰਦ ਨਾ ਹੋਇਆ। ਜੱਗੀ ਦਿੱਲੀ ਦਾ ਜੰਮਿਆਂ ਹੋਣ ਕਰਕੇ ਉਸ ਨੂੰ ਇਹ ਗੱਲ ਪੂਰੀ ਤਰ੍ਹਾਂ ਸਮਝ ਨਾ ਲੱਗੀ ਪਰ ਹੱਸਣ ਵਿੱਚ ਉਹ ਵੀ ਸਾਥ ਦਿੰਦਾ ਰਿਹਾ। ਬਾਅਦ ਵਿੱਚ ਜਦ ਉਸ ਨੂੰ ਨਵੀ ਨੇ ਮਤਲਬ ਸਮਝਾਏ ਤਾਂ ਵੀ ਜੱਗੀ ਨੂੰ ਇਸ ਵਿੱਚ ਹੱਸਣ ਵਾਲੀ ਕੋਈ ਗੱਲ ਨਾ ਲੱਗੀ। ਏਨਾ ਹੱਸਣ ਨਾਲ ਮਹੌਲ ਇਕਦਮ ਬਦਲ ਗਿਆ। ਨਵੀ ਕਾਰ ਦਾ ਦਰਵਾਜ਼ਾ ਖੋਹਲਦਾ ਬੋਲਿਆ,

-ਹੁਣ ਤਾਂ ਬਈ ਕੋਫਤੇ ਖਾਣੇ ਹੀ ਪੈਣੇ ਆਂ। ਇਹ ਗੱਲ ਮੈਂ ਪਲਵੀ ਨੂੰ ਦੱਸੀ ਤਾਂ ਉਹਨੇ ਵੀ ਬਹੁਤ ਹੱਸਣਾ।

ਦੇਵਨ ਨੇ ਪਹਿਲਾਂ ਹੀ ਸ਼ਿਵਾਨੀ ਨੂੰ ਫੋਨ ਕਰ ਦਿੱਤਾ ਹੋਇਆ ਸੀ। ਜੱਗੀ ਹਾਲੇ ਵੀ ਕਾਰ ਵਿੱਚੋਂ ਉਤਰਨ ਤੋਂ ਨਾਂਹ ਕਰੀ ਜਾ ਰਿਹਾ ਸੀ ਕਿ ਸ਼ਿਵਾਨੀ ਹੀ ਬਾਹਰ ਆ ਗਈ। ਉਹ ਬੋਲੀ,

-ਜੱਗੀ, ਐਸੇ ਕੋਫਤੇ ਬਣਾਏ ਆ ਕਿ ਜੇ ਉਂਗਲਾਂ ਨਾ ਖਾ ਗਿਆ ਤਾਂ ਕਹਿਣਾ।

ਝਿਜਕਦਾ ਹੋਇਆ ਜੱਗੀ ਬਾਹਰ ਆ ਗਿਆ। ਵਕਤ ਤਾਂ ਹਾਲੇ ਬਹੁਤ ਸੀ। ਸਾਢੇ ਨੌਂ ਵਜੇ ਟੈੱਸਟ ਸੀ। ਸ਼ਿਵਾਨੀ ਗਰਮ ਗਰਮ ਕੋਫਤੇ ਲਿਆਉਂਦੀ ਰਹੀ। ਦੇਵਨ ਗਲਾਸੀ 'ਤੇ ਗਲਾਸੀ ਭਰਦਾ ਰਿਹਾ। ਇੱਕ ਤਾਂ ਉਹਨਾਂ ਨੇ ਰਾਤ ਲਾਈ ਹੋਈ ਸੀ, ਉਨੀਂਦੇ ਸਨ, ਕੰਮ ਦੇ ਥੱਕੇ ਵੀ ਸੋ ਸ਼ਰਾਬ ਅਸਰ ਕਰਨ ਲੱਗੀ। ਨਵੀ ਸਿਹਤ ਦਾ ਭਾਰਾ ਸੀ ਇਸ



ਲਈ ਜ਼ਿਆਦਾ ਸ਼ਰਾਬ ਹਜ਼ਮ ਕਰ ਜਾਂਦਾ। ਜੱਗੀ ਦੀ ਵਿੱਤ ਹਲਕੀ ਸੀ, ਉਸ ਦਾ ਨਸ਼ਾ ਉਸ ਪੜਾਅ 'ਤੇ ਪੁੱਜ ਚੁੱਕਾ ਸੀ ਜਿੱਥੇ ਬੰਦਾ ਸੋਚਣਾ ਬੰਦ ਕਰ ਦਿੰਦਾ ਹੈ। ਕੁਝ ਦੇਰ ਬਾਅਦ ਨਵੀ ਉੱਠਿਆ ਤੇ ਉਹ ਦੇਵਨ ਦੀ ਕਾਰ ਲੈ ਕੇ ਆਪਣੇ ਘਰ ਚਲੇ ਗਿਆ। ਜੱਗੀ ਹਾਲੇ ਦੇਵਨ ਨਾਲ ਹੀ ਬੈਠਾ ਸੀ। ਅਗਲੀ ਗਲਾਸੀ ਨਾਲ ਉਹ ਉੱਥੇ ਸੈਟੀ 'ਤੇ ਹੀ ਟੇਢ੍ਹਾ ਹੋ ਗਿਆ। ਸ਼ਿਵਾਨੀ ਨੇ ਲਿਆ ਕੇ ਕੰਬਲ ਉਸ ਉਪਰ ਦੇ ਦਿੱਤਾ।

## ਤਿੰਨ

ਪ੍ਰੀਤੀ ਦਾ ਬਹੁਤ ਦਿਲ ਕਰਦਾ ਕਿ ਕਦੇ ਲੈਸਟਰ ਜਾਵੇ। ਆਪਣੇ ਭਰਾ ਤੇ ਭਤੀਜੇ-ਭਤੀਜੀਆਂ ਨੂੰ ਮਿਲੇ ਪਰ ਭਰਾ ਵੱਲੋਂ ਕੋਈ ਕਦੇ ਫੋਨ ਹੀ ਨਹੀਂ ਸੀ ਆਇਆ। ਜੇ ਉਹ ਫੋਨ ਕਰਦੀ ਵੀ ਤਾਂ ਪਰਮਜੀਤ ਸਿੰਘ ਉਸ ਨੂੰ ਕਦੇ ਵੀ ਆਉਣ ਦਾ ਸੱਦਾ ਹੀ ਨਹੀਂ ਸੀ ਦਿੰਦਾ। ਭਰਜਾਈ ਸੁਰਿੰਦਰ ਕੌਰ ਹਾਲੇ ਵੀ ਉਸ ਨਾਲ ਸਿੱਧੇ ਮੂੰਹ ਗੱਲ ਨਹੀਂ ਸੀ ਕਰਿਆ ਕਰਦੀ। ਪ੍ਰੀਤੀ ਨੂੰ ਭਰਾ-ਭਰਜਾਈ ਦੀ ਇਸ ਬੇਰੁਖੀ ਉਪਰ ਬਹੁਤ ਗੁੱਸਾ ਸੀ ਤੇ ਹਾਵਾ ਵੀ ਪਰ ਜੱਗੀ ਵੱਲੋਂ ਮਿਲੇ ਪਿਆਰ ਨੇ ਇਹ ਗ਼ਮ ਭੁਲਾ ਦਿੱਤਾ। ਜੱਗੀ ਪ੍ਰੀਤੀ ਨੂੰ ਬੇਹੱਦ ਪਿਆਰ ਕਰਦਾ ਸੀ। ਪ੍ਰੀਤੀ ਉਸ ਲਈ ਪੂਰੀ ਦੁਨੀਆ ਸੀ। ਉਹ ਉਸ ਨੂੰ ਆਪਣੀ ਮਹਾਰਾਣੀ ਕਹਿੰਦਾ ਤੇ ਰੌਕੀ ਨੂੰ ਆਪਣਾ ਯੁਵਰਾਜ। ਉਹ ਆਪਣੀ ਰਿਆਸਤ ਦਾ ਮਹਾਰਾਜਾ ਸੀ। ਘਰ ਆਉਂਦਿਆਂ ਉਸ ਨੂੰ ਜਾਪਦਾ ਜਿਵੇਂ ਉਹ ਆਪਣੇ ਕਿਲ੍ਹੇ ਨੂੰ ਜਾ ਰਿਹਾ ਹੋਵੇ। ਜਦ ਉਹ ਸ਼ੌਪਿੰਗ ਕਰਨ ਜਾਂਦੇ ਤਾਂ ਜੱਗੀ ਚੌੜਾ ਹੋ ਹੋ ਕੇ ਪ੍ਰੀਤੀ ਦੇ ਨਾਲ ਲੱਗਦਾ ਤੁਰਦਾ। ਉਹ ਪ੍ਰੀਤੀ ਦੀ ਹਰ ਖੁਸ਼ੀ ਵਿੱਚ ਖੁਸ਼ ਹੁੰਦਾ। ਇਹ ਸ਼ਰਾਬ ਦੀ ਆਦਤ ਜੱਗੀ ਨੂੰ ਪਹਿਲਾਂ ਤੋਂ ਨਹੀਂ ਸੀ, ਇੱਥੇ ਰੋਮੋ ਵਿੱਚ ਆ ਕੇ ਹੀ ਪਈ, ਖਾਸ ਤੌਰ 'ਤੇ ਦੇਵਨ ਤੇ ਨਵੀ ਦੀ ਸੁਹਬਤ ਵਿੱਚ ਰਹਿੰਦਿਆਂ।ਸਟੈਨਵੈੱਲ ਵਿੱਚ ਜੱਗੀ ਦੀ ਮਾਸੀ ਅਮਰੀਕ ਕੌਰ ਵੀ ਰਹਿੰਦੀ ਸੀ। ਅਮਰੀਕ ਕੌਰ ਦੂਰੋਂ ਨੇੜਿਓਂ ਪ੍ਰੀਤੀ ਦੀ ਰਿਸ਼ਤੇਦਾਰ ਵੀ ਲੱਗਦੀ ਸੀ। ਉਹ ਨਰੋਬੀ ਇਕੱਠੇ ਰਹਿੰਦੇ ਰਹੇ ਸਨ। ਉਸ ਨੇ ਪ੍ਰੀਤੀ ਤੇ ਜੱਗੀ ਦਾ ਰਿਸ਼ਤਾ ਕਰਵਾਇਆ ਸੀ। ਕਦੇ ਕਦੇ ਉਹ ਮਾਸੀ ਨੂੰ ਮਿਲਣ ਚਲੇ ਜਾਇਆ ਕਰਦੇ ਸਨ। ਇਹਨਾਂ ਦਿਨਾਂ ਵਿੱਚ ਮਾਸੀ ਦੀ ਸਿਹਤ ਬਹੁਤੀ ਵਧੀਆ ਨਹੀਂ ਸੀ ਚੱਲ ਰਹੀ। ਪ੍ਰੀਤੀ ਤੇ ਜੱਗੀ ਮਾਸੀ ਦੀ ਖ਼ਬਰ ਲੈਣ ਗਏ ਤਾਂ ਮਾਸੀ ਦੀ ਕੁੜੀ ਸੋਨੀਆਂ ਵੀ ਉੱਥੇ ਹੀ ਸੀ। ਗੱਲਾਂ ਚੱਲੀਆਂ ਤਾਂ ਸੋਨੀਆਂ ਬੋਲੀ,

-ਪ੍ਰੀਤੀ, ਤੈਨੂੰ ਯਾਦ ਐ ਜੋਗਿੰਦਰ ਸਿੰਘ ਦੇ ਮੁੰਡੇ ?

-ਹਾਂ, ਸਾਡੇ ਗਵਾਂਢ ਹੀ ਤਾਂ ਰਹਿੰਦੇ ਸੀ ਉਹ, ਅੰਟੀ ਜਰਨੈਲ ਕੌਰ ਸਾਡੀ ਮੰਮੀ ਦੀ ਸਹੇਲੀ ਸੀ ਪਰ ਉਹ ਵਿਚਾਰੀ ਛੇਤੀ ਹੀ ਮਰ ਗਈ ਸੀ ਤੇ ਅੰਕਲ ਨੇ ਹੀ ਪਾਲੇ ਸੀ ਮੁੰਡੇ, ਵੱਡਾ ਸ਼ਿੰਦਰ ਤੇ ਛੋਟਾ ਨਿੱਕ। ਅਸੀਂ ਇਕੱਠੇ ਤਾਂ ਖੇਲਦੇ ਸੀ। ਨਿੱਕ ਤਾਂ ਸਾਡੇ ਘਰ ਹੀ ਰਹਿੰਦਾ ਹੁੰਦਾ ਸੀ, ਮੇਰਾ ਭਰਾ ਬਣਿਆਂ ਹੋਇਆ ਸੀ, ਮੈਂ ਤਾਂ ਉਹਦੇ ਰੱਖੜੀ ਵੀ ਬੰਨਦੀ ਸੀ।

–ਨਿੱਕ ਹੁਣ ਇੱਥੇ ਆ ਗਿਆ।
–ਰੀਅਲੀ ? ਕਿੱਥੇ ਰਹਿੰਦਾ ?
ਪ੍ਰੀਤੀ ਨੂੰ ਜਿਵੇਂ ਕੋਈ ਗਵਾਚੀ ਹੋਈ ਚੀਜ਼ ਲੱਭ ਪਈ ਹੋਵੇ। ਸੋਨੀਆ ਨੇ ਕਿਹਾ,
–ਉਹ ਨੇੜੇ ਹੀ ਬੈਡਫੌਂਟ ਰਹਿੰਦਾ। ਗੁਜਰਾਤੀ ਕੁੜੀ ਨਾਲ ਵਿਆਹਿਆ ਹੋਇਆ। ਉਸ ਕੁੜੀ ਦਾ ਭਰਾ ਮੇਰੇ ਹਸਬੈਂਡ ਦਾ ਦੋਸਤ ਐ।
–ਸੋਨੀਆਂ, ਪਲੀਜ਼, ਜੇ ਹੋ ਸਕੇ ਤਾਂ ਮੈਨੂੰ ਉਹਦਾ ਨੰਬਰ ਲੈ ਦੇ ਜਾਂ ਉਹਨੂੰ ਸਾਡਾ ਨੰਬਰ।
–ਪ੍ਰੀਤੀ, ਡੌਂਟ ਵੱਰੀ, ਮੈਂ ਆਪਣੇ ਹਸਬੈਂਡ ਨੂੰ ਕਹਾਂਗੀ।
ਸੋਨੀਆਂ ਨੇ ਕਿਹਾ ਤੇ ਪ੍ਰੀਤੀ ਇੱਕ ਬੱਚੇ ਵਾਂਗ ਚਾਮਲੀ ਹੋਈ ਜੱਗੀ ਨੂੰ ਨਿੱਕ ਬਾਰੇ ਦੱਸਣ ਲੱਗੀ। ਜੱਗੀ ਉਸ ਵੱਲ ਦੇਖ ਕੇ ਖ਼ੁਸ਼ ਹੋ ਰਿਹਾ ਸੀ। ਇਵੇਂ ਹੀ ਉਹ ਉਸ ਨੂੰ ਖ਼ੁਸ਼ ਕੇ ਉਹ ਖ਼ੁਸ਼ ਹੋਣ ਲੱਗਦਾ।
ਪ੍ਰੀਤੀ ਕਾਬਲ ਸਿੰਘ ਤੇ ਰਾਜ ਕੌਰ ਦੀ ਆਖਰੀ ਔਲਾਦ ਸੀ। ਜਦ ਕੀਨੀਆਂ ਤੋਂ ਭਾਰਤੀ ਲੋਕ ਨਿਕਲਣ ਲੱਗੇ ਤਾਂ ਕਾਬਲ ਸਿੰਘ ਦੇ ਪਰਿਵਾਰ ਨੇ ਵੀ ਕੀਨੀਆਂ ਛੱਡਣ ਦਾ ਫੈਸਲਾ ਕਰ ਲਿਆ। ਪਹਿਲਾਂ ਵੱਡਾ ਮੁੰਡਾ ਅਮਰਜੀਤ ਸਿੰਘ ਟਰੰਟੋ ਜਾ ਸੈਟਲ ਹੋ ਗਿਆ। ਉਹ ਜਾਂਦਾ ਹੋਇਆ ਕਾਰੋਬਾਰ ਵਿੱਚੋਂ ਆਪਣਾ ਹਿੱਸਾ ਲੈ ਗਿਆ ਸੀ। ਇਵੇਂ ਹੀ ਪਰਮਜੀਤ ਸਿੰਘ ਆਪਣਾ ਹਿੱਸਾ ਲੈ ਕੇ ਲੈਸਟਰ ਆ ਸੈਟਲ ਹੋਇਆ। ਦੋ ਸਾਲ ਬਾਅਦ ਕਾਬਲ ਸਿੰਘ ਤੇ ਰਾਜ ਕੌਰ ਪ੍ਰੀਤੀ ਨੂੰ ਲੈ ਕੇ ਇੰਗਲੈਂਡ ਆਏ। ਉਹ ਦੋਵੇਂ ਪਤੀ–ਪਤਨੀ ਉਮਰ ਦੇ ਕਾਫੀ ਸਨ ਤੇ ਅੱਗੇ ਪਿੱਛੇ ਜਲਦੀ ਹੀ ਚੱਲ ਵਸੇ। ਪ੍ਰੀਤੀ ਦੀ ਸਾਰੀ ਜ਼ਿੰਮੇਵਾਰੀ ਪਰਮਜੀਤ ਸਿੰਘ ’ਤੇ ਆ ਪਈ। ਪਰਮਜੀਤ ਦੀ ਪਤਨੀ ਸੁਰਿੰਦਰ ਕੌਰ ਸੋਚਦੀ ਸੀ ਕਿ ਇਹ ਜ਼ਿੰਮੇਵਾਰੀ ਅਸੀਂ ਇਕੱਲੇ ਹੀ ਕਿਉਂ ਸਾਂਭੀਏ ਜਦ ਕਿ ਕਨੇਡਾ ਵੱਸਦਾ ਅਮਰਜੀਤ ਸਿੰਘ ਇਸ ਬਾਰੇ ਚੁੱਪ ਰਹਿੰਦਾ ਸੀ। ਇਹਨਾਂ ਦਿਨਾਂ ਵਿੱਚ ਹੀ ਅਮਰੀਕ ਕੌਰ ਨੇ ਜੱਗੀ ਦੀ ਦੱਸ ਪਾਈ ਤੇ ਪਰਮਜੀਤ ਨੇ ਜਲਦੀ ਨਾਲ ਸਾਦਾ ਜਿਹਾ ਵਿਆਹ ਕਰ ਕੇ ਪ੍ਰੀਤੀ ਨੂੰ ਆਪਣੇ ਘਰ ਤੋਰਨ ਦੀ ਕੀਤੀ ਸੀ। ਜੱਗੀ ਮਿਹਨਤੀ ਮੁੰਡਾ ਸੀ। ਆਉਂਦਾ ਹੀ ਕੰਮ ’ਤੇ ਲੱਗ ਗਿਆ ਸੀ। ਕੁਝ ਦੇਰ ਉਹ ਤੇ ਪ੍ਰੀਤੀ ਪਰਮਜੀਤ ਸਿੰਘ ਦੇ ਘਰ ਹੀ ਰਹੇ ਪਰ ਨਿੱਤ ਦੀ ਲੜਾਈ ਦੇਖ ਕੇ ਉਹਨਾਂ ਨੇ ਬਾਹਰ ਕਿਰਾਏ ’ਤੇ ਕਮਰਾ ਲੈ ਲਿਆ। ਫਿਰ ਜਦ ਰੌਕੀ ਦਾ ਜਨਮ ਹੋਇਆ ਤਾਂ ਉਹਨਾਂ ਨੂੰ ਕੌਂਸਲ ਵੱਲੋਂ ਫਲੈਟ ਮਿਲ ਗਿਆ।
ਜੱਗੀ ਦਾ ਕੰਮ ਤਾਂ ਚੰਗਾ–ਭਲਾ ਸੀ ਪਰ ਲੈਸਟਰ ਵਿੱਚ ਉਸ ਦਾ ਦਿਲ ਨਹੀਂ ਸੀ ਲੱਗਦਾ। ਉਹ ਮਾਸੀ ਕੋਲ ਸਟੈਨਵੈੱਲ ਆਉਣਾ ਚਾਹੁੰਦਾ ਸੀ। ਮੌਕਾ ਮੇਲ ਇਹ ਹੋਇਆ ਕਿ ਸਟੈਨਵੈੱਲ ਤੋਂ ਕੋਈ ਪਰਿਵਾਰ ਲੈਸਟਰ ਮੂਵ ਹੋਣਾ ਚਾਹੁੰਦਾ ਸੀ ਇਵੇਂ ਜੱਗੀ ਨੂੰ ਤਬਾਦਲੇ ਵਿੱਚ ਫਲੈਟ ਮਿਲ ਗਿਆ ਤੇ ਨਾਲ ਹੀ ਆਉਂਦੇ ਹੀ ਰਾਮਾ ਨੰਦ ਰਾਹੀਂ ਰੋਮੋ ਵਿੱਚ ਕੰਮ ਵੀ। ਜੱਗੀ ਖ਼ੁਸ਼ ਸੀ। ਪ੍ਰੀਤੀ ਵੀ ਖ਼ੁਸ਼ ਸੀ। ਪ੍ਰੀਤੀ ਜਦ ਕਦੇ ਵੀ ਲੈਸਟਰ ਆਪਣੇ ਭਰਾ ਦੇ ਘਰ ਫੋਨ ਕਰਦੀ ਤਾਂ ਉਸ ਦੀ ਭਰਜਾਈ ਸੁਰਿੰਦਰ ਕੌਰ ਹੀ ਫੋਨ ਚੁੱਕਦੀ। ਸਾਧਾਰਨ ਜਿਹਾ ਹਾਲ ਚਾਲ ਪੁੱਛ ਕੇ ਉਹ ਰੱਖ ਦਿੰਦੀ। ਉਸ ਨੇ ਕਦੇ ਵੀ ਪ੍ਰੀਤੀ ਨੂੰ ਮਿਲਣ ਆਉਣ ਲਈ ਨਹੀਂ



ਸੀ ਕਿਹਾ। ਉਸ ਦੇ ਭਰਾ ਨੇ ਵੀ ਕਦੇ ਉਸ ਨੂੰ ਫੋਨ ਕਰਕੇ ਹਾਲ ਚਾਲ ਨਹੀਂ ਸੀ ਪੁੱਛਿਆ। ਪ੍ਰੀਤੀ ਹੁਣ ਜੱਗੀ ਨਾਲ ਹੀ ਖ਼ੁਸ਼ ਸੀ। ਉਹ ਆਪਣੀ ਦੁਨੀਆ ਵਿੱਚ ਭਰਪੂਰ ਵਿਚਰ ਰਹੀ ਸੀ ਪਰ ਜਦ ਕਦੇ ਜੱਗੀ ਸ਼ਰਾਬ ਪੀ ਕੇ ਉਸ ਨੂੰ ਅਣਗੌਲਦਾ ਤਾਂ ਉਹ ਬਹੁਤ ਦੁਖੀ ਹੁੰਦੀ।
ਇੱਕ ਦਿਨ ਸ਼ਾਮ ਜਿਹੇ ਨੂੰ ਫੋਨ ਆਇਆ। ਪ੍ਰੀਤੀ ਨੇ ਇਕਦਮ ਆਵਾਜ਼ ਨਾ ਪਛਾਣੀ ਪਰ ਜਦ ਫੋਨ ਕਰਨ ਵਾਲੇ ਨੇ ਕਿਹਾ,
–ਪ੍ਰੀਤੀ, ਮੈਂ ਨਿੱਕ।
ਪ੍ਰੀਤੀ ਇਕਦਮ ਉਛਲ ਪਈ,
–ਓ ਮਾਈ ਗੌਡ ! ਰੀਅਲੀ ਇਟ’ਜ਼ ਯੂ ਨਿੱਕ ?
–ਯੈੱਸ।
–ਆਏ ਕਾਂਟ ਬਿਲੀਵ ਇਟ, ਆਏ ਕਾਂਟ ਬਿਲੀਵ ਇਟ !
ਆਖਦੀ ਉਹ ਜੱਗੀ ਨੂੰ ਉੱਚੀ ਆਵਾਜ਼ ਵਿੱਚ ਬੋਲੀ,
–ਜੈਗ, ਨਿੱਕ ਐ ਫੋਨ ’ਤੇ।
–ਉਹਨੂੰ ਕਹਿ ਕੇ ਮਿਲਣ ਆਵੇ।
ਜੱਗੀ ਪ੍ਰੀਤੀ ਵੱਲ ਦੇਖਦਾ ਖ਼ੁਸ਼ ਹੁੰਦਾ ਬੋਲਿਆ। ਪ੍ਰੀਤੀ ਨਿੱਕ ਨੂੰ ਕਹਿਣ ਲੱਗੀ,
–ਸੋਨੀਆਂ ਦੱਸਦੀ ਸੀ ਕਿ ਤੂੰ ਬੈਡਫੌਂਟ ਐਂ।
–ਹਾਂ ਤੇ ਤੂੰ ਸਟੈਨਵੈੱਲ, ਬਿਲਕੁਲ ਨਾਲ ਹੀ ਤਾਂ ਹੈ।
–ਫਿਰ ਆ ਜਾ ਕਿਸੇ ਦਿਨ ਮਿਲਣ।
–ਹਾਂ ਹਾਂ, ਜ਼ਰੂਰ ਆਵਾਂਗਾ। ਕੱਲ੍ਹ ਨੂੰ ਮੇਰੀ ਛੁੱਟੀ ਐ, ਤੂੰ ਤੇ ਤੇਰਾ ਹਸਬੈਂਡ ਮੇਰੇ ਵੱਲ ਆ ਜਾਓ।
–ਨਹੀਂ, ਤੂੰ ਹੀ ਆ ਜਾਹ। ਜੈਗ ਨੇ ਕੱਲ੍ਹ ਰਾਤ ਨੂੰ ਕੰਮ ’ਤੇ ਜਾਣਾ ਹੁੰਦਾ, ਦਸ ਵਜੇ।
ਪ੍ਰੀਤੀ ਨੇ ਹਿਸਾਬ–ਕਿਤਾਬ ਲਾ ਕੇ ਦੱਸਿਆ।
ਅਗਲੇ ਦਿਨ ਹੀ ਨਿੱਕ ਆਪਣੀ ਪਤਨੀ ਨੀਸ਼ਾ, ਮੁੰਡੇ ਐਂਡੀ ਤੇ ਕੁੜੀ ਲੀਨਾ ਨੂੰ ਲੈ ਕੇ ਉਹਨਾਂ ਨੂੰ ਮਿਲਣ ਆ ਗਿਆ। ਪ੍ਰੀਤੀ ਉਹਨਾਂ ਨੂੰ ਮਿਲ ਕੇ ਬਹੁਤ ਖ਼ੁਸ਼ ਹੋਈ। ਗੱਲਾਂ ਕਰਦੇ ਪ੍ਰੀਤੀ ਤੇ ਨਿੱਕ ਜਿਵੇਂ ਕਿਸੇ ਹੋਰ ਹੀ ਦੁਨੀਆ ਵਿੱਚ ਪੁੱਜ ਗਏ ਹੋਣ। ਜੱਗੀ ਜ਼ਰਾ ਕੁ ਹੈਰਾਨ ਵੀ ਸੀ ਤੇ ਖ਼ੁਸ਼ ਵੀ ਕਿ ਚਲੋ ਕੋਈ ਤਾਂ ਹੈ ਜਿਸ ਨੂੰ ਮਿਲ ਕੇ ਪ੍ਰੀਤੀ ਨੂੰ ਖ਼ੁਸ਼ੀ ਹੋ ਰਹੀ ਹੈ ਪਰ ਨੀਸ਼ਾ ਬਹੁਤੀ ਸਹਿਜ ਨਹੀਂ ਸੀ ਜਾਪਦੀ। ਨਿੱਕ ਉਸ ਵੱਲ ਦੇਖਦਾ ਤਾਂ ਆਪਣੀ ਉਤਸੁਕਤਾ ਨੂੰ ਕਾਬੂ ਵਿੱਚ ਰੱਖਦਾ ਗੱਲ ਕਰਨ ਲੱਗਦਾ ਪਰ ਫਿਰ ਉਹ ਪੁਰਾਣੇ ਦਿਨਾਂ ਵਿੱਚ ਗੁਆਚਦਾ ਬੇਕਾਬੂ ਹੋ ਜਾਂਦਾ। ਉਹ ਪੰਜ ਕੁ ਵਜੇ ਆਏ ਸਨ ਤੇ ਅੱਧੀ ਰਾਤ ਤਕ ਬੈਠੇ ਰਹੇ। ਜੱਗੀ ਨੇ ਦਸ ਵਜੇ ਕੰਮ ’ਤੇ ਲੱਗਣਾ ਸੀ। ਸਾਢੇ ਨੌਂ ਕੁ ਵਜੇ ਦੇਵਨ ਨੇ ਬਾਹਰ ਆ ਕੇ ਹਾਰਨ ਵਜਾ ਦਿੱਤਾ।
ਹੁਣ ਨਿੱਕ ਆਪਣੇ ਪਰਿਵਾਰ ਨੂੰ ਲੈ ਕੇ ਉਹਨਾਂ ਦੇ ਘਰ ਆ ਜਾਂਦਾ ਜਾਂ ਉਹ ਕਦੇ ਨਿੱਕ ਦੇ ਘਰ ਚਲੇ ਜਾਂਦੇ। ਜੱਗੀ ਵੀ ਨਿੱਕ ਨੂੰ ਮਿਲ ਕੇ ਬਹੁਤ ਖ਼ੁਸ਼ ਸੀ। ਉਸ ਨੂੰ

ਇੱਕ ਵਧੀਆ ਦੋਸਤ ਮਿਲ ਗਿਆ, ਵੇਲੇ-ਕੁਵੇਲੇ ਕੰਮ ਆਉਣ ਵਾਲਾ, ਨਾਲ ਖੜਨ ਵਾਲਾ। ਦੋਸਤ ਤਾਂ ਉਸ ਦੇ ਦੇਵਨ ਤੇ ਨਵੀ ਵੀ ਸਨ ਪਰ ਨਿੱਕ ਨਾਲ ਜ਼ਿਆਦਾ ਨੇੜੇ ਦੇ ਸੰਬੰਧ ਬਣ ਤੁਰੇ। ਪ੍ਰੀਤੀ ਖੁਸ਼ ਹੁੰਦੀ ਕਹਿੰਦੀ,

-ਮੈਨੂੰ ਭਰਾ ਦੀ ਘਾਟ ਰੜਕਦੀ ਰਹਿੰਦੀ ਸੀ ਤੇ ਨਿੱਕ ਦੇ ਆਉਣ ਨਾਲ ਇਹ ਪੂਰੀ ਹੋ ਗਈ।

ਜੱਗੀ ਵੀ ਇਵੇਂ ਹੀ ਸਮਝਦਾ ਸੀ। ਉਸ ਨੂੰ ਵੀ ਨਿੱਕ ਦੀ ਹਾਜ਼ਰੀ ਵਿੱਚ ਸਾਲੇ ਦੇ ਰਿਸ਼ਤੇ ਜਿਹਾ ਹੀ ਨਿੱਘ ਮਿਲਦਾ। ਉਹ ਤਾਂ ਕਈ ਵਾਰ ਮਜ਼ਾਕ ਵਿੱਚ ਨਿੱਕ ਨੂੰ ਸਾਲ਼ਾ ਸਾਬ ਕਹਿ ਕੇ ਹੀ ਬੁਲਾਉਂਦਾ। ਅਗਲੀਆਂ ਰੱਖੜੀਆਂ ਆਈਆਂ ਤਾਂ ਪ੍ਰੀਤੀ ਨੇ ਨਿੱਕ ਦੇ ਰੱਖੜੀ ਵੀ ਬੰਨੀ। ਉਹ ਵੀ ਪ੍ਰੀਤੀ ਲਈ ਸੂਟ ਲੈ ਕੇ ਆਇਆ ਸੀ।

ਜਲਦੀ ਹੀ ਨਿੱਕ ਦੀ ਦੋਸਤੀ ਨਵੀ ਤੇ ਦੇਵਨ ਨਾਲ ਵੀ ਹੋ ਗਈ। ਉਹ ਅਕਸਰ ਕਿਸੇ ਨਾ ਕਿਸੇ ਦੇ ਘਰ ਪਾਰਟੀ ਕਰਦੇ ਰਹਿੰਦੇ ਸਨ, ਹੁਣ ਨਿੱਕ ਵੀ ਜੱਗੀ ਤੇ ਪ੍ਰੀਤੀ ਦੇ ਨਾਲ ਹੁੰਦਾ। ਭਾਵੇਂ ਨਿੱਕ ਜ਼ਰਾ ਕੁ ਚੁੱਪ ਜਿਹੇ ਸੁਭਾਅ ਦਾ ਮਾਲਕ ਸੀ ਪਰ ਕਿਸੇ ਨੂੰ ਬੋਰ ਨਹੀਂ ਸੀ ਕਰਦਾ। ਹਰ ਤਰ੍ਹਾਂ ਦੀ ਗੱਲਬਾਤ ਵਿੱਚ ਹਿੱਸਾ ਲੈਂਦਾ ਸੀ। ਦੇਵਨ ਨੂੰ ਨਿੱਕ ਦੀ ਹਾਜ਼ਰੀ ਕੁਝ ਕੁ ਰੜਕਦੀ। ਦੇਵਨ ਦਾ ਸੁਭਾਅ ਕੁਝ ਕੁ ਈਰਖਾਲੂ ਜਿਹਾ ਸੀ। ਜਦ ਨਿੱਕ ਤੇ ਪ੍ਰੀਤੀ ਖੁੱਲ੍ਹ ਕੇ ਕੋਈ ਗੱਲ ਕਰਦੇ ਤਾਂ ਦੇਵਨ ਖਿੱਝ ਜਾਂਦਾ। ਕਹਿੰਦਾ ਭਾਵੇਂ ਕੁਝ ਨਾ ਪਰ ਅੰਦਰੋ ਅੰਦਰ ਜਲ਼ਦਾ ਰਹਿੰਦਾ। ਪ੍ਰੀਤੀ ਬਹੁਤ ਵਧੀਆ ਕੁੱਕ ਸੀ, ਆਏ ਗਏ ’ਤੇ ਕਈ ਕਿਸਮ ਦੇ ਪਕਵਾਨ ਮਹਿਮਾਨਾਂ ਮੂਹਰੇ ਪੇਸ਼ ਕਰਦੀ ਪਰ ਉਸ ਦੇ ਮੁਕਾਬਲੇ ਸ਼ਿਵਾਨੀ ਨੂੰ ਰਸੋਈ ਦੇ ਕੰਮਾਂ ਨਾਲ ਨਫਰਤ ਜਿਹੀ ਸੀ। ਇਸ ਗੱਲ ਵਿੱਚ ਕੋਈ ਪ੍ਰੀਤੀ ਦੀ ਤਾਰੀਫ ਕਰਦਾ ਤਾਂ ਸ਼ਿਵਾਨੀ ਵੀ ਗੁੱਸਾ ਕਰਨ ਲੱਗਦੀ। ਇੱਕ ਤਾਂ ਪ੍ਰੀਤੀ ਸੁਹਣੀ ਵੀ ਸੀ ਤੇ ਦੂਜੇ ਉਸ ਨੂੰ ਕੱਪੜੇ ਪਾਉਣ ਦਾ ਚੱਜ ਵੀ ਸੀ। ਅੰਗਰੇਜ਼ੀ ਵੀ ਫਰਾਟੇਦਾਰ ਬੋਲਦੀ। ਜੋ ਵੀ ਮਿਲਦਾ ਉਸ ਦੀ ਤਾਰੀਫ ਕਰਨ ਲੱਗਦਾ, ਖਾਸ ਤੌਰ ’ਤੇ ਨਵੀ। ਨਵੀ ਤਾਂ ਉਸ ਨੂੰ ਮਜ਼ਾਕ ਵਿੱਚ ਸ਼੍ਰੀ ਦੇਵੀ ਕਿਹਾ ਕਰਦਾ। ਉਹ ਵੀ ਕਈ ਵਾਰ ਸ਼੍ਰੀ ਦੇਵੀ ਵਾਲਾ ਫੈਸ਼ਨ ਕਰ ਕੇ ਪਾਰਟੀ ਵਿੱਚ ਜਾਂਦੀ। ਇੱਕ ਦਿਨ ਦੇਵਨ ਨੇ ਆਪਣੇ ਘਰ ਪਾਰਟੀ ਰੱਖੀ। ਨਿੱਕ ਵੀ ਗਿਆ। ਪਾਰਟੀ ਖਤਮ ਹੋਣ ਤੋਂ ਬਾਅਦ ਦੇਵਨ ਸ਼ਿਵਾਨੀ ਨੂੰ ਕਹਿਣ ਲੱਗਾ,

-ਇਹ ਜਿਹੜੀ ਛਮਕ ਛੱਲੋ ਫੁਦਕਦੀ ਫਿਰਦੀ ਐ, ਜਿਹਨੂੰ ਨਵੀ ਉਠਲਦਾ ਫਿਰਦਾ, ਇਹਨੇ ਨਵੀ ਦੇ ਹੱਥ ਨਹੀਂ ਆਉਣਾ, ਕੰਜਰ ਦੇ ਨਿੱਕ ਨੇ ਉਪਰ ਦੀ ਹੋ ਕੇ ਪੈ ਜਾਣਾ।

## ਚਾਰ

ਪਹਿਲੀਆਂ ਵਿੱਚ ਜੱਗੀ ਤੇ ਪ੍ਰੀਤੀ ਬਹੁਤ ਘੁੰਮੇ। ਪੂਰਾ ਸਕੌਟਲੈਂਡ, ਆਇਰਲੈਂਡ ਤੇ ਵੇਲਜ਼। ਫਿਰ ਕਾਰ ਰਾਹੀਂ ਯੌਰਪ ਦਾ ਚੱਕਰ ਵੀ ਲੱਗਾਇਆ। ਕਦੇ ਕੈਰਾਵਾਨ ਲੈ ਕੇ ਲੇਕ ਡਿਸਟ੍ਰਿਕਟ ਜਾਂ ਕਿਸੇ ਹੋਰ ਪਿਕਨਿਕ ਵਾਲੀ ਸਪੌਟ ਚਲੇ ਜਾਂਦੇ। ਹੁਣ ਉਹ ਕੁਝ ਕੁ ਟਿਕੇ ਸਨ। ਹਾਲੇ ਵੀ ਪ੍ਰੀਤੀ ਕਿਤੇ ਜਾਣ ਲਈ ਕਹਿੰਦੀ ਤਾਂ ਜੱਗੀ ਇਕਦਮ ਤਿਆਰ ਹੋ ਜਾਂਦਾ। ਉਹ ਪ੍ਰੀਤੀ ਦੀ ਹਰ ਖੁਸ਼ੀ ਦਾ ਦਮ ਭਰਦਾ। ਉਸ ਦਾ ਹਰ ਸੁਫਨਾ ਪੂਰਾ ਕਰਨ ਦੀ



ਕੋਸ਼ਿਸ਼ ਕਰਦਾ। ਕਦੇ ਪ੍ਰੀਤੀ ਨੇ ਸੋਨੇ ਦੀ ਚੈਨੀ ਲੈਣੀ ਹੁੰਦੀ, ਕਦੇ ਚੂੜੀਆਂ, ਕਦੇ ਟਿੱਕਾ ਤੇ ਕਦੇ ਨਵੇਂ ਫੈਸ਼ਨ ਦਾ ਸੂਟ ਆ ਜਾਂਦਾ। ਉਸ ਨੂੰ ਪਾਉਣ-ਹੰਢਾਉਣ ਦਾ ਬਹੁਤ ਸ਼ੌਂਕ ਸੀ। ਜੱਗੀ ਉਸ ਨੂੰ ਕਦੇ ਨਹੀਂ ਸੀ ਰੋਕਦਾ। ਉਸ ਦੀ ਸਾਰੀ ਤਨਖਾਹ ਸਾਂਝੇ ਖਾਤੇ ਵਿੱਚ ਆਉਂਦੀ ਸੀ ਤੇ ਪ੍ਰੀਤੀ ਆਪਣੀ ਮਰਜ਼ੀ ਅਨੁਸਾਰ ਵਰਤਦੀ ਜਾਂਦੀ। ਇੱਕ ਕਾਰਡ ਉਸ ਕੋਲ ਵੀ ਸੀ। ਉਸ ਨੂੰ ਪਤਾ ਸੀ ਕਿ ਕਾਰਡ ਫਜ਼ੂਲ ਖਰਚੀ ਵਧਾਉਣ ਦਾ ਕਾਰਨ ਬਣਦਾ ਹੈ ਪਰ ਫਿਰ ਵੀ ਕਾਰਡ ਹੀ ਵਰਤਦੀ। ਜੱਗੀ ਪੂਰੇ ਘੰਟੇ ਕੰਮ ਕਰਦਾ। ਹੁਣ ਜਿੰਨਾ ਵੀ ਓਵਰ ਟਾਈਮ ਮਿਲਦਾ ਉਹ ਲਾ ਲੈਂਦਾ। ਥੋੜ੍ਹੇ ਕੀਤੇ ਛੁੱਟੀ ਨਾ ਕਰਦਾ। ਸਾਲਾਨਾ ਛੁੱਟੀਆਂ ਵੀ ਨਾ ਕਰ ਕੇ ਉਹਨਾਂ ਦੀ ਤਨਖਾਹ ਹੀ ਲੈ ਲੈਂਦਾ। ਉਸ ਦਾ ਆਪਣਾ ਤਾਂ ਕੋਈ ਖਰਚ ਹੈ ਹੀ ਨਹੀਂ ਸੀ, ਸ਼ਰਾਬ ਤੋਂ ਬਿਨਾਂ। ਸ਼ਰਾਬ ਵੀ ਉਹ ਮਹਿਫਲ ਵਿੱਚ ਬਹਿ ਕੇ ਜ਼ਿਆਦਾ ਪੀ ਜਾਂਦਾ, ਜਦ ਇਕੱਲਾ ਹੁੰਦਾ ਤਾਂ ਥੋੜ੍ਹੀ ਹੀ ਪੀਆ ਕਰਦਾ ਸੀ।

ਉਸ ਨੇ ਪ੍ਰੀਤੀ ਦੇ ਬਾਕੀ ਸਾਰੇ ਸੁਫਨੇ ਤਾਂ ਪੂਰੇ ਕਰ ਦਿੱਤੇ ਪਰ ਇੱਕ ਸੁਫਨਾ ਹਾਲੇ ਅਧੂਰਾ ਪਿਆ ਸੀ, ਉਹ ਸੀ ਘਰ ਲੈਣ ਦਾ ਸੁਫਨਾ। ਇਸ ਵੇਲੇ ਉਹ ਰੋਲੈਂਡ ਹਾਊਸ ਦੀ ਦੂਜੀ ਮੰਜ਼ਿਲ ਦੇ ਇੱਕ ਫਲੈਟ ਵਿੱਚ ਰਹਿੰਦੇ ਸਨ। ਫਲੈਟ ਦੋ ਮੰਜ਼ਿਲਾ ਸੀ। ਹੇਠਾਂ ਰਸੋਈ, ਬੈਠਕ ਤੇ ਗੁਸਲਖਾਨਾ। ਉਪਰ ਦੋ ਸੌਣ-ਕਮਰੇ ਤੇ ਟੁਆਇਲਟ। ਛੋਟਾ ਜਿਹਾ ਫਲੈਟ ਬਹੁਤ ਖੂਬਸੂਰਤ ਸੀ ਪਰ ਪ੍ਰੀਤੀ ਚਾਹੁੰਦੀ ਸੀ ਕਿ ਉਸ ਕੋਲ ਆਪਣਾ ਘਰ ਹੋਵੇ। ਘਰ ਦੇ ਪਿੱਛੇ ਆਪਣਾ ਬਗੀਚਾ ਹੋਵੇ ਤੇ ਘਰ ਦੇ ਮੂਹਰੇ ਕਾਰ ਖੜੀ ਕਰਨ ਲਈ ਆਪਣੀ ਡਰਾਈਵੇਅ। ਸ਼ਿਵਾਨੀ ਕੋਲ ਆਪਣਾ ਘਰ ਸੀ ਤੇ ਪਲਵੀ ਕੋਲ ਵੀ। ਪਲਵੀ ਤਾਂ ਚੁੱਪ ਜਿਹੀ ਬਿਮਾਰੀ ਦੀ ਮਾਰੀ ਔਰਤ ਸੀ ਪਰ ਸ਼ਿਵਾਨੀ ਦੇਵਨ ਵਾਂਗ ਹੀ ਤੇਜ਼ ਸੀ ਤੇ ਪੈਰ ਪੈਰ ’ਤੇ ਟਿੱਚਰ ਜਿਹੀ ਕਰਨ ਵਾਲੀ। ਆਪਣੇ ਘਰ ਬਾਰੇ ਗੱਲ ਕਰਦੀ ਉਹ ਮੂੰਹ ਨੂੰ ਜ਼ਰਾ ਮਰੋੜ ਲਿਆ ਕਰਦੀ। ਪ੍ਰੀਤੀ ਜੱਗੀ ਨੂੰ ਕਹਿੰਦੀ,

-ਜੈਗ, ਆਪਾਂ ਘਰ ਕਿਉਂ ਨਹੀਂ ਲੈ ਸਕਦੇ ? ਤੇਰੀ ਤਨਖਾਹ ਦੇਵਨ ਤੇ ਨਵੀ ਨਾਲੋਂ ਘੱਟ ਐ ?

-ਨਹੀਂ ਭਰਜਾਈ, ਮੇਰੀ ਤਨਖਾਹ ਉਹਨਾਂ ਤੋਂ ਘੱਟ ਨਹੀਂ। ਜੋ ਵੀ ਹੈ ਤੇਰੇ ਸਾਹਮਣੇ ਹੀ ਐ।

-ਮੈਂ ਘਰ ਲੈਣਾ ਜਿੱਦਾਂ ਮਰਜ਼ੀ ਲੈ।

-ਘਰ ਲੈਣ ਲਈ ਕਾਫੀ ਸਾਰਾ ਡਿਪੌਜ਼ਟ ਚਾਹੀਦਾ। ਪੈਸੇ ਜੋੜਨੇ ਸ਼ੁਰੂ ਕਰ ਦੇ। ਖਰਚ ਉਪਰ ਕੰਟਰੋਲ ਕਰ ਤੇ ਫਿਰ ਦੇਖਾਂਗੇ।

-ਇਹਨਾਂ ਨੇ ਘਰ ਕਿੱਦਾਂ ਲੈ ਲਏ ?

-ਦੇਵਨ ਦਾ ਚਾਚਾ ਹੈਗਾ ਸੀ ਜਿਹਨੇ ਉਹਦੀ ਮੱਦਦ ਕਰ ਦਿੱਤੀ, ਨਵੀ ਨੇ ਘਰ ਏਸ ਕਰਕੇ ਲੈ ਲਿਆ ਕਿ ਵਿਆਹ ਵੇਲੇ ਪਲਵੀ ਕੋਲ ਪੈਸੇ ਹੈਗੇ ਸੀ ਤੇ ਜਦੋਂ ਇਹਨਾਂ ਨੇ ਘਰ ਲਏ ਕੀਮਤਾਂ ਕੁਝ ਘੱਟ ਸਨ ਤੇ ਹੁਣ ਅਸਮਾਨੇ ਜਾ ਚੜ੍ਹੀਆਂ।

-ਇਹਦਾ ਮਤਲਬ ਅਸੀਂ ਏਦਾਂ ਹੀ ਫਲੈਟ ਵਿੱਚ ਰਹਾਂਗੇ ਸਾਰੀ ਉਮਰ।

ਪ੍ਰੀਤੀ ਨੇ ਲੰਮਾ ਹੌਕਾ ਲੈਂਦੇ ਕਿਹਾ। ਜੱਗੀ ਨੇ ਉਹਨੂੰ ਬਾਹਾਂ ਵਿੱਚ ਲਿਆ ਤੇ ਬੋਲਿਆ,

–ਭਰਜਾਈ, ਤੂੰ ਕਿਸੇ ਵੀ ਗੱਲੋਂ ਆਪਣੇ ਆਪ ਨੂੰ ਘੱਟ ਨਾ ਸਮਝ। ਤੇਰੇ ਮੂਹਰੇ ਇਹ ਕਿਤੇ ਨਹੀਂ ਖੜਦੇ। ਤੇਰੀਆਂ ਪੰਜ ਦੁਕਾਨਾਂ ਦਿੱਲੀ ਵਿੱਚ ਐ। ਇੱਕ ਦੁਕਾਨ ਇੱਕ ਕਰੋੜ ਦੀ। ਇੱਕ ਦੁਕਾਨ ਫਰੀਹੋਲਡ ਘਰ ਲੈ ਕੇ ਦੇ ਸਕਦੀ ਐ। ਪੰਜਾਂ ਘਰਾਂ ਦੀ ਮਾਲਕਣ ਐਂ ਤੂੰ। ਬਾਕੀ ਜਲੰਧਰ ਵਾਲਾ ਘਰ ਤੇ ਹੋਰ ਪਲਾਟ। ਮਿਲੀਅਨੇਅਰ ਐਂ ਤੂੰ !

ਇੱਕ ਪਲ ਲਈ ਪ੍ਰੀਤੀ ਖੁਸ਼ ਹੋ ਗਈ ਤੇ ਕਹਿਣ ਲੱਗੀ,

–ਫਿਰ ਕਿਉਂ ਨਹੀਂ ਅਸੀਂ ਇੱਕ ਦੁਕਾਨ ਵੇਚ ਕੇ ਘਰ ਲੈ ਲੈਂਦੇ।

–ਨਹੀਂ, ਦੁਕਾਨ ਆਪਾਂ ਨਹੀਂ ਵੇਚ ਸਕਦੇ, ਜਿੰਨਾ ਚਿਰ ਡੈਡੀ ਹੈਗੇ ਆਪਾਂ ਕੁਝ ਵੀ ਨਹੀਂ ਵੇਚ ਸਕਦੇ। ਇਹ ਸਭ ਡੈਡੀ ਨੇ ਬਣਾਇਆ। ਹਾਂ, ਡੈਡੀ ਤੋਂ ਬਾਅਦ ਸਭ ਆਪਣਾ।

–ਫੇਰ ਆਪਣੇ ਦਾ ਕੀ ਫਾਇਦਾ ਹੋਇਆ ?

–ਆਪਣੇ ਦਾ ਫਾਇਦਾ ਕਿ ਉਹ ਸਭ ਆਪਣਾ। ਏਸ ਕਰਕੇ ਭਰਜਾਈ, ਤੂੰ ਬਹੁਤੀਆਂ ਗੱਲਾਂ ਦਿਲ ’ਤੇ ਨਾ ਲਾਇਆ ਕਰ।

ਜੱਗੀ ਨੇ ਉਸ ਨੂੰ ਤਸੱਲੀ ਦਿੰਦਿਆਂ ਆਖਿਆ। ਜੱਗੀ ਨੇ ਪੈਸੇ ਵੱਲੋਂ ਸਦਾ ਹੀ ਖੁੱਲ੍ਹ–ਖੇਡ ਦੇਖੀ ਸੀ। ਉਹ ਦਿੱਲੀ ਵਿੱਚ ਹੀ ਜੰਮਿਆਂ–ਪਲਿਆ ਤੇ ਵੱਡਾ ਹੋਇਆ ਸੀ। ਉਸ ਦੀ ਸਾਰੀ ਸਿਖਿਆ ਦਿੱਲੀ ਦੀ ਹੀ ਸੀ। ਪੰਜਾਬ ਤਾਂ ਉਹ ਚੌਰਾਸੀ ਦੇ ਦੰਗਿਆਂ ਵੇਲੇ ਆਏ ਸਨ। ਜਲੰਧਰ ਵਿੱਚ ਪਹਿਲਾਂ ਹੀ ਆਪਣਾ ਘਰ ਹੋਣ ਕਰਕੇ ਉਸ ਇੱਥੇ ਆ ਗਏ ਸਨ ਤੇ ਮੁੜ ਕੇ ਦਿੱਲੀ ਨਹੀਂ ਸਨ ਗਏ। ਹੁਣ ਸੋਹਣ ਸਿੰਘ ਮਹੀਨੇ ਬਾਅਦ ਦਿੱਲੀ ਜਾਂਦਾ ਤੇ ਕਿਰਾਇਆ ਉਗਰਾਹ ਲਿਆਉਂਦਾ ਸੀ। ਜੇ ਉਹ ਨਾ ਜਾਂਦਾ ਤਾਂ ਚਰਨਜੀਤ, ਜੱਗੀ ਦੀ ਭੈਣ ਦਾ ਪਤੀ ਸ਼ਿਵਚਰਨ ਚਲੇ ਜਾਂਦਾ। ਲਗਾਤਾਰ ਕਿਰਾਇਆ ਆ ਰਿਹਾ ਸੀ। ਜੱਗੀ ਨੂੰ ਵੀ ਇਸ ਆਮਦਨ ਦਾ ਮਾਣ ਸੀ। ਉਹ ਜਿੰਨੀ ਵਾਰ ਵੀ ਇੰਡੀਆ ਜਾਂਦਾ ਤਾਂ ਆਪਣੇ ਕੋਲ ਪੈਸੇ ਨਹੀਂ ਸੀ ਲੈ ਕੇ ਜਾਂਦਾ। ਉੱਥੇ ਦਾ ਸਾਰਾ ਖਰਚਾ ਉਸ ਦਾ ਡੈਡੀ ਹੀ ਕਰਦਾ ਸੀ। ਕਈ ਵਾਰ ਉਹ ਸੋਚਦਾ ਕਿ ਇੱਕ ਦਿਨ ਉਹ ਪੱਕੇ ਤੌਰ ’ਤੇ ਇੰਡੀਆ ਚਲੇ ਜਾਵੇਗਾ। ਜਦ ਇਹ ਸੋਚ ਉਹ ਪ੍ਰੀਤੀ ਨਾਲ ਸਾਂਝੀ ਕਰਦਾ ਤਾਂ ਪ੍ਰੀਤੀ ਇਸ ਨੂੰ ਬਿਲਕੁਲ ਨਾਕਾਰ ਦਿੰਦੀ। ਉਹ ਦੋ ਕੁ ਵਾਰ ਇੰਡੀਆ ਗਈ ਸੀ, ਉਸ ਨੂੰ ਇੰਡੀਆ ਬਿਲਕੁਲ ਚੰਗਾ ਨਹੀਂ ਸੀ ਲੱਗਦਾ। ਉਹ ਇੰਗਲੈਂਡ ਦੇ ਜੀਉਣ–ਢੰਗ ਨੂੰ ਹੀ ਪਸੰਦ ਕਰਦੀ ਸੀ।

ਦੇਵਨ ਜਾਂ ਨਵੀ ਕੋਲ ਘਰ ਸੀ ਤੇ ਉਸ ਕੋਲ ਕੌਂਸਲ ਦਾ ਫਲੈਟ ਇਸ ਗੱਲ ਨੂੰ ਲੈ ਕੇ ਉਹ ਕਦੇ ਵੀ ਅਸਹਿਜ ਨਹੀਂ ਸੀ ਹੋਇਆ। ਕਦੇ ਕਦੇ ਦੇਵਨ ਘਰਾਂ ਦੀਆਂ ਵਧਦੀਆਂ ਕੀਮਤਾਂ ਦੀਆਂ ਗੱਲਾਂ ਕਰਦਾ ਤਾਂ ਜ਼ਰੂਰ ਕਹਿ ਦਿੰਦਾ,

–ਜੱਗੀ, ਯਾਰ ਤੂੰ ਵੀ ਘਰ ਦੇਖ ਲੈ, ਔਖਾ ਹੋ ਕੇ ਹੀ ਸਹੀ। ਆਹ ਤੇਰਾ ਦਿੱਤਾ ਕਿਰਾਇਆ ਐਵੇਂ ਜਾਣਾ।

–ਡਿਪੌਜ਼ਟ ਹੀ ਨਹੀਂ ਜੁੜ ਰਿਹਾ ਸਾਲ਼ਾ। ਦੇਖਦੇ ਆਂ, ਸੋਚਦਾਂ ਕਿ ਆਹ ਫਲੈਟ ਹੀ ਖਰੀਦ ਲਵਾਂ। ਹੌਲੀ ਹੌਲੀ ਵੇਚ ਕੇ ਡਿਪੌਜ਼ਟ ਜੋਗੇ ਪੈਸੇ ਮਿਲ ਜਾਣਗੇ।

ਜੱਗੀ ਮਨ ਹੀ ਮਨ ਬਣਾਈ ਆਪਣੀ ਸਕੀਮ ਬਾਰੇ ਦੱਸਦਾ। ਉਸ ਨੇ ਇਹੋ ਹੀ ਸੋਚ ਰੱਖਿਆ ਸੀ। ਇਹੀ ਸਕੀਮ ਉਹ ਪ੍ਰੀਤੀ ਨੂੰ ਖੁਸ਼ ਕਰਨ ਲਈ ਦੱਸਣ ਲੱਗਦਾ ਸੀ।



ਰੋਮੋ ਵਿੱਚ, ਕੰਮ ਉਪਰ ਉਸ ਦੀ ਨਵੀ ਤੇ ਦੇਵਨ ਨਾਲ ਹੀ ਜ਼ਿਆਦਾ ਦੋਸਤੀ ਸੀ ਪਰ ਰਾਮਾ ਨੰਦ ਵੀ ਉਸ ਦਾ ਖੈਰ ਖੁਆਹ ਸੀ। ਉਹ ਜੱਗੀ ਨੂੰ ਵਾਰ ਵਾਰ ਕਹਿੰਦਾ,

–ਜਗਜੀਤ, ਤੇਰੇ ਇਹ ਦੋਸਤ ਬਹੁਤੇ ਵਧੀਆ ਨਹੀਂ। ਆਹ ਦੇਵਨ ਤਾਂ ਪੂਰਾ ਕਾਂਟਾ ਐ। ਇਹ ਕਿਸੇ ਦਾ ਸਕਾ ਨਹੀਂ। ਕੰਮ ’ਤੇ ਹੀ ਕਿੰਨੇ ਬੰਦਿਆਂ ਨੂੰ ਟਰੱਬਲ ਵਿੱਚ ਪਾ ਚੁੱਕਾ, ਤੇਰੇ ਨਾਲ ਵੀ ਭਲੀ ਨਹੀਂ ਕਰਨ ਲੱਗਾ ਤੇ ਉਹ ਨਵੀ ! ਨਵੀ ਵੀ ਚੁੱਪ ਜਿਹਾ ਪਰ ਅੰਦਰੋਂ ਬਹੁਤ ਡੂੰਘਾ। ਉਹ ਵੀ ਕਿਸੇ ਦਾ ਮਿੱਤ ਨਹੀਂ। ਤੂੰ ਇਹਨਾਂ ਨਾਲ ਰਲ਼ ਕੇ ਸ਼ਰਾਬ ਨਾ ਪੀਆ ਕਰ।

–ਅੰਕਲ, ਮੈਂ ਇਹਨਾਂ ਦਾ ਬਹੁਤ ਧਿਆਨ ਰੱਖਦਾਂ। ਇਹ ਤਾਂ ਅਸੀਂ ਸਾਰੇ ਨੇੜੇ ਨੇੜੇ ਰਹਿੰਦੇ ਆਂ, ਕਾਰ ਸ਼ੇਅਰ ਕਰਨੀ ਹੁੰਦੀ ਐ ਤੇ ਸ਼ਿਫਟ ਵੀ ਇੱਕੋ ਐ।

ਤੇ ਰਾਮਾ ਨੰਦ ਦੀ ਗੱਲ ਸੱਚੀ ਵੀ ਹੋ ਗਈ ਸੀ ਜਦ ਦੇਵਨ ਨੇ ਉਸ ਨੂੰ ਸ਼ਰਾਬੀ ਕਰ ਦਿੱਤਾ ਸੀ ਤੇ ਪ੍ਰੀਤੀ ਦੇ ਡਰਾਈਵਿੰਗ ਟੈੱਸਟ ਲਈ ਨਹੀਂ ਸੀ ਜਾਣ ਦਿੱਤਾ। ਉਸ ਦਿਨ ਉਸ ਨੇ ਫੈਸਲਾ ਤਾਂ ਕਰ ਲਿਆ ਸੀ ਕਿ ਮੁੜ ਕੇ ਦੇਵਨ ਤੇ ਨਵੀ ਨਾਲ ਸ਼ਰਾਬ ਨਹੀਂ ਪੀਵੇਗਾ ਪਰ ਇਸ ਫੈਸਲੇ ’ਤੇ ਅਮਲ ਨਹੀਂ ਸੀ ਕਰ ਹੋਇਆ। ਉਹ ਹਾਲੇ ਵੀ ਉਵੇਂ ਹੀ ਸਾਰੀ ਰਾਤ ਸ਼ਰਾਬ ਪੀਂਦੇ ਰਹਿੰਦੇ। ਉਹ ਸ਼ਰਾਬੀ ਜਿਹਾ ਹੋਇਆ ਹੀ ਘਰ ਪੁੱਜਦਾ। ਘਰ ਪੁੱਜ ਕੇ ਪੱਗ ਉਤਾਰ ਕੇ ਬੈਠਕ ਵਿੱਚ ਰੱਖੇ ਖਾਸ ਮੇਜ਼ ਉਪਰ ਟਿਕਾ ਦਿੰਦਾ, ਕੱਪੜੇ ਬਦਲਦਾ ਤੇ ਸੌਂ ਜਾਂਦਾ। ਆਮ ਤੌਰ ’ਤੇ ਪ੍ਰੀਤੀ ਉਸ ਦੇ ਆਉਣ ਤੱਕ ਉੱਠੀ ਹੋਈ ਹੁੰਦੀ ਪਰ ਉਹ ਉਸ ਨੂੰ ਆਪਣੇ ਨਾਲ ਹੀ ਦੁਬਾਰਾ ਬਿਸਤਰ ਵਿੱਚ ਲੈ ਜਾਂਦਾ ਤੇ ਉਹ ਵੀ ਸੌਂ ਜਾਂਦੀ। ਫਿਰ ਥੋੜ੍ਹੇ ਚਿਰ ਬਾਅਦ ਜਦ ਜੱਗੀ ਘੂਕ ਸੌਂ ਗਿਆ ਹੁੰਦਾ ਤਾਂ ਉਹ ਉੱਠ ਕੇ ਘਰ ਦੇ ਕੰਮ ਨੂੰ ਲੱਗ ਜਾਂਦੀ। ਸਾਢੇ ਕੁ ਅੱਠ ਵਜੇ ਜੱਗੀ ਉੱਠ ਕੇ ਰੌਕੀ ਨੂੰ ਸਕੂਲ ਛੱਡ ਆਉਂਦਾ ਤੇ ਘਰ ਦੇ ਨਿੱਕੇ ਮੋਟੇ ਕੰਮਾਂ ਨੂੰ ਲੱਗ ਜਾਂਦਾ। ਸਪਤਾਹ ਅੰਤ ’ਤੇ ਉਹ ਕਿਸੇ ਨਾ ਕਿਸੇ ਦੋਸਤ ਵੱਲ ਚਲੇ ਜਾਂਦੇ ਜਾਂ ਕਿਸੇ ਨੂੰ ਘਰ ਬੁਲਾ ਲੈਂਦੇ। ਹੁਣ ਉਹਨਾਂ ਦੀ ਆਉਣੀ–ਜਾਣੀ ਨਿੱਕ ਵੱਲ ਵੱਧ ਗਈ ਹੋਈ ਸੀ। ਨਿੱਕ ਉਹਨਾਂ ਨੂੰ ਦੇਖ ਕੇ ਖੁਸ਼ ਹੋ ਜਾਂਦਾ ਪਰ ਨੀਸ਼ਾ ਦੇ ਮੱਥੇ ਦੇ ਵਲ਼ ਡੂੰਘੇ ਹੋ ਜਾਂਦੇ ਖਾਸ ਤੌਰ ’ਤੇ ਪ੍ਰੀਤੀ ਨੂੰ ਦੇਖ ਕੇ॥

## ਪੰਜ

ਗਰਮੀਆਂ ਦੇ ਦਿਨ ਸਨ। ਸ਼ਾਮ ਦੇ ਛੇ ਵੱਜੇ ਸਨ ਪਰ ਸੂਰਜ ਜਿਵੇਂ ਸਿਰ ’ਤੇ ਖੜਾ ਹੋਵੇ। ਅੱਜ ਨਵੀ ਦੇ ਘਰ ਤਿੰਨਾਂ ਦੋਸਤਾਂ ਦੀ ਬਾਰ–ਬ–ਕਿਊ ਪਾਰਟੀ ਸੀ। ਜੱਗੀ ਤਿਆਰ ਬੈਠਾ ਸੀ। ਉਸ ਨੇ ਬਦਾਮੀ ਰੰਗ ਦੀ ਟਾਈ ਲਾਈ ਤੇ ਬਦਾਮੀ ਰੰਗ ਦੀ ਹੀ ਪੱਗ ਬੰਨੀ। ਇਹੋ ਉਸ ਦਾ ਫੈਸ਼ਨ ਸੀ। ਪੱਗ ਤੇ ਟਾਈ ਉਸ ਦੇ ਇੱਕੋ ਰੰਗ ਦੀਆਂ ਹੁੰਦੀਆਂ ਸਨ। ਪ੍ਰੀਤੀ ਨੇ ਵੀ ਆਪਣੇ ਲਈ ਖਾਸ ਕੱਪੜੇ ਚੁਣੇ ਹੋਏ ਸਨ। ਉਸ ਨੇ ਸਫੇਦ ਰੰਗ ਦਾ ਡਰੈੱਸ ਕੁਝ ਦਿਨ ਪਹਿਲਾਂ ਹੀ ਖਰੀਦਿਆ ਸੀ, ਵਿਸ਼ੇਸ਼ ਇਸੇ ਪਾਰਟੀ ’ਤੇ ਪਾਉਣ ਲਈ। ਸ਼੍ਰੀ ਦੇਵੀ ਨੇ ਇਹ ਡਰੈੱਸ ਆਪਣੀ ਇੱਕ ਫਿਲਮ ਵਿੱਚ ਪਾਇਆ ਸੀ। ਦੁਕਾਨਦਾਰ ਇਸ ਨੂੰ ਚਾਂਦਨੀ ਡਰੈੱਸ ਕਹਿੰਦੇ ਸਨ।

ਹਲਕੀ-ਹਲਕੀ ਹਵਾ ਰੁਮਕ ਰਹੀ ਸੀ। ਨਵੀ ਦਾ ਗਾਰਡਨ ਫੁੱਲਾਂ ਨਾਲ ਭਰਿਆ ਪਿਆ ਸੀ, ਖਾਸ ਕਰ ਕੇ ਗੁਲਾਬਾਂ ਨਾਲ। ਹਵਾ ਵਿੱਚ ਝੂਮਦੇ ਗੁਲਾਬ ਇੱਕ ਦੂਜੇ ਵੱਲ ਉਲਰ ਰਹੇ ਸਨ ਜਿਵੇਂ ਪ੍ਰੇਮੀ ਇੱਕ ਦੂਜੇ ਨੂੰ ਚੁੰਮਣ ਲਈ ਕਾਹਲੇ ਹੋਣ। ਪਲਵੀ ਨੂੰ ਫੁੱਲਾਂ ਦਾ ਬਹੁਤ ਸ਼ੌਂਕ ਸੀ। ਨਵੀ ਨੂੰ ਵੀ ਪਰ ਗਾਰਡਨ ਦੀ ਸੰਭਾਲ ਮਾਲੀ ਟੋਨੀ ਹੀ ਕਰਦਾ ਸੀ। ਇਸ ਸੜਕ ਦੇ ਬਹੁਤੇ ਘਰਾਂ ਦੇ ਗਾਰਡਨ ਟੋਨੀ ਹੀ ਸੰਵਾਰਦਾ। ਜਦ ਵੀ ਵਕਤ ਮਿਲਦਾ ਦੋਵੇਂ, ਪਤੀ-ਪਤਨੀ ਬਗੀਚੇ ਵਿੱਚ ਆ ਵਹਿੰਦੇ ਤੇ ਕਿੰਨੀ-ਕਿੰਨੀ ਦੇਰ ਤਕ ਬਿਨਾਂ ਬੋਲਿਆਂ ਇਹਨਾਂ ਫੁੱਲਾਂ ਵੱਲ ਦੇਖਦੇ ਰਹਿੰਦੇ। ਉਹਨਾਂ ਨੂੰ ਜਾਪਦਾ ਕਿ ਸ਼ਾਇਦ ਫੁੱਲਾਂ ਵਿੱਚੋਂ ਕੋਈ ਉਹਨਾਂ ਵੱਲ ਕੋਈ ਝਾਕ ਰਿਹਾ ਹੈ। ਛੇ ਸਾਲ ਹੋ ਗਏ ਸਨ ਉਹਨਾਂ ਦੇ ਵਿਆਹ ਨੂੰ ਪਰ ਹਾਲੇ ਤਕ ਬੱਚਾ ਨਹੀਂ ਸੀ ਹੋਇਆ ਫਿਰ ਵੀ ਇਸ ਗੱਲ ਦਾ ਕਦੇ ਵੀ ਉਹਨਾਂ ਬੋਲ ਕੇ ਮਲਾਲ ਨਹੀਂ ਸੀ ਕੀਤਾ। ਸਗੋਂ ਇੱਕ ਦੂਜੇ ਨੂੰ ਹੌਸਲਾ ਦਿੰਦੇ ਰਹਿੰਦੇ ਸਨ।

ਨਵੀ ਗਾਰਡਨ-ਟੇਬਲ ਸਜਾ ਰਿਹਾ ਸੀ। ਵਿਸਕੀ, ਵੋਦਕਾ, ਬਕਾਰਡੀ, ਵਾਈਨ ਤੇ ਨਾਲ ਹੀ ਬਰਫ ਦੀ ਭਰੀ ਬੱਕਟ। ਬੀਅਰ ਉਸ ਦੀ ਫਰਿੱਜ ਵਿੱਚ ਪਈ ਸੀ। ਇੱਕ ਪਾਸੇ ਪਰੋਪੇਨ ਗੈਸ ਦਾ ਸੈਲੰਡਰ ਲੱਗਾ ਬਾਰ-ਬ-ਕਿਊ ਤਿਆਰ ਸੀ, ਬਸ ਫਲੇਮ ਹੀ ਲਾਉਣੀ ਸੀ। ਪਲਵੀ ਨੇ ਮੀਟ ਤੇ ਹੋਰ ਸਬਜ਼ੀਆਂ ਤਿਆਰ ਰੱਖੀਆਂ ਹੋਈਆਂ ਸਨ। ਮਹਿਮਾਨਾਂ ਦੇ ਆਉਂਦਿਆਂ ਹੀ ਪਕਾਉਣਾ ਸ਼ੁਰੂ ਹੋ ਜਾਣਾ ਸੀ। ਕੁਝ ਮਿੰਟਾਂ ਬਾਅਦ ਹੀ ਪ੍ਰੀਤੀ ਤੇ ਜੱਗੀ ਆ ਗਏ। ਰੌਕੀ ਉਹਨਾਂ ਦੇ ਮੁਹਰੇ ਮੁਹਰੇ ਦੌੜਾ ਆ ਰਿਹਾ ਸੀ। ਪਲਵੀ ਨੇ ਭੱਜ ਕੇ ਰੌਕੀ ਨੂੰ ਚੁੱਕ ਲਿਆ। ਪ੍ਰੀਤੀ ਦੀ ਚਿੱਟੇ ਰੰਗ ਦੀ ਡਰੈੱਸ ਦੇਖ ਕੇ ਨਵੀ ਬੋਲਿਆ,

-ਚਾਂਦਨੀ ਸੂਰਜ ਖੜੇ ਖੜੇ ?

ਪ੍ਰੀਤੀ ਸ਼ਰਮਾ ਗਈ ਪਰ ਮੂੰਹੋਂ ਕੁਝ ਨਾ ਬੋਲੀ। ਜੱਗੀ ਕਹਿਣ ਲੱਗਾ,

-ਸਵਾ ਸੌ ਪੌਂਡ ਵਿੱਚ ਪਈ ਚਾਂਦਨੀ !

-ਚਾਂਦਨੀ ਦਾ ਕੋਈ ਮੁੱਲ ਨਹੀਂ ਹੁੰਦਾ ਜੱਗੀ ਸਿਆਂ !

ਨਵੀ ਨੇ ਹੱਸਦਿਆਂ ਕਿਹਾ। ਉਸੇ ਵੇਲੇ ਡੋਰ ਬੈੱਲ ਫਿਰ ਵੱਜੀ। ਦੇਵਨ ਤੇ ਸ਼ਿਵਾਨੀ ਆ ਗਏ। ਦੇਵਨ ਨੇ ਰੁਚਿਕਾ ਨੂੰ ਚੁੱਕਿਆ ਹੋਇਆ ਸੀ। ਹੁਣ ਪਲਵੀ ਨੇ ਰੌਕੀ ਨੂੰ ਕੁਛੜੋਂ ਉਤਾਰ ਕੇ ਰੁਚਿਕਾ ਫੜ ਲਈ। ਉਸ ਨੇ ਬੱਚਿਆਂ ਲਈ ਚੌਕਲਿਟ ਲਿਆ ਰੱਖੇ ਸਨ। ਦੋਵੇਂ ਬੱਚੇ ਚੌਕਲਿਟਾਂ ਦੇ ਡੱਬੇ ਫੜੀ ਖੁਸ਼ ਸਨ। ਉਹ ਸਾਰੇ ਗਾਰਡਨ ਵਿੱਚ ਹੀ ਆ ਗਏ। ਗਰਮੀਆਂ ਨੂੰ ਅਕਸਰ ਇਵੇਂ ਨਵੀ ਦੇ ਘਰ ਪਾਰਟੀ ਰੱਖੀ ਜਾਂਦੀ। ਨਵੀ ਨੇ ਸਾਂਝੇ ਜਿਹੇ ਪੁੱਛਿਆ,

-ਹਾਂ ਬਈ ਬੀਅਰ ਕਿ ਪੱਕੀ ?

-ਬਈ, ਟਾਈਮ ਨਾ ਖਰਾਬ ਕਰੋ, ਸਿੱਧੀ ਪੱਕੀ ਹੀ ਸ਼ੁਰੂ ਕਰੋ।

ਜੱਗੀ ਨੇ ਕਿਹਾ। ਦੇਵਨ ਵੀ ਉਸ ਨਾਲ ਸਹਿਮਤ ਸੀ। ਫਿਰ ਨਵੀ ਔਰਤਾਂ ਨੂੰ ਪੁੱਛਣ ਲੱਗਾ। ਸ਼ਿਵਾਨੀ ਬਿਲਕੁਲ ਨਹੀਂ ਸੀ ਪੀਂਦੀ। ਉਹ ਤਾਂ ਮੀਟ ਵੀ ਨਹੀਂ ਸੀ ਖਾਂਦੀ। ਪਲਵੀ ਕਦੇ ਕਦੇ ਵਾਈਨ ਦਾ ਗਲਾਸ ਲੈ ਲੈਂਦੀ ਸੀ। ਪ੍ਰੀਤੀ ਬਕਾਰਡੀ-ਕੋਕ ਪੀਂਦੀ ਸੀ ਪਰ ਕਦੇ ਕਦਾਈਂ ਹੀ। ਨਵੀ ਨੇ ਆਪਣੇ ਤਿੰਨੋਂ ਲਈ ਵਿਸਕੀ ਪਾ ਲਈ, ਪਲਵੀ ਲਈ ਰੈੱਡ ਵਾਈਨ ਤੇ ਪ੍ਰੀਤੀ ਨੂੰ ਇੱਕ ਪੈੱਗ ਬਕਾਰਡੀ-ਕੋਕ ਦਾ ਬਣਾ ਦਿੱਤਾ। ਆਦਮੀ ਬਹਿ



ਕੇ ਗੱਲਾਂ ਕਰਨ ਲੱਗੇ ਤੇ ਔਰਤਾਂ ਬਾਰ-ਬ-ਕਿਊ ਕਰਨ ਵਿੱਚ ਰੁਝ ਗਈਆਂ। ਬੱਚੇ ਟੈਲੀ ਮੁਹਰੇ ਬਹਿ ਕਾਰਟੂਨ ਦੇਖਣ ਲੱਗੇ। ਫੁੱਲਾਂ ਵੱਲ ਦੇਖਦਾ ਦੇਵਨ ਬੋਲਿਆ,

-ਯਾਰ, ਏਸ ਗਾਰਡਨਰ ਨੂੰ ਸਾਡੇ ਵੀ ਭੇਜ ਦੇ, ਮੇਰੇ ਤੋਂ ਕੰਜਰ ਦਾ ਇਹ ਜੱਭ ਜਿਹਾ ਨਹੀਂ ਹੁੰਦਾ।

-ਉਹਨੂੰ ਮੈਂ ਕਿਹਾ ਸੀ ਪਰ ਉਹ ਓਸ ਪਾਸੇ ਜਾਂਦਾ ਨਹੀਂ, ਅਸਲ ਵਿੱਚ ਉਹ ਦਾ ਘਰ ਇਹਨਾਂ ਰੋਡਾਂ ਤੋਂ ਹੀ ਪੂਰਾ ਹੋ ਜਾਂਦਾ। ਮੈਂ ਉਹਨੂੰ ਕਹੂੰ ਕਿ ਜੇ ਉਧਰ ਦਾ ਇਲਾਕਾ ਕੋਈ ਸਾਂਭਦਾ ਹੋਵੇ।

-ਯਾਰ, ਕਿੰਨੀ ਕੁ ਦੂਰ ਐ ਕਿਤੇ, ਆਹ ਦਸ ਮਿੰਟ ਤੁਰਨ ਦਾ ਰਾਹ ਐ। ਐਵੇਂ ਕੰਜਰ ਦੇ ਗੋਰੇ ਨਖਰੇ ਕਰਨ ਲੱਗ ਪੈਂਦੇ ਆ।

ਆਖਦਾ ਦੇਵਨ ਵਿਸਕੀ ਦਾ ਘੁੱਟ ਭਰਨ ਲੱਗਾ। ਪ੍ਰੀਤੀ ਨੇ ਆਪਣਾ ਪੈੱਗ ਚੁੱਕ ਕੇ ਇੱਕ ਪਾਸੇ ਰੱਖ ਲਿਆ ਸੀ। ਉਸ ਨੇ ਇਹੋ ਇੱਕ ਪੈੱਗ ਹੀ ਹੌਲੀ ਹੌਲੀ ਪੀਂਦੇ ਰਹਿਣਾ ਸੀ। ਪਲਵੀ ਨੇ ਵੀ ਆਪਣਾ ਵਾਈਨ ਵਾਲਾ ਗਲਾਸ ਉੱਥੇ ਕੁ ਰੱਖ ਲਿਆ ਸੀ ਜਿੱਥੇ ਉਹ ਖਾਣਾ ਤਿਆਰ ਕਰ ਰਹੀ ਸੀ। ਪ੍ਰੀਤੀ ਬਗੀਚੇ ਵੱਲ ਦੇਖਦੀ ਬੋਲੀ,

-ਨਵੀ, ਮੈਨੂੰ ਤੇਰਾ ਗਾਰਡਨ ਬਹੁਤ ਹੌਂਟ ਕਰਦੈ। ਕਾਸ਼, ਸਾਡਾ ਵੀ ਏਦਾਂ ਦਾ ਗਾਰਡਨ ਹੁੰਦਾ !

-ਨਵੀ ਨੂੰ ਤਾਂ ਫੁੱਲਾਂ ਦਾ ਏਨਾ ਸ਼ੌਂਕ ਐ ਜਿੱਦਾਂ ਇਹ ਕਿਸੇ ਮਾਲੀ ਦਾ ਪੁੱਤ ਹੀ ਹੋਵੇ !

ਦੇਵਨ ਨੇ ਹੱਸਦਿਆਂ ਹੋਇਆਂ ਕਿਹਾ। ਉਸ ਤੋਂ ਬਾਅਦ ਜੱਗੀ ਬੋਲਿਆ,

-ਏਹਦਾ ਗਾਰਡਨ ਤਾਂ ਕੰਮ 'ਤੇ ਵੀ ਮਸ਼ਹੂਰ ਐ। ਪਤਾ ਨਹੀਂ ਕਿੰਨਿਆਂ ਲੋਕਾਂ ਨੂੰ ਇਹ ਗੁਲਾਬ ਦੀਆਂ ਦਾਬਾਂ ਦੇ ਚੁੱਕਿਆ।

ਪ੍ਰੀਤੀ ਨੇ ਇੱਕ ਵਾਰ ਸਾਰੇ ਬਗੀਚੇ ਵੱਲ ਦੇਖਿਆ ਤੇ ਠੰਢਾ ਹੌਕਾ ਜਿਹਾ ਭਰਦੀ ਬੋਲੀ,

-ਜੈਗ, ਗੁਲਾਬ ਦੀ ਦਾਬ ਗਮਲੇ ਵਿੱਚ ਵੀ ਲੱਗ ਸਕਦੀ ਐ ?

-ਭਰਜਾਈ, ਗੁਲਾਬਾਂ ਨਾਲ ਕੰਡੇ ਵੀ ਹੁੰਦੇ ਆ ਏਸ ਲਈ ਇਹ ਗਮਲਿਆਂ ਵਿੱਚ ਨਹੀਂ ਬਗੀਚਿਆਂ ਵਿੱਚ ਹੀ ਰਹਿਣੇ ਚਾਹੀਦੇ ਆ।

ਪ੍ਰੀਤੀ ਮਨ ਹੀ ਮਨ ਸੋਚ ਰਹੀ ਸੀ ਕਿ ਕਦ ਘਰ ਲੈ ਹੋਵੇ ਤੇ ਕਦ ਆਪਣਾ ਬਗੀਚਾ ਹੋਵੇਗਾ। ਕਦੇ ਕਦੇ ਉਹ ਸੋਚਦੀ ਕਿ ਲੈਸਟਰ ਵਿੱਚ ਰਹਿੰਦੇ ਤਾਂ ਹੁਣ ਤਕ ਉਹਨਾਂ ਘਰ ਖਰੀਦ ਲਿਆ ਹੋਣਾ ਸੀ। ਉੱਥੇ ਘਰ ਸਸਤੇ ਸਨ।

ਦੋ-ਦੋ ਪੈੱਗ ਲਾ ਕੇ ਉਹ ਹਵਾ ਪਿਆਜ਼ੀ ਹੋ ਗਏ। ਪ੍ਰੀਤੀ ਨੇ ਵੀ ਆਪਣਾ ਬਕਾਰਡੀ-ਕੋਕ ਖਤਮ ਕਰ ਲਿਆ। ਉਹ ਨਵੀ ਸਾਹਮਣੇ ਖੜਦੀ ਇੱਕ ਗੇੜਾ ਕੱਢਦੀ ਬੋਲੀ,

-ਨਵੀ, ਹੁਣ ਤਾਂ ਸੂਰਜ ਨਹੀਂ ਖੜਾ ?

ਨਵੀ ਨੇ ਉਸ ਵੱਲ ਜ਼ਰਾ ਕੁ ਦੇਖਿਆ ਤੇ ਕੰਨ 'ਤੇ ਹੱਥ ਰੱਖ ਕੇ ਉੱਚੀ ਆਵਾਜ਼ ਵਿੱਚ ਗਾਉਣ ਲੱਗਾ,

–ਚਾਂਦਨੀ, ਚਾਂਦਨੀ, ਓ ਮੇਰੀ ਚਾਂਦਨੀ....।

ਸਭ ਨੇ ਤਾੜੀ ਵਜਾ ਦਿੱਤੀ। ਗਾਣਾ ਗਾਉਂਦਿਆਂ ਨਵੀ ਨੇ ਪ੍ਰੀਤੀ ਦਾ ਹੱਥ ਫੜਿਆ ਤੇ ਉਸ ਦੇ ਸਿਰ ਉਪਰ ਦੀ ਘੁਮਾ ਕੇ ਪ੍ਰੀਤੀ ਦਾ ਗੇੜਾ ਕੱਢਵਾ ਦਿੱਤਾ। ਪ੍ਰੀਤੀ ਵੀ ਖੁਸ਼ ਹੋ ਗਈ ਤੇ ਨਵੀ ਨਾਲ ਨੋਕ-ਝੋਕ ਦੇ ਮੂਡ ਵਿੱਚ ਆ ਗਈ। ਆਪਣਾ ਹੱਥ ਛੁਡਵਾ ਕੇ ਉਹ ਬੋਲੀ :

–ਨਵੀ, ਤੂੰ ਬਹੁਤ ਖਰਾਬ ਬੰਦਾਂ। ਬਾਹਰੋਂ ਢਿੱਲਾ ਜਿਹਾ ਦਿੱਸਦਾਂ ਪਰ ਅੰਦਰੋਂ ਪੂਰਾ ਕਾਂਟਾ ਐਂ।

–ਨਹੀਂ ਭਰਜਾਈ, ਮੈਂ ਕਾਂਟਾ ਨਹੀਂ, ਮੈਂ ਬਹੁਤ ਫੇਅਰ ਬੰਦਾਂ। ਹਰ ਦੋਸਤ ਨੂੰ, ਹਰ ਰਿਸ਼ਤੇ ਨੂੰ ਸਹੀ ਜਗ੍ਹਾ ਰੱਖਣ ਦੀ ਕੋਸ਼ਿਸ਼ ਕਰਦਾਂ। ਤੂੰ ਸਾਡੀ ਭਰਜਾਈ ਐਂ, ਸਾਡੇ ਮਹਾਰਾਜੇ ਯਾਰ ਦੀ ਮਹਾਰਾਣੀ, ਮੈਂ ਤੇਰੀ ਬਹੁਤ ਕਦਰ ਕਰਦਾਂ।

–ਜੇ ਭਰਜਾਈ ਨਾ ਹੁੰਦੀ ਤਾਂ....?

–ਤਾਂ ਤੇਰੇ ਨਖਰੇ, ਤੇਰੀ ਖੂਬਸੂਰਤੀ ਮੇਰੇ ਅੰਦਰ ਸੁੱਤੇ ਇੱਕ ਹੋਰ ਬੰਦੇ ਨੂੰ ਜਗਾ ਦਿੰਦੀ।

–ਫੇਰ ?

–ਫੇਰ ਅੱਖ ਦੇ ਸੁਰਮੇ ਵਾਂਗ ਤੈਨੂੰ ਕੱਢ ਲੈਂਦਾ।

–ਜਾਹ ਓਏ ਜਾਹ ! ਏਨੇ ਜੋਗਾ ਤੂੰ ਕਿੱਥੇ ਐਂ !

ਪ੍ਰੀਤੀ ਨੇ ਉਸ ਵੱਲ ਹੱਥ ਮਾਰਦਿਆਂ ਕਿਹਾ। ਸਾਰੇ ਹੱਸ ਰਹੇ ਸਨ। ਗੱਲ ਕਹਿ ਕੇ ਪ੍ਰੀਤੀ ਨੇ ਪਲਵੀ ਵੱਲ ਦੇਖਦਿਆਂ, ਪੁੱਛਦਿਆਂ ਆਖਿਆ,

–ਕਿਉਂ ਪਲਵੀ ?

–ਭੈਣੇਂ, ਜਦ ਥੁੱਕ ਨਾਲ ਹੀ ਬੜੇ ਪਕਾਉਣੇ ਆਂ ਤਾਂ ਜਿੰਨੇ ਮਰਜ਼ੀ ਪਕਾਈ ਜਾਓ।

ਪਲਵੀ ਨੇ ਹੱਸਦਿਆਂ ਆਖਿਆ। ਉਸ ਦੇ ਮਗਰੇ ਹੀ ਸਾਰੇ ਹੱਸ ਪਏ। ਜੱਗੀ ਨੂੰ ਨਵੀ ਦੀ ਦੋਸਤੀ 'ਤੇ ਕੁਝ ਕੁ ਮਾਣ ਜਿਹਾ ਵੀ ਹੋਇਆ।

ਦੇਵਨ ਨੂੰ ਨਵੀ ਦੀ ਇਹ ਹਰਕਤ ਬਿਲਕੁਲ ਪਸੰਦ ਨਾ ਆਈ। ਉਹ ਹੀ ਮਨ ਵਿੱਚ ਕਹਿਣ ਲੱਗਾ, 'ਕੰਜਰ ਦਿਆ, ਜੇ ਏਨੇ ਜੋਗਾ ਹੁੰਦਾ ਤਾਂ ਇੱਕ ਬੱਚਾ ਹੀ ਪੈਦਾ ਕਰ ਲੈਂਦਾ ! ਲੋਕਾਂ ਨੂੰ ਗੁਲਾਬਾਂ ਦੀ ਦਾਬ ਦਿੰਦਾ ਫਿਰਦੈਂ ਆਪਣਾ ਘਰ ਤੇਰਾ ਸੁੰਨਾ !' ਨਾਲ ਹੀ ਉਹ ਹਲਕਾ ਜਿਹਾ ਮੁਸਕ੍ਰਾਇਆ।

ਹੁਣ ਉਹਨਾਂ ਨੇ ਪੀਣ ਵੱਲ ਘੱਟ ਤੇ ਖਾਣ ਵੱਲ ਜ਼ਿਆਦਾ ਧਿਆਨ ਦੇ ਦਿੱਤਾ। ਪਲਵੀ ਬਣਾਉਂਦੀ ਜਾ ਰਹੀ ਸੀ ਤੇ ਬਾਕੀ ਸਾਰੇ ਖਾ ਰਹੇ ਸਨ। ਬੱਚਿਆਂ ਲਈ ਚਿਪਸ ਬਣਾ ਲਏ ਸਨ। ਗੱਲਾਂ ਕਰਦਿਆਂ ਹੀ ਦੇਵਨ ਨੇ ਆਖਿਆ,

–ਪੰਜਾਬ ਦੇ ਹਾਲਾਤ ਤਾਂ ਕੰਜਰ ਦੇ ਬਹੁਤੇ ਹੀ ਖਰਾਬ ਹੋ ਗਏ ! ਹਿੰਦੂਆਂ ਨੂੰ ਸ਼ਰ੍ਹੇਆਮ ਮਾਰੀ ਜਾਂਦੇ ਆ। ਜੀਣਾ ਮੁਸ਼ਕਲ ਕੀਤਾ ਪਿਆ ਇਹਨਾਂ ਸਿੱਖਾਂ ਨੇ। ਲੱਗਦੈ ਪਾਕਿਸਤਾਨ ਤੋਂ ਬਾਅਦ ਖਾਲਿਸਤਾਨ ਵੀ ਬਣ ਕੇ ਰਹਿਣਾਂ।

ਉਸ ਦੀ ਗੱਲ ਨਵੀ ਨੂੰ ਚੰਗੀ ਨਾ ਲੱਗੀ । ਉਹ ਆਪਣਾ ਨਜ਼ਰੀਆ ਦੱਸਦਾ ਬੋਲਿਆ,

–ਦੇਵਨ, ਇਹ ਹਿੰਦੂ-ਸਿੱਖ ਦਾ ਮੁੱਖ ਝਗੜਾ ਨਹੀਂ। ਇਹ ਹਿੰਦੂ-ਮੁਸਲਮਾਨ ਵਾਲੀ ਗੱਲ ਨਹੀਂ, ਹਿੰਦੂ-ਸਿੱਖ ਵਿੱਚ ਰੋਟੀ-ਬੇਟੀ ਦੀ ਸਾਂਝ ਐ ਸੋ ਇਹਨੂੰ ਹੋਰ ਤਰ੍ਹਾਂ ਦੇਖਣ ਦੀ ਲੋੜ ਐ।



–ਪਰ ਉਹ ਕੰਜਰ ਦੇ ਤਾਂ ਇਹੀ ਕਹਿੰਦੇ ਆ ਕਿ ਚੁੱਕ ਲਓ ਹਿੰਦੂਆਂ ਨੂੰ।

ਦੇਵਨ ਦੀ ਗੱਲ ਦਾ ਜਵਾਬ ਦਿੰਦਾ ਜੱਗੀ ਬੋਲਿਆ,

–ਏਦਾਂ ਦੇ ਬੰਦਿਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਐ, ਇੱਕ-ਅੱਧਾ ਪਰਸੈਂਟ। ਦਿੱਲੀ ਵਿੱਚ ਇਹ ਕਹੀਏ ਕਿ ਹਿੰਦੂਆਂ ਨੇ ਸਿੱਖਾਂ ਨੂੰ ਮਾਰਿਆ ਤਾਂ ਇਹ ਗਲਤ ਹੋਵੇਗਾ। ਇਹ ਗੁੰਡਾ ਅਨਸਰ ਸੀ, ਕਾਂਗਰਸ ਦਾ ਪਾਲਿਆ ਹੋਇਆ ਗੁੰਡਾ ਅਨਸਰ। ਇਹਨਾਂ ਵਿੱਚ ਹਿੰਦੂ ਤਾਂ ਇੱਕ ਅੱਧਾ ਪਰਸੈਂਟ ਹੀ ਹੋਣਗੇ। ਸਾਨੂੰ ਵੀ ਤਾਂ ਦਿੱਲੀ ਛੱਡ ਕੇ ਜਲੰਧਰ ਜਾਣਾ ਹੀ ਪਿਆ। ਆਪਣਾ ਅੱਡਾ ਛੱਡਣ ਦਾ ਬਹੁਤ ਦੁੱਖ ਹੁੰਦਾ, ਸਾਡੇ ਤੋਂ ਜ਼ਿਆਦਾ ਕਿਹਨੂੰ ਪਤਾ ਹੋਣਾਂ।

ਜੱਗੀ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਦਾ ਦਰਦ ਹੰਢਾ ਰਿਹਾ ਸੀ। ਭਾਵੇਂ ਉਸ ਦੇ ਪਰਿਵਾਰ ਦੇ ਸਾਰੇ ਜੀਅ ਠੀਕ ਸਨ ਪਰ ਉਸ ਦੇ ਕਈ ਵਾਕਫ ਤੇ ਰਿਸ਼ਤੇਦਾਰ ਮਾਰੇ ਗਏ ਸਨ। ਉਸ ਦੀ ਗੱਲ ਨੂੰ ਚੁੱਕਦਿਆਂ ਨਵੀ ਨੇ ਕਿਹਾ,

–ਬਿਲਕੁਲ, ਪੰਜਾਬ ਵਿੱਚ ਵੀ ਕੁਝ ਏਦਾਂ ਦੀ ਐ ਪਰ ਪੰਜਾਬ ਦੇ ਹਾਲਾਤ ਨੂੰ ਜ਼ਰਾ ਵਿਸਥਾਰ ਵਿੱਚ ਸਮਝਣ ਦੀ ਲੋੜ ਐ, ਜਿੱਦਾਂ ਸਾਨੂੰ ਆਹ ਸਾਹਮਣੇ ਕੰਧ ਦਿੱਸਦੀ ਐ ਪਰ ਸਾਨੂੰ ਕੰਧ ਦੇ ਪਰਲੇ ਪਾਸੇ ਵੀ ਦੇਖਣ ਦੀ ਲੋੜ ਐ। ਪੰਜਾਬ ਦੇ ਹਾਲਾਤ ਨੂੰ ਸਮਝਣ ਲਈ ਕਾਂਗਰਸ ਦੀਆਂ ਚਾਲਾਂ ਤੇ ਹਿੰਦੁਸਤਾਨ-ਪਾਕਿਸਤਾਨ ਸੰਬੰਧਾਂ ਨੂੰ ਸਮਝਣ ਦੀ ਲੋੜ ਵੀ ਐ। ਕਸ਼ਮੀਰ ਦੇ ਮਸਲੇ ਕਾਰਨ ਤੇ ਇੰਡੀਆ ਦੇ ਬੰਗਲਾ ਦੇਸ਼ ਬਣਾ ਦੇਣ ਕਾਰਨ ਪਾਕਿਸਤਾਨੀ ਹਿੰਦੁਸਤਾਨ ਵਿੱਚ ਸਟੇਬਲ ਹਾਲਾਤ ਨਹੀਂ ਦੇਖਣਾ ਚਾਹੁੰਦਾ।

–ਇਹ ਭਿੰਡਰਾਂਵਾਲਾ ਪਾਕਿਸਤਾਨ ਨੇ ਭੇਜਿਆ ਸੀ ?

–ਦੇਵਨ, ਭਿੰਡਰਾਂਵਾਲਾ ਤਾਂ ਇੱਕ ਪ੍ਰਚਾਰਕ ਸੀ ਤੇ ਪ੍ਰਚਾਰਕ ਦੇ ਤੌਰ 'ਤੇ ਹੀ ਪ੍ਰਸਿੱਧ ਸੀ, ਬਹੁਤਾ ਨਹੀਂ ਸੀ ਪੜ੍ਹਿਆ, ਉਹਨੂੰ ਸਿਆਸਤ ਦਾ ਕੁਝ ਨਹੀਂ ਸੀ ਪਤਾ। ਅਕਾਲੀਆਂ ਖਿਲਾਫ ਉਹਦੀ ਪ੍ਰਸਿੱਧੀ ਨੂੰ ਕਾਂਗਰਸ ਵਰਤਣੀ ਚਾਹੁੰਦੀ ਸੀ। ਉਹ ਧਾਰਮਿਕ ਬੰਦਾ ਸੀ ਜਦ ਉਹਨੂੰ ਕਾਂਗਰਸ ਦੀ ਚਾਲ ਸਮਝ ਆਈ ਤਾਂ ਉਹ ਕਾਂਗਰਸ ਦੇ ਖਿਲਾਫ ਹੋ ਗਿਆ। ਗੱਲ ਹੱਥੋਂ ਨਿਕਲਦੀ ਦੇਖ ਕੇ ਸਰਕਾਰ ਉਸ ਨੂੰ ਵਿਲੀਅਨ ਬਣਾਉਣ ਵਿੱਚ ਰੁਝ ਗਈ। ਭਿੰਡਰਾਂਵਾਲੇ ਦੀ ਤਾਕਤ ਵਧਾਉਣ ਵਿੱਚ ਵੀ ਮੌਕੇ ਦੀ ਸਰਕਾਰ ਦਾ ਹੱਥ ਹੀ ਸੀ ਨਹੀਂ ਤਾਂ ਦਰਬਾਰ ਸਾਹਿਬ ਵਿੱਚ ਹਥਿਆਰ ਕਿੱਦਾਂ ਜਾ ਸਕਦੇ ਸੀ। ਉੱਧਰ ਪਾਕਿਸਤਾਨ ਬਲਦੀ 'ਤੇ ਤੇਲ ਪਾ ਰਿਹਾ ਸੀ ਤੇ ਹਾਲੇ ਵੀ ਪਾ ਰਿਹਾ।

–ਯਾਰ ਮੈਂ ਤੈਨੂੰ ਕਹਿ ਰਿਹਾਂ ਕਿ ਪੰਜਾਬ ਦੇ ਹਿੰਦੂਆਂ ਨੂੰ ਵੱਖ ਕਰਕੇ ਮਾਰਿਆ ਜਾ ਰਿਹੈ ਤੇ ਤੂੰ ਕਿਤੇ ਹੋਰ ਹੀ ਤੁਰਿਆ ਫਿਰਦੈਂ !

ਦੇਵਨ ਗੁੱਸੇ ਵਿੱਚ ਬੋਲਿਆ। ਨਵੀ ਸਮਝ ਗਿਆ ਕਿ ਉਹ ਸਦਾ ਵਾਂਗ ਉਸ ਦੀ ਗੱਲ ਸੁਣਨੀ ਨਹੀਂ ਚਾਹ ਰਿਹਾ। ਉਸ ਨੇ ਕਿਹਾ,

–ਇਹ ਤਾਂ ਬਹੁਤ ਬੁਰਾ ਹੋ ਰਿਹਾ ਪਰ ਲੱਗਦਾ ਕਿ ਜਲਦੀ ਇਹ ਸਭ ਕਾਬੂ ਵਿੱਚ ਆ ਜਾਵੇਗਾ। ਬਸ ਥੋੜ੍ਹੇ ਚਿਰ ਦੀ ਗੱਲ ਐ। ਇਹ ਪ੍ਰੌਬਲਮ ਪਰਮਾਨੈਂਟ ਨਹੀਂ।

–ਇਹਦਾ ਹੱਲ ?

–ਇਹਦਾ ਹੱਲ ਐ ਕਿ ਜਿਹੜਾ ਗਲਤ ਅਨਸਰ ਐ ਇਹਦੇ ਖਤਮ ਹੋਣ ਨਾਲ ਹੀ ਹਾਲਾਤ ਕਾਬੂ ਵਿੱਚ ਆ ਜਾਣਗੇ।

–ਮੈਂ ਤਾਂ ਕਹਿਨਾ ਕਿ ਸਾਰੇ ਪੰਜਾਬ ਵਿੱਚ ਕਰਫਿਊ ਲਾ ਦੇਣਾ ਚਾਹੀਦਾ।

–ਦੇਵਨ, ਸ਼ਾਇਦ ਇਹ ਹੱਲ ਨਾ ਹੋਵੇ, ਫਿਰ ਵੀ ਪੰਜਾਬ ਨੂੰ ਸੈਂਸਟਿਵ ਏਰੀਆ ਤਾਂ ਡਿਕਲੇਅਰ ਕਰਨਾ ਹੀ ਚਾਹੀਦੈ।

ਨਵੀ ਹਾਲੇ ਹੋਰ ਗੱਲ ਕਰਨੀ ਚਾਹੁੰਦਾ ਸੀ ਜਿਸ ਵਿੱਚ ਅਮਰੀਕਾ ਦੀ ਇਸ ਖਿੱਤੇ ਪ੍ਰਤੀ ਨੀਤੀ ਬਾਰੇ ਵੀ ਆਪਣੀ ਰਾਏ ਦਿੰਦਾ ਤੇ ਅਫਗਾਨਿਸਤਾਨ ਵਿੱਚ ਵਿਗੜਦੀ ਸਥਿਤੀ ਬਾਰੇ ਵੀ ਪਰ ਉਹ ਮਹਿਫਲ ਦਾ ਮਜ਼ਾ ਵੀ ਖਰਾਬ ਨਹੀਂ ਸੀ ਕਰਨਾ ਚਾਹੁੰਦਾ। ਉਹ ਗੱਲ ਉੱਥੇ ਹੀ ਛੱਡ ਕੇ ਇੰਗਲੈਂਡ ਦੀ ਸਿਆਸਤ ਬਾਰੇ ਗੱਲਾਂ ਕਰਨ ਲੱਗੇ ਤੇ ਏਅਰਪੋਰਟ ਦੇ ਪੰਜਵੇਂ ਟਰਮੀਨਲ ਬਣਨ ਬਾਰੇ ਗੱਲਾਂ ਸ਼ੁਰੂ ਕਰ ਲਈਆਂ। ਨਵੀ ਹਰ ਵੇਲੇ ਅਖ਼ਬਾਰ ਪੜ੍ਹਦਾ ਰਹਿੰਦਾ ਸੀ। ਕੰਮ ਉਪਰ ਵੀ ਅਖ਼ਬਾਰ ਉਸ ਦੀ ਜੇਬ ਵਿੱਚ ਹੀ ਹੁੰਦਾ ਸੀ। ਟੈਲੀ ਉਪਰ ਵੀ ਉਹ ਜ਼ਿਆਦਾਤਰ ਡੌਕੂਮੈਂਟਰੀਜ਼ ਹੀ ਦੇਖਦਾ ਸੀ ਤੇ ਬਹੁਤੇ ਮਸਲਿਆਂ ਵਿੱਚ ਆਪਣੀ ਵਿਸ਼ੇਸ਼ ਰਾਏ ਬਣਾ ਲੈਂਦਾ। ਦੇਵਨ ਤੇ ਜੱਗੀ ਕਿਸੇ ਮਸਲੇ ਬਾਰੇ ਬਹੁਤੀ ਡੂੰਘਾਈ ਵਿੱਚ ਨਹੀਂ ਸਨ ਜਾਂਦੇ। ਜਦ ਕਦੇ ਕਿਸੇ ਮਸਲੇ ਬਾਰੇ ਨਵੀ ਵਿਸਥਾਰ ਵਿੱਚ ਗੱਲ ਕਰਦਾ ਤਾਂ ਦੇਵਨ ਉਸ ਨੂੰ ਰੋਕ ਦਿੰਦਾ ਤੇ ਕਹਿੰਦਾ,

–ਕੀ ਯਾਰ ਤੂੰ ਹਰ ਵੇਲੇ ਕੰਜਰ ਦੀ ਵਿਦਵਤਾ ਜਿਹੀ ਘੋਟਣ ਲੱਗ ਪੈਨਾਂ, ਕੰਜਰ ਦੇ ਹੋਰ ਮਸਲੇ ਹੀ ਸਾਹ ਨਹੀਂ ਲੈਣ ਦਿੰਦੇ।

ਨਵੀ ਹੱਸ ਕੇ ਆਪਣੀ ਗੱਲ ਬਦਲ ਲੈਂਦਾ।

ਹੁਣ ਉਹ ਤਿੰਨੋਂ ਸ਼ਰਾਬੀ ਸਨ। ਪ੍ਰੀਤੀ ਨੇ ਵੀ ਦੋ ਪੈੱਗ ਬਕਾਰਡੀ–ਕੋਕ ਦੇ ਪੀ ਲਏ ਸਨ ਤੇ ਪਲਵੀ ਨੇ ਵੀ ਵਾਈਨ ਦਾ ਇੱਕ ਗਲਾਸ ਹੋਰ ਲੈ ਲਿਆ ਸੀ। ਹੁਣ ਉਹਨਾਂ ਨੇ ਡਾਂਸ ਕਰਨਾ ਸੀ। ਪ੍ਰੀਤੀ ਨੂੰ ਡਾਂਸ ਦਾ ਬਹੁਤ ਸ਼ੌਕ ਸੀ। ਉਹ ਟੇਪ ਰਿਕਾਰਡ ’ਤੇ ਗੀਤਾਂ ਦੀਆਂ ਕੈਸਟਾਂ ਦੀ ਚੋਣ ਕਰ ਰਹੀ ਸੀ ਕਿ ਅਚਾਨਕ ਪਲਵੀ ਦਾ ਚਿਹਰਾ ਲਾਲ ਹੋਣ ਲੱਗਿਆ। ਉਹ ਧੜੱਮ ਕਰਦੀ ਸੈੱਟੀ ਉਪਰ ਡਿਗ ਪਈ। ਸਭ ਨੂੰ ਨੱਠ–ਭੱਜ ਪੈ ਗਈ। ਨਵੀ ਪਾਣੀ ਦਾ ਗਲਾਸ ਲੈ ਪਲਵੀ ਦੇ ਮੂੰਹ ਨੂੰ ਲਾਉਣ ਲੱਗਾ। ਦੇਵਨ ਨੇ ਐਂਬੂਲੈਂਸ ਨੂੰ ਫੋਨ ਕਰ ਦਿੱਤਾ।

## ਛੇ

ਨਿੱਕ ਸਕੂਲ ਛੱਡਦਾ ਹੀ ਇੰਗਲੈਂਡ ਆ ਗਿਆ ਸੀ। ਉਸ ਦਾ ਭਰਾ ਸ਼ਿੰਦਰ ਤੇ ਪਿਓ ਜੁਗਿੰਦਰ ਸਿੰਘ ਹਾਲੇ ਵੀ ਕੀਨੀਆਂ ਹੀ ਰਹਿੰਦੇ ਸਨ। ਹੁਣ ਜੁਗਿੰਦਰ ਸਿੰਘ ਬੁੱਢਾ ਹੋ ਗਿਆ ਸੀ ਤੇ ਇੰਗਲੈਂਡ ਨਹੀਂ ਸੀ ਆਉਣਾ ਚਾਹੁੰਦਾ। ਉਹਦੇ ਕਰਕੇ ਸ਼ਿੰਦਰ ਨੂੰ ਵੀ ਕੀਨੀਆਂ ਹੀ ਰਹਿਣਾ ਪੈ ਰਿਹਾ ਸੀ। ਨਿੱਕ ਦਾ ਵੀ ਕੋਈ ਹੋਰ ਖਾਸ ਰਿਸ਼ਤੇਦਾਰ ਇੱਥੇ ਨਹੀਂ ਸੀ। ਪ੍ਰੀਤੀ ਉਸ ਨੂੰ ਵੀ ਪਿਆਸੇ ਨੂੰ ਖੂਹ ਵਾਂਗ ਹੀ ਮਿਲੀ ਸੀ। ਨਿੱਕ ਬ੍ਰਿਟਿਸ਼ ਏਅਰਵੇਅਜ਼ ਵਿੱਚ ਬੈਗ ਹੈਂਡਲਿੰਗ ਦਾ ਕੰਮ ਕਰਦਾ ਸੀ। ਕੀਨੀਆਂ ਤੋਂ ਆ ਕੇ ਕੁਝ ਦੇਰ ਉਸ ਨੇ ਇੱਕ ਗੈਰਜ ਵਿੱਚ ਕੰਮ ਕੀਤਾ ਤੇ ਫਿਰ ਏਅਰਪੋਰਟ ’ਤੇ ਕੰਮ ਮਿਲ ਗਿਆ ਸੀ। ਇੱਕ ਡਾਂਸ ਕਲੱਬ ਵਿੱਚ ਉਸ ਦੀ ਨੀਸ਼ਾ ਨਾਲ ਮੁਲਾਕਾਤ ਹੋਈ, ਦੋਸਤੀ ਪਈ ਤੇ ਫਿਰ ਰਿਸ਼ਤੇ



ਵਿਆਹ ਵੱਲ ਤੁਰ ਪਏ। ਨੀਸ਼ਾ ਗੁਜਰਾਤੀ ਕੁੜੀ ਸੀ ਪਰ ਕੀਨੀਆਂ ਤੋਂ ਹੀ ਆਈ ਹੋਣ ਕਰਕੇ ਦੋਵਾਂ ਵਿੱਚ ਕਾਫੀ ਕੁਝ ਸਾਂਝਾ ਸੀ। ਕੀਨੀਆਂ ਵਿੱਚ ਜੰਮੀਆਂ ਦੋ ਪੀੜ੍ਹੀਆਂ ਦੀ ਖਾਸੀਅਤ ਇਹ ਸੀ ਕਿ ਉਹ ਸਕੂਲਾਂ ਵਿੱਚ ਗੁਜਰਾਤੀ ਵੀ ਪੜ੍ਹਦੇ ਤੇ ਪੰਜਾਬੀ ਵੀ ਜਿਸ ਨਾਲ ਦੋਵੇਂ ਕੌਮਾਂ ਕਾਫੀ ਨੇੜੇ ਸਨ। ਨੀਸ਼ਾ ਤੇ ਨਿੱਕ ਨੂੰ ਆਪਣਾ ਰਿਸ਼ਤਾ ਜੋੜਨ ਲਈ ਇਹ ਗੱਲ ਕਾਫੀ ਸਹਾਈ ਰਹੀ ਸੀ। ਨੀਸ਼ਾ ਏਅਰਪੋਰਟ ਦੇ ਨੇੜੇ ਹੀ ਗੇਟ ਗੋਰਮੈਟ ਨਾਂ ਦੀ ਕੰਪਨੀ ਵਿੱਚ ਕੰਮ ਕਰਦੀ ਸੀ ਜਿਹੜੇ ਏਅਰ ਲਾਈਨਾਂ ਨੂੰ ਖਾਣਾ ਸਪਲਾਈ ਕਰਦੇ ਸਨ। ਉਹਨਾਂ ਦਾ ਵਿਆਹ ਹੋਇਆ ਤੇ ਛੇਤੀ ਹੀ ਉਹਨਾਂ ਨੇ ਘਰ ਵੀ ਲੈ ਲਿਆ ਤੇ ਦੋ ਬੱਚੇ ਹੋ ਗਏ, ਵਧੀਆ ਗ੍ਰਹਿਸਥੀ ਬਤੀਤ ਕਰਨ ਲੱਗੇ।

ਨਿੱਕ ਨੂੰ ਔਰਤਾਂ ਨੂੰ ਫਲੱਰਟ ਕਰਨ ਦੀ ਆਦਤ ਸੀ। ਕੰਮ ਉਪਰ ਉਹ ਹਰੇਕ ਨਾਲ ਹਾਏ–ਹੈਲੋ ਕਰ ਲੈਂਦਾ ਤੇ ਗੱਲਾਂ ਵਾਲੀ ਕੋਈ ਮਿਲ ਜਾਂਦੀ ਤਾਂ ਪੱਬ ਵੀ ਲੈ ਜਾਂਦਾ। ਨੀਸ਼ਾ ਨੂੰ ਇਸ ਗੱਲ ਦਾ ਪਤਾ ਸੀ ਤੇ ਉਹ ਹਰ ਵੇਲੇ ਉਸ ਉਪਰ ਨਜ਼ਰ ਰੱਖਦੀ ਸੀ ਤੇ ਹਰ ਵੇਲੇ ਉਸ ਨਾਲ ਝਗੜਾ ਵੀ ਪਾਈ ਰੱਖਦੀ। ਨਿੱਕ ਵੀ ਉਸ ਦੇ ਸੁਭਾਅ ਦਾ ਆਦੀ ਹੋ ਚੁੱਕਾ ਸੀ, ਜੇ ਕੋਈ ਸੱਚੀ ਸੂਹ ਨੀਸ਼ਾਂ ਨੂੰ ਪੈ ਗਈ ਹੁੰਦੀ ਤਾਂ ਉਹ ਉਸ ਕੋਲ ਸੌਰੀ ਮੰਗ ਕੇ ਸੁਲਾਹ ਕਰ ਲੈਂਦਾ। ਕਈ ਵਾਰ ਨੀਸ਼ਾ ਸ਼ੱਕ ਵਿੱਚ ਹੀ ਉਸ ਨਾਲ ਕੰਮ ਕਰਨ ਵਾਲੀਆਂ ਔਰਤਾਂ ਨੂੰ ਫੋਨ ਉਪਰ ਗਾਲ੍ਹਾਂ ਵੀ ਕੱਢ ਦਿੰਦੀ, ਇਸ ਕਾਰਨ ਘਰ ਵਿੱਚ ਤਣਾਵ ਪੈਦਾ ਹੋ ਜਾਂਦਾ। ਨਿੱਕ ਦਾ ਸੁਭਾਅ ਕੁਝ ਠੰਢਾ ਸੀ ਤੇ ਉਹ ਕੁਝ ਏਧਰ–ਉੱਧਰ ਕਰਕੇ ਨੀਸ਼ਾ ਨਾਲ ਸੁਲਾਹ ਕਰ ਲੈਂਦਾ।

ਹੁਣ ਪ੍ਰੀਤੀ ਨੀਸ਼ਾ ਲਈ ਇੱਕ ਨਵੀ ਸਿਰ ਦਰਦੀ ਬਣ ਗਈ ਸੀ। ਪ੍ਰੀਤੀ ਤੇ ਨਿੱਕ ਨੂੰ ਗੱਲਾਂ ਕਰਦਿਆਂ ਦੇਖ ਕੇ ਨੀਸ਼ਾ ਨੂੰ ਲੱਗਣ ਲੱਗ ਪੈਂਦਾ ਕਿ ਇਹਨਾਂ ਵਿਚਕਾਰ ਜ਼ਰੂਰ ਕੁਝ ਹੈ। ਜਿਸ ਦਿਨ ਵੀ ਨਿੱਕ ਕੰਮ ਤੋਂ ਲੇਟ ਹੋ ਜਾਂਦਾ ਤਾਂ ਉਹ ਸੋਚਦੀ ਕਿ ਜ਼ਰੂਰ ਉਹ ਪ੍ਰੀਤੀ ਵੱਲ ਹੀ ਗਿਆ ਹੋਵੇਗਾ। ਉਸ ਨੂੰ ਨਿੱਕ ਦੀਆਂ ਸ਼ਿਫਟਾਂ ਦਾ ਪੂਰਾ ਪਤਾ ਸੀ। ਉਸ ਨੂੰ ਪਤਾ ਹੁੰਦਾ ਕਿ ਉਸ ਨੇ ਕੰਮ ਕਿਸ ਵਕਤ ਛੱਡਣਾ ਹੈ ਤੇ ਘਰ ਕਿੰਨੇ ਵਜੇ ਪੁੱਜੇਗਾ। ਇੱਕ ਦਿਨ ਉਸ ਦੀ ਸ਼ਿਫਟ ਅੱਠ ਵਜੇ ਖਤਮ ਹੋਣੀ ਸੀ ਪਰ ਨਿੱਕ ਘਰ ਨਾ ਪੁੱਜਾ। ਉਸ ਨੇ ਸਾਢੇ ਨੌਂ ਵਜੇ ਪ੍ਰੀਤੀ ਨੂੰ ਫੋਨ ਕਰ ਲਿਆ। ਜੱਗੀ ਹਾਲੇ ਕੰਮ ’ਤੇ ਗਿਆ ਹੀ ਸੀ। ਨੀਸ਼ਾ ਬੋਲੀ,

–ਪ੍ਰੀਤੀ, ਜ਼ਰਾ ਨਿੱਕ ਨੂੰ ਫੋਨ ਦੇਵੀਂ।

–ਨੀਸ਼ਾ, ਨਿੱਕ ਤਾਂ ਇੱਥੇ ਹੈ ਨਹੀਂ।

–ਫਿਰ ਕਿੱਥੇ ਗਿਆ ਹੋਇਆ ? ਤੇਰੇ ਤੋਂ ਬਿਨਾਂ ਤਾਂ ਉਹ ਕਿਤੇ ਜਾਂਦਾ ਨਹੀਂ।

–ਮੇਰੇ ਕੋਲ ਤਾਂ ਉਹ ਕਦੇ ਨਹੀਂ ਆਉਂਦਾ ਪਰ ਆ ਵੀ ਜਾਵੇ ਕੋਈ ਗੱਲ ਨਹੀਂ, ਮੇਰਾ ਭਰਾ ਐ।

–ਏਦਾਂ ਤਾਂ ਉਹ ਅੱਧੀ ਦਰਜਨ ਔਰਤਾਂ ਦਾ ਭਰਾ ਐ। ਪ੍ਰੀਤੀ, ਆਪਣੀ ਫੈਮਲੀ ਲਾਈਫ ਦਾ ਧਿਆਨ ਰੱਖੀਂ, ਇਹ ਨਿੱਕ ਸਹੀ ਬੰਦਾ ਨਹੀਂ।

ਕਹਿ ਕੇ ਨੀਸ਼ਾ ਨੇ ਫੋਨ ਰੱਖ ਦਿੱਤਾ ਪਰ ਪ੍ਰੀਤੀ ਸੋਚਾਂ ਵਿੱਚ ਪੈ ਗਈ। ਸਵੇਰੇ ਜੱਗੀ ਆਇਆ ਤਾਂ ਉਸ ਨਾਲ ਸਾਰੀ ਗੱਲ ਸਾਂਝੀ ਕੀਤੀ। ਜੱਗੀ ਹੱਸਣ ਲੱਗਾ ਤੇ ਬੋਲਿਆ,

–ਏਦਾਂ ਦੀਆਂ ਸ਼ੱਕੀ ਔਰਤਾਂ ਬਹੁਤ ਹੁੰਦੀਆਂ ਦੁਨੀਆ ਵਿੱਚ। ਨਾ ਤਾਂ ਉਹ ਆਪ ਖ਼ੁਸ਼ ਰਹਿੰਦੀਆਂ ਤੇ ਨਾ ਕਿਸੇ ਹੋਰ ਨੂੰ ਰਹਿਣ ਦਿੰਦੀਆਂ। ਭਰਜਾਈ, ਤੂੰ ਨੀਸ਼ਾ ਦੀ ਬਹੁਤੀ ਚਿੰਤਾ ਨਾ ਕਰ।

ਅਗਲੀ ਵਾਰ ਨਿੱਕ ਉਹਨਾਂ ਦੇ ਘਰ ਆਇਆ ਤਾਂ ਪ੍ਰੀਤੀ ਨੇ ਸਾਰੀ ਗੱਲਬਾਤ ਉਹਦੇ ਨਾਲ ਕੀਤੀ ਤਾਂ ਉਹ ਰੋਣੀ ਸੂਰਤ ਬਣਾਉਂਦਾ ਬੋਲਿਆ,

–ਇਸ ਔਰਤ ਨੇ ਤਾਂ ਮੇਰੀ ਲਾਈਫ ਨਰਕ ਬਣਾ ਰੱਖੀ ਐ। ਕਿਸੇ ਵੀ ਔਰਤ ਨਾਲ ਗੱਲ ਕਰਾਂ ਤਾਂ ਮੇਰਾ ਉਸ ਨਾਲ ਸੰਬੰਧ ਜੋੜ ਦਿੰਦੀ ਐ ਤੇ ਸਿੱਧਾ ਉਸ ਨੂੰ ਜਾਂ ਉਸ ਦੇ ਘਰ ਵਾਲੇ ਨੂੰ ਫੋਨ ਕਰ ਦਿੰਦੀ ਐ। ਅਗਲੇ ਦੇ ਘਰ ਵਿੱਚ ਲੜਾਈ ਪੈਣੀ ਹੀ ਹੋਈ। ...ਮੈਂ ਕੀ ਕਰਾਂ ਇਸ ਔਰਤ ਦਾ? ਬਹੁਤ ਕਿਹਾ ਕਿ ਸ਼ੱਕ ਨਾ ਕਰਿਆ ਕਰੇ ਪਰ....!

ਪ੍ਰੀਤੀ ਨੂੰ ਉਸ ਨਾਲ ਹਮਦਰਦੀ ਹੋ ਰਹੀ ਸੀ। ਨਿੱਕ ਦੀ ਗੱਲ ਹੋਰ ਵੀ ਸੱਚੀ ਸਿੱਧ ਹੋ ਗਈ ਜਦ ਨੀਸ਼ਾ ਨੇ ਜੱਗੀ ਨੂੰ ਫੋਨ ਕਰਕੇ ਇਹੀ ਗੱਲਾਂ ਕਹੀਆਂ। ਉਹ ਬੋਲੀ,

–ਜੈਗ, ਤੂੰ ਤੇ ਕੰਮ 'ਤੇ ਚਲੇ ਜਾਨਾ ਤੇ ਨਿੱਕ ਤੇਰੇ ਘਰ ਆ ਵੜਦਾ। ਤੂੰ ਰੋਕ ਪ੍ਰੀਤੀ ਨੂੰ। ਨਿੱਕ ਨੂੰ ਵੀ ਆਪਣੇ ਘਰ ਨਾ ਵੜਨ ਦਿਆ ਕਰ।

ਜੱਗੀ ਹੱਸਣ ਲੱਗਾ ਤੇ ਬੋਲਿਆ,

–ਨੀਸ਼ਾ, ਸ਼ੱਕ ਦੀ ਅੱਗ ਵਿੱਚ ਏਨਾ ਨਹੀਂ ਸੜੀਦਾ। ਮੈਨੂੰ ਨਹੀਂ ਲੱਗਦਾ ਕਿ ਨਿੱਕ ਏਦਾਂ ਦਾ ਬੰਦਾ ਐ।

–ਜੈਗ, ਮੈਂ ਤਾਂ ਉਹਦੇ ਨਾਲ ਵਿਆਹੀ ਹੋਈ ਆਂ। ਮੈਂ ਤਾਂ ਉਹਦੀ ਰਗ-ਰਗ ਦੀ ਵਾਕਫ ਆਂ। ਜਦ ਉਹ ਬਾਹਰੋਂ ਲੇਟ ਮੁੜਦਾ ਤਾਂ ਖਾਲੀ ਹੋ ਕੇ ਮੁੜਦਾ, ਹੋਰ ਤੈਨੂੰ ਕੀ ਦੱਸਾਂ!

ਨੀਸ਼ਾ ਦੀ ਗੱਲ ਤੋਂ ਜੱਗੀ ਨੂੰ ਕਚਿਆਣ ਜਿਹੀ ਆਉਣ ਲੱਗੀ। ਉਸ ਨੇ ਝਟਕੇ ਨਾਲ ਫੋਨ ਬੰਦ ਕਰ ਦਿੱਤਾ। ਉਸ ਨੂੰ ਨਿੱਕ ਨਾਲ ਹਮਦਰਦੀ ਹੋ ਰਹੀ ਸੀ ਤੇ ਮਨ ਹੀ ਮਨ ਕਹਿ ਰਿਹਾ ਸੀ ਕਿ ਸ਼ੁਕਰ ਹੈ ਰੱਬਾ, ਪ੍ਰੀਤੀ ਅਜਿਹੀ ਨਹੀਂ ਹੈ।

ਇੱਕ ਦਿਨ ਸ਼ਾਮ ਨੂੰ ਨਿੱਕ ਨੇ ਪ੍ਰੀਤੀ ਨੂੰ ਫੋਨ ਕੀਤਾ। ਆਵਾਜ਼ ਤੋਂ ਨਿੱਕ ਬਹੁਤ ਉਦਾਸ ਲੱਗ ਰਿਹਾ ਸੀ। ਪ੍ਰੀਤੀ ਨੇ ਕਾਰਨ ਪੁੱਛਿਆ ਤਾਂ ਬੋਲਿਆ,

–ਅੱਜ ਤਾਂ ਨੀਸ਼ਾ ਨੇ ਘਰ ਵਿੱਚ ਬਹੁਤ ਹੀ ਲੜਾਈ ਪਾਈ ਹੋਈ ਐ, ਕਿਸੇ ਗੋਰੀ ਨੂੰ ਲੈ ਕੇ, ਮੇਰੇ ਨਾਲ ਕੰਮ ਕਰਦੀ ਐ। ਲੋਕਲ ਅਖ਼ਬਾਰ ਵਿੱਚ ਕਿਸੇ ਚੈਰਟੀ ਦਾ ਕੰਮ ਕਰਦਿਆਂ ਦੀ ਸਾਡੀ ਇਕੱਠਿਆਂ ਦੀ ਫੋਟੋ ਆਈ ਐ ਇਸ ਕਰਕੇ। ਅੱਜ ਤਾਂ ਰੋਟੀ ਵੀ ਨਹੀਂ ਬਣੀ।

–ਓਹ! ਦੈਟ'ਜ਼ ਬੈਡ, ਆ ਜਾ ਰੋਟੀ ਇੱਥੇ ਖਾ ਜਾ।

ਨਿੱਕ ਆ ਗਿਆ। ਉਹ ਰੌਕੀ ਲਈ ਚੌਕਲੇਟ ਦਾ ਇੱਕ ਡੱਬਾ ਲੈਂਦਾ ਆਇਆ। ਚੌਕਲੈਟ ਲੈ ਕੇ ਰੌਕੀ ਆਪਣੇ ਕਮਰੇ ਵਿੱਚ ਚਲੇ ਗਿਆ, ਨਿੱਕ ਤੇ ਪ੍ਰੀਤੀ ਟੈਲੀ ਦੇਖਦੇ ਗੱਲਾਂ ਕਰਨ ਲੱਗੇ। ਬਹੁਤੀ ਵਾਰੀ ਉਹ ਜੱਗੀ ਜਾਂ ਨੀਸ਼ਾ ਦੀ ਹਾਜ਼ਰੀ ਵਿੱਚ ਹੀ ਮਿਲੇ ਸਨ। ਇਵੇਂ ਆਪਸ ਵਿੱਚ ਇਕੱਲੇ ਬਹੁਤ ਘੱਟ ਮਿਲਦੇ ਸਨ। ਪ੍ਰੀਤੀ ਨੇ ਚਾਹ ਬਣਾਈ। ਇੱਕ ਘੁੱਟ ਭਰਦਾ ਨਿੱਕ ਬੋਲਿਆ,

–ਵਾਹ, ਬਹੁਤ ਸੁਹਣੀ ਚਾਹ ਐ। ਬਹੁਤ ਦੇਰ ਬਾਅਦ ਏਦਾਂ ਦੀ ਚਾਹ ਪੀਣ ਨੂੰ ਮਿਲੀ ਐ। ਮੇਰੀ ਮੰਮੀ ਬਣਾਇਆ ਕਰਦੀ ਸੀ।

–ਨਿੱਕ, ਮੈਂ ਉਹਦੇ ਕੋਲੋਂ ਹੀ ਤਾਂ ਸਿੱਖੀ ਸੀ। ਮੈਂ ਬਹੁਤਾ ਖਾਣਾ ਬਣਾਉਣਾ ਜਰਨੈਲ ਕੌਰ ਅੰਟੀ ਤੋਂ ਹੀ ਤਾਂ ਸਿੱਖਿਆ ਸੀ। ਤੈਨੂੰ ਚੇਤਾ ਨਹੀਂ?



–ਮੈਨੂੰ ਚੇਤਾ ਤਾਂ ਹੈਗਾ। ਮੰਮੀ ਮੈਨੂੰ ਕਹਿੰਦੀ ਹੁੰਦੀ ਸੀ ਕਿ ਜੇ ਤੈਨੂੰ ਪ੍ਰੀਤੀ ਵਰਗੀ ਕੁੜੀ ਮਿਲ ਜਾਵੇ ਤਾਂ ਤੇਰੀ ਜ਼ਿੰਦਗੀ ਸੁਧਰ ਜਾਵੇ। ਮੈਂ ਲੇਜ਼ੀ ਜਿਉਂ ਬਹੁਤ ਹੁੰਦਾ ਸੀ।

ਨਿੱਕ ਹੱਸਣ ਲੱਗਾ ਤੇ ਨਾਲ ਹੀ ਪ੍ਰੀਤੀ ਵੀ। ਪਹਿਲਾਂ ਤਾਂ ਉਹ ਮੁਹੱਲੇ ਤੇ ਦੋਸਤਾਂ ਦੀਆਂ ਗੱਲਾਂ ਕਰਿਆ ਕਰਦੇ ਸਨ ਤੇ ਹੁਣ ਕੁਝ ਕੁਝ ਨਿੱਜੀ ਜਿਹੀਆਂ ਗੱਲਾਂ ਵੱਲ ਹੋ ਗਏ। ਪ੍ਰੀਤੀ ਨੇ ਆਖਿਆ,

–ਤੈਨੂੰ ਚੇਤਾ ਕਿ ਇੱਕ ਵਾਰ ਸ਼ਿੰਦਰ ਨੇ ਮੈਨੂੰ ਛੇੜਿਆ ਵੀ ਸੀ।

–ਹਾਂ, ਡੈਡੀ ਨੇ ਉਹਦੇ ਥੱਪੜ ਵੀ ਇਸੇ ਕਰਕੇ ਮਾਰਿਆ ਸੀ ਤੇ ਇਸੇ ਗੱਲ ਦੀ ਸਜ਼ਾ ਮਿਲੀ ਸੀ ਕਿ ਉਹਦਾ ਵਿਆਹ ਜਲਦੀ ਕਰ ਦਿੱਤਾ ਸੀ, ਉਹ ਵੀ ਸੁਕੜੀ ਜਿਹੀ ਕੁੜੀ ਜਿੰਦਰੀ ਨਾਲ।

–ਅਸੀਂ ਸਾਰੀਆਂ ਕੁੜੀਆਂ ਜਿੰਦਰੀ ਨੂੰ 'ਤਰ' ਕਿਹਾ ਕਰਦੀਆਂ ਸਾਂ।

ਉਹ ਫਿਰ ਹੱਸਣ ਲੱਗੇ ਤੇ ਕਿੰਨੀ ਦੇਰ ਹੱਸਦੇ ਰਹੇ। ਨਿੱਕ ਆਖਣ ਲੱਗਾ,

–ਸ਼ਿੰਦਰ ਤਾਂ ਪਤਾ ਨਹੀਂ ਤੈਨੂੰ ਕਿੱਦਾਂ ਛੇੜ ਬੈਠਾ ਪਰ ਤੇਰੇ ਲੜਾਕੇ ਭਰਾਵਾਂ ਤੋਂ ਡਰਦਾ ਤੇਰੇ ਵੱਲ ਕੋਈ ਮੂੰਹ ਨਹੀਂ ਸੀ ਕਰਦਾ ਜਦ ਕਿ ਹਰ ਕੋਈ ਸੁਫਨੇ ਤੇਰੇ ਹੀ ਲੈਂਦਾ ਸੀ। ਤੇਰਾ ਔਰਾ ਹੀ ਬਹੁਤ ਵੱਡਾ ਸੀ।

–ਰਹਿਣ ਦੇ, ਮੇਰੇ ਵਿੱਚ ਐਡੀ ਕਿਹੜੀ ਕੋਈ ਗੱਲ ਸੀ, ਸਾਧਾਰਨ ਜਿਹੀ ਕੁੜੀ ਸਾਂ।

–ਨਹੀਂ ਪ੍ਰੀਤੀ, ਤੈਨੂੰ ਨਹੀਂ ਪਤਾ ਆਪਣੇ ਬਾਰੇ, ਤੂੰ ਬਹੁਤ ਸੁਹਣੀ ਹੁੰਦੀ ਸੈਂ, ਅਸੀਂ ਸਾਰੇ ਕਹਿੰਦੇ ਹੁੰਦੇ ਸਾਂ ਕਿ ਇੱਕ ਦਿਨ ਤੂੰ ਐਕਟਰੱਸ ਬਣੇਂਗੀ, ਤੇਰੇ ਵਰਗੀ ਕੁੜੀ ਪੂਰੇ ਮੁਹੱਲੇ ਵਿੱਚ ਤਾਂ ਕੀ ਪੂਰੇ ਨਰੋਬੀ ਵਿੱਚ ਨਹੀਂ ਹੋਣੀ।

ਉਸ ਦੀ ਗੱਲ ਸੁਣ ਪ੍ਰੀਤੀ ਸ਼ਰਮਾ ਗਈ। ਕੁਝ ਦੇਰ ਬਾਅਦ ਬੋਲੀ,

–ਉਹ ਉਮਰ ਅਜਿਹੀ ਹੁੰਦੀ ਐ ਕਿ ਮੁੰਡਿਆਂ ਨੂੰ ਹਰ ਕੁੜੀ ਹੀ ਸੁਹਣੀ ਲੱਗਦੀ ਹੁੰਦੀ ਐ।

–ਨਹੀਂ ਪ੍ਰੀਤੀ, ਤੂੰ ਬਹੁਤ ਸੁਹਣੀ ਹੁੰਦੀ ਸੈਂ, ਤੇਰੀਆਂ ਗੱਲਾਂ ਜਿਵੇਂ ਐਪਲ ਹੋਣ ਤੇ ਬੁੱਲ੍ਹ ਜਿਵੇਂ ਮੈਂਗੋ।

–ਨਿੱਕ, ਰਹਿਣ ਦੇ, ਰਹਿਣ ਦੇ, ਇਹ ਆਪਣੀਆਂ ਗੱਲਾਂ ਆਪਣੇ ਕੋਲ ਹੀ ਰੱਖ।

–ਨਹੀਂ ਸੱਚ ਪ੍ਰੀਤੀ, ਰੱਬ ਦੀ ਸੌਂਹ! ਜਦ ਮੈਂ ਹੁਣ ਪਹਿਲੀ ਵਾਰ ਦੇਖਿਆ ਤਾਂ ਤੇਰੇ ਚਿਹਰੇ ਦੀ ਉਹੀ ਗਰੇਸ ਦੇ ਕੇ ਹੈਰਾਨ ਰਹਿ ਗਿਆ। ਤੂੰ ਤਾਂ ਉਵੇਂ ਦੀ ਉਵੇਂ ਐਂ। ਮੈਂ ਤਾਂ ਸੋਚਿਆ ਸੀ ਕਿ ਇੱਕ ਬੱਚਾ ਹੋ ਗਿਆ, ਚਿਹਰਾ ਢਲ਼ ਗਿਆ ਹੋਵੇਗਾ ਪਰ ਤੂੰ ਤਾਂ ਬਿਲਕੁਲ ਜਿਵੇਂ ਹਾਲੇ ਕੁਆਰੀ ਹੋਵੇਂ।

ਗੱਲ ਕਹਿ ਕੇ ਨਿੱਕ ਉਹਦੇ ਵੱਲ ਦੇਖਦਾ ਰਿਹਾ। ਉਹ ਦਿਲੋਂ ਕਹਿ ਰਿਹਾ ਸੀ। ਜਿਸ ਦਿਨ ਦਾ ਉਸ ਨੂੰ ਪਤਾ ਚੱਲਿਆ ਸੀ ਕਿ ਪ੍ਰੀਤੀ ਸਟੈਨਵੈੱਲ ਵਿੱਚ ਰਹਿੰਦੀ ਹੈ, ਉਸ ਨੇ ਪ੍ਰੀਤੀ ਦੇ ਸੁਫਨੇ ਲੈਣੇ ਸ਼ੁਰੂ ਕਰ ਦਿੱਤੇ ਸਨ। ਪ੍ਰੀਤੀ ਉਸ ਵੱਲ ਇੱਕ ਵਾਰ ਝਾਕੀ ਤੇ ਫਿਰ ਨੀਵੀਂ ਪਾ ਲਈ। ਉਸ ਦੇ ਕੰਨ ਲਾਲ ਹੋ ਗਏ। ਕੁਝ ਦੇਰ ਬਾਅਦ ਬੋਲੀ,

–ਜੈਗ ਦਾ ਫਰੈਂਡ ਨਵੀ ਮੈਨੂੰ ਸ਼੍ਰੀ ਦੇਵੀ ਕਹਿੰਦਾ ਹੁੰਦਾ।

–ਮੈਨੂੰ ਤੇਰੇ ਵਿੱਚ ਟੀਨਾ ਮੁਨੀਮ ਦੀ ਝਲਕ ਦਿੱਸਦੀ ਐ। ਅਸਲ ਵਿੱਚ ਜਿਹੜਾ ਚਿਹਰਾ ਤੁਹਾਨੂੰ ਚੰਗਾ ਲੱਗਦਾ ਐ ਤੁਸੀਂ ਉਹੀ ਦੇਖਣਾ ਚਾਹੁੰਦੇ ਓ। ਨਵੀ ਨੂੰ ਸ਼੍ਰੀ ਦੇਵੀ

ਚੰਗੀ ਲੱਗਦੀ ਹੋਵੇਗੀ ਪਰ ਕਿਤੇ ਨਵੀ ਤੇਰੇ 'ਤੇ ਅੱਖ ਤਾਂ ਨਹੀਂ ਰੱਖ ਰਿਹਾ।

–ਨਹੀਂ ਨਹੀਂ, ਨਵੀ ਏਦਾਂ ਦਾ ਬੰਦਾ ਨਹੀਂ। ਉਹ ਬਹੁਤ ਸਿਨਸੀਅਰ ਦੋਸਤ ਐ ਜੈਗ ਦਾ। ਉਹਦੀ ਲਾਈਫ ਵੀ ਬਹੁਤ ਟਰੈਜਿਕ ਐ, ਛੇ ਸਾਲ ਹੋ ਗਏ ਵਿਆਹ ਹੋਏ ਨੂੰ ਹਾਲੇ ਤਕ ਬੱਚਾ ਨਹੀਂ ਹੋਇਆ। ਘਰ ਵਾਲੀ ਬਿਮਾਰ ਰਹਿੰਦੀ ਐ ਤੇ ਬੱਚਾ ਹੋਣ ਦੀ ਆਸ ਵੀ ਨਹੀਂ। ਉਹਦੇ ਮਾਂਪਿਓ ਕਹਿੰਦੇ ਆ ਕਿ ਵਿਆਹ ਹੋਰ ਕਰਾ ਲੈ ਪਰ ਨਵੀ ਏਦਾਂ ਦਾ ਬੰਦਾ ਨਹੀਂ। ਬਹੁਤ ਵਧੀਆ ਹਸਬੈਂਡ ਐ।

ਪ੍ਰੀਤੀ ਦੀ ਗੱਲ ਤੋਂ ਨਿੱਕ ਨੂੰ ਕੁਝ ਰਾਹਤ ਮਿਲੀ। ਉਸ ਨੇ ਪ੍ਰੀਤੀ ਨੂੰ ਨਵੀ ਨਾਲ ਖੁੱਲ੍ਹ ਕੇ ਗੱਲਾਂ ਕਰਦੇ ਹੋਏ ਦੇਖਿਆ ਹੋਇਆ ਸੀ ਇਸ ਲਈ ਉਸ ਨੂੰ ਡਰ ਸੀ ਕਿ ਪ੍ਰੀਤੀ ਨਵੀ ਦੇ ਨੇੜੇ ਹੋਵੇਗੀ।

ਅਗਲੀ ਸਵੇਰ ਜੱਗੀ ਕੰਮ ਤੋਂ ਆਇਆ ਤਾਂ ਪ੍ਰੀਤੀ ਨੇ ਦੱਸ ਦਿੱਤਾ ਕਿ ਨਿੱਕ ਆ ਕੇ ਰੋਟੀ ਖਾ ਕੇ ਗਿਆ ਹੈ। ਜੱਗੀ ਨੇ ਹੱਸਦੇ ਹੋਏ ਕਿਹਾ,

–ਇਹ ਤਾਂ ਖਾਊ–ਪੀਊ ਭਰਾ ਲੱਗਦਾ।

ਉਸ ਦਿਨ ਤੋਂ ਬਾਅਦ ਨਿੱਕ ਅਕਸਰ ਪ੍ਰੀਤੀ ਨੂੰ ਮਿਲਣ ਆ ਜਾਂਦਾ। ਜੱਗੀ ਘਰ ਹੁੰਦਾ ਤਾਂ ਵੀ ਬਲਕਿ ਕਈ ਵਾਰ ਤਾਂ ਉਹ ਜਾਣ ਬੁੱਝ ਕੇ ਜੱਗੀ ਦੇ ਹੁੰਦਿਆਂ ਹੀ ਆਉਂਦਾ, ਬਿਨਾਂ ਕਿਸੇ ਫੋਨ ਕੀਤਿਆਂ। ਹੁਣ ਪ੍ਰੀਤੀ ਉਸ ਦੇ ਸਿਰ ਨੂੰ ਨਸ਼ੇ ਵਾਂਗ ਚੜ੍ਹਨ ਲੱਗੀ ਸੀ।

ਨੀਸ਼ਾ ਪਹਿਲਾਂ ਨਾਲੋਂ ਵੀ ਪਰੇਸ਼ਾਨ ਰਹਿਣ ਲੱਗੀ। ਉਸ ਨੇ ਪ੍ਰੀਤੀ ਨਾਲ ਦੋ ਕੁ ਵਾਰ ਫੋਨ ਉਪਰ ਲੜਾਈ ਕੀਤੀ ਪਰ ਪ੍ਰੀਤੀ ਵੀ ਅੱਗੋਂ ਉਸ ਨਾਲ ਗਾਲ੍ਹ–ਮ–ਗਾਲ੍ਹੀ ਹੋ ਜਾਂਦੀ। ਨੀਸ਼ਾ ਕੰਮ ਉਪਰ ਵੀ ਉਹ ਉਦਾਸ ਜਿਹੀ ਰਹਿੰਦੀ। ਇੱਕ ਦਿਨ ਉਸ ਦਾ ਫੋਰਮੈਨ ਪੀਟਰ ਉਸ ਨੂੰ ਕੰਮ ਧਿਆਨ ਨਾਲ ਨਾ ਕਰਦਿਆਂ ਦੇਖ ਕੇ ਬੋਲਿਆ,

–ਨੀਸ਼ਾ, ਬੈੱਲਟ ਤੇਜ਼ ਚੱਲ ਰਹੀ ਐ, ਸੱਟ ਨਾ ਲੁਆ ਲਵੀਂ।

–ਓ ਸੌਰੀ ਪੀਟਰ।

ਪੀਟਰ ਵੀ ਗੁਜਰਾਤੀ ਹੀ ਸੀ ਤੇ ਗੁਜਰਾਤੀ ਕਾਮਿਆਂ ਨਾਲ ਉਹ ਵਿਸ਼ੇਸ਼ ਹਮਦਰਦੀ ਰੱਖਿਆ ਕਰਦਾ। ਉਸ ਨੇ ਕਿਹਾ,

–ਨੀਸ਼ਾ, ਹੈਵ ਏ ਬ੍ਰੇਕ। ਜ਼ਰਾ ਰੈੱਸਟ ਕਰ ਲੈ।

–ਨਹੀਂ ਪੀਟਰ, ਮੈਂ ਠੀਕ ਆਂ, ਤੂੰ ਫਿਕਰ ਨਾ ਕਰ।

ਆਖਦੀ ਨੀਸ਼ਾ ਧਿਆਨ ਨਾਲ ਕੰਮ ਕਰਨ ਲੱਗੀ। ਟੀ ਬ੍ਰੇਕ ਹੋਈ ਤਾਂ ਨੀਸ਼ਾ ਕੈਨਟੀਨ ਵੱਲ ਤੁਰ ਪਈ। ਪੀਟਰ ਉਹਦੇ ਨਾਲ ਆ ਰਲਿਆ ਤੇ ਬੋਲਿਆ,

–ਨੀਸ਼ਾ, ਤੂੰ ਪਰੇਸ਼ਾਨ ਲੱਗਦੀ ਐਂ, ਜੇ ਚਾਹੇਂ ਤਾਂ ਦਿਲ ਦੀ ਗੱਲ ਮੇਰੇ ਨਾਲ ਸਾਂਝੀ ਕਰ ਸਕਦੀ ਐਂ।

–ਪੀਟਰ, ਉਹੀ ਫੈਮਿਲੀ ਪ੍ਰੌਬਲਮ।

–ਹਸਬੈਂਡ ?

–ਹਾਂ।

–ਜੁਆਇਨ ਦਾ ਕਲੱਬ !



# ਸੱਤ

ਰੌਕੀ ਦਾ ਪੰਜਵਾਂ ਜਨਮ ਦਿਨ ਸੀ। ਪ੍ਰੀਤੀ ਚਾਹੁੰਦੀ ਸੀ ਕਿ ਸਾਰੇ ਦੋਸਤਾਂ ਨੂੰ ਸੱਦਿਆ ਜਾਵੇ ਪਰ ਉਹਨਾਂ ਦੇ ਦੋਸਤ ਸਨ ਵੀ ਕਿੰਨੇ। ਦੋ ਕੁ ਗਵਾਂਢੀ, ਨਵੀ ਤੇ ਦੇਵਨ। ਨਿੱਕ ਤਾਂ ਹੈ ਹੀ ਸੀ। ਅੱਜ ਕੱਲ੍ਹ ਨੀਸ਼ਾ ਤੇ ਨਿੱਕ ਵਿੱਚ ਝਗੜਾ ਚੱਲ ਰਿਹਾ ਸੀ ਇਸ ਕਰਕੇ ਨੀਸ਼ਾ ਨਾ ਆਈ। ਪ੍ਰੀਤੀ ਬਹੁਤ ਵਧੀਆ ਕੁੱਕ ਹੈ ਹੀ ਸੀ ਇਸ ਲਈ ਉਸ ਨੇ ਪਾਰਟੀ ਲਈ ਕੁਝ ਵੀ ਬਾਹਰੋਂ ਨਾ ਮੰਗਵਾਇਆ, ਸਭ ਆਪ ਹੀ ਘਰੇ ਬਣਾ ਲਿਆ। ਨਿੱਕ ਉਸ ਦੀ ਮੱਦਦ ਕਰ ਰਿਹਾ ਸੀ। ਭਾਂਤ ਭਾਂਤ ਦੇ ਖਾਣੇ ਤਿਆਰ ਕੀਤੇ। ਦੋ ਕਿਸਮ ਦਾ ਲੈਂਬ ਤੇ ਤਿੰਨ ਕਿਸਮ ਦਾ ਚਿੱਕਨ। ਸਬਜ਼ੀਆਂ ਵਿੱਚ ਵੀ ਕਈ ਵੰਨਗੀਆਂ ਤੇ ਨਾਲ ਤਿੰਨ ਤਰ੍ਹਾਂ ਦੇ ਡਿਜ਼ਰੱਟ ਵੀ। ਸਾਰੇ ਪੁੱਜ ਗਏ। ਗਵਾਂਢੀ ਜ਼ਰਾ ਕੁ ਲੇਟ ਆਏ। ਇੱਕ ਗਵਾਂਢੀ ਗੋਰਾ ਸਾਰੇ ਇੰਡੀਅਨ ਦੇਖ ਕੇ ਚਲੇ ਗਿਆ। ਇੱਕ ਨਿੱਕ ਦਾ ਦੋਸਤ ਹਮੀਦ ਵੀ ਸੀ। ਹਮੀਦ ਕਿਸੇ ਬੀਮਾ ਕੰਪਨੀ ਵਿੱਚ ਕੰਮ ਕਰਦਾ ਸੀ।

ਬੈਠਕ ਵਿੱਚ ਸੋਫੇ ਦੀਆਂ ਪੰਜ ਸੀਟਾਂ ਤਾਂ ਸਨ ਹੀ, ਕੁਝ ਕੁਰਸੀਆਂ ਲਾ ਕੇ ਬਾਰਾਂ ਕੁ ਬੰਦਿਆਂ ਦੇ ਬੈਠਣ ਦੀ ਜਗ੍ਹਾ ਬਣਾਈ ਹੋਈ ਸੀ। ਪ੍ਰੀਤੀ ਤਾਂ ਏਧਰ ਓਧਰ ਤੁਰੀ ਫਿਰਦੀ ਸੀ, ਸ਼ਿਵਾਨੀ ਵੀ ਉਸ ਦੀ ਮੱਦਦ ਨੂੰ ਜਾ ਲੱਗੀ। ਨਿੱਕ ਕਿਸੇ ਮੁੰਡੂ ਵਾਂਗ ਦੌੜਾ ਫਿਰਦਾ। ਜੱਗੀ ਉਸ ਨੂੰ ਹਾਕ ਮਾਰਦਾ ਆਖਦਾ, 'ਓ ਨਿੱਕ, ਵਿਸਕੀ ਚੁੱਕੀਂ, ਆਹ ਪਕੌੜੇ ਏਧਰ ਕਰੀਂ, ਬੀਅਰ ਦਾ ਡੱਬਾ ਦੇਈਂ।' ਤੇ ਨਿੱਕ ਭੱਜ ਕੇ ਉਹ ਕੰਮ ਕਰ ਦਿੰਦਾ। ਪਹਿਲਾਂ ਸਾਰੇ ਚੁੱਪ–ਚੁੱਪ ਸਨ ਪਰ ਇੱਕ ਇੱਕ ਪੈੱਗ ਨਾਲ ਕੁਝ ਕੁ ਖੁੱਲ੍ਹਣ ਲੱਗੇ। ਦੇਵਨ ਨੇ ਹਮੀਦ ਨੂੰ ਪੁੱਛਿਆ,

–ਕਿਹੜੀ ਕੰਪਨੀ ਨਾਲ ਕੰਮ ਕਰਦੇ ਹੋ ?

–ਵੈਸੇ ਤਾਂ ਮੈਂ ਐਬੇ ਲਾਈਫ ਨਾਲ ਕੰਮ ਕਰਦਾ ਵਾਂ ਪਰ ਮੈਂ ਫਰੀ ਲਾਂਸ ਵਾਂਗ ਚਲਦਾ ਵਾਂ। ਕਿਸੇ ਵੀ ਕੰਪਨੀ ਦੀ ਡੀਲ ਹੋਵੇ ਮੈਂ ਲੈ ਦਿੰਨਾ ਵਾਂ। ਬਾਅਦ ਵਿੱਚ ਮੈਂ ਮਿਲਾਂਗਾ ਸਭ ਨੂੰ, ਜੇ ਕੋਈ ਸ਼ੈਅ ਇੰਟਰੈਸਟਿੰਗ ਲੱਗੇ ਤਾਂ ਦੇਖ ਲੈਣਾ।

–ਮੌਰਟਗੇਜ ਵੀ ਕਰਦੇ ਹੋ ?

–ਨਹੀਂ, ਹਾਲੇ ਨਹੀਂ। ਹਾਲੇ ਤਾਂ ਹਾਊਸਿੰਗ ਮਾਰਕੀਟ ਕਰੈਸ਼ ਹੋ ਗਈ ਏ। ਜ਼ਰਾ ਕੁ ਸੁਧਰ ਲਵੇ ਤਾਂ ਇਹ ਵੀ ਸ਼ੁਰੂ ਕਰ ਦੇਣਾ ਵੇ।

–ਇਹਨੂੰ ਸੁਧਰਨ ਨੂੰ ਬਹੁਤ ਵਕਤ ਲੱਗੇਗਾ। ਅਸਲ ਵਿੱਚ ਥੈਚਰ ਸਰਕਾਰ ਨੇ ਇੱਕੌਨੋਮੀ ਜਿਉਂਦਿਆਂ ਰੱਖਣ ਲਈ ਨਕਲੀ ਟੀਕੇ ਲਾਉਣੇ ਸ਼ੁਰੂ ਕਰ ਦਿੱਤੇ ਸਨ ਇਸ ਲਈ ਘਰਾਂ ਦੀ ਕੀਮਤ ਵੱਧ ਰਹੀ ਸੀ।

ਨਵੀ ਨੇ ਦੱਸਣਾ ਸ਼ੁਰੂ ਕੀਤੀ ਤਾਂ ਦੇਵਨ ਵਿਚਕਾਰ ਹੀ ਬੋਲ ਪਿਆ,

–ਯਾਰ ਨਵੀ, ਹੁਣ ਤੂੰ ਯੂਥ ਕੇਥ ਦੇ ਇਕਨੌਮਿਕ ਸਿਸਟਮ 'ਤੇ ਲੈਕਚਰ ਨਾ ਸ਼ੁਰੂ ਕਰ ਦੇਣਾ !

ਨਵੀ ਦੇਵਨ ਦੀ ਟੋਕਣ ਦੀ ਇਸ ਆਦਤ 'ਤੇ ਜ਼ਰਾ ਕੁ ਹੱਸਿਆ। ਉਸ ਨੇ ਗੱਲ ਬਦਲਦਿਆਂ ਨਿੱਕ ਨੂੰ ਪੁੱਛਿਆ,

–ਕਿੰਨੇ ਕੁ ਸਾਲ ਹੋ ਗਏ ਏਅਰਪੋਰਟ 'ਤੇ ਬੈਗਿੰਗ ਦਾ ਕੰਮ ਕਰਦਿਆਂ ?

–ਹੁਣ ਤਾਂ ਦਸ ਸਾਲ ਹੋ ਚੱਲੇ।

–ਤੁਹਾਡੀ ਜੌਬ ਵਿੱਚ ਪ੍ਰੋਮੋਸ਼ਨ ਕਿਹੜੇ ਹਿਸਾਬ ਨਾਲ ਹੁੰਦੀ ਐ ?

ਨਿੱਕ ਤੋਂ ਪਹਿਲਾਂ ਹੀ ਦੇਵਨ ਨੇ ਪੁੱਛਿਆ,

–ਤੂੰ ਵੀ ਨਵੀ ਯਾਰ, ਟਿੱਚਰਾਂ ਕਰਨ ਲੱਗ ਪੈਨਾਂ, ਭਲਾ ਬੈਗਿੰਗ ਦੀ ਜੌਬ ਵਿੱਚ ਤਾਂ ਬੈਠ ਲੋਡ ਹੀ ਕਰਨੇ ਹੁੰਦੇ ਆ, ਹੁਣ ਪ੍ਰੋਮੋਸ਼ਨ ਕਰਕੇ ਅਗਲੇ ਏਹਨੂੰ ਪਾਇਲਟ ਲਾ ਦੇਣਗੇ ?

ਦੇਵਨ ਦੀ ਗੱਲ 'ਤੇ ਉਹ ਸਾਰੇ ਹੱਸ ਪਏ। ਨਿੱਕ ਨੂੰ ਗੱਲ ਚੁਭਵੀਂ ਜਾਪੀ ਪਰ ਉਹ ਵੀ ਹੱਸ ਪਿਆ। ਜੱਗੀ ਬੋਲਿਆ,

–ਕੁਝ ਖਾਓ–ਪੀਓ ਯਾਰ, ਓਹ ਕੇਕ ਪਿਆ ਸਾਲ਼ਾ ਆਪਣੇ ਵੱਲ ਦੇਖੀ ਜਾਂਦਾ। ਮੁੰਡਾ ਵੀ ਕਾਹਲ਼ਾ ਪੈ ਰਿਹਾ ਫੂਕ ਮਾਰਨ ਲਈ।

ਨਿੱਕ ਨੇ ਸਭ ਨੂੰ ਇੱਕ ਇੱਕ ਹੋਰ ਪੈੱਗ ਪਾ ਦਿੱਤਾ। ਫਿਰ ਉਹ ਬਕਾਰਡੀ ਦੀ ਬੋਤਲ ਚੁੱਕ ਰਸੋਈ ਵਿੱਚ ਜਾ ਵੜਿਆ। ਕੁਝ ਦੇਰ ਬਾਅਦ ਪ੍ਰੀਤੀ ਬੈਠਕ ਵਿੱਚ ਆਈ ਤੇ ਸਭ ਨੂੰ ਬੋਲੀ,

–ਕੇਕ ਤਿਆਰ ਐ ਬਸ ਮੈਂ ਚੇਂਜ ਕਰਕੇ ਆਈ।

ਆਖਦੀ ਉਹ ਪੌੜੀਆਂ ਚੜ੍ਹ ਗਈ। ਅੱਧੇ ਕੁ ਘੰਟੇ ਵਿੱਚ ਪ੍ਰੀਤੀ ਆ ਗਈ। ਉਸ ਵੱਲ ਦੇਖ ਕੇ ਨਵੀ ਦੇ ਮੂੰਹੋਂ ਇਕਦਮ ਨਿਕਲ ਗਿਆ,

–ਲਮਹੇ !

–ਯੈਸ ਨਵੀ, ਲਮਹੇ। ਇਸ ਡਿਜ਼ਾਇਨ ਨੂੰ ਲਮਹੇ ਹੀ ਕਹਿੰਦੇ ਆ।

ਪ੍ਰੀਤੀ ਬੋਲੀ। ਉਸ ਨੇ ਲਾਲ ਰੰਗ ਦੀ ਡਰੈੱਸ ਪਾਈ ਹੋਈ ਸੀ। ਬਿਲਕੁਲ ਅਜਿਹੀ ਹੀ ਡਰੈੱਸ ਸ਼੍ਰੀ ਦੇਵੀ ਨੇ 'ਲਮਹੇ' ਫਿਲਮ ਵਿੱਚ ਪਾਈ ਸੀ। ਪ੍ਰੀਤੀ ਸੁਹਣੀ ਵੀ ਬਹੁਤ ਲੱਗ ਰਹੀ ਸੀ। ਸਭ ਨੇ ਹੀ ਉਸ ਦੀ ਤਾਰੀਫ ਕੀਤੀ। ਜੱਗੀ ਇਹ ਤਾਰੀਫ ਸੁਣ ਕੇ ਪ੍ਰੀਤੀ ਤੋਂ ਵੀ ਵੱਧ ਖ਼ੁਸ਼ ਹੋ ਰਿਹਾ ਸੀ। ਨਿੱਕ ਨੇ ਕੇਕ ਨੂੰ ਮੇਜ਼ 'ਤੇ ਸਜਾਇਆ। ਉਸ ਵਿੱਚ ਪੰਜ ਮੋਮਬੱਤੀਆਂ। ਸਾਰੇ ਉੱਠ ਕੇ ਮੇਜ਼ ਦੁਆਲੇ ਇਕੱਠੇ ਹੋ ਗਏ। ਮਹਿਮਾਨਾਂ ਨੇ ਲਿਆਂਦੇ ਤੋਹਫੇ ਰੌਕੀ ਨੂੰ ਫੜਾਏ। ਉਹ ਇੱਕ–ਇੱਕ ਕਰਕੇ ਨਿੱਕ ਨੂੰ ਫੜਾਉਂਦਾ ਗਿਆ ਤੇ ਨਿੱਕ ਅੱਗੇ ਉਹਨਾਂ ਨੂੰ ਸਾਂਭਦਾ ਜਾ ਰਿਹਾ ਸੀ। ਦੇਵਨ ਨੇ ਨਵੀ ਦੇ ਕੰਨ ਵਿੱਚ ਕਿਹਾ,

–ਮੈਨੂੰ ਇਹ ਬੰਦਾ ਸਹੀ ਨਹੀਂ ਜਾਪਦਾ। ਆਪਣਾ ਜੱਗੀ ਬਹੁਤ ਭੋਲ਼ਾ ਐ, ਤੂੰ ਸਮਝਦਾ ਹੀ ਐਂ।

ਨਵੀ ਨੇ ਉਸ ਦੀ ਗੱਲ ਸੁਣੀ ਤੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਰੌਕੀ ਨੇ ਫੂਕ ਮਾਰ ਕੇ ਮੋਮਬੱਤੀਆਂ ਬੁਝਾ ਦਿੱਤੀਆਂ। ਸਭ ਨੇ ਤਾੜੀਆਂ ਮਾਰ ਕੇ 'ਹੈਪੀ ਬਰਥਡੇਅ' ਗਾਉਣਾ ਸ਼ੁਰੂ ਕਰ ਦਿੱਤਾ। ਨਾਲ ਹੀ ਨਿੱਕ ਨੇ ਡੈੱਕ 'ਤੇ ਮੁਹੰਮਦ ਰਫੀ ਦਾ ਗਾਇਆ ਗਾਣਾ ਵੀ ਲੱਗਾ ਦਿੱਤਾ। ਕੇਕ ਕੱਟਿਆ ਗਿਆ। ਸਭ ਨੂੰ ਵੰਡਿਆ ਗਿਆ। ਇਸ ਮੌਕੇ 'ਤੇ ਜੱਗੀ ਭਾਵੁਕ ਹੋ ਗਿਆ। ਉਸ ਨੇ ਰੌਕੀ ਨੂੰ ਗੋਦੀ ਚੁੱਕਿਆ ਤੇ ਪ੍ਰੀਤੀ ਨੂੰ ਆਪਣੇ ਕਲਾਵੇ ਵਿੱਚ ਲਿਆ ਤੇ ਸਭ ਨੂੰ ਮੁਖਾਤਬ ਹੁੰਦਾ ਬੋਲਿਆ,



–ਦੋਸਤੋ, ਇਹ ਮੇਰੀ ਦੁਨੀਆ ਹੈਗੀ ਐ, ਇਸ ਦੁਨੀਆ ਬਿਨਾਂ ਮੈਂ ਮਰ ਜਾਵਾਂਗਾ।

ਪ੍ਰੀਤੀ ਨੇ ਉਸ ਨੂੰ ਜੱਫੀ ਪਾ ਲਈ ਤੇ ਰੌਕੀ ਵੀ ਉਸ ਨੂੰ ਚੁੰਬੜ ਗਿਆ। ਮਹੌਲ ਜਜ਼ਬਾਤੀ ਜਿਹਾ ਹੋ ਗਿਆ। ਉਸੇ ਵੇਲੇ ਨਿੱਕ ਨੇ ਡੈੱਕ 'ਤੇ ਭੰਗੜੇ ਵਾਲਾ ਗਾਣਾ ਲਾ ਦਿੱਤਾ ਤੇ ਸਭ ਦਾ ਮੂਡ ਨੱਚਣ ਵੱਲ ਨੂੰ ਤੁਰ ਗਿਆ। ਨਿੱਕ ਨੇ ਕੁਰਸੀਆਂ ਇੱਕ ਪਾਸੇ ਕਰਦਿਆਂ ਨੱਚਣ ਲਈ ਜਗ੍ਹਾ ਬਣਾ ਲਈ। ਜੱਗੀ ਨੇ ਪ੍ਰੀਤੀ ਨੂੰ ਕਿਹਾ,

–ਭਰਜਾਈ, ਆ ਜਾ ਇੱਕ ਪੈੱਗ ਮੇਰੇ ਨਾਲ ਵੀ ਲਾ ਲੈ।

–ਜੈਗ, ਪਹਿਲਾਂ ਹੀ ਦੋ ਹੋ ਗਏ।

–ਆ ਜਾ, ਇੱਕ ਹੋਰ ਲਾ ਲੈ, ਛੋਟਾ ਜਿਹਾ।

ਆਖਦਿਆਂ ਜੱਗੀ ਨੇ ਸਭ ਲਈ ਹੀ ਇੱਕ ਇੱਕ ਹੋਰ ਪੈੱਗ ਪਾ ਲਿਆ ਤੇ ਖਾਸ ਤੌਰ 'ਤੇ ਪ੍ਰੀਤੀ ਲਈ। ਕੁਝ ਘੁੱਟਾਂ ਭਰਦੀ ਪ੍ਰੀਤੀ ਨੇ ਆਪਣਾ ਪੈੱਗ ਇੱਕ ਪਾਸੇ ਰੱਖ ਦਿੱਤਾ ਤੇ ਡਾਂਸ ਕਰਨ ਲੱਗੀ। ਨਵੀ ਨੂੰ ਡਾਂਸ ਕਰਨਾ ਚੰਗਾ ਨਹੀਂ ਸੀ ਲੱਗਦਾ ਪਰ ਪ੍ਰੀਤੀ ਨੇ ਉਸ ਨੂੰ ਬਾਹੋਂ ਫੜ ਕੇ ਖਿੱਚ ਲਿਆ ਤੇ ਨਵੀ ਨੇ ਦੇਵਨ ਤੇ ਜੱਗੀ ਨੂੰ। ਉਹ ਸਾਰੇ ਨੱਚ ਰਹੇ ਸਨ। ਇੱਕ ਗਾਣਾ, ਦੋ ਗਾਣੇ, ਤਿੰਨ ਗਾਣੇ। ਉਹ ਲਗਾਤਾਰ ਨੱਚ ਰਹੇ ਸਨ। ਜੋ ਥੱਕ ਜਾਂਦਾ ਉਹ ਬਹਿ ਜਾਂਦਾ। ਕੁਝ ਦੇਰ ਬਾਅਦ ਉਹਨਾਂ ਦੀ ਘੰਟੀ ਵੱਜੀ। ਜੱਗੀ ਨੇ ਜਾ ਕੇ ਦਰਵਾਜ਼ਾ ਖੋਲ੍ਹਿਆ। ਹੇਠਲੇ ਫਲੈਟ ਵਾਲੀ ਔਰਤ ਸਾਹਮਣੇ ਖੜੀ ਸੀ। ਜੱਗੀ ਸਮਝ ਗਿਆ। ਉਹ ਇਕਦਮ ਬੋਲਿਆ,

–ਮੈਰੀ, ਮੇਰੇ ਮੁੰਡੇ ਦਾ ਬਰਥਡੇ ਆ, ਬਸ, ਅਸੀਂ ਜਲਦੀ ਹੀ ਮਿਊਜ਼ਕ ਬੰਦ ਕਰ ਦੇਣਾ, ਦਸ ਕੁ ਮਿੰਟ ਵਿੱਚ ਹੀ। ਤੂੰ ਵੀ ਅੰਦਰ ਆ ਜਾ, ਸ਼ੈਰੀ ਦਾ ਗਲਾਸ ਪੀ ਜਾ।

–ਨਹੀਂ ਸਿੰਘ, ਮੈਂ ਸ਼ੈਰੀ ਨਹੀਂ ਪੀਣੀ ਪਰ ਇਹ ਰੌਲਾ ਜਲਦੀ ਬੰਦ ਕਰ, ਮੇਰੇ ਹਸਬੈਂਡ ਨੇ ਸਵੇਰੇ ਕੰਮ 'ਤੇ ਵੀ ਜਾਣਾ ਐਂ।

ਆਖਦੀ ਉਹ ਚਲੇ ਗਈ ਪਰ ਰੌਲਾ ਬੰਦ ਨਾ ਹੋਇਆ। ਫਿਰ ਨਾਲ ਦੇ ਗਵਾਂਢੀ ਵੀ ਆ ਕੇ ਸ਼ਿਕਾਇਤ ਕਰ ਗਏ। ਹੇਠਲੀ ਮੈਰੀ ਇੱਕ ਵਾਰ ਫਿਰ ਆ ਗਈ ਤੇ ਪੁਲੀਸ ਦੀ ਧਮਕੀ ਦੇਣ ਲੱਗੀ। ਹੁਣ ਜੱਗੀ ਬਹੁਤੀ ਗੱਲ ਕਰਨ ਜੋਗਾ ਨਹੀਂ ਸੀ ਰਿਹਾ ਤੇ ਉਸ ਦੀ ਥਾਵੇਂ ਨਿੱਕ ਨੇ ਹੀ ਉਸ ਤੋਂ ਮੁਆਫੀ ਮੰਗਦਿਆਂ ਪੰਜ ਮਿੰਟ ਵਿੱਚ ਸਭ ਬੰਦ ਕਰਨ ਦਾ ਵਾਅਦਾ ਕਰ ਲਿਆ। ਹੁਣ ਤਕ ਸਾਰੇ ਥੱਕ ਵੀ ਗਏ ਸਨ। ਨਿੱਕ ਨੇ ਡੈੱਕ ਦੀ ਆਵਾਜ਼ ਮੱਧਮ ਕਰ ਦਿਤੀ। ਜੱਗੀ ਸ਼ਰਾਬੀ ਜਿਹਾ ਹੋਇਆ ਇੱਕ ਪਾਸੇ ਨੂੰ ਲੁੜਕਿਆ ਜਿਹਾ ਪਿਆ ਸੀ। ਪ੍ਰੀਤੀ ਵੀ ਪੂਰੇ ਨਸ਼ੇ ਵਿੱਚ ਸੀ। ਉਸ ਤੋਂ ਬੋਲਿਆ ਵੀ ਨਹੀਂ ਸੀ ਜਾ ਰਿਹਾ। ਉਹ ਇੱਕ ਕੁਰਸੀ 'ਤੇ ਬੈਠੀ ਸੀ। ਉਹ ਉੱਠਣ ਦੀ ਕੋਸ਼ਿਸ਼ ਕਰਨ ਲੱਗੀ ਪਰ ਉਸ ਤੋਂ ਉੱਠਿਆ ਨਹੀਂ ਸੀ ਜਾ ਰਿਹਾ। ਉਹ ਜ਼ੋਰ ਲਾ ਕੇ ਉੱਠੀ ਤੇ ਧੜੱਮ ਕਰਦੀ ਹੇਠਾਂ ਡਿਗ ਪਈ। ਇਵੇਂ ਡਿਗੀ ਕਿ ਉਸ ਦੀਆਂ ਲੱਤਾਂ ਉਪਰ ਨੂੰ ਚੁੱਕੀਆਂ ਗਈਆਂ। ਡਰੈਸ ਉਪਰ ਨੂੰ ਜਾ ਚੜ੍ਹੀ ਤੇ ਗੁਲਾਬੀ ਰੰਗ ਦੀ ਅੰਡਰ–ਪੈਂਟ ਨਜ਼ਰ ਆਉਣ ਲੱਗੀ। ਸਭ ਦੇ ਮੂੰਹ ਖੁੱਲ੍ਹੇ ਰਹਿ ਗਏ। ਸ਼ਿਵਾਨੀ ਨੇ ਸ਼ਰਮਾ ਕੇ ਆਪਣਾ ਚਿਹਰਾ ਹੱਥਾਂ ਵਿੱਚ ਲੁਕੋ ਲਿਆ। ਨਿੱਕ ਇਕਦਮ ਉੱਠਿਆ ਤੇ ਪ੍ਰੀਤੀ ਦੀ ਡਰੈੱਸ ਠੀਕ ਕਰਨ ਲੱਗਿਆ। ਫਿਰ ਉਹ ਉਸ ਨੂੰ ਬਾਹਾਂ ਵਿੱਚ ਚੁੱਕਦਾ ਤੇ ਉਪਰ ਬੈੱਡਰੂਮ ਵੱਲ ਲੈ ਜਾਂਦਾ ਬੋਲਿਆ,

–ਸੌਰੀ ਗਾਈਜ਼, ਇਟ ਹੈਪਿਨਜ਼ ਵਨਸ ਇਨ ਬਲਿਊ ਮੂਨ !

# ਅੱਠ

ਸਵੇਰੇ ਜਿਹੇ ਜਾ ਕੇ ਪ੍ਰੀਤੀ ਨੂੰ ਹੋਸ਼ ਆਈ। ਉਸ ਦਾ ਸਿਰ ਦਰਦ ਨਾਲ ਫਟ ਰਿਹਾ ਸੀ। ਉਹ ਸਮਝ ਗਈ ਕਿ ਜ਼ਿਆਦਾ ਸ਼ਰਾਬ ਪੀ ਜਾਣ ਕਰਕੇ ਹੀ ਸੀ। ਪਹਿਲਾਂ ਵੀ ਕਦੇ ਕਦੇ ਇਵੇਂ ਹੋ ਜਾਇਆ ਕਰਦਾ ਸੀ। ਉਸ ਨੇ ਇੱਕ ਨਜ਼ਰ ਜੱਗੀ ਵੱਲ ਦੇਖਿਆ ਜੋ ਵੱਡੇ ਵੱਡੇ ਘੁਰਾੜੇ ਮਾਰ ਰਿਹਾ ਸੀ। ਉਹ ਉੱਠ ਕੇ ਵਾਸ਼ ਰੂਮ ਗਈ। ਜਦ ਮੁੜ ਕੇ ਬਿਸਤਰ ਵਿੱਚ ਪੈਣ ਲੱਗੀ ਤਾਂ ਉਸ ਨੂੰ ਸਿਰ ਦਾ ਦਰਦ ਕਿਸੇ ਹੋਰ ਕਿਸਮ ਦਾ ਮਹਿਸੂਸ ਹੋਇਆ। ਉਸ ਨੇ ਸਿਰ 'ਤੇ ਹੱਥ ਫੇਰਿਆ। ਇੱਕ ਵੱਡਾ ਸਾਰਾ ਰੋੜ ਮਹਿਸੂਸ ਹੋਇਆ। ਉਹ ਸੋਚਣ ਲੱਗੀ ਕਿ ਸੱਟ ਕਿਵੇਂ ਲੱਗੀ ਹੋਈ। ਉਸ ਨੂੰ ਕੁਝ ਵੀ ਯਾਦ ਨਹੀਂ ਸੀ। ਉਸ ਨੇ ਸੋਚਿਆ ਕਿ ਮੁੜ ਸੌਣ ਨਾਲੋਂ ਹੇਠਾਂ ਜਾ ਕੇ ਦੇਖਿਆ ਜਾਵੇ। ਹੇਠਲਾ ਨਜ਼ਾਰਾ ਦੇਖ ਕੇ ਉਹ ਹੈਰਾਨ ਰਹਿ ਗਈ। ਅੱਧ-ਖਾਧਾ ਖਾਣਾ ਖਿਲਰਿਆ ਪਿਆ ਸੀ। ਝੂਠੇ ਭਾਡੇ ਵੀ ਉਵੇਂ ਹੀ ਪਏ ਸਨ। ਕਾਰਪੈੱਟ ਗੰਦ ਨਾਲ ਭਰੀ ਪਈ ਸੀ। ਉਸ ਦਾ ਮਨ ਕਚਿਆਣ ਜਿਹੀ ਨਾਲ ਭਰ ਗਿਆ। ਰਾਤ ਨੂੰ ਉਹ ਘਰ ਦੀ ਪੂਰੀ ਸਫਾਈ ਕਰ ਕੇ ਸੌਂਇਆਂ ਕਰਦੀ ਸੀ। ਉਹ ਰਾਤ ਦੀਆਂ ਘਟਨਾਵਾਂ ਬਾਰੇ ਸੋਚਣ ਲੱਗੀ। ਉਸ ਨੂੰ ਬਹੁਤਾ ਕੁਝ ਯਾਦ ਨਹੀਂ ਸੀ ਆ ਰਿਹਾ। ਉਸ ਨੇ ਸਿਰ ਦਰਦ ਦੀ ਗੋਲੀ ਖਾਧੀ ਤੇ ਚਾਹ ਰੱਖ ਦਿਤੀ। ਬਲੈਕ-ਬੈਗ ਲੈ ਕੇ ਰਾਤ ਦਾ ਗੰਦ ਸਾਂਭਣ ਲੱਗੀ।

ਕੁਝ ਦੇਰ ਬਾਅਦ ਜੱਗੀ ਵੀ ਉੱਠ ਆਇਆ। ਉਸ ਦਾ ਸਿਰ ਵੀ ਦਰਦ ਨਾਲ ਫਟ ਰਿਹਾ ਸੀ। ਉਸ ਨੇ ਪ੍ਰੀਤੀ ਨੂੰ ਗੁੱਡ ਮੌਰਨਿੰਗ ਕਹਿੰਦਿਆਂ ਫਰਿੱਜ ਵਿੱਚੋਂ ਗੀਨਸ ਦਾ ਡੱਬਾ ਖੋਲ੍ਹ ਲਿਆ। ਉਸ ਦਾ ਖਿਆਲ ਸੀ ਕਿ ਨਸ਼ੇ ਨਾਲ ਪਈ ਭਾਨ ਨੂੰ ਨਸ਼ੇ ਨਾਲ ਹੀ ਲਾਹਿਆ ਜਾ ਸਕਦਾ ਹੈ। ਉਸ ਨੇ ਇੱਕ ਪਾਸੇ ਬੈਠਦਿਆਂ ਟੈਲੀ ਲਾ ਲਿਆ। ਪ੍ਰੀਤੀ ਉਸ ਨੂੰ ਬੋਲੀ,

-ਜੈਗ, ਆਹ ਦੇਖ ਮੇਰੇ ਸਿਰ ਵਿੱਚ ਲੰਪ। ਇਹ ਕਿੱਦਾਂ?

ਪ੍ਰੀਤੀ ਨੇ ਆਪਣਾ ਸਿਰ ਜੱਗੀ ਦੇ ਮੂਹਰੇ ਕਰ ਦਿੱਤਾ। ਜੱਗੀ ਨੇ ਸਿਰ ਵਿੱਚ ਪਏ ਰੋੜ ਨੂੰ ਮਹਿਸੂਸ ਕਰਦਾ ਬੋਲਿਆ,

-ਭਰਜਾਈ, ਇਹ ਤਾਂ ਤੂੰ ਸਿਰ ਮਾਰ ਲਿਆ ਕਿਤੇ ਪਰ ਮੈਨੂੰ ਕੁਝ ਚੇਤਾ ਨਹੀਂ। ਬਹੁਤ ਪੀ ਹੋ ਗਈ। ਸੌਰੀ ਭਰਜਾਈ! ਮੈਂ ਤਾਂ ਤੜਕਸਾਰ ਜਾ ਕੇ ਬੈੱਡ ਵਿੱਚ ਪਿਆਂ, ਇੱਥੇ ਹੀ ਟੇਡਾ ਹੋ ਗਿਆ ਸੀ।

-ਮੈਨੂੰ ਲੱਗਦਾ ਕਿ ਮੈਂ ਡਿਗ ਪਈ ਆਂ। ਸ਼ਾਇਦ ਪੌੜੀਆਂ ਚੜ੍ਹਦੀ ਕੰਧ ਵਿੱਚ ਵੱਜੀ ਜਾਂ....।

ਜਦ ਤਕ ਨਿੱਕ ਵੀ ਪੌੜੀਆਂ ਉਤਰ ਆਇਆ। ਉਹ ਰਾਤੀਂ ਇੱਥੇ ਹੀ ਸੌਂ ਗਿਆ ਸੀ। ਕਦੇ-ਕਦੇ ਉਹ ਇਵੇਂ ਠਹਿਰ ਜਾਇਆ ਕਰਦਾ ਸੀ ਤੇ ਰੌਕੀ ਦੇ ਕਮਰੇ ਵਿੱਚ ਸੌਂ ਜਾਂਦਾ। ਉਹ ਪਹਿਲਾਂ ਵੀ ਉੱਠਿਆ ਸੀ ਪਰ ਹੇਠਲੇ ਗੰਦ ਨੂੰ ਦੇਖ ਕੇ ਮੁੜ ਪੈ ਗਿਆ ਸੀ। ਉਸ ਨੂੰ ਪਤਾ ਸੀ ਕਿ ਪ੍ਰੀਤੀ ਉੱਠਦੇ ਸਾਰ ਹੀ ਇਹ ਸਭ ਸਾਂਭ ਲਵੇਗੀ। ਉਸ ਦੇ ਆਉਂਦੇ ਹੀ ਜੱਗੀ ਨੂੰ ਪੁੱਛਿਆ,



-ਰਾਤ ਦਾ ਚੇਤਾ ਕੁਝ?

-ਕੁਝ ਨਹੀਂ ਬਈ ਚੇਤਾ। ਭਰਜਾਈ ਵੀ ਵਾਧੂ ਹੋ ਗਈ ਸੀ।

-ਤੂੰ ਹੀ ਉਹਨੂੰ ਪਿਲਾਈ ਜਾਂਦਾ ਸੀ। ਤੈਨੂੰ ਪਤਾ ਕਿ ਉਹ ਏਨੀ ਕਿੱਥੇ ਪੀ ਸਕਦੀ ਐ।

ਨਿੱਕ ਹਿਰਖ ਵਿੱਚ ਬੋਲ ਰਿਹਾ ਸੀ। ਜੱਗੀ ਨੇ ਪੁੱਛਿਆ,

-ਹੋਰ ਕਿੱਦਾਂ ਰਿਹਾ? ਸਾਰੇ ਠੀਕ-ਠਾਕ ਚਲੇ ਗਏ ਸੀ ਨਾ?

-ਉਹ ਤਾਂ ਚਲੇ ਹੀ ਗਏ ਸੀ ਪਰ ਪ੍ਰੀਤੀ ਡਿਗ ਪਈ ਸੀ।

-ਅੱਛਾ! ਕਿੱਥੇ?

-ਇੱਥੇ ਹੀ, ਕੁਰਸੀ 'ਤੇ ਬੈਠਣ ਲੱਗੀ ਸੀ। ਐਸੀ ਡਿਗੀ ਕਿ ਫਲੈਟ ਹੋ ਗਈ, ਮੈਂ ਬੜੀ ਮੁਸ਼ਕਲ ਨਾਲ ਉਹਨੂੰ ਉਪਰ ਪਾ ਕੇ ਆਇਆਂ।

-ਇਹ ਤਾਂ ਬਈ ਤੇਰਾ ਥੈਂਕਸ।

ਪ੍ਰੀਤੀ ਨੂੰ ਸ਼ਰਮ ਜਿਹੀ ਮਹਿਸੂਸ ਹੋਣ ਲੱਗੀ, ਨਾਲ ਹੀ ਉਸ ਨੇ ਨਿੱਕ ਵੱਲ ਧੰਨਵਾਦ ਭਰੀਆਂ ਨਜ਼ਰਾਂ ਨਾਲ ਦੇਖਿਆ ਤੇ ਬੋਲੀ,

-ਜੈਗ, ਇਹ ਸਾਰਾ ਤੇਰਾ ਹੀ ਕਸੂਰ ਐ, ਤੂੰ ਹੀ ਮੈਨੂੰ ਕਹੀ ਜਾ ਰਿਹਾ ਸੀ ਕਿ ਹੋਰ ਪੀ, ਹੋਰ ਪੀ।

-ਚੱਲ ਕੋਈ ਗੱਲ ਨਹੀਂ, ਕਦੇ-ਕਦੇ ਏਦਾਂ ਹੋ ਜਾਂਦਾ ਹੁੰਦਾ। ਮੁੜ ਕੇ ਧਿਆਨ ਨਾਲ ਪੀਵੀਂ।

ਜੱਗੀ ਨੇ ਆਪਣੇ ਕੋਲ ਬੈਠੀ ਪ੍ਰੀਤੀ ਦੀ ਪਿੱਠ 'ਤੇ ਹੱਥ ਫੇਰਦਿਆਂ ਆਖਿਆ। ਨਿੱਕ ਬੋਲਿਆ,

-ਜਦ ਮੈਂ ਪ੍ਰੀਤੀ ਨੂੰ ਚੁੱਕ ਕੇ ਉਪਰ ਲੈ ਕੇ ਗਿਆ ਤਾਂ ਸਾਰੇ ਹੀ ਮੇਰੇ ਵੱਲ ਹੋਰਵੇਂ ਦੇਖ ਰਹੇ ਸੀ।

-ਉਹਨਾਂ ਸਾਲ਼ਿਆਂ ਨੂੰ ਕੀ! ਜੇ ਤੂੰ ਉਪਰ ਨਾ ਲੈ ਕੇ ਜਾਂਦਾ ਤਾਂ ਕੀ ਉਹ ਏਥੇ ਪਈ ਰਹਿੰਦੀ?

ਜੱਗੀ ਗੁੱਸੇ ਵਿੱਚ ਆਖ ਰਿਹਾ ਸੀ। ਉਸ ਨੇ ਫਿਰ ਪੁੱਛਿਆ,

-ਕਿਸੇ ਨੇ ਕੁਝ ਕਿਹਾ ਤਾਂ ਨਹੀਂ?

-ਨਹੀਂ, ਮੂੰਹੋਂ ਤਾਂ ਕੋਈ ਕੁਝ ਨਹੀਂ ਬੋਲਿਆ ਪਰ ਉਹਨਾਂ ਦੀਆਂ ਅੱਖਾਂ ਵਿੱਚ ਮੈਂ ਦੇਖ ਸਕਦਾ ਸੀ ਕਿ ਉਹਨਾਂ ਨੂੰ ਚੰਗਾ ਨਹੀਂ ਲੱਗਿਆ। ਖਾਸ ਕਰ ਕੇ ਨਵੀ ਤੇ ਦੇਵਨ ਨੂੰ।

-ਨਿੱਕ, ਉਹਨਾਂ ਦੀ ਤੂੰ ਵੱਰੀ ਨਾ ਕਰ। ਆਪਣੇ ਦੋਸਤ ਐ, ਸਮਝਾ ਲਊਂ ਮੈਂ। ਆਹ ਗਵਾਂਢੀਆਂ ਦਾ ਵੀ ਕੋਈ ਫਿਕਰ ਨਹੀਂ। ਤੇਰਾ ਦੋਸਤ ਹਮੀਦ ਵੀ ਠੀਕ ਹੀ ਐ, ਹੋਰ ਰਹਿ ਕਿਹੜਾ ਗਿਆ? ....ਤੂੰ ਚਿੰਤਾ ਨਾ ਕਰ। ਮੁੜ ਕੇ ਆਪਾਂ ਏਦਾਂ ਦੀ ਗਲਤੀ ਕਦੇ ਨਹੀਂ ਕਰਨੀ।

ਗੱਲ ਕਰਦਾ ਜੱਗੀ ਦੋ ਡੱਬੇ ਗੀਨਸ ਦੇ ਪੀ ਗਿਆ ਸੀ ਤੇ ਉਸ ਦਾ ਨਸ਼ਾ ਮੁੜ ਖਿੜ ਰਿਹਾ ਸੀ। ਨਿੱਕ ਉੱਠ ਕੇ ਹੂਵਰ ਚੁੱਕ ਲਿਆਇਆ ਤੇ ਕਮਰੇ ਦੀ ਸਫਾਈ ਵਿੱਚ

ਪ੍ਰੀਤੀ ਦੀ ਮੱਦਦ ਕਰਨ ਲੱਗਾ। ਪ੍ਰੀਤੀ ਰਸੋਈ ਵਿੱਚ ਸੀ ਤਾਂ ਉਸ ਦੇ ਕੰਨ ਵਿੱਚ ਹੌਲੇ ਜਿਹੇ ਬੋਲਿਆ,

–ਸੱਚ, ਤੈਨੂੰ ਰਾਤ ਦਾ ਕੁਝ ਨਹੀਂ ਯਾਦ ?

–ਨਹੀਂ ਤਾਂ, ਕੀ ਹੋਇਆ ?

–ਜਦ ਤੂੰ ਡਿਗ ਪਈ ਸੀ ਤਾਂ ਤੇਰਾ ਡਰੈੱਸ ਉਪਰ ਚੁੱਕ ਹੋ ਗਿਆ ਸੀ ਤੇ ਹੇਠੋਂ ਸਭ ਕੁਝ ਦਿੱਸਣ ਲੱਗ ਪਿਆ ਸੀ। ਗੁਲਾਬੀ ਰੰਗ ਦੀ ਅੰਡਰ–ਪੈਂਟ ਵੀ।

–ਹਾਏ, ਮੈਂ ਮਰ ਗਈ !

ਆਖਦਿਆਂ ਪ੍ਰੀਤੀ ਨੇ ਸ਼ਰਮ ਨਾਲ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਢੱਕ ਲਿਆ। ਫਿਰ ਆਹਿਸਤੇ ਜਿਹੇ ਪੁੱਛਣ ਲੱਗੀ,

–ਜੈਗ ਨੂੰ ਪਤਾ ਏਸ ਗੱਲ ਦਾ ?

–ਨਹੀਂ, ਉਹ ਤਾਂ ਆਪ ਟੁੰਨ ਹੋ ਗਿਆ ਸੀ।

ਨਿੱਕ ਨੇ ਮੌਕਾ ਦੇਖ ਕੇ ਪ੍ਰੀਤੀ ਨੂੰ ਕਿਹਾ,

–ਮੈਨੂੰ ਸਭ ਬਹੁਤ ਚੰਗਾ ਲੱਗਿਆ।

–ਕੀ ?

–ਏਦਾਂ ਤੈਨੂੰ ਚੁੱਕ ਕੇ ਬੈੱਡ ਵਿੱਚ ਪਾਉਣਾ।

–ਨਿੱਕ, ਚੁੱਪ ਕਰ। ਮੈਨੂੰ ਸੰਗ ਲੱਗ ਰਹੀ ਐ।

–ਇੱਕ ਗੱਲ ਹੋਰ ਦੱਸਾਂ ?

–ਦੱਸ।

–ਮੈਂ ਤੈਨੂੰ ਟੱਚ ਵੀ ਕੀਤਾ ਸੀ ਤੇ ਕਿੱਸ ਵੀ।

–ਨਿੱਕ !!!

–ਆਏ ਰੀਅਲੀ ਲਾਈਕਡ ਇਟ। ਆਏ ਲਵ ਯੂ ਪ੍ਰੀਤੀ !

## ਨੌਂ

ਅਗਲੇ ਦਿਨ ਨਿੱਕ ਘਰ ਗਿਆ ਤਾਂ ਨੀਸ਼ਾ ਨੇ ਯੁੱਧ ਸ਼ੁਰੂ ਕਰ ਲਿਆ। ਬੋਲੀ,

–ਰਾਤੀਂ ਉਸ ਵੇਸਵਾ ਨੇ ਆਪਣੇ ਕੋਲ ਰੱਖ ਲਿਆ ?

–ਨੀਸ਼ਾ, ਜ਼ਬਾਨ ਸੰਭਾਲ ਕੇ, ਏਹ ਗੰਦੇ ਬੋਲ ਨਾ ਬੋਲ ਪ੍ਰੀਤੀ ਬਾਰੇ। ਇਹ ਤਾਂ ਉਹ ਸਾਰੇ ਸ਼ਰਾਬੀ ਹੋ ਗਏ ਸੀ, ਉਹਨਾਂ ਨੂੰ ਸਾਂਭਣ ਲਈ ਠਹਿਰ ਗਿਆ ਸਾਂ। ਉੱਥੇ ਹੋਰ ਲੋਕ ਵੀ ਤਾਂ ਸਨ।

–ਪਰ ਪ੍ਰੀਤੀ ਕਰਕੇ ਤਾਂ ਸਿਰਫ ਤੂੰ ਹੀ ਰੁਕਿਆ ਸੀ ਨਾ, ਯੂ ਬਾਸਟ੍ਰਡ !

ਗਾਲ੍ਹ ਸੁਣ ਕੇ ਨਿੱਕ ਨੇ ਮਾਰਨ ਲਈ ਥੱਪੜ ਚੁੱਕਿਆ ਤਾਂ ਨੀਸ਼ਾ ਬੋਲੀ,

–ਇੱਕ ਵਾਰ ਟੱਚ ਕਰ ਕੇ ਦੇਖ ਮੈਨੂੰ, ਜੇ ਹੁਣੇ ਪੁਲੀਸ ਸੱਦ ਕੇ ਅੰਦਰ ਨਾ ਕਰਾ ਦਿੱਤਾ ਤਾਂ ਕਹੀਂ !



–ਤੂੰ ਚਾਹੁੰਦੀ ਕੀ ਐਂ ?

–ਮੈਂ ਚਾਹੁੰਦੀ ਆਂ ਕਿ ਤੂੰ ਹੁਣ ਉਸੇ ਵੇਸਵਾ ਕੋਲ ਰਹੇਂ, ਮੇਰੇ ਘਰੋਂ ਬਾਹਰ ਹੋ ਜਾਵੇਂ, ਇਸੇ ਵਕਤ।

ਨੀਸ਼ਾ ਸ਼ੀਹਣੀ ਬਣੀ ਖੜੀ ਸੀ। ਨਿੱਕ ਉਸ ਵੱਲ ਦੇਖਦਾ ਚੁੱਪ ਰਿਹਾ। ਨੀਸ਼ਾ ਨੇ ਫਿਰ ਉੱਚੀ ਆਵਾਜ਼ ਵਿੱਚ ਕਿਹਾ,

–ਨਿੱਕ, ਮੇਰੇ ਘਰੋਂ ਹੁਣੇ ਇਕਦਮ ਬਾਹਰ ਹੋ ਜਾਹ।

ਨਿੱਕ ਨੇ ਨੀਸ਼ਾ ਦਾ ਰੁਕ ਦੇਖ ਲਿਆ। ਉਸ ਨੂੰ ਲੱਗਿਆ ਕਿ ਨੀਸ਼ਾ ਹਾਲੇ ਬਹੁਤ ਗੁੱਸੇ ਵਿੱਚ ਹੈ, ਉਸ ਨੂੰ ਠੰਢੀ ਹੋਣ ਨੂੰ ਵਕਤ ਲੱਗੇਗਾ। ਉਹ ਉੱਥੋਂ ਤੁਰ ਪਿਆ ਤੇ ਕਾਰ ਵਿੱਚ ਆ ਬੈਠਾ। ਨੇੜੇ ਹੀ ਪਬਲਿਕ ਫੋਨ ਬੂਥ ਸੀ। ਉਸ ਨੇ ਜੱਗੀ ਨੂੰ ਫੋਨ ਕਰਕੇ ਸਾਰੀ ਸਥਿਤੀ ਦੱਸੀ। ਜੱਗੀ ਬੋਲਿਆ,

–ਆ ਜਾ, ਤੂੰ ਏਧਰ ਹੀ ਆ ਜਾ। ਦੇਖਦੇ ਆਂ ਫੇਰ।

ਨਿੱਕ ਦੀ ਕਾਰ ਰੋਲੈਂਡ ਹਾਊਸ ਮੂਹਰੇ ਆ ਖੜੀ ਹੋਈ। ਨਿੱਕ ਸੋਚ ਰਿਹਾ ਸੀ ਕਿ ਅਗਲੇ ਦਿਨ ਤਕ ਨੀਸ਼ਾ ਦਾ ਗੁੱਸਾ ਠੰਢਾ ਹੋ ਜਾਵੇਗਾ। ਅਗਲੇ ਦਿਨ ਉਸ ਨੇ ਨੀਸ਼ਾ ਨੂੰ ਫੋਨ ਕੀਤਾ ਤਾਂ ਉਸ ਨੇ ਗਾਲ੍ਹਾਂ ਕੱਢਦੇ ਹੋਏ ਫੋਨ ਕੱਟ ਦਿੱਤਾ। ਉਸ ਤੋਂ ਅਗਲੇ ਦਿਨ ਫਿਰ ਇਵੇਂ ਹੀ ਹੋਇਆ। ਨਿੱਕ ਨੂੰ ਹੈਰਾਨੀ ਹੋ ਰਹੀ ਸੀ। ਉਹ ਜੱਗੀ ਨੂੰ ਆਖਣ ਲੱਗਾ,

–ਇਹ ਤਾਂ ਬਈ ਕੋਈ ਗੜਬੜ ਐ, ਏਨਾ ਚਿਰ ਤਾਂ ਨੀਸ਼ਾ ਦਾ ਗੁੱਸਾ ਰਹਿੰਦਾ ਨਹੀਂ ਹੁੰਦਾ। ਕਿਤੇ ਉਹਦਾ ਕੋਈ ਹੋਰ ਪ੍ਰੋਗਰਾਮ ਨਾ ਹੋਵੇ !

–ਹੋਰ ਕੀ ਪ੍ਰੋਗਰਾਮ ?

–ਕੋਈ ਬੰਦਾ ਹੀ ਨਾ ਲੱਭ ਲਿਆ ਹੋਵੇ ਤੇ ਬਹਾਨੇ ਨਾਲ ਮੈਨੂੰ ਬਾਹਰ ਕੱਢਣਾ ਚਾਹੁੰਦੀ ਹੋਵੇ।

–ਨਹੀਂ ਨਹੀਂ, ਨੀਸ਼ਾ ਏਦਾਂ ਦੀ ਔਰਤ ਨਹੀਂ।

ਜੱਗੀ ਨੇ ਕਿਹਾ ਤੇ ਫਿਰ ਉਹ ਪ੍ਰੀਤੀ ਨੂੰ ਬੋਲਿਆ,

–ਭਰਜਾਈ, ਤੂੰ ਨੀਸ਼ਾ ਨੂੰ ਫੋਨ ਕਰ ਤੇ ਇਹਨਾਂ ਦੀ ਸੁਲਾਹ ਕਰਾ ਦੇ।

ਉਸੇ ਸ਼ਾਮ ਪ੍ਰੀਤੀ ਨੇ ਨੀਸ਼ਾ ਨੂੰ ਫੋਨ ਕੀਤਾ ਤਾਂ ਨੀਸ਼ਾ ਨੇ ਉਸ ਨੂੰ ਏਨੀਆਂ ਗਾਲ੍ਹਾਂ ਕੱਢੀਆਂ ਕਿ ਪ੍ਰੀਤੀ ਨੇ ਪਹਿਲਾਂ ਏਨੀਆਂ ਕਦੇ ਨਹੀਂ ਸਨ ਸੁਣੀਆਂ। ਵੱਖ ਵੱਖ ਜ਼ਬਾਨ ਦੀਆਂ ਵੱਡੀਆਂ ਗਾਲ੍ਹਾਂ, ਪੰਜਾਬੀ, ਗੁਜਰਾਤੀ, ਅੰਗਰੇਜ਼ੀ ਤੇ ਸੁਅਹੇਲੀ ਦੀਆਂ ਗਾਲ੍ਹਾਂ। ਹੁਣ ਨਿੱਕ ਉਹਨਾਂ ਦੇ ਨਾਲ ਹੀ ਰਹਿਣ ਲੱਗਾ। ਉਹ ਰੌਕੀ ਦੇ ਕਮਰੇ ਵਿੱਚ ਸੌਂਦਾ ਸੀ। ਰੌਕੀ ਦੇ ਕਮਰੇ ਵਿੱਚ ਸੌਣਾ ਉਸ ਨੂੰ ਚੰਗਾ ਨਹੀਂ ਸੀ ਲੱਗਦਾ ਪਰ ਹੋਰ ਕੁਝ ਕਰ ਵੀ ਨਹੀਂ ਸੀ ਸਕਦਾ।

ਉਹ ਦਿਨੇ ਕੰਮ ਤੇ ਜਾਂਦਾ ਤੇ ਜੱਗੀ ਰਾਤ ਨੂੰ। ਇੱਕ ਦਿਨ ਹੌਸਲਾ ਕਰਕੇ ਉਸਨੇ ਪ੍ਰੀਤੀ ਦੀ ਬਾਂਹ ਫੜ ਲਈ ਤੇ ਕਿਹਾ,

–ਜਾਨ, ਮੈਂ ਤੈਨੂੰ 'ਆਏ ਲਵ ਯੂ' ਕਿਹਾ ਸੀ ਪਰ ਤੂੰ ਕੋਈ ਜਵਾਬ ਨਹੀਂ ਦਿੱਤਾ, ਕਿਉਂ ?

–ਕਿਉਂਕਿ ਮੈਂ ਹੈਪੀਲੀ ਮੈਰੀਡ ਆਂ ਤੇ ਤੇਰੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਦੇ ਸਕਦੀ।

–ਇੱਕ ਸ਼ਰਾਬੀ ਨਾਲ ਤੂੰ ਹੈਪੀਲੀ ਮੈਰੀਡ ਐਂ ? ਕੀ ਮੈਨੂੰ ਤੇਰੀ ਹੈਪੀਨੈੱਸ ਦਿੱਸ ਨਹੀਂ ਰਹੀ ?

–ਮੈਂ ਸੱਚ ਹੀ ਬਹੁਤ ਖੁਸ਼ ਆਂ।

ਪ੍ਰੀਤੀ ਕਹਿ ਰਹੀ ਸੀ ਪਰ ਨਾਲ ਹੀ ਸੋਚ ਰਹੀ ਸੀ ਕਿ ਕੀ ਉਹ ਸੱਚ ਹੀ ਖੁਸ਼ ਹੈ, ਕੀ ਉਸ ਨੂੰ ਉਹ ਸਭ ਮਿਲ ਰਿਹਾ ਹੈ ਜੋ ਇੱਕ ਪਤਨੀ ਨੂੰ ਮਿਲਣਾ ਚਾਹੀਦਾ ਸੀ। ਇਕ ਮਿੰਟ ਲਈ ਡਗਮਗਾਉਂਦਾ ਜੱਗੀ ਉਸ ਦੇ ਖਿਆਲਾਂ ਵਿੱਚ ਦੀ ਲੰਘ ਗਿਆ।

ਕੁਝ ਦੇਰ ਬਾਅਦ ਜਦ ਪ੍ਰੀਤੀ ਰਸੋਈ ਵਿੱਚ ਕੁਝ ਕਰ ਰਹੀ ਸੀ ਤਾਂ ਨਿੱਕ ਉਸ ਦੇ ਮੋਢੇ 'ਤੇ ਹੱਥ ਰੱਖਦਾ ਬੋਲਿਆ,

–ਜਾਨ, ਤੂੰ ਬਹੁਤ ਪਿਆਰੀ ਐਂ, ਤੇਰਾ ਸਰੀਰ ਤੇਰੇ ਤੋਂ ਵੀ ਖੂਬਸੂਰਤ ਐ, ਤੇਰੀਆਂ ਗੋਲ ਲੱਤਾਂ ਦਾ ਤਾਂ ਕਹਿਣਾ ਹੀ ਕੀ, ਤੇਰੀਆਂ ਛਾ....!

ਪ੍ਰੀਤੀ ਨੇ ਦੋਵੇਂ ਹੱਥ ਆਪਣੇ ਮੂੰਹ 'ਤੇ ਰੱਖ ਲਏ ਤੇ ਉਸ ਦੀ ਛਾਤੀ ਵਿੱਚ ਸਿਰ ਦਿੰਦੀ ਬੋਲੀ,

–ਸਟੌਪ ਇਟ ਨਿੱਕ, ਸਟੌਪ ਇਟ।

ਨਿੱਕ ਨੇ ਉਸ ਨੂੰ ਬਾਹਾਂ ਵਿੱਚ ਭਰ ਲਿਆ। ਪ੍ਰੀਤੀ ਅਹਿਲ ਖੜ੍ਹੀ ਰਹੀ। ਫਿਰ ਨਿੱਕ ਨੇ ਜੇਬ੍ਹ ਵਿੱਚੋਂ ਸੋਨੇ ਦੀਆਂ ਵਾਲੀਆਂ ਦਾ ਜੋੜਾ ਕੱਢਿਆ ਤੇ ਉਸ ਨੂੰ ਦਿੰਦਾ ਬੋਲਿਆ,

–ਜਾਨ, ਮੇਰੀ ਮੁਹੱਬਤ ਦੀ ਨਿੱਕੀ ਜਿਹੀ ਨਿਸ਼ਾਨੀ।

ਪ੍ਰੀਤੀ ਨੇ ਵਾਲੀਆਂ ਦੇਖੀਆਂ ਤੇ ਆਪਣਾ ਆਪ ਨਿੱਕ ਸਾਹਮਣੇ ਢਿੱਲਾ ਛੱਡ ਦਿੱਤਾ।

ਉਸ ਦਿਨ ਹੀ ਉਹ ਦੋਵੇਂ ਇੱਕ–ਮਿਕ ਹੋ ਗਏ। ਪਹਿਲਾਂ ਪ੍ਰੀਤੀ ਬਹੁਤ ਝਿਜਕੀ ਪਰ ਫਿਰ ਸਹਿਜ ਹੋ ਗਈ ਤੇ ਫਿਰ ਇਹ ਸਭ ਨਿੱਤ ਦਿਨ ਦੀ ਗੱਲ ਹੋ ਗਈ। ਜੱਗੀ ਕੰਮ 'ਤੇ ਗਿਆ ਹੁੰਦਾ ਤਾਂ ਨਿੱਕ ਆਉਂਦਾ ਤੇ ਪ੍ਰੀਤੀ ਨੂੰ ਬਾਹਾਂ ਵਿੱਚ ਭਰ ਲੈਂਦਾ। ਇੱਕ ਦਿਨ ਅਚਾਨਕ ਰੌਕੀ ਉਹਨਾਂ ਦੇ ਕਮਰੇ ਵਿੱਚ ਆ ਗਿਆ ਤੇ ਉਸ ਨੇ ਉਹਨਾਂ ਨੂੰ ਬੈੱਡ ਵਿੱਚ ਦੇਖ ਲਿਆ ਪਰ ਉਹ ਕੁਝ ਨਾ ਬੋਲਿਆ, ਚੁੱਪ–ਚਾਪ ਪਰਤ ਗਿਆ। ਇੱਕ ਵਾਰ ਤਾਂ ਪ੍ਰੀਤੀ ਡਰ ਗਈ ਸੀ ਕਿ ਰੌਕੀ ਜ਼ਰੂਰ ਜੱਗੀ ਨੂੰ ਦੱਸੇਗਾ ਪਰ ਰੌਕੀ ਚੁੱਪ ਰਿਹਾ। ਫਿਰ ਉਹ ਰੌਕੀ ਦੇ ਸਾਹਮਣੇ ਹੀ ਖੁੱਲ੍ਹ ਲੈਣ ਲੱਗ ਪਏ। ਉਵੇਂ ਹੀ ਲੱਤਾਂ ਵਿੱਚ ਲੱਤਾਂ ਫਸਾਈ ਬੈਠੇ ਟੈਲੀ ਦੇਖਦੇ ਰਹਿੰਦੇ। ਉਸ ਦੇ ਸਾਹਮਣੇ ਹੀ ਬਿਸਤਰ ਵਿੱਚ ਪਏ ਹੁੰਦੇ। ਨਿੱਕ ਨੂੰ ਰੌਕੀ ਦੇ ਕਮਰੇ ਵਿੱਚ ਸੌਣਾ ਪੈਂਦਾ ਸੀ ਪਰ ਰੌਕੀ ਸੁੱਤਾ ਪਿਆ ਅਜੀਬ ਜਿਹੀਆਂ ਹਰਕਤਾਂ ਕਰਦਾ ਰਹਿੰਦਾ ਸੀ ਇਸ ਲਈ ਨਿੱਕ ਉੱਥੇ ਸੌਣਾ ਪਸੰਦ ਨਹੀਂ ਸੀ ਕਰਦਾ। ਜੇ ਜੱਗੀ ਘਰ ਹੁੰਦਾ ਤਾਂ ਉਹ ਹੇਠਾਂ ਸੈਟੀ 'ਤੇ ਹੀ ਸੌਂ ਜਾਂਦਾ।

ਨੀਸ਼ਾ ਹਾਲੇ ਤਕ ਵੀ ਨਰਮ ਨਹੀਂ ਸੀ ਪਈ। ਨਿੱਕ ਫੋਨ ਕਰਦਾ ਤਾਂ ਅੱਗੋਂ ਲੜਨ ਲੱਗਦੀ। ਏਨਾ ਜ਼ਰੂਰ ਸੀ ਕਿ ਨਿੱਕ ਆਪਣੇ ਬੱਚਿਆਂ ਨੂੰ ਕਦੇ ਕਦੇ ਲੈ ਆਇਆ ਕਰਦਾ ਤੇ ਇੱਕ ਦਿਨ ਉਹਨਾਂ ਨਾਲ ਗੁਜ਼ਾਰ ਲੈਂਦਾ। ਉਵੇਂ ਵੀ ਨਿੱਕ ਫੋਨ ਕਰਕੇ ਉਹਨਾਂ ਦਾ ਹਾਲ ਚਾਲ ਪੁੱਛਦਾ ਰਹਿੰਦਾ। ਉਹ ਸੋਚਦਾ ਸੀ ਕਿ ਜਲਦੀ ਹੀ ਮੁੜ ਨੀਸ਼ਾ ਨਾਲ



ਸੁਲਾਹ ਹੋ ਜਾਵੇਗੀ ਤੇ ਉਹ ਮੁੜ ਆਪਣੇ ਘਰ ਰਹਿਣ ਲੱਗੇਗਾ। ਇਵੇਂ ਮਹੀਨਾ ਹੋ ਗਿਆ ਸੀ ਉਸ ਨੂੰ ਜੱਗੀ ਦੇ ਘਰ ਵਿੱਚ ਰਹਿੰਦਿਆਂ। ਇੱਕ ਸ਼ਾਮ ਜੱਗੀ ਤੇ ਨਿੱਕ ਬੈਠੇ ਟੈਲੀ ਦੇਖ ਰਹੇ ਸਨ। ਜੱਗੀ ਨੇ ਪੁੱਛਿਆ,

–ਕੀ ਗੱਲ ? ਬਹੁਤ ਉਦਾਸ ਦਿੱਸ ਰਿਹੈਂ ?

–ਯਾਰ, ਨੀਸ਼ਾ ਪੈਰਾਂ 'ਤੇ ਪਾਣੀ ਹੀ ਨਹੀਂ ਪੈਣ ਦਿੰਦੀ। ਬੱਚੇ ਵੀ ਮੈਨੂੰ ਓਨਾ ਮਿੱਸ ਨਹੀਂ ਕਰਦੇ ਜਿੰਨਾ ਮੈਂ ਸੋਚਦਾ ਸੀ, ਜ਼ਰੂਰ ਕੋਈ ਨਾ ਕੋਈ ਉਹਨਾਂ ਦੀਆਂ ਨਿੱਕੀਆਂ ਨਿੱਕੀਆਂ ਲੋੜਾਂ ਪੂਰੀਆਂ ਕਰਦਾ ਹੋਏਗਾ, ਮੈਕਡੌਨਲਡ ਜਾਣਾ, ਕੰਟੱਕੀ ਲਿਆਉਣੀ, ਕਿਸੇ ਪਾਰਕ ਵਿੱਚ ਜਾਣਾ। ਨੀਸ਼ਾ ਨੂੰ ਤਾਂ ਕਾਰ ਨਹੀਂ ਆਉਂਦੀ, ਮੈਨੂੰ ਲੱਗਦਾ ਕਿ ਉਹ ਨੇ ਬੰਦਾ ਹੋਰ ਰੱਖ ਲਿਆ ਹੋਣਾ, ਤਾਂ ਹੀ ਏਨੀ ਆਕੜ ਕਰੀ ਜਾਂਦੀ ਐ। ਕੋਈ ਤਾਂ ਹੈ ਜਿਹਦੇ ਸਿਰ 'ਤੇ....।

ਉਸ ਦਾ ਗਲ੍ਹਾ ਭਰ ਆਇਆ। ਜੱਗੀ ਨੇ ਉੱਠ ਕੇ ਉਸ ਨੂੰ ਕਲਾਵੇ ਵਿੱਚ ਲੈ ਲਿਆ।

## ਦਸ

ਉਸ ਰਾਤ ਦੀ ਘਟਨਾ ਨੂੰ ਪਹਿਲਾਂ ਤਾਂ ਜੱਗੀ ਨੇ ਐਵੇਂ ਜਿਹੇ ਹੀ ਲਿਆ ਪਰ ਫਿਰ ਵੀ ਸੋਚਦਾ ਕਿ ਸ਼ਾਇਦ ਨਵੀ ਤੇ ਦੇਵਨ ਇਸ ਬਾਰੇ ਗੱਲ ਕਰਨਗੇ, ਖਾਸ ਕਰ ਕੇ ਦੇਵਨ। ਦੇਵਨ ਤਾਂ ਉਸ ਨੂੰ ਕੋਈ ਨਾ ਕੋਈ ਸਲਾਹ ਦੇਣ ਲਈ ਤਿਆਰ ਰਹਿੰਦਾ ਸੀ। ਕਦੇ ਕਹਿੰਦਾ ਕਿ ਤੂੰ ਪ੍ਰੀਤੀ ਨੂੰ ਲੋਲੋ–ਪੋਪੋ ਕਰਕੇ ਬਹੁਤ ਸਿਰ 'ਤੇ ਚੜ੍ਹਾਈ ਜਾਨਾਂ, ਕਦੇ ਕਹਿੰਦਾ ਕਿ ਤੂੰ ਪ੍ਰੀਤੀ 'ਤੇ ਲੋੜ ਤੋਂ ਵੱਧ ਪੈਸੇ ਖਰਚੀ ਜਾਨਾਂ। ਉਹ ਦੇਵਨ ਦੀ ਗੱਲ ਦਾ ਜਵਾਬ ਦੇਣ ਲਈ ਆਪਣੇ ਆਪ ਨੂੰ ਤਿਆਰ ਕਰਨ ਲੱਗਾ ਕਿ ਅਜਿਹੇ ਹਾਲਤ ਵਿੱਚ ਇਸ ਤੋਂ ਵਧੀਆ ਬਦਲ ਕੋਈ ਹੋਰ ਨਹੀਂ ਸੀ ਹੋ ਸਕਦਾ।

ਉਸ ਰਾਤ ਦੇਵਨ ਨੇ ਨਵੀ ਵੱਲ ਦੇਖਿਆ ਤੇ ਇਸ਼ਾਰੇ ਨਾਲ ਕਿਹਾ ਕਿ ਪ੍ਰੀਤੀ ਨੂੰ ਚੁੱਕਣ ਲਈ ਅੱਗੇ ਹੋ ਪਰ ਨਵੀ ਬੈਠਾ ਰਿਹਾ। ਨਿੱਕ ਦੇ ਪ੍ਰੀਤੀ ਨੂੰ ਚੁੱਕ ਕੇ ਉਪਰ ਬੈੱਡਰੂਮ ਵਿੱਚ ਲੈ ਜਾਣ ਤੋਂ ਬਾਅਦ ਪਾਰਟੀ ਦਾ ਰੰਗ ਹੀ ਬਦਲ ਗਿਆ। ਜੱਗੀ ਪਹਿਲਾਂ ਹੀ ਆਊਟ ਹੋਇਆ ਪਿਆ ਸੀ। ਮੇਜ਼ਬਾਨ ਦੋਵੇਂ ਹੀ ਹਾਜ਼ਰ ਹੋ ਕੇ ਵੀ ਗੈਰ–ਹਾਜ਼ਰ ਸਨ ਤੇ ਹੁਣ ਕਿਵੇਂ ਬਹਿੰਦੇ। ਸਾਰੇ ਹੀ ਖਾਣਾ ਖਾ ਕੇ ਚੁਪਕੇ ਜਿਹੇ ਖਿਸਕਣ ਲੱਗੇ। ਦੇਵਨ ਤੇ ਸ਼ਿਵਾਨੀ ਖਾਣਾ ਖਾਧੇ ਬਿਨਾਂ ਜਾਣਾ ਚਾਹੁੰਦੇ ਸਨ ਪਰ ਨਵੀ ਨੇ ਉਹਨਾਂ ਨੂੰ ਰੋਕ ਲਿਆ। ਨਵੀ ਨੇ ਦੇਵਨ ਨੂੰ ਇੱਕ ਡਰਿੰਕ ਵੀ ਹੋ ਪਾ ਦਿੱਤਾ ਸੀ।

ਅਗਲੇ ਦਿਨ ਸਵੇਰੇ ਹੀ ਦੇਵਨ ਨੇ ਨਵੀ ਨੂੰ ਫੋਨ ਕੀਤਾ, ਟਿੱਚਰੀ ਲਹਿਜ਼ੇ ਵਿੱਚ ਕਿਹਾ,

–ਖੇੜੇ ਲੈ ਗਏ ਹੀਰ ਚੁੱਕ ਕੇ ਬੈੱਡਰੂਮ ਵਿੱਚ ਤੇ ਰਾਂਝਾ ਦੇਖਦਾ ਹੀ ਰਿਹ ਗਿਆ।

–ਤੇਰਾ ਕੀ ਖਿਆਲ ਕਿ ਮੈਂ ਪ੍ਰੀਤੀ ਪਿੱਛੇ ਆਂ ?

–ਤੇਰੀ ਟਿੱਚਰਬਾਜ਼ੀ ਤੇ ਉਹਦਾ ਰਿਸਪੌਂਸ ਤਾਂ ਇਹੋ ਕਹਿੰਦਾ ਪਰ ਆਹ ਕੰਜਰ ਦਾ ਨਿੱਕ ਉਹਨੂੰ ਏਦਾਂ ਲੈ ਗਿਆ ਜਿੱਦਾਂ ਮੱਖਣ ਵਿੱਚੋਂ ਵਾਲ ਕੱਢ ਕੇ ਲੈ ਜਾਈਦੈ।

–ਯਾਰ ਦੇਵਨ, ਜੱਗੀ ਆਪਣਾ ਦੋਸਤ ਐ, ਦੋਸਤ ਬਾਰੇ ਸਦਾ ਵਧੀਆ ਸੋਚੀਦੈ। ਗਲਤੀ ਜੱਗੀ ਦੀ ਵੀ ਐ ਤੇ ਪ੍ਰੀਤੀ ਦੀ ਵੀ ਪਰ....।

–ਨਵੀ, ਉਸ ਵੇਲੇ ਤੈਨੂੰ ਉੱਠ ਕੇ ਪ੍ਰੀਤੀ ਨੂੰ ਬੈਠਦਿਆਂ ਕਰਨਾ ਚਾਹੀਦਾ ਸੀ।

–ਮੈਂ ਕਿੱਦਾਂ ਕਰ ਸਕਦਾ ਸੀ, ਪ੍ਰੀਤੀ ਤਾਂ...., ਯਾਰ, ਉਹ ਤਾਂ ਆਪਣੀ ਭਰਜਾਈ ਐ!

–ਤੇ ਭਰਜਾਈ ਤਾਂ ਤੁਹਾਡੀ ਕੌਮ ਨੂੰ ਹਲਾਲ ਹੁੰਦੀ ਐ।

ਆਖਦਾ ਦੇਵਨ ਹੱਸਿਆ ਤੇ ਨਵੀ ਵੀ ਨਾਲ ਹੀ ਹੱਸਣ ਲੱਗਾ।

ਉਸ ਦਿਨ ਤੋਂ ਬਾਅਦ ਦੋ ਛੁੱਟੀਆਂ ਜੱਗੀ ਦੀਆਂ ਸਨ ਤੇ ਫਿਰ ਦੇਵਨ ਦੀਆਂ ਸਾਲਾਨਾ ਛੁੱਟੀਆਂ ਆ ਗਈਆਂ ਤੇ ਗੱਲ ਜਿਵੇਂ ਭੁੱਲ-ਭੁਲਾ ਗਈ ਹੋਵੇ। ਨਵੀ ਨੇ ਇਸ ਮਾਮਲੇ 'ਤੇ ਨਾ ਗੱਲ ਕਰਨੀ ਸੀ ਤੇ ਨਾ ਹੀ ਕੀਤੀ। ਇਹਨਾਂ ਦਿਨਾਂ ਵਿੱਚ ਇੱਕ ਹੋਰ ਗੱਲ ਵੀ ਵਾਪਰ ਗਈ। ਉਹ ਇਹ ਕਿ 'ਏਅਰ ਪੋਰਟ ਸਪੌਟ' ਨਾਂ ਦਾ ਨਵਾਂ ਪੱਬ ਖੁੱਲ੍ਹਿਆ ਸੀ, ਜਿਸ ਦੀ ਬਹੁਤ ਚਰਚਾ ਸੀ। ਪੱਬ ਜਾਣ ਦੇ ਸ਼ੌਕੀਨ 'ਏਅਰ ਪੋਰਟ ਸਪੌਟ' ਦਾ ਇੱਕ ਗੇੜਾ ਜ਼ਰੂਰ ਮਾਰਦੇ। ਛੁੱਟੀਆਂ ਵਿੱਚ ਇੱਕ ਦਿਨ ਦੇਵਨ ਦੇ ਪਰਾਹੁਣੇ ਆ ਗਏ। ਉਹ ਉਹਨਾਂ ਨੂੰ ਲੈ ਕੇ ਉਸੇ ਨਵੇਂ ਖੁੱਲ੍ਹੇ ਪੱਬ ਚਲੇ ਗਿਆ। ਪੱਬ ਵਿੱਚ ਦੋ-ਦੋ, ਚਾਰ-ਚਾਰ ਸੀਟਾਂ ਵਾਲੇ ਕੈਬਿਨ ਬਣੇ ਹੋਏ ਸਨ ਤੇ ਕੈਬਿਨਾਂ ਵਿੱਚ ਬਹਿ ਕੇ ਜੋੜੇ ਮਸਤੀਆਂ ਵੀ ਕਰ ਸਕਦੇ ਸਨ। ਦੇਵਨ ਨਾਲ ਬੰਦੇ ਜ਼ਿਆਦਾ ਸਨ ਇਸ ਲਈ ਉਹ ਕੈਬਿਨ ਵਿੱਚ ਨਾ ਬੈਠ ਕੇ ਲੌਂਜ ਵਿੱਚ ਹੀ ਬਹਿ ਗਏ। ਕੁਝ ਦੇਰ ਬਾਅਦ ਦੇਵਨ ਕੀ ਦੇਖਦਾ ਹੈ ਕਿ ਨਿੱਕ ਤੇ ਪ੍ਰੀਤੀ ਇੱਕ ਕੈਬਿਨ ਵਿੱਚੋਂ ਨਿਕਲ ਰਹੇ ਹਨ। ਪ੍ਰੀਤੀ ਨੇ ਦੇਵਨ ਨੂੰ ਦੇਖ ਲਿਆ। ਹੁਣ 'ਹੈਲੋ' ਕਹਿਣ ਬਿਨਾਂ ਜਾਣਾ ਵੀ ਠੀਕ ਨਹੀਂ ਸੀ। ਉਹਨਾਂ ਦੋਵਾਂ ਨੇ ਜਾ ਕੇ ਸਭ ਨੂੰ ਹੈਲੋ ਕੀਤੀ। ਪੱਬ ਵਿੱਚੋਂ ਨਿਕਲਦੀ ਪ੍ਰੀਤੀ ਸੋਚਣ ਲੱਗੀ ਕਿ ਜੱਗੀ ਕੋਲ ਹੁਣ ਕਿਹੜੀ ਕਹਾਣੀ ਘੜੀ ਜਾਵੇ ਕਿਉਂਕਿ ਦੇਵਨ ਨੇ ਤਾਂ ਸਿੱਧੇ ਹੀ ਜੱਗੀ ਨੂੰ ਸਭ ਕੁਝ ਦੱਸ ਦੇਣਾ ਸੀ। ਜੱਗੀ ਕੰਮ ਤੋਂ ਆਇਆ ਤਾਂ ਅੱਗਾ ਵਗਲਦੀ ਪ੍ਰੀਤੀ ਬੋਲੀ,

–ਉਹ ਮੇਰੀ ਸਹੇਲੀ ਐ ਨਾ ਵੰਦਨਾ, ਰੌਕੀ ਦੇ ਦੋਸਤ ਜੈਵੀਰ ਦੀ ਮੰਮੀ।

–ਹਾਂ, ਪਰ ਕੀ ਹੋਇਆ ਉਹਨੂੰ?

–ਉਹ ਕਹਿੰਦੀ ਕਿ ਏਅਰ ਪੋਰਟ ਸਪੌਟ ਨਾਂ ਦਾ ਰੈਸਟੋਰੈਂਟ ਖੁੱਲ੍ਹਿਆ ਨਵਾਂ, ਬਹੁਤ ਗੱਲਾਂ ਕਰਦੇ ਆ ਲੋਕ।

–ਰੈਸਟੋਰੈਂਟ ਨਹੀਂ ਪੱਬ ਐ।

–ਮੈਂ ਨਿੱਕ ਨੂੰ ਕਿਹਾ ਕਿ ਮੈਨੂੰ ਤੇ ਰੌਕੀ ਨੂੰ ਦਿਖਾ ਕੇ ਲਿਆ, ਰੌਕੀ ਤਾਂ ਗਿਆ ਨਹੀਂ ਪਰ ਮੈਂ ਤੇ ਨਿੱਕ ਗਏ ਸੀ।

–ਅੱਛਾ! ਕਿਹੋ ਜਿਹਾ ਲੱਗਿਆ?

–ਠੀਕ ਸੀ, ਚੱਲਾਂਗੇ ਕਿਸੇ ਦਿਨ।

–ਹਾਂ, ਚੱਲਾਂਗੇ।



–ਹਾਂ ਸੱਚ ਜੈਗ, ਉੱਥੇ ਦੇਵਨ ਵੀ ਮਿਲਿਆ ਸੀ, ਉਹਦੇ ਨਾਲ ਕੁਝ ਲੋਕ ਹੋਰ ਵੀ ਸਨ।

–ਹਾਂ, ਉਹਦੇ ਗੈੱਸਟ ਆਏ ਹੋਏ ਆ। ਇਸੇ ਕਰਕੇ ਉਹਨੇ ਛੁੱਟੀਆਂ ਵੀ ਲਈਆਂ ਹੋਈਆਂ।

ਜੱਗੀ ਨੇ ਆਖਿਆ।

ਦੇਵਨ ਕੰਮ 'ਤੇ ਵਾਪਸ ਆ ਗਿਆ। ਉਹੀ ਪਹਿਲੇ ਵਾਲਾ ਹਾਸਾ ਮਜ਼ਾਕ ਚੱਲਦਾ ਰਿਹਾ। ਦੋ ਵਜੇ ਡਿਨਰ ਬ੍ਰੇਕ ਹੋਈ ਤਾਂ ਉਹ ਤਿੰਨੇ ਕਾਰ ਵਿੱਚ ਆ ਬੈਠੇ। ਦੇਵਨ ਨੇ ਕਹਿਣਾ ਸ਼ੁਰੂ ਕੀਤਾ,

–ਜੱਗੀ, ਆਪਾਂ ਤਿੰਨੇ ਭਰਾਵਾਂ ਤੋਂ ਵੱਧ ਐਂ, ਇੱਕ ਦਾ ਦੁੱਖ ਸਾਰਿਆਂ ਦਾ ਦੁੱਖ ਐ।

–ਬਿਲਕੁਲ।

–ਤੂੰ ਨਿੱਕ ਨੂੰ ਆਪਣੇ ਘਰ ਨਾ ਰੱਖ।

–ਦੇਵਨ, ਤੈਨੂੰ ਪਹਿਲਾਂ ਵੀ ਦੱਸਿਆ ਕਿ ਉਹ ਪ੍ਰੀਤੀ ਦਾ ਭਰਾ ਐ, ਰੱਖੜੀ ਬੰਨਦੀ ਐ ਪ੍ਰੀਤੀ ਉਹਦੇ।

–ਇਹਦੇ ਬਾਰੇ ਮੈਂ ਕੁਝ ਨਹੀਂ ਕਹਿਣਾ, ਮੈਂ ਸਿਰਫ ਇਹ ਕਹਿੰਨਾਂ ਕਿ ਉਹਨੂੰ ਕਹਿ ਕਿ ਬਾਹਰ ਕਮਰਾ ਲੈ ਲਵੇ। ਓਦਾਂ ਮਿਲੇ ਗਿਲੇ।

ਦੇਵਨ ਨੇ ਸਹਿਜ ਨਾਲ ਕਿਹਾ। ਨਵੀ ਨੂੰ ਆਸ ਨਹੀਂ ਸੀ ਕਿ ਦੇਵਨ ਏਨੀ ਸ਼ਾਂਤੀ ਨਾਲ ਗੱਲ ਕਰੇਗਾ। ਉਸ ਨੇ ਨਵੀ ਨੂੰ ਫੋਨ ਉਪਰ ਦੱਸਿਆ ਸੀ ਕਿ ਕਿਵੇਂ ਉਹ ਦੋਵੇਂ ਏਅਰ ਪੋਰਟ ਸਪੌਟ ਦੇ ਕੈਬਿਨ ਵਿੱਚੋਂ ਨਿਕਲੇ ਸਨ ਤੇ ਅੱਖਾਂ ਚੁਰਾ ਕੇ ਨਿਕਲਣ ਲੱਗੇ ਸਨ ਪਰ ਜਦ ਪ੍ਰੀਤੀ ਦੀਆਂ ਉਸ ਨਾਲ ਅੱਖਾਂ ਮਿਲੀਆਂ ਤਾਂ ਸ਼ਰਮੋ ਸ਼ਰਮੀ ਉਹ ਉਸ ਨੂੰ ਮਿਲਣ ਆ ਗਏ। ਜੱਗੀ ਪਲ ਕੁ ਰੁਕ ਕੇ ਸੋਚਣ ਲੱਗਾ ਤੇ ਫਿਰ ਨਵੀ ਵੱਲ ਦੇਖਦਾ ਬੋਲਿਆ,

–ਨਵੀ ਸਿਆਂ, ਤੂੰ ਕੀ ਕਹਿੰਨਾ।

–ਸਾਡੇ ਵੱਡਿਆਂ ਨੇ ਸਾਡੇ ਸਮਾਜ ਨੂੰ ਬਹੁਤ ਮਜਬੂਤੀ ਨਾਲ ਬੰਨਿਐਂ। ਸਿਆਣੇ ਕਹਿੰਦੇ ਆ ਕਿ ਕੁਦਰਤੀ ਰਿਸ਼ਤੇ ਹੀ ਰਿਸ਼ਤੇ ਹੁੰਦੇ ਆ ਤੇ ਬਣਾਏ ਰਿਸ਼ਤੇ ਤਿਲਕਣਬਾਜ਼ੀ।

ਉਸ ਤੋਂ ਬਾਅਦ ਜੱਗੀ ਦੇ ਮਨ ਵਿੱਚ ਇਹੋ ਗੱਲ ਘੁੰਮਣ ਲੱਗੀ। ਉਸ ਨੂੰ ਯਕੀਨ ਸੀ ਕਿ ਅਜਿਹੀ ਕੋਈ ਗੱਲ ਨਹੀਂ ਹੈ ਪਰ ਜਦ ਲੋਕ ਤੁਹਮਤਾਂ ਲਾਉਣ ਲੱਗ ਪੈਣ ਤਾਂ ਝੂਠ ਵੀ ਸੱਚ ਬਣ ਜਾਂਦਾ ਹੈ। ਸਵੇਰੇ ਕੰਮ ਤੋਂ ਜਦ ਉਹ ਘਰ ਪੁੱਜਾ ਤਾਂ ਉਹ ਜ਼ਰਾ ਗੁੱਸੇ ਜਿਹੇ ਵਿੱਚ ਸੀ। ਆਮ ਤੌਰ 'ਤੇ ਘਰ ਪੁੱਜਦੇ ਨੂੰ ਨਿੱਕ ਸੈਟੀ 'ਤੇ ਪਿਆ ਹੁੰਦਾ ਸੀ ਕਿਉਂਕਿ ਰੌਕੀ ਦੇ ਕਮਰੇ ਵਿੱਚ ਉਸ ਨੂੰ ਨੀਂਦ ਨਹੀਂ ਸੀ ਆਉਂਦੀ। ਜੱਗੀ ਕੰਮ ਤੋਂ ਆਉਂਦਾ ਤੇ ਬਿਨਾਂ ਬਹੁਤਾ ਖੜਕਾ ਕੀਤੇ ਸੌਣ ਚਲੇ ਜਾਂਦਾ ਸੀ। ਅੱਜ ਜਦ ਉਹ ਆਇਆ ਤਾਂ ਨਿੱਕ ਸੈਟੀ 'ਤੇ ਨਹੀਂ ਸੀ। ਉਸ ਨੇ ਪ੍ਰੀਤੀ ਨੂੰ ਪੁੱਛਿਆ,

–ਭਰਜਾਈ, ਨਿੱਕ ਰੌਕੀ ਦੇ ਕਮਰੇ ਵਿੱਚ ਐ?

–ਨਹੀਂ ਜੈਗ, ਉਹ ਰਾਤੀਂ ਆਪਣਾ ਸਾਮਾਨ ਲੈ ਕੇ ਚਲੇ ਗਿਆ। ਉਹਨੂੰ ਕੌਲਨਬਰੁੱਕ ਵਿੱਚ ਇੱਕ ਫਲੈਟ ਮਿਲ ਗਿਆ।

# ਗਿਆਰਾਂ

ਬਚਪਨ ਤੋਂ ਹੀ ਪ੍ਰੀਤੀ ਨਿੱਕ ਦੇ ਮਨ ਦੀ ਮਮਟੀ 'ਤੇ ਇੱਕ ਦੇਵੀ ਵਾਂਗ ਬੈਠੀ ਸੀ ਤੇ ਹੁਣ ਉਹ ਇੱਕ ਬਹੁਤ ਹੀ ਸਾਧਾਰਨ ਔਰਤ ਰਹਿ ਗਈ ਸੀ। ਹੁਣ ਉਹ ਪ੍ਰੀਤੀ ਤੋਂ ਫਰਕ ਜਿਹਾ ਪਾ ਲੈਣਾ ਚਾਹੁੰਦਾ ਸੀ ਤਾਂ ਜੋ ਪ੍ਰੀਤੀ ਵੱਲ ਇਹ ਖਿੱਚ ਬਣੀ ਰਹੇ।

ਜੱਗੀ ਦੇ ਘਰੋਂ ਚਲੇ ਜਾਣ ਦੇ ਹੋਰ ਵੀ ਕਾਰਨ, ਉਸ ਦੇ ਬੱਚੇ ਵੀ ਸਨ। ਸਪਤਾਹ ਅੰਤ 'ਤੇ ਇੱਕ ਦਿਨ ਉਹ ਨੀਸ਼ਾ ਕੋਲੋਂ ਬੱਚੇ ਲੈ ਆਉਂਦਾ। ਜੱਗੀ ਦੇ ਘਰ ਆ ਕੇ ਬੱਚੇ ਬਹੁਤੇ ਖੁਸ਼ ਨਹੀਂ ਸਨ ਹੁੰਦੇ ਇਸ ਲਈ ਵੀ ਆਪਣੀ ਜਗ੍ਹਾ ਜ਼ਰੂਰੀ ਸੀ। ਫਿਰ ਉਸ ਨੂੰ ਆਪਣੇ ਸੌਣ-ਜਾਗਣ ਦੀ ਵੀ ਆਜ਼ਾਦੀ ਨਹੀਂ ਸੀ। ਛੁੱਟੀ ਵਾਲੇ ਦਿਨ ਵੀ ਜਲਦੀ ਉੱਠ ਖੜ੍ਹਨਾ ਪੈਂਦਾ। ਸੌਣ ਦਾ ਵੀ ਕੋਈ ਹਿਸਾਬ-ਕਿਤਾਬ ਵਧੀਆ ਨਹੀਂ ਸੀ। ਜੱਗੀ ਕੰਮ 'ਤੇ ਹੁੰਦਾ ਤਾਂ ਉਹ ਪ੍ਰੀਤੀ ਨਾਲ ਸੌਂ ਜਾਂਦਾ, ਨਹੀਂ ਤਾਂ ਸੈਟੀ 'ਤੇ ਹੀ ਹੱਡੀਆਂ ਰਗੜਾਉਣੀਆਂ ਪੈਂਦੀਆਂ। ਨੀਸ਼ਾ ਨਾਲ ਮਿਲ ਕੇ ਉਸ ਨੇ ਭਾਂਪ ਲਿਆ ਸੀ ਕਿ ਉਹ ਲੰਮੀ ਗੇਮ ਖੇਡ ਰਹੀ ਸੀ। ਉਹ ਬੱਚਿਆਂ ਨੂੰ ਲੈਣ ਗਿਆ ਘਰ ਦੇ ਅੰਦਰ ਵੜਨ ਲੱਗਦਾ ਤਾਂ ਨੀਸ਼ਾ ਇਕਦਮ ਕਹਿ ਦਿੰਦੀ,

-ਨਿੱਕ, ਤੂੰ ਇੱਥੇ ਨਹੀਂ ਆ ਸਕਦਾ, ਜਾਹ, ਪ੍ਰੀਤੀ ਕੋਲ ਹੀ ਜਾਹ। ਹੁਣ ਇੱਥੇ ਤੇਰੇ ਲਈ ਕੋਈ ਜਗ੍ਹਾ ਨਹੀਂ। ਤੈਨੂੰ ਮੈਂ ਕਈ ਵਾਰ ਵਾਰਨਿੰਗ ਦਿੱਤੀ ਸੀ ਪਰ ਤੂੰ ਨਹੀਂ ਸਮਝਿਆ।

ਨਿੱਕ ਦਾ ਅਚਾਨਕ ਜਾਣਾ ਜੱਗੀ ਨੂੰ ਹੋਰਵੇਂ ਜਾਪ ਰਿਹਾ ਸੀ। ਉਹ ਕੁਝ ਕੁ ਹੈਰਾਨ ਵੀ ਸੀ, ਉਸ ਤੋਂ ਵੀ ਹੈਰਾਨੀ ਦੀ ਗੱਲ ਇਹ ਕਿ ਉਹ ਮੁੜ ਕੇ ਬਹੁੜਿਆ ਹੀ ਨਹੀਂ ਸੀ, ਫੋਨ ਤਕ ਨਹੀਂ ਸੀ ਕੀਤਾ। ਉਹ ਪ੍ਰੀਤੀ ਨੂੰ ਕਹਿੰਦਾ,

-ਚੰਗਾ ਬੰਦਾ ਨਿੱਕ ਵੀ, ਬੜਾ ਮਤਲਬੀ ਐ, ਜਿੰਨਾ ਚਿਰ ਲੋੜ ਸੀ ਸਾਡੇ ਰਹਿੰਦਾ ਰਿਹਾ ਤੇ ਹੁਣ ਏਧਰ ਨੂੰ ਦੇਖਿਆ ਵੀ ਨਹੀਂ।

-ਸੋ ਵੌਟ ਜੈਗ ? ਤਾਂ ਕੀ ਹੋਇਆ, ਦਫਾ ਕਰ ਉਹਨੂੰ।

ਪ੍ਰੀਤੀ ਉਸ ਦੀ ਬੇਰੁਖੀ 'ਤੇ ਅਲੱਗ ਤੰਗ ਸੀ। ਇੱਕ ਦਿਨ ਜੱਗੀ ਗੈਸ ਸਟੇਸ਼ਨ 'ਤੇ ਕਾਰ ਵਿੱਚ ਡੀਜ਼ਲ ਪੁਆ ਰਿਹਾ ਸੀ ਕਿ ਉਸ ਨੂੰ ਸਾਹਮਣੇ ਨਿੱਕ ਦਿੱਸ ਪਿਆ ਜੋ ਪੈਸੇ ਦੇ ਕੇ ਵਾਪਸ ਆ ਰਿਹਾ ਸੀ। ਉਸ ਨੇ ਨਿੱਕ ਨੂੰ ਜਾ ਘੇਰਿਆ ਤੇ ਬੋਲਿਆ,

-ਕਿੱਥੇ ਮਰ ਗਿਐਂ ? ਮੁੜ ਕੇ ਦਿੱਸਿਆ ਹੀ ਨਹੀਂ, ਕੀ ਗੱਲ ਹੋਈ ?

-ਮੈਂ ਫਲੈਟ ਨੂੰ ਸੈੱਟ ਕਰਨ ਵਿੱਚ ਲੱਗਾ ਹੋਇਆ ਸੀ, ਸਫਾਈ ਕਰਨ ਵਾਲੀ ਸੀ। ਹਾਲੇ ਫੋਨ ਲੱਗਾ ਨਹੀਂ, ਏਸੇ ਕਰਕੇ।

-ਆ ਜਾਈਂ ਤ੍ਰਿਕਾਲਾਂ ਨੂੰ, ਮੇਰੀ ਛੁੱਟੀ ਹੀ ਐ।

-ਅੱਜ ਤਾਂ ਨਹੀਂ ਆ ਹੋਣਾ, ਅਗਲੀ ਛੁੱਟੀ ਕਦੋਂ ਐ ?

-ਉਹ ਤਾਂ ਅਗਲੇ ਵੀਕ ਐਂਡ 'ਤੇ ਹੀ ਐ।



-ਠੀਕ ਐ, ਮੈਂ ਅਗਲੇ ਸ਼ਨਿਚਰਵਾਰ ਆਵਾਂਗਾ। ਮੈਂ ਵੀ ਆਹ ਹਫਤਾ ਬੀਜ਼ੀ ਆਂ।

ਆਖਦਾ ਨਿੱਕ ਚਲੇ ਗਿਆ। ਦਸ ਦਿਨ ਉਹ ਪ੍ਰੀਤੀ ਤੋਂ ਦੂਰ ਰਿਹਾ ਸੀ ਤੇ ਇਹਨਾਂ ਦਸਾਂ ਦਿਨਾਂ ਵਿੱਚ ਉਸ ਨੇ ਬਹੁਤ ਕੁਝ ਸੋਚਿਆ ਤੇ ਬਹੁਤ ਕੁਝ ਮਹਿਸੂਸ ਵੀ ਕੀਤਾ। ਨੀਸ਼ਾ ਦੇ ਮੁਕਾਬਲੇ ਪ੍ਰੀਤੀ ਕਿਤੇ ਵਧੀਆ ਔਰਤ ਸੀ, ਪਿਆਰ ਕਰਨ ਦੇ ਮਾਮਲੇ ਵਿੱਚ ਵੀ ਤੇ ਘਰ ਸੰਭਾਲਣ ਦੇ ਮਾਮਲੇ ਵਿੱਚ ਵੀ। ਨੀਸ਼ਾ ਨੇ ਕਦੇ ਘਰ ਦੀ ਸਫਾਈ ਨਹੀਂ ਸੀ ਕੀਤੀ, ਹੂਵਰ ਤਕ ਉਹ ਆਪ ਕਰਦਾ ਸੀ। ਖਾਣਾ ਬਣਾਉਣ ਵਿੱਚ ਵੀ ਨੀਸ਼ਾ ਫਾਡੀ ਸੀ, ਕੁਝ ਕੁ ਗੁਜਰਾਤੀ ਖਾਣੇ ਬਣਾ ਲੈਂਦੀ ਪਰ ਹੋਰ ਕੁਝ ਨਹੀਂ ਸੀ ਆਉਂਦਾ। ਉਹਨਾਂ ਦੇ ਘਰ ਹਰ ਵੇਲੇ ਟੇਕ ਅਵੇਅ ਹੀ ਆਇਆ ਕਰਦਾ ਸੀ। ਪ੍ਰੀਤੀ ਦੇ ਖਾਣਿਆਂ ਵਿੱਚੋਂ ਨਿੱਕ ਨੂੰ ਆਪਣੀ ਮਾਂ ਦੀ ਮਹਿਕ ਆਉਂਦੀ। ਜਦ ਪ੍ਰੀਤੀ ਸਲਵਾਰ-ਸੂਟ ਪਾਉਂਦੀ ਤਾਂ ਵੀ ਨਿੱਕ ਨੂੰ ਆਪਣੀ ਮਾਂ ਯਾਦ ਆ ਜਾਂਦੀ। ਕਦੇ-ਕਦੇ ਉਸ ਨੂੰ ਪ੍ਰੀਤੀ ਦੇ ਬੋਲਾਂ ਵਿੱਚ ਮਾਂ ਦੀ ਝਲਕ ਮਿਲਣ ਲੱਗਦੀ। ਪ੍ਰੀਤੀ ਤੋਂ ਦੂਰ ਰਹਿ ਕੇ ਉਸ ਦੇ ਨੇੜੇ ਆਉਣ ਦੀ ਭੁੱਖ ਵੱਧ ਗਈ। ਜੱਗੀ ਦਾ ਇਵੇਂ ਮਿਲਣਾ ਤੇ ਘਰ ਆਉਣ ਲਈ ਕਹਿਣਾ ਉਸ ਨੂੰ ਚੰਗਾ ਲੱਗਿਆ। ਉਹ ਤਾਂ ਸੋਚਦਾ ਸੀ ਕਿ ਦੇਵਨ ਨੇ ਉਸ ਨੂੰ ਪ੍ਰੀਤੀ ਨਾਲ ਪੱਬ ਵਿੱਚ ਦੇਖਿਆ ਸੀ ਤੇ ਇਸ ਗੱਲ 'ਤੇ ਜੱਗੀ ਔਖਾ ਹੋਵੇਗਾ।

ਦੋ ਕੁ ਦਿਨ ਬਾਅਦ ਜਦ ਜੱਗੀ ਕੰਮ 'ਤੇ ਗਿਆ ਹੋਇਆ ਸੀ, ਨਿੱਕ ਨੇ ਪ੍ਰੀਤੀ ਨੂੰ ਫੋਨ ਕੀਤਾ। ਪ੍ਰੀਤੀ ਗੁੱਸੇ ਵਿੱਚ ਬੋਲੀ,

-ਹੁਣ ਕਿਉਂ ਫੋਨ ਕੀਤਾ ? ਤੈਨੂੰ ਜੋ ਚਾਹੀਦਾ ਸੀ ਮਿਲ ਗਿਆ, ਹੁਣ ਤੂੰ ਮੇਰੇ ਤੋਂ ਕੀ ਲੈਣਾ ?

-ਜਾਨ, ਹੁਣੇ ਤਾਂ ਮੈਂ ਸਭ ਕੁਝ ਲੈਣਾ, ਆ ਜਾਵਾਂ ?

-ਨਹੀਂ, ਬਿਲਕੁਲ ਨਹੀਂ।

-ਜਾਨ, ਮੈਂ ਆ ਰਿਹਾਂ।

ਨਿੱਕ ਕੇ ਆਖਿਆ। ਉਸ ਨੇ ਫੁੱਲਾਂ ਦਾ ਗੁਲਦਸਤਾ ਖਰੀਦਿਆ ਤੇ ਪ੍ਰੀਤੀ ਨੂੰ ਮਿਲਣ ਜਾ ਪੁੱਜਾ। ਪ੍ਰੀਤੀ ਉਸ ਨਾਲ ਗੁੱਸੇ ਵਿੱਚ ਸੀ ਪਰ ਫੁੱਲ ਦੇਖ ਕੇ ਉਸ ਦਾ ਮਨ ਖਿੜ ਗਿਆ। ਜੱਗੀ ਨੇ ਤਾਂ ਉਸ ਨੂੰ ਕਦੇ ਫੁੱਲ ਦਿੱਤੇ ਹੀ ਨਹੀਂ ਸਨ। ਨਾਲ ਹੀ ਨਿੱਕ ਉਸ ਦੇ ਕੰਨਾਂ ਲਈ ਟੌਪਸ ਵੀ ਲਿਆਇਆ। ਹੁਣ ਪ੍ਰੀਤੀ ਦਾ ਸਾਰਾ ਗੁੱਸਾ ਗਾਇਬ ਹੋ ਗਿਆ ਸੀ। ਨਿੱਕ ਬੋਲਿਆ,

-ਪ੍ਰੀਤੀ, ਮੈਨੂੰ ਤੇਰੇ ਨਾਲ ਸੱਚ ਹੀ ਪਿਆਰ ਹੋ ਗਿਆ, ਮੈਂ ਤੇਰੇ ਬਿਨਾਂ ਹੁਣ ਨਹੀਂ ਰਹਿ ਸਕਦਾ।

-ਤਾਂ ਹੀ ਏਨੇ ਦਿਨ ਮਿਲਣ ਨਹੀਂ ਆਇਆ!

-ਇਹ ਮੈਂ ਸਾਰੀ ਸਿਚੂਏਸ਼ਨ ਬਾਰੇ ਸੋਚ ਰਿਹਾ ਸੀ।

-ਕਿਹੜੀ ਸਿਚੂਏਸ਼ਨ ਬਾਰੇ ?

-ਤੇਰੇ ਬਾਰੇ, ਮੇਰੇ ਬਾਰੇ, ਆਪਣੇ ਦੋਨਾਂ ਬਾਰੇ।

-ਨੀਸ਼ਾ ਨਾਲ ਗੱਲ ਹੋਈ ?

–ਉਹ ਮੈਨੂੰ ਹੁਣ ਲਾਗੇ ਨਹੀਂ ਲੱਗਣ ਦਿੰਦੀ, ਕਹਿੰਦੀ ਕਿ ਹੁਣ ਪ੍ਰੀਤੀ ਨਾਲ ਹੀ ਰਹਿ।

ਨਿੱਕ ਨੇ ਆਖਿਆ। ਪ੍ਰੀਤੀ ਸੋਚਾਂ ਵਿੱਚ ਪੈ ਗਈ ਕਿ ਉਸ ਦੀਆਂ ਗੱਲਾਂ ਦਾ ਕੀ ਜਵਾਬ ਦੇਵੇ। ਕੁਝ ਦੇਰ ਬਾਅਦ ਨਿੱਕ ਬੋਲਿਆ,

–ਜਾਨ, ਜਦ ਵੀ ਮੈਂ ਤੇਰੇ ਬਾਰੇ ਸੋਚਦਾਂ ਤਾਂ ਮੈਨੂੰ ਅਸਮਾਨ ਵਿੱਚ ਉਡਨ ਵਾਲੀ ਕੂੰਜ ਹੀ ਯਾਦ ਆਉਂਦੀ ਐ, ਚੇਤਾ ਤੈਨੂੰ ਜਿਹੜੀ ਅਫਰੀਕਾ ਵਿੱਚ ਚਿੱਟੀ ਜਿਹੀ ਅਸਮਾਨ ਵਿੱਚ ਉੱਡਦੀ ਦਿੱਸਦੀ ਹੁੰਦੀ ਸੀ, ਕਿੰਨੀ ਸੁਹਣੀ ਲੱਗਦੀ ਸੀ!

–ਹਾਂ।

–ਉਦੋਂ ਦੀ ਪ੍ਰੀਤੀ ਦੇਖ ਕੇ ਤੇ ਅੱਜ ਦੀ ਪ੍ਰੀਤੀ ਦੇਖ ਕੇ ਮੈਂ ਹੈਰਾਨ ਹੋ ਜਾਨਾਂ ਕਿ ਤੂੰ ਕਿੰਨਾ ਬਦਲ ਗਈ ਐਂ, ਅਸਮਾਨ ਵਿੱਚ ਉੜਨ ਵਾਲੀ ਇੱਕ ਪਿੰਜਰੇ ਵਿੱਚ ਕਿੱਦਾਂ ਰਹਿ ਸਕਦੀ ਐਂ!

–ਨਿੱਕ, ਹਰ ਬੰਦੇ ਦੀ ਇੱਕ ਹੋਣੀ ਵੀ ਤਾਂ ਹੁੰਦੀ ਐ, ਮੇਰੀ ਹੋਣੀ ਇਹੋ ਸੀ, ਨਹੀਂ ਤਾਂ ਮੇਰੇ ਮਾਂਪਿਓ ਜਲਦੀ ਨਾ ਮਰਦੇ, ਮੇਰਾ ਭਰਾ ਮੇਰਾ ਵਿਆਹ ਕਰਨ ਦੀ ਥਾਂ ਮੈਨੂੰ ਹੋਰ ਪੜ੍ਹਾਉਣ ਬਾਰੇ ਸੋਚਦਾ ਤਾਂ ਮੈਂ ਵੀ ਕੋਈ ਡਿਗਰੀ ਕਰ ਗਈ ਹੁੰਦੀ ਤੇ ਚੰਗੀ ਨੌਕਰੀ ’ਤੇ ਹੁੰਦੀ। ਸਾਰੀਆਂ ਹੋਣੀ ਦੀਆਂ ਗੱਲਾਂ!

ਗੱਲ ਕਰਦੀ ਪ੍ਰੀਤੀ ਉਦਾਸ ਹੋ ਗਈ। ਨਿੱਕ ਵੀ ਸਮਝਦਾ ਸੀ, ਉਹ ਉਸ ਦਾ ਮਨ ਹੋਰ ਨਹੀਂ ਸੀ ਦੁਖਾਉਣਾ ਚਾਹੁੰਦਾ। ਉਸ ਨੇ ਗੱਲ ਬਦਲ ਲਈ। ਅੱਜ ਪ੍ਰੀਤੀ ਨੂੰ ਨਿੱਕ ਦੀਆਂ ਗੱਲਾਂ ਬਹੁਤ ਹੀ ਚੰਗੀਆਂ ਲੱਗ ਰਹੀਆਂ ਸਨ। ਨਿੱਕ ਅੱਧੀ ਰਾਤ ਤੋਂ ਬਾਅਦ ਆਪਣੇ ਫਲੈਟ ਨੂੰ ਮੁੜਿਆ।

ਜੱਗੀ ਦੀ ਛੁੱਟੀ ਆਈ ਤਾਂ ਨਿੱਕ ਫਿਰ ਉਹਨਾਂ ਦੇ ਘਰ ਚਲੇ ਗਿਆ। ਸਭ ਨੇ ਰਲ਼ ਕੇ ਮਹਿਫਲ ਜਮਾਈ। ਸ਼ਰਾਬ ਦਾ ਦੌਰ ਵੀ ਚੱਲਿਆ। ਜੱਗੀ ਨੇ ਪੁੱਛਿਆ,

–ਨਿੱਕ, ਤੇਰੇ ਬੱਚੇ ਕਿੱਦਾਂ ਬਈ?

–ਠੀਕ ਐ, ਕੱਲ੍ਹ ਨੂੰ ਮੈਂ ਲਿਆਉਣੇ ਆਂ। ਐਤਵਾਰ ਨੂੰ ਮੇਰੇ ਕੋਲ ਆ ਜਾਂਦੇ ਹੁੰਦੇ ਆ ਜੇ ਮੇਰੀ ਛੁੱਟੀ ਹੋਵੇ ਤਾਂ।

–ਤੇ ਨੀਸ਼ਾ?

–ਨੀਸ਼ਾ ਹਾਲੇ ਵੀ ਆਕੜੀ ਬੈਠੀ ਐ।

ਹਾਲੇ ਵੀ ਨਿੱਕ ਇਹੋ ਸੋਚਦਾ ਕਿ ਜਿਹੜੀ ਨੀਸ਼ਾ ਏਨਾ ਆਕੜਦੀ ਹੈ, ਜ਼ਰੂਰ ਉਸ ਨੇ ਕੋਈ ਮਰਦ ਦੋਸਤ ਰੱਖ ਲਿਆ ਹੋਵੇਗਾ। ਉਸ ਨੂੰ ਪਤਾ ਸੀ ਕਿ ਕੰਮਾਂ ਉਪਰ ਤਾਂ ਮਰਦ ਦੁਖੀ–ਔਰਤਾਂ ਨੂੰ ਲੱਭਦੇ ਫਿਰਦੇ ਹਨ, ਢਾਰਸ ਦੇਣ ਲਈ ਇਕਦਮ ਆਪਣਾ ਮੋਢਾ ਪੇਸ਼ ਕਰ ਦਿੰਦੇ ਹਨ। ਉਹ ਆਪ ਵੀ ਤਾਂ ਅਜਿਹਾ ਹੀ ਸੀ। ਪਰ ਨਿੱਕ ਨੂੰ ਯਕੀਨ ਸੀ ਕਿ ਨੀਸ਼ਾ ਅਜਿਹੀ ਨਹੀਂ। ਪ੍ਰੀਤੀ ਕੋਲੋਂ ਉਹ ਦੂਰ ਦੂਰ ਰਹਿਣ ਦਾ ਉਸ ਦਾ ਇੱਕ ਕਾਰਨ ਇਹ ਵੀ ਸੀ ਕਿ ਨੀਸ਼ਾ ਸਮਝ ਜਾਵੇ ਕਿ ਉਹ ਪ੍ਰੀਤੀ ਨੂੰ ਨਹੀਂ ਮਿਲਦਾ। ਜੱਗੀ ਨਾਲ ਗੱਲਾਂ ਕਰਦਿਆਂ ਉਸ ਦਾ ਮਨ ਕੀਤਾ ਕਿ ਕਿਉਂ ਨਾ ਬੱਚਿਆਂ ਨੂੰ ਫੋਨ ਹੀ ਕਰ ਲਵੇ, ਕਈ ਦਿਨ ਹੋ ਗਏ ਸਨ। ਉਸ ਨੇ ਫੋਨ ਘੁਮਾਇਆ ਤਾਂ ਦੂਜੇ ਪਾਸਿਓਂ ਐਂਡੀ ਨੇ ਫੋਨ ਚੁੱਕਿਆ ਤੇ ਆਵਾਜ਼ ਪਛਾਣਦਾ ਬੋਲਿਆ,



–ਹੈਲੋ ਡੈਡ!

–ਹੈਲੋ, ਕਿੱਦਾਂ ਤੂੰ ਤੇ ਲੀਨਾ?

–ਅਸੀਂ ਠੀਕ ਆਂ। ਮੈਕਡੌਨਲਡ ਖਾ ਰਹੇ ਆਂ?

–ਮੰਮੀ ਲੈ ਕੇ ਆਈ ਸੀ?

–ਨਹੀਂ, ਪੀਟਰ ਅੰਕਲ ਲਿਆਇਆ ਸੀ।

–ਕੌਣ ਪੀਟਰ?

–ਪਤਾ ਨਹੀਂ, ਮੰਮੀ ਨਾਲ ਕੰਮ ਕਰਦਾ, ਉਹ ਲਿਆਇਆ ਸੀ।

–ਹੁਣ ਮੰਮੀ ਕਿੱਥੇ ਆ?

–ਅੰਕਲ ਨਾਲ ਸ਼ੌਪਿੰਗ ਗਈ ਆ।

–ਪਹਿਲਾਂ ਵੀ ਆਇਆ ਇਹ ਅੰਕਲ?

–ਹਾਂ, ਰਾਤ ਨੂੰ ਆਉਂਦਾ ਹੁੰਦਾ ਜਦ ਮੰਮੀ ਕੰਮ ਤੋਂ ਆਉਂਦੀ ਹੁੰਦੀ ਐ।

–ਰਾਤ ਨੂੰ ਇੱਥੇ ਹੀ ਸੌਂਦਾ?

–ਹਾਂ, ਮੰਮੀ ਦੇ ਰੂਮ ਵਿੱਚ ਹੀ, ਕਿਉਂ ਡੈਡ, ਕੋਈ ਗਲਤ ਗੱਲ ਐ?

–ਨਹੀਂ ਨਹੀਂ, ਮੈਂ ਤੁਹਾਨੂੰ ਕੱਲ੍ਹ ਨੂੰ ਸਵੇਰੇ ਦਸ ਕੁ ਵਜੇ ਪਿੱਕ ਕਰਾਂਗਾ।

ਆਖਦਿਆਂ ਨਿੱਕ ਨੇ ਫੋਨ ਰੱਖ ਦਿੱਤਾ। ਪ੍ਰੀਤੀ ਤੇ ਜੱਗੀ ਸਾਰੀ ਗੱਲ ਸੁਣ ਰਹੇ ਸਨ। ਉਹ ਦੋਵੇਂ ਉੱਠ ਕੇ ਉਸ ਦੇ ਦੁਆਲੇ ਬਹਿ ਗਏ ਤੇ ਢਾਰਸ ਦੇਣ ਲੱਗੇ।

## ਬਾਰਾਂ

ਘਰ ਵਿੱਚ ਪੀਟਰ ਦੀ ਹੋਂਦ ਨੇ ਨਿੱਕ ਦਾ ਦਿਲ ਤੋੜ ਦਿੱਤਾ। ਪਹਿਲਾਂ ਤਾਂ ਉਸ ਨੂੰ ਉਮੀਦ ਸੀ ਕਿ ਇੱਕ ਦਿਨ ਨੀਸ਼ਾ ਨਾਲ ਉਹ ਮੁੜ ਜਾ ਰਹਿਣ ਲੱਗੇਗਾ ਪਰ ਹੁਣ ਇਹ ਉਮੀਦ ਦਮ ਤੋੜ ਰਹੀ ਸੀ। ਉਸ ਨੇ ਪੀਟਰ ਬਾਰੇ ਪਤਾ ਕਰ ਲਿਆ ਸੀ। ਉਹ ਨੀਸ਼ਾ ਨਾਲ ਕੰਮ ਕਰਦਾ ਉਸ ਦਾ ਮੈਨੇਜਰ ਹੀ ਸੀ। ਕਦੇ–ਕਦੇ ਉਹ ਮਨ ਨੂੰ ਤਸੱਲੀ ਦਿੰਦਾ ਸੋਚਣ ਲੱਗਦਾ ਕਿ ਜਲਦੀ ਹੀ ਨੀਸ਼ਾ ਦਾ ਮਨ ਪੀਟਰ ਤੋਂ ਭਰ ਜਾਵੇਗਾ ਜਾਂ ਪੀਟਰ ਨੂੰ ਹੀ ਉਸ ਤੋਂ ਵਧੀਆ ਔਰਤ ਮਿਲ ਜਾਵੇਗੀ ਤੇ ਨੀਸ਼ਾ ਮੁੜ ਉਸ ਨੂੰ ਘਰ ਸੱਦ ਲਵੇਗੀ। ਫਿਰ ਇੱਕ ਦਿਨ ਉਸ ਨੂੰ ਡਾਕ ਰਾਹੀਂ ਨੀਸ਼ਾ ਦੀ ਪਾਈ ਤਲਾਕ ਦੀ ਅਰਜ਼ੀ ਮਿਲ ਗਈ। ਉਹ ਬਹੁਤ ਉਦਾਸ ਹੋ ਗਿਆ। ਸ਼ਾਮ ਨੂੰ ਉਹ ਪ੍ਰੀਤੀ ਵੱਲ ਚਲੇ ਗਿਆ। ਤਲਾਕ ਦੀ ਅਰਜ਼ੀ ਦਿਖਾਉਂਦਾ ਬੋਲਿਆ,

–ਜਾਨ, ਏਸ ਸ਼ਰਾਬੀ ਨੂੰ ਛੱਡ ਤੇ ਮੇਰੇ ਨਾਲ ਵਿਆਹ ਕਰਾ ਲੈ, ਫੁੱਲਾਂ ਵਾਂਗ ਰੱਖਾਂਗਾ ਸਾਰੀ ਉਮਰ।

–ਨਹੀਂ ਨਿੱਕ, ਮੈਂ ਹੈਪੀਲੀ ਮੈਰੀਡ ਆਂ।

–ਹੈਪੀਲੀ ਮੈਰੀਡ? ਹਾ ਹਾ ਹਾ, ਏਸ ਨੂੰ ਹੈਪੀਲੀ ਮੈਰੀਡ ਕਹਿੰਦੇ ਆ? ਅਲਕੋਹਲਿਕ ਬੰਦੇ ਨਾਲ ਹੈਪੀਲੀ ਮੈਰੀਡ....?

ਆਖਦਾ ਉਹ ਸ਼ਰਾਬੀ ਬੰਦੇ ਵਾਂਗ ਤੁਰ ਕੇ ਦਿਖਾਉਣ ਲੱਗ ਪਿਆ। ਪ੍ਰੀਤੀ ਖੁਸ਼ਕ ਜਿਹੀ ਆਵਾਜ਼ ਵਿੱਚ ਬੋਲੀ,

–ਏਦਾਂ ਨਾ ਕਹਿ ਨਿੱਕ, ਉਹ ਮੇਰਾ ਹਸਬੈਂਡ ਐ। ਮੈਂ ਜਿੱਦਾਂ ਵੀ ਆਂ, ਬਹੁਤ ਖੁਸ਼ ਆਂ।

–ਜਾਨ, ਤੂੰ ਖੁਸ਼ ਨਹੀਂ ਐਂ, ਮੈਨੂੰ ਸਭ ਦਿੱਸ ਰਿਹੈ, ਏਸ ਬੰਦੇ ਨੇ ਤੈਨੂੰ ਦਿੱਤਾ ਹੀ ਕੀ ਐ ? ...ਅਸਮਾਨ ਵਿੱਚ ਉੜਨ ਵਾਲੀ ਅਫਰੀਕੀ ਕੂੰਜ ਪਿੰਜਰੇ ਵਿੱਚ ਖੁਸ਼ ਨਹੀਂ ਰਹਿ ਸਕਦੀ। ਮੇਰੇ ਅਸਮਾਨ ਵਿੱਚ ਆ ਜਾ, ਬਹੁਤ ਖੁੱਲ੍ਹਾ ਐ, ਜਿੱਦਾਂ ਮਰਜ਼ੀ ਉੱਡੀਂ।

–ਇਹ ਠੀਕ ਐ ਕਿ ਇਹ ਮੈਨੂੰ ਘਰ ਨਹੀਂ ਲੈ ਕੇ ਦੇ ਸਕਿਆ ਪਰ ਜਿੱਦਾਂ ਵੀ ਆਂ, ਠੀਕ ਆਂ।

–ਦੇਖ ਹੁਣ ਮੇਰਾ ਘਰ ਵਿਕ ਜਾਵੇਗਾ ਤੇ ਮੈਨੂੰ ਅੱਧ ਮਿਲ ਜਾਵੇਗਾ। ਉਹਨਾਂ ਪੈਸਿਆਂ ਦਾ ਡਿਪੌਜ਼ਿਟ ਦੇ ਕੇ ਮੈਂ ਘਰ ਖਰੀਦ ਲੈਣਾਂ। ਤੂੰ ਆ ਜਾ ਮੇਰੇ ਘਰ ਨੂੰ ਸਵਰਗ ਬਣਾਉਣ ਲਈ।

ਆਖਦਿਆਂ ਨਿੱਕ ਨੇ ਉਸ ਵੱਲ ਇਵੇਂ ਹੱਥ ਵਧਾਇਆ ਜਿਵੇਂ ਕਿਸੇ ਨੂੰ ਖਾਈ ਪਾਰ ਕਰਾਉਣ ਲਈ ਵਧਾਈਦਾ ਹੈ ਪਰ ਪ੍ਰੀਤੀ ਨੇ ਆਪਣਾ ਹੱਥ ਉਸ ਵੱਲ ਨਾ ਕੱਢਿਆ।

ਨਿੱਕ ਦੇ ਵਿਆਹ ਦੀ ਪੇਸ਼ਕਸ਼ ਨੇ ਪ੍ਰੀਤੀ ਦੇ ਅੰਦਰ ਹਿਲਜੁਲ ਪੈਦਾ ਕਰ ਦਿੱਤੀ। ਜਦ ਕਦੇ ਇਕੱਲੀ ਹੁੰਦੀ ਤਾਂ ਜੱਗੀ ਦੇ ਨੁਕਸ ਉਭਰ ਉਭਰ ਕੇ ਉਸ ਦੇ ਸਾਹਮਣੇ ਆਉਣ ਲੱਗਦੇ। ਨਿੱਕ ਵੀ ਹੁਣ ਲਗਭਗ ਹਰ ਸ਼ਾਮ ਨੂੰ ਉਸ ਨੂੰ ਮਿਲਣ ਆ ਜਾਂਦਾ। ਜੱਗੀ ਜਾਂਦਾ ਤਾਂ ਪ੍ਰੀਤੀ ਆਪ ਹੀ ਨਿੱਕ ਨੂੰ ਫੋਨ ਕਰ ਦਿੰਦੀ। ਉਸ ਦੇ ਹੱਥ ਦਾ ਬਣਿਆਂ ਖਾਣਾ ਖਾਂਦਾ ਤੇ ਢੇਰ ਸਾਰੀਆਂ ਤਾਰੀਫਾਂ ਕਰਦਾ। ਨਿੱਕ ਦੀ ਹਾਜ਼ਰੀ ਉਸ ਨੂੰ ਅਜੀਬ ਕਿਸਮ ਦੀ ਖੁਸ਼ੀ ਦਿੰਦੀ। ਛੇਤੀ ਹੀ ਨਿੱਕ ਨਾਲ ਉਸ ਦੀ ਇੱਕ ਅਜਿਹੀ ਸਮਝ ਬਣ ਗਈ ਜਿਹੜੀ ਜੱਗੀ ਨਾਲ ਕਦੇ ਵੀ ਨਹੀਂ ਸੀ ਬਣ ਸਕੀ।ਪਰ ਰੌਕੀ ਉਪਰ ਨਿੱਕ ਦਾ ਉਲਟਾ ਹੀ ਅਸਰ ਪੈ ਰਿਹਾ ਸੀ। ਉਹ ਬੈਠਾ ਟੈਲੀ ਦੇਖ ਰਿਹਾ ਹੁੰਦਾ। ਨਿੱਕ ਰਿਮੋਟ ਚੁੱਕਦਾ ਤੇ ਚੈਨਲ ਬਦਲ ਦਿੰਦਾ। ਰੌਕੀ ਉੱਠ ਕੇ ਆਪਣੇ ਕਮਰੇ ਵਿੱਚ ਚਲੇ ਜਾਂਦਾ। ਕਈ ਵਾਰ ਨਿੱਕ ਆਉਂਦਾ ਤੇ ਰੌਕੀ ਦੇ ਸਾਹਮਣੇ ਹੀ ਪ੍ਰੀਤੀ ਦਾ ਹੱਥ ਫੜਦਾ ਬੈੱਡਰੂਮ ਵਿੱਚ ਲੈ ਵੜਦਾ। ਉਹਨਾਂ ਨੂੰ ਰੌਕੀ ਦੀ ਹਾਜ਼ਰੀ ਦੀ ਬਹੁਤੀ ਪਰਵਾਹ ਨਾ ਹੁੰਦੀ। ਰੌਕੀ ਹੁਣ ਪਹਿਲਾਂ ਨਾਲੋਂ ਵੀ ਚੁੱਪ ਹੋ ਗਿਆ ਸੀ। ਪ੍ਰੀਤੀ ਉਸ ਵੱਲ ਧਿਆਨ ਦੇਣਾ ਜਿਵੇਂ ਭੁੱਲ ਹੀ ਗਈ ਹੋਵੇ। ਜੱਗੀ ਕੋਲ ਤਾਂ ਵਕਤ ਹੀ ਨਹੀਂ ਸੀ।

ਇੱਕ ਸ਼ਾਮ ਨਿੱਕ ਨਾ ਆਇਆ ਤਾਂ ਪ੍ਰੀਤੀ ਨੇ ਉਸ ਨੂੰ ਫੋਨ ਕੀਤਾ ਤੇ ਪੁੱਛਣ ਲੱਗੀ,

–ਨਿੱਕ, ਕੀ ਹੋ ਰਿਹੈ ?

–ਰੋਟੀ ਖਾ ਰਿਹਾਂ।

–ਆਪੇ ਬਣਾਈ ਕਿ ਬਾਹਰੋਂ ਲਿਆਇਆਂ ?

–ਨਹੀਂ, ਨੀਸ਼ਾ ਆਈ ਸੀ, ਕਹਿੰਦੀ ਲਿਆ ਖਾਣਾ ਬਣਾ ਦੇਵਾਂ।

–ਤੇਰਾ ਦਿਮਾਗ ਤਾਂ ਸਹੀ ਐ ?



ਪ੍ਰੀਤੀ ਇਕਦਮ ਬੋਲੀ। ਅਗਲੇ ਦਿਨ ਨਿੱਕ ਆਇਆ ਤਾਂ ਉਹ ਉਸ ਨਾਲ ਲੜਨ ਲੱਗੀ। ਨਿੱਕ ਖੁਸ਼ ਹੁੰਦਾ ਬੋਲਿਆ,

–ਜਾਨ, ਮੇਰੀ ਏਨੀ ਕਨਸਰਨ ! ਲਵ ਯੂ ਜਾਨ ! ਇਹ ਤਾਂ ਬੱਚੇ ਕਹਿੰਦੇ ਕਿ ਰੋਟੀ ਖਾਣੀ ਆਂ, ਮੈਂ ਕਿਹਾ ਕਿ ਬਣਾ ਲਓ, ਨੀਸ਼ਾ ਕੋਲ ਰੋਟੀ ਬਣਾਉਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ। ...ਜਾਨ, ਮੇਰੀ ਗੱਲ ਮੰਨ, ਚਲਦਾ ਕਰ ਇਸ ਸ਼ਰਾਬੀ ਨੂੰ, ਆ ਰਲ਼ ਕੇ ਲਾਈਫ ਜੀਵੀਏ।

ਪ੍ਰੀਤੀ ਕੁਝ ਨਾ ਬੋਲੀ। ਨਿੱਕ ਫਿਰ ਆਖਣ ਲੱਗਾ,

–ਜਾਨ, ਸੱਚ ਦੱਸਾਂ, ਮੈਨੂੰ ਜੋ ਚਾਹੀਦਾ ਪੂਰਾ ਚਾਹੀਦਾ, ਅੱਧਾ ਨਹੀਂ।

–ਮੈਂ ਵੀ ਨਹੀਂ ਚਾਹੁੰਦੀ ਕਿ ਤੂੰ ਨੀਸ਼ਾ ਜਾਂ ਕਿਸੇ ਹੋਰ ਔਰਤ ਨੂੰ ਮਿਲੇਂ।

–ਜਾਨ, ਤਲਾਕ ਦੇ ਕੇਸ ਉਪਰ ਬਹੁਤ ਖਰਚ ਹੋਇਆ ਕਰਦਾ। ਵਕੀਲਾਂ ਨੇ ਬਹੁਤ ਪੈਸੇ ਲੈ ਜਾਣੇ ਆਂ। ਮੈਂ ਚਾਹੁੰਨਾਂ ਕਿ ਕੋਈ ਆਸਾਨ ਰਾਹ ਨਿਕਲ ਆਵੇ ਏਸ ਲਈ ਮੈਂ ਨੀਸ਼ਾ ਨਾਲ ਗੁੱਡੀ-ਗੁੱਡੀ ਰਿਲੇਸ਼ਨ ਰੱਖਣ ਚਾਹੁੰਦਾ ਹਾਂ। ਉਹਨੇ ਪੀਟਰ ਲੱਭ ਲਿਆ ਤੇ ਮੈਂ ਤੈਨੂੰ। ਹੁਣ ਜਦ ਸਭ ਸਾਫ ਐ ਤਾਂ ਬਹੁਤੀਆਂ ਲੜਾਈਆਂ ਕਿਉਂ ਕਰਨੀਆਂ। ਮੇਰਾ ਵਕੀਲ ਕਹਿੰਦਾ ਕਿ ਜੇ ਮੀਚੂਅਲ ਡਾਇਵੋਰਸ ਹੋ ਜਾਵੇ ਤਾਂ ਉਸ ਵਰਗੀ ਕੋਈ ਗੱਲ ਨਹੀਂ।

–ਕੀ ਮਤਲਬ ?

–ਵਕੀਲ ਕਹਿੰਦਾ ਕਿ ਜੇ ਤੁਸੀਂ ਕੇਸ ਫਾਈਟ ਕੀਤਾ ਤੇ ਜੇ ਮੈਂ ਕੇਸ ਹਾਰ ਜਾਨਾਂ ਤਾਂ ਹੋ ਸਕਦਾ ਕਿ ਘਰ ਬੱਚਿਆਂ ਕਰਕੇ ਨੀਸ਼ਾ ਨੂੰ ਮਿਲ ਜਾਵੇ, ਮੈਨੂੰ ਘਰ ਦੀ ਕਿਸ਼ਤ ਵੀ ਦੇਣੀ ਪਵੇ, ਬੱਚਿਆਂ ਨੂੰ ਖਰਚਾ ਵੀ ਤੇ ਉਪਰੋਂ ਦੀ ਨੀਸ਼ਾ ਦਾ ਖਰਚਾ ਵੀ।

–ਇਹ ਕਿੱਦਾਂ ਹੋ ਸਕਦਾ ?

–ਕਾਨੂੰਨ ਇਹੀ ਕਹਿੰਦਾ, ਮੈਂ ਕੀ ਕਰਾਂ ! ਇਸੇ ਕਰਕੇ ਮੈਂ ਨੀਸ਼ਾ ਨੂੰ ਪਤਿਆ ਕੇ ਰੱਖਦਾਂ ਕਿ ਮੀਚੂਅਲ ਡਾਇਵੋਰਸ ਹੋ ਜਾਵੇ ਜੋ ਸਸਤਾ ਪਵੇਗਾ।

ਨਿੱਕ ਨੇ ਮੋਢੇ ਮਾਰਦਿਆਂ ਆਖਿਆ।

ਨਿੱਕ ਹੁਣ ਨੀਸ਼ਾ ਨੂੰ ਅਕਸਰ ਮਿਲਦਾ ਰਹਿੰਦਾ। ਪੀਟਰ ਵੀ ਉਸ ਦੇ ਨਾਲ ਹੀ ਹੁੰਦਾ। ਉਹ ਇਕੱਠੇ ਬੀਅਰ-ਵਿਸਕੀ ਵੀ ਪੀ ਲੈਂਦੇ ਤੇ ਕਾਫੀ ਸਾਰੀਆਂ ਗੱਲਾਂ ਵੀ ਕਰਦੇ। ਪੀਟਰ ਜੌਬ ਦੇ ਨਾਲ ਨਾਲ ਲੋਹੇ ਦਾ ਕੰਮ ਵੀ ਸ਼ੁਰੂ ਕਰਨਾ ਚਾਹੁੰਦਾ ਸੀ। ਨਿੱਕ ਨੇ ਆਪਣੇ ਇੱਕ ਵਾਕਫ ਦਾ ਫੋਨ ਨੰਬਰ ਦੇ ਦਿੱਤਾ ਜੋ ਇਸ ਕਾਰੋਬਾਰ ਵਿੱਚ ਸੀ। ਨਿੱਕ ਨੂੰ ਹੁਣ ਤਲਾਕ ਬਾਰੇ ਬਹੁਤਾ ਦੁੱਖ ਨਹੀਂ ਸੀ ਲੱਗ ਰਿਹਾ। ਉਸ ਨੇ ਆਪਣੀ ਟੇਕ ਪ੍ਰੀਤੀ ਉਪਰ ਰੱਖ ਲਈ ਸੀ। ਉਸ ਨੂੰ ਯਕੀਨ ਸੀ ਕਿ ਜਲਦੀ ਹੀ ਪ੍ਰੀਤੀ ਜੱਗੀ ਨੂੰ ਛੱਡ ਕੇ ਉਸ ਨਾਲ ਰਹਿਣ ਲੱਗੇਗੀ। ਪ੍ਰੀਤੀ ਨਾਲ ਉਸ ਦੇ ਸੰਬੰਧ ਦਿਨੋ-ਦਿਨ ਮਜ਼ਬੂਤ ਹੁੰਦੇ ਜਾ ਰਹੇ ਸਨ। ਪ੍ਰੀਤੀ ਵੀ ਉਸ ਦੀ ਹੋਂਦ ਨੂੰ ਆਪਣੇ ਆਲੇ-ਦੁਆਲੇ ਮਹਿਸੂਸ ਕਰਦੀ ਖੀਵੀ ਹੋ ਹੋ ਜਾਂਦੀ।

ਇੱਕ ਦਿਨ ਜੱਗੀ ਦੇ ਜਾਂਦਿਆਂ ਹੀ ਨਿੱਕ ਆ ਗਿਆ। ਪ੍ਰੀਤੀ ਨੇ ਉਸ ਲਈ ਵਿਸ਼ੇਸ਼ ਤੌਰ 'ਤੇ ਫਿਸ਼-ਕਰੀ ਬਣਾਈ ਹੋਈ ਸੀ। ਰੌਕੀ ਆਪਣਾ ਡਿਨਰ ਖਾਣ ਲਈ ਡਾਈਨਿੰਗ ਟੇਬਲ 'ਤੇ ਜਾ ਬੈਠਾ। ਰੌਕੀ ਨੇ ਬੱਚਿਆਂ ਵਾਲਾ ਪ੍ਰੋਗਰਾਮ ਟੈਲੀ 'ਤੇ ਲਾਇਆ ਹੋਇਆ ਸੀ

ਪਰ ਨਿੱਕ ਨੇ ਚੈਨਲ ਬਦਲ ਕੇ 'ਈਸਟ-ਐਂਡਰ' ਲਾ ਲਿਆ। ਰੌਕੀ ਟਿਕ-ਟਿਕੀ ਲਾ ਕੇ ਨਿੱਕ ਵੱਲ ਦੇਖਣ ਲੱਗਾ। ਪ੍ਰੀਤੀ ਪੂਰੀ ਮਸਤੀ ਵਿੱਚ ਸੀ। ਉਹ ਰੌਕੀ ਨੂੰ ਖਾਣਾ ਦੇ ਵਿਹਲੀ ਹੋ ਗਈ ਤੇ ਅਚਾਨਕ ਛਾਲ ਮਾਰ ਕੇ ਨਿੱਕ ਦੀ ਗੋਦੀ ਵਿੱਚ ਜਾ ਬੈਠੀ। ਰੌਕੀ ਦਾ ਤਾਂ ਉਸ ਨੇ ਕਦੇ ਧਿਆਨ ਰੱਖਿਆ ਹੀ ਨਹੀਂ ਸੀ। ਉਸ ਨੂੰ ਪਤਾ ਸੀ ਕਿ ਰੌਕੀ ਕੋਈ ਵੀ ਗੱਲ ਜੱਗੀ ਨੂੰ ਨਹੀਂ ਦੱਸੇਗਾ। ਰੌਕੀ ਖਾਣਾ ਖਾ ਕੇ ਬਿਨਾਂ ਬੋਲੇ ਆਪਣੇ ਬੈੱਡਰੂਮ ਵਿੱਚ ਚਲੇ ਗਿਆ।

ਅਗਲੀ ਸਵੇਰ ਪ੍ਰੀਤੀ ਰੌਕੀ ਨੂੰ ਸਕੂਲ ਛੱਡਣ ਜਾ ਰਹੀ ਸੀ ਤਾਂ ਰੌਕੀ ਕੁਝ ਕਹਿਣ ਦੀ ਕੋਸ਼ਿਸ਼ ਕਰਦਾ ਬੋਲਿਆ,

-ਮੌਮ, ਇੱਕ ਸਵਾਲ ਪੁੱਛਣਾ ਮੰਗਦਾਂ ?

ਰੌਕੀ ਦੇ ਗੱਲ ਕਰਨ ਦੇ ਅੰਦਾਜ਼ ਤੋਂ ਪ੍ਰੀਤੀ ਹੈਰਾਨ ਰਹਿ ਗਈ ਤੇ ਡਰ ਵੀ ਗਈ ਕਿ ਕਿਤੇ ਕੋਈ ਉਲਟਾ-ਸਿੱਧਾ ਸਵਾਲ ਹੀ ਨਾ ਪੁੱਛ ਲਵੇ। ਉਸ ਨੇ ਰੌਕੀ ਨੂੰ ਕਲਾਵੇ ਵਿੱਚ ਲਿਆ ਤੇ ਕਾਹਲੀ ਨਾਲ ਕਿਹਾ,

-ਯੈਸ ਡਾਰਲਿੰਗ, ਪੁੱਛ ਕੀ ਪੁੱਛਣਾ।

-ਮੌਮ, ਮੇਰਾ ਡੈਡ ਕੌਣ ਆਂ ? ਟਰਬਨ ਮੈਨ ਕਿ ਦੂਜਾ ?

ਸਵਾਲ ਸੁਣ ਕੇ ਪ੍ਰੀਤੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਉਸ ਨੇ ਪੁੱਛਿਆ,

- ਤੈਨੂੰ ਪਤਾ ਨਹੀਂ ਕਿ ਤੇਰਾ ਡੈਡੀ ਜੈਗ ਐ ਤੇ ਉਹੀ ਪੱਗ ਬੰਨਦਾ ਐ। ਨਿੱਕ ਤਾਂ ਤੇਰਾ ਅੰਕਲ ਐ। ਇਹ ਸਵਾਲ ਤੂੰ ਕਿਉਂ ਕੀਤਾ ?

-ਨਥਿੰਗ ਮੌਮ !

# ਤੇਰਾਂ

ਪ੍ਰੀਤੀ ਦਾ ਜੀਣਾ ਵੀ ਸੌਖਾ ਨਹੀਂ ਸੀ। ਉਹ ਦੋ ਬੇੜੀਆਂ ਵਿੱਚ ਪੈਰ ਰੱਖੀ ਖੜੀ ਸੀ ਤੇ ਉਸ ਲਈ ਹੁਣ ਸੰਤੁਲਨ ਰੱਖਣਾ ਔਖਾ ਹੋ ਗਿਆ ਸੀ। ਹਰ ਵੇਲੇ ਉਹ ਅਜੀਬ ਜਿਹੇ ਫਿਕਰਾਂ ਵਿੱਚ ਘਿਰੀ ਰਹਿੰਦੀ। ਉਸ ਤੋਂ ਕੋਈ ਫੈਸਲਾ ਹੋ ਹੀ ਨਹੀਂ ਸੀ ਰਿਹਾ। ਨਿੱਕ-ਜੈਗ, ਜੈਗ-ਨਿੱਕ। ਕਿਸ ਨੂੰ ਰੱਖੇ ਤੇ ਕਿਸ ਨੂੰ ਛੱਡੇ। ਇੱਕ ਪਾਸੇ ਬਹੁਤ ਪਿਆਰ ਕਰਨ ਵਾਲਾ ਪਰ ਨਿਕੰਮਾ ਪਤੀ ਤੇ ਦੂਜੇ ਪਾਸੇ ਪ੍ਰੇਮੀ, ਪਿਆਰ ਕਰਨ ਵਾਲਾ ਪਰ ਭਰੋਸੇ ਤੋਂ ਥਿੜਕਣ ਵਾਲਾ। ਥਿੜਕਣ ਵਾਲਾ ਇਸ ਕਰਕੇ ਕਿ ਤਲਾਕ ਦੇ ਬਹਾਨੇ ਉਹ ਹੁਣ ਨੀਸ਼ਾ ਨੂੰ ਕੁਝ ਬਹੁਤਾ ਹੀ ਮਿਲਣ ਲੱਗਿਆ ਸੀ। ਇੱਕ ਗੱਲ ਹੋਰ ਵੀ ਰੜਕਦੀ ਸੀ ਕਿ ਨਿੱਕ ਕਦੇ ਵੀ ਨੀਸ਼ਾ ਦੀ ਬਦਖੋਈ ਨਹੀਂ ਸੀ ਕਰਦਾ ਸਗੋਂ ਜਦ ਵੀ ਨੀਸ਼ਾ ਬਾਰੇ ਗੱਲ ਕਰਦਾ ਤਾਂ ਵਧੀਆਂ ਸ਼ਬਦਾਂ ਵਿੱਚ ਹੀ ਕਰਦਾ। ਨੀਸ਼ਾ ਨੂੰ ਲੈ ਕੇ ਉਹਨਾਂ ਵਿਚਕਾਰ ਝਗੜਾ ਰਹਿਣ ਲੱਗਾ ਸੀ।

ਜੱਗੀ ਲਗਭਗ ਹਰ ਸਵੇਰ ਨਸ਼ੇ ਨਾਲ ਧੁੱਤ ਘਰ ਪੁੱਜਦਾ। ਪ੍ਰੀਤੀ ਦੀਆਂ ਸ਼ਿਕਾਇਤਾਂ ਸੁਣਨ ਦਾ ਉਸ ਕੋਲ ਵਕਤ ਹੀ ਨਹੀਂ ਸੀ ਹੁੰਦਾ। ਹੁਣ ਪ੍ਰੀਤੀ ਇੱਕੋ ਸੁਫਨਾ ਦੇਖਦੀ ਸੀ, ਘਰ, ਘਰ, ਘਰ। ਜਿਵੇਂ ਉਸ ਦੀਆਂ ਸਾਰੀਆਂ ਕਿਰਿਆਵਾਂ ਇਸੇ ਸੁਫਨੇ



ਦੁਆਲੇ ਆ ਜੁੜੀਆਂ ਹੋਣ। ਉਸ ਨੂੰ ਬਗੀਚਾ ਚਾਹੀਦਾ ਸੀ, ਬਗੀਚੇ ਵਿੱਚ ਗੁਲਾਬ ਚਾਹੀਦੇ ਸਨ। ਜੱਗੀ ਉਸ ਦਾ ਇਹ ਸੁਫਨਾ ਪੂਰਾ ਨਹੀਂ ਸੀ ਕਰ ਸਕਿਆ ਤੇ ਨਾ ਹੀ ਕੋਈ ਆਸ ਦਿੱਸ ਰਹੀ ਸੀ ਕਿਉਂਕਿ ਘਰਾਂ ਦੀਆਂ ਕੀਮਤਾਂ ਹੁਣ ਅਸਮਾਨ ਛੂਹ ਰਹੀਆਂ ਸਨ। ਡਿਪੌਜ਼ਟ ਦੇਣ ਲਈ ਵਾਹਵਾ ਸਾਰਾ ਨਕਦਨਾਮਾ ਚਾਹੀਦਾ ਸੀ ਤੇ ਉਹਨਾਂ ਕੋਲੋਂ ਕੁਝ ਨਹੀਂ ਸੀ ਜੁੜਿਆ।

ਹੁਣ ਇੱਕ ਨਵੀਂ ਆਸ ਦੀ ਕਿਰਨ ਉਸ ਨੂੰ ਦਿੱਸਣ ਲੱਗੀ ਸੀ। ਉਹ ਸੀ ਨਿੱਕ ਦਾ ਤਲਾਕ। ਤਲਾਕ ਤੋਂ ਬਾਅਦ ਅੱਧਾ ਘਰ ਨਿੱਕ ਨੂੰ ਮਿਲ ਜਾਣਾ ਸੀ ਤੇ ਉਸ ਅੱਧ ਨਾਲ ਨਿੱਕ ਆਪਣਾ ਹੋਰ ਘਰ ਲੈ ਸਕਦਾ ਸੀ। ਉਸ ਨੇ ਨਿੱਕ ਨੂੰ ਕਿਹਾ,

-ਨਿੱਕ, ਮੈਨੂੰ ਘਰ ਲੈ ਦੇ, ਮੈਂ ਜੈਗ ਤੋਂ ਪਿੱਛਾ ਛੁਡਾ ਲਵਾਂਗੀ।

-ਸੱਚ ਜਾਨ ! ....ਆਏ ਲਵ ਯੂ !

ਆਖਦਿਆਂ ਨਿੱਕ ਨੇ ਉਸ ਨੂੰ ਬਾਹਾਂ ਵਿੱਚ ਭਰ ਲਿਆ ਪਰ ਨਾਲ ਹੀ ਬੋਲਿਆ,

-ਜਾਨ, ਤਲਾਕ ਦਾ ਕੇਸ ਕਈ ਮੋੜ ਕੱਟ ਰਿਹੈ, ਪਤਾ ਨਹੀਂ ਇਸ ਕੇਸ ਨੇ ਕਿਧਰ ਨੂੰ ਜਾਣਾ, ਮੈਨੂੰ ਤਾਂ ਆਪ ਬਹੁਤ ਫਿਕਰ ਐ।

-ਪਰ ਤੁਸੀਂ ਤਾਂ ਮੀਚੂਅਲ ਡਾਇਵੋਰਸ ਲੈ ਰਹੇ ਓ।

-ਹਾਂ, ਪਰ ਮੀਚੂਅਲ ਡਾਇਵੋਰਸ ਦਾ ਇਹ ਮਤਲਬ ਨਹੀਂ ਕਿ ਮੇਰੀ ਹੀ ਮਰਜ਼ੀ ਚਲੇਗੀ। ਚਾਹੁੰਦਾ ਤਾਂ ਮੈਂ ਵੀ ਇਹੋ ਹਾਂ ਕਿ ਘਰ ਵੇਚ ਕੇ ਅੱਧੇ ਪੈਸੇ ਜੇਬ ਵਿੱਚ ਪਾ ਲਵਾਂ ਪਰ ਮੈਨੂੰ ਡਰ ਐ ਕਿ ਏਦਾਂ ਕਰ ਨਹੀਂ ਹੋਣਾਂ।

-ਪਰ ਜਦ ਤੁਹਾਡਾ ਆਪਸੀ ਰਜ਼ਾਮੰਦੀ ਨਾਲ ਤਲਾਕ ਹੋ ਰਿਹਾ ਤਾਂ ਕੀ ਮੁਸ਼ਕਲ ਐ ?

-ਘਰ ਦੀ ਵੰਡ ਦੀ ਗੱਲ ਚੱਲੀ ਤਾਂ ਉਹ ਤਾਂ ਪੂਰਾ ਘਰ ਮੰਗਦੀ ਐ। ਕਹਿੰਦੀ ਕਿ ਮੈਂ ਬੱਚੇ ਸੰਭਾਲਣੇ ਆਂ, ਘਰ ਤੋਂ ਬਿਨਾਂ ਕਿੱਥੇ ਜਾਵਾਂਗੀ। ਮੈਂ ਵਕੀਲ ਨੂੰ ਪੁੱਛਿਆ ਤਾਂ ਉਹ ਕਹਿੰਦਾ ਕਿ ਕਾਨੂੰਨ ਤਾਂ ਇਹੋ ਹੀ ਐ, ਬੱਚਿਆਂ ਕਰਕੇ ਘਰ ਉਸ ਨੂੰ ਹੀ ਮਿਲੇਗਾ।

-ਇਹ ਕਿੱਦਾਂ ਹੋ ਸਕਦਾ ? ਤੂੰ ਵਕੀਲ ਹੋਰ ਕਰ ਲੈ, ਇਹ ਉਹਦੇ ਨਾਲ ਰਲ਼ ਗਿਆ ਹੋਣਾਂ।

-ਜਾਨ, ਤੈਨੂੰ ਪਤਾ ਕਿ ਕਾਨੂੰਨ ਔਰਤ ਦੇ ਹੱਕ ਵਿੱਚ ਜਾਂਦਾ, ਇਸ ਲਈ ਵਕੀਲ ਕਹਿੰਦਾ ਕਿ ਇਸ ਵਿੱਚ 'ਗਿਵ ਐਂਡ ਟੇਕ' ਵਾਲੀ ਗੱਲ ਹੋਣੀ ਐਂ, ਦੋਵੇਂ ਧਿਰਾਂ ਨਾਲ ਇਨਸਾਫ ਹੋਵੇਗਾ। ਕਿਸੇ ਨੂੰ ਵੀ ਵੱਧ-ਜਾਂ ਘੱਟ ਨਹੀਂ ਮਿਲੇਗਾ।

-ਇਹੋ ਤਾਂ ਮੈਂ ਕਹਿ ਰਹੀ ਆਂ ਨਿੱਕ ਕਿ ਦੋਵੇਂ ਧਿਰਾਂ ਨੂੰ ਅੱਧੋ-ਅੱਧ ਘਰ ਮਿਲੇ। ਏਨੀ ਗੱਲ ਤੈਨੂੰ ਕਿਉਂ ਸਮਝ ਨਹੀਂ ਲੱਗਦੀ ?

-ਪ੍ਰੀਤੀ ਡਾਰਲਿੰਗ, ਇਹਦੇ ਵਿੱਚ ਮੇਰੇ ਦੋ ਬੱਚੇ ਵੀ ਇਨਵੌਲਵ ਨੇ।

-ਤੂੰ ਬੱਚਿਆਂ ਨੂੰ ਲੈ ਆ, ਮੈਂ ਪਾਲ਼ਾਂਗੀ। ਮਾਂ ਬਣ ਕੇ ਪਾਲ਼ਾਂਗੀ। ਬੰਦੇ ਕੋਲ ਘਰ ਹੋਵੇ ਤਾਂ ਸਭ ਕੁਝ ਸੌਖਾ ਹੋ ਜਾਂਦਾ।

-ਪ੍ਰੀਤੀ, ਕੋਈ ਮਾਂ ਬੱਚਿਆਂ ਨੂੰ ਛੱਡੇਗੀ ?

-ਮੈਨੂੰ ਨਹੀਂ ਪਤਾ, ਜੋ ਮਰਜ਼ੀ ਕਰ ਪਰ ਉਹ ਘਰ ਵੇਚ ਕੇ ਅੱਧ ਕੱਢ ਲੈ ਤੇ ਮੇਰੇ ਲਈ ਘਰ ਲੈ।

ਪ੍ਰੀਤੀ ਹੁਕਮ ਦੇਣ ਵਾਂਗ ਕਹਿ ਰਹੀ ਸੀ। ਨਿੱਕ ਉਸ ਦੀਆਂ ਗੱਲਾਂ ਤੋਂ ਅੱਕਦਾ ਜਾ ਰਿਹਾ ਸੀ। ਜਦ ਉਹ ਦੂਰ ਤਕ ਸੋਚਣ ਬਹਿੰਦਾ ਤਾਂ ਇਸੇ ਨਤੀਜੇ 'ਤੇ ਹੀ ਨਿਕਲਦਾ ਕਿ ਘਰ ਨਾ ਵੇਚਿਆ ਜਾਵੇ। ਘਰ ਵੇਚ ਦਿੱਤਾ ਤਾਂ ਉਸ ਦੇ ਬੱਚੇ ਕਿੱਥੇ ਰਹਿਣਗੇ। ਨੀਸ਼ਾ ਤੋਂ ਮੁੜ ਕੇ ਘਰ ਲੈ ਨਹੀਂ ਹੋਣਾ ਤੇ ਉਸ ਨੂੰ ਕੌਂਸਲ ਦੇ ਘਰ ਵਿੱਚ ਜਾਣਾ ਪਵੇਗਾ ਤੇ ਨਿੱਕ ਇਹ ਹਰਗਿਜ਼ ਨਹੀਂ ਸੀ ਚਾਹੁੰਦਾ। ਪ੍ਰੀਤੀ ਉਸ ਦੇ ਬੱਚਿਆਂ ਨੂੰ ਪਾਲਣ ਦੀ ਗੱਲ ਕਹਿੰਦੀ ਸੀ, ਨਿੱਕ ਸੋਚ ਰਿਹਾ ਸੀ ਕਿ ਉਹ ਤਾਂ ਰੌਕੀ ਦੀ ਸੰਭਾਲ ਵੀ ਪੂਰੀ ਤਰ੍ਹਾਂ ਕਰ ਨਹੀਂ ਸਕੀ, ਉਸ ਦੇ ਬੱਚੇ ਕਿੱਥੋਂ ਸੰਭਾਲ ਲਵੇਗੀ। ਨੀਸ਼ਾ ਵਧੀਆ ਪਤਨੀ ਭਾਵੇਂ ਨਾ ਰਹੀ ਹੋਵੇ ਪਰ ਉਹ ਮਾਂ ਬਹੁਤ ਸਹੀ ਸੀ।

ਕੇਸ ਬਾਰੇ ਗੱਲਬਾਤ ਕਰਨ ਲਈ ਨਿੱਕ ਦੇ ਵਕੀਲ ਰਣਬੀਰ ਸਿੰਘ ਨੇ ਉਸ ਨੂੰ ਆਪਣੇ ਦਫਤਰ ਸੱਦਿਆ। ਉਸ ਦੀ ਫਾਈਲ ਖੋਲ੍ਹਦਾ ਹੋਇਆ ਬੋਲਿਆ,

–ਨਿੱਕ, ਨੀਸ਼ਾ ਪੂਰਾ ਘਰ ਕਲੇਮ ਕਰ ਰਹੀ ਐ ਕਿਉਂਕਿ ਉਸ ਨੇ ਬੱਚੇ ਸੰਭਾਲਣੇ ਨੇ ਤੇ ਨਾਲ ਹੀ ਤੇਰੇ ਤੋਂ ਬੱਚਿਆਂ ਦਾ ਖਰਚਾ ਤੇ ਆਪਣਾ ਵੀ। ਉਪਰੋਂ ਦੀ ਘਰ ਦੀ ਮੌਰਟਗੇਜ ਵੀ ਤੂੰ ਹੀ ਦੇਵੇਂਗਾ। ਜਾਣੀ ਕਿ ਤੇਰੀ ਅੱਧੀ ਤਨਖਾਹ ਤਾਂ ਨਿਕਲ ਹੀ ਜਾਵੇਗੀ।

–ਇਹ ਕਿਵੇਂ ਹੋ ਸਕਦਾ ਐ? ਮੈਂ ਏਨਾ ਖਰਚਾ ਕਿਵੇਂ ਝੱਲਾਂਗਾ? ...ਕੋਈ ਤਰੀਕਾ ਹੈ ਨਹੀਂ ਕਿ ਮੈਂ ਇਸ ਖਰਚੇ ਤੋਂ ਬਚ ਜਾਵਾਂ?

–ਇੱਕ ਤਰੀਕਾ ਹੈ ਪਰ ਮੈਂ ਕਦੇ ਵੀ ਉਹ ਵਰਤਣ ਦੀ ਸਲਾਹ ਨਹੀਂ ਦੇਵਾਂਗਾ।

–ਉਹ ਕਿਹੜਾ ਐ?

–ਉਹ ਇਹ ਕਿ ਤੂੰ ਆਪਣੀ ਨੌਕਰੀ ਛੱਡ ਕੇ ਸੋਸ਼ਲ ਸਕਿਉਰਟੀ 'ਤੇ ਚਲੇ ਜਾਵੇਂ।

–ਨਹੀਂ ਨਹੀਂ ਮਿਸਟਰ ਸਿੰਘ, ਮੈਂ ਇਹ ਨਹੀਂ ਕਰ ਸਕਦਾ। ਮੇਰੀ ਜੌਬ ਤਾਂ ਟੌਪ ਦੀ ਜੌਬ ਐ, ਮੁੜ ਕੇ ਇਹੋ ਜਿਹੀ ਜੌਬ ਨਹੀਂ ਮਿਲਣੀ।

–ਫਿਰ ਜਿਵੇਂ ਮੈਂ ਕਿਹਾ ਹੀ ਸੀ ਕਿ ਇਹਦੇ ਵਿੱਚ ਇੱਕ ਲੈਣ-ਦੇਣ ਹੋ ਸਕਦਾ ਏ, ਤੂੰ ਘਰ ਵਿਚਲੇ ਕਲੇਮ ਨੂੰ ਛੱਡ ਦੇ ਭਾਵ ਕਿ ਘਰ ਉਹਨੂੰ ਦੇ-ਦੇਹ ਤੇ ਉਹ ਸਾਰੇ ਖਰਚੇ ਛੱਡ ਦੇਵੇ ਤੇ ਘਰ ਦੀ ਮੌਰਟਗੇਜ ਉਹ ਜਿਵੇਂ ਮਰਜ਼ੀ ਆਪੇ ਦੇਵੇ। ਤੇ ਬੱਚਿਆਂ ਨੂੰ ਤੂੰ ਜਦੋਂ ਮਰਜ਼ੀ ਮਿਲ ਸਕਦਾ ਹੋਵੇਂ, ਇਵੇਂ ਤੁਹਾਡੇ ਵਿੱਚ ਇੱਕ ਸਦਭਾਵਨਾ ਵੀ ਬਣੀ ਰਹੇਗੀ। ਗੁੱਡ ਰਿਲੇਸ਼ਨਸ਼ਿੱਪ।

ਵਕੀਲ ਦੀ ਗੱਲ ਸੁਣ ਕੇ ਨਿੱਕ ਸੋਚਾਂ ਵਿੱਚ ਪੈ ਗਿਆ। ਵਕੀਲ ਫਿਰ ਬੋਲਿਆ,

–ਜੇ ਤੂੰ ਇਵੇਂ ਨਹੀਂ ਕਰੇਂਗਾ ਤਾਂ ਤੈਨੂੰ ਖਰਚਾ ਬਹੁਤ ਦੇਣਾ ਪਵੇਗਾ। ਬੱਚਿਆਂ ਦਾ ਖਰਚਾ, ਨੀਸ਼ਾ ਦਾ ਖਰਚਾ ਤੇ ਘਰ ਦੀ ਮੌਰਟਗੇਜ! ਮੈਂ ਸਲਾਹ ਦੇਵਾਂਗਾ ਕਿ ਇਸ ਤੋਂ ਵਧੀਆ ਸਮਝੌਤਾ ਨਹੀਂ ਹੋ ਸਕਦਾ। ਜਿਹੜੇ ਪੈਸੇ ਤੂੰ ਉਸ ਨੂੰ ਦੇਣੇ ਨੇ ਉਹੀ ਪੈਸੇ ਤੂੰ ਹੋਰ ਘਰ ਲੈਣ ਲਈ ਜਮਾਂ ਕਰ।

–ਠੀਕ ਐ ਮਿਸਟਰ ਸਿੰਘ, ਤੁਸੀਂ ਉਸ ਦੇ ਵਕੀਲ ਨਾਲ ਗੱਲ ਕਰ ਲਵੋ, ਘਰ ਉਹ ਰੱਖ ਲਵੇ ਪਰ ਮੈਂ ਕਿਸੇ ਕਿਸਮ ਦਾ ਖਰਚਾ ਨਹੀਂ ਦੇਣਾ।

ਉਸ ਨੇ ਆਪਣੇ ਫਲੈਟ ਵਿੱਚ ਆ ਕੇ ਪ੍ਰੀਤੀ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ। ਸੁਣਦੇ ਸਾਰ ਹੀ ਪ੍ਰੀਤੀ ਭੜਕ ਉੱਠੀ, ਬੋਲੀ,



–ਨਿੱਕ, ਤੇਰਾ ਦਿਮਾਗ ਤਾਂ ਸਹੀ ਐ? ਇਹ ਤੂੰ ਕੀ ਕਰ ਆਇਆਂ? ਘਰ ਓਸ ਔਰਤ ਨੂੰ ਦੇ ਆਇਆਂ? ਓਸ ਔਰਤ ਨੂੰ ਜਿਹੜੀ ਤੈਨੂੰ ਨਫਰਤ ਕਰਦੀ ਐ! ਤੈਨੂੰ ਪਤਾ ਕਿ ਘਰ ਤਾਂ ਮੇਰਾ ਡਰੀਮ ਰਿਹਾ।

–ਪ੍ਰੀਤੀ, ਤੂੰ ਬਹੁਤ ਖੁਦਗਰਜ਼ ਹੋ ਗਈ ਐਂ। ਹਰ ਵੇਲੇ ਘਰ ਹੀ ਘਰ ਗਾਈ ਜਾਨੀ ਆਂ। ਘਰ ਵਿੱਚ ਰਹਿਣ ਲਈ ਬੰਦੇ ਵੀ ਤਾਂ ਚਾਹੀਦੇ ਆ। ਤੇਰੀ ਪ੍ਰੌਬਲਮ ਪਤਾ ਕੀ ਐ ਕਿ ਤੈਨੂੰ ਪਤਾ ਹੀ ਨਹੀਂ ਕਿ ਤੂੰ ਕੀ ਚਾਹੁੰਨੀ ਆਂ। ਤੇਰੇ ਕਰਕੇ ਮੇਰਾ ਘਰ ਟੁੱਟਿਆ ਪਰ ਤੂੰ ਇੱਕ ਵਾਰ ਵੀ ਅਫਸੋਸ ਨਹੀਂ ਕੀਤਾ। ਪਹਿਲਾਂ ਤੂੰ ਇਹ ਤਾਂ ਫੈਸਲਾ ਕਰ ਲੈ ਕਿ ਤੂੰ ਕਰਨਾ ਕੀ ਐ।

–ਮੈਂ ਕੀ ਕਰਨਾ ਤੈਨੂੰ ਹਾਲੇ ਤਕ ਨਹੀਂ ਪਤਾ ਲੱਗਿਆ? ਮੈਂ ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਤੇਰੇ ਨਾਲ ਤੁਰੀ ਫਿਰਦੀ ਆਂ। ਮੈਂ ਏਸ ਵੇਲੇ ਬਿਲਕੁਲ ਦੰਦੀ 'ਤੇ ਜੀ ਰਹੀ ਆਂ। ਕਿਸੇ ਵੀ ਪਲ ਅਰਸ਼ ਤੋਂ ਫਰਸ਼ 'ਤੇ ਆ ਸਕਦੀ ਆਂ।

–ਦੰਦੀ 'ਤੇ ਜੀਣਾ ਬੰਦ ਕਰ ਤੇ ਫੈਸਲਾ ਕਰ। ਜਾਂ ਤਾਂ ਤੂੰ ਮੇਰੇ ਨਾਲ ਰਹਿ ਜਾਂ ਫਿਰ ਓਸ ਸ਼ਰਾਬੀ ਨਾਲ। ਮੈਂ ਸੈਕਿੰਡ ਕਲਾਸ ਬੰਦਾ ਬਣ ਕੇ ਨਹੀਂ ਰਹਿ ਸਕਦਾ। ਮੈਨੂੰ ਚੋਰ ਬਣਨਾ ਪਸੰਦ ਨਹੀਂ।

ਨਿੱਕ ਨੇ ਲਕੀਰ ਵਾਹੁੰਦਿਆਂ ਕਿਹਾ ਤੇ ਫੋਨ ਰੱਖ ਦਿੱਤਾ। ਪ੍ਰੀਤੀ ਹਾਲੇ ਵੀ ਗੁੱਸੇ ਵਿੱਚ ਤੜਫ ਰਹੀ ਸੀ। ਜਦ ਉਹ ਚੀਕ ਚੀਕ ਕੇ ਫੋਨ ਉਪਰ ਬੋਲ ਰਹੀ ਸੀ ਤਾਂ ਰੌਕੀ ਵੀ ਉਸ ਦੇ ਕੋਲ ਹੀ ਬੈਠਾ ਸੀ। ਪ੍ਰੀਤੀ ਵੱਲ ਦੇਖ ਉਹ ਡਰਦਾ ਹੋਇਆ ਉੱਠ ਕੇ ਆਪਣੇ ਕਮਰੇ ਵਿੱਚ ਚਲੇ ਗਿਆ ਤੇ ਰਜਾਈ ਉਪਰ ਲੈ ਲਈ ਜਿਵੇਂ ਕਿਸੇ ਤੋਂ ਛੁੱਪ ਰਿਹਾ ਹੋਵੇ। ਉਹ ਡਰ ਨਾਲ ਕੰਬ ਵੀ ਰਿਹਾ ਸੀ।

ਜੱਗੀ ਇਸ ਸਭ ਕੁਝ ਤੋਂ ਬੇਪਰਵਾਹ ਸੀ। ਅਸਲ ਵਿੱਚ ਇਹ ਸਭ ਉਸ ਦੀ ਸੋਚ ਤੋਂ ਬਾਹਰ ਸੀ। ਪ੍ਰੀਤੀ ਤਾਂ ਉਸ ਦੀ ਮਹਾਂਰਾਣੀ ਸੀ। ਉਸ ਉਪਰ ਉਸ ਨੂੰ ਰੱਬ ਵਰਗਾ ਭਰੋਸਾ ਸੀ। ਘਰ ਲੈਣ ਦਾ ਫਿਕਰ ਤਾਂ ਉਸ ਨੂੰ ਵੀ ਸੀ ਪਰ ਪੈਸੇ ਨਹੀਂ ਸਨ ਜੋੜ ਹੋ ਰਹੇ। ਤਨਖਾਹ ਤਾਂ ਉਸ ਦੀ ਠੀਕ ਸੀ ਪਰ ਹੱਥ ਖੁੱਲ੍ਹਾ ਸੀ। ਉਸ ਦਾ ਵੀ ਤੇ ਪ੍ਰੀਤੀ ਦਾ ਵੀ। ਹਫਤੇ ਵਿੱਚ ਇੱਕ ਵਾਰ ਉਹ ਬਾਹਰ ਖਾਣਾ ਖਾਣ ਜ਼ਰੂਰ ਜਾਂਦੇ। ਪ੍ਰੀਤੀ ਨੂੰ ਸੋਨੇ ਦਾ ਸ਼ੌਂਕ ਵੀ ਸੀ। ਕਈ ਵਾਰ ਜੱਗੀ ਇੰਡੀਆ ਆਪਣੀ ਮਾਂ ਨੂੰ ਪੈਸੇ ਵੀ ਭੇਜ ਦਿੰਦਾ। ਇਵੇਂ ਪੈਸੇ ਜੁੜਨ ਦੇ ਮੌਕੇ ਘੱਟ ਜਾਂਦੇ।

ਉੱਧਰ ਨਿੱਕ ਤੇ ਪ੍ਰੀਤੀ ਵਿੱਚ ਕਸ਼ਮਕਸ਼ ਵਧਣ ਲੱਗੀ। ਪੈਰ ਪੈਰ 'ਤੇ ਤਕਰਾਰ ਹੋ ਜਾਂਦਾ। ਇੱਕ ਦਿਨ ਪ੍ਰੀਤੀ ਬੋਲੀ,

–ਨਿੱਕ, ਨੀਸ਼ਾ ਠੀਕ ਕਹਿੰਦੀ ਸੀ ਕਿ ਤੂੰ ਸਿਰਫ ਇੱਕ ਚੀਜ਼ ਦਾ ਗਾਹਕ ਹੀ ਐਂ, ਤੈਨੂੰ ਮੇਰੇ ਤੋਂ ਉਹੀ ਕੁਝ ਚਾਹੀਦਾ ਸੀ, ਮਿਲ ਗਿਆ ਤੇ ਹੁਣ ਸਭ ਕਾਸੇ ਤੋਂ ਮੁਕਰ ਗਿਆਂ।

–ਮੈਂ ਨਹੀਂ ਮੁਕਰਿਆ, ਤੈਨੂੰ ਹੀ ਓਸ ਅਲਕੋਹਲਿਕ ਬੰਦੇ ਦੀ ਦਾਹੜੀ ਦੇ ਮੁਸ਼ਕ ਦੀ ਆਦਤ ਪੈ ਗਈ ਐ। ਤੂੰ ਉਹਦੇ ਨਾਲ ਹੀ ਖੁਸ਼ ਐਂ ਤੇ ਰਹਿ ਖੁਸ਼।

–ਤੈਨੂੰ ਮੇਰੀ ਕਦੇ ਵੀ ਕੇਅਰ ਨਹੀਂ ਸੀ, ਤੈਨੂੰ ਪਤਾ ਸੀ ਕਿ ਘਰ ਮੇਰਾ ਡਰੀਮ ਐਂ ਤੇ ਤੂੰ ....!

–ਤੇ ਘਰ ਵੇਚ ਕੇ ਮੈਂ ਆਪਣੇ ਬੱਚਿਆਂ ਨੂੰ ਸੜਕ 'ਤੇ ਬੈਠਾ ਦੇਵਾਂ ?

–ਕੀ ਬੱਚੇ-ਬੱਚੇ ਲਾਈ ਰੱਖਦਾਂ ? ਕੀ ਐ ਤੇਰੇ ਬੱਚੇ ? ....ਬਾਂਦਰ-ਮੂੰਹੇਂ ਜਿਹੇ !

–ਤੇ ਤੇਰਾ ਰੌਕੀ ਕੀ ਐ ? ...ਮੈਂਟਲ ਕੇਸ ! ਕਿਸੇ ਡੌਕਟਰ ਨੂੰ ਦਿਖਾ ਜਾ ਕੇ।

–ਯੂ ਫੱ...ਔਫ ਨਿੱਕ ਐਂਡ ਨੈਵਰ ਰਿੰਗ ਮੀ ਅਗੇਨ !

–ਯੂ ਫੱ...ਔਫ ਐਂਡ ਡੌਂਟ ਸ਼ੋਅ ਮੀ ਯੋਅਰ ਅਗਲੀ ਫੇਸ ਅਗੇਨ।

ਨਿੱਕ ਨੇ ਵੀ ਬਰਾਬਰ ਗਾਲ੍ਹ ਕੱਢੀ ਤੇ ਫੋਨ ਰੱਖ ਦਿੱਤਾ।

ਪ੍ਰੀਤੀ ਗੁੱਸੇ ਵਿੱਚ ਛਟਪਟਾ ਕੇ ਰਹਿ ਗਈ। ਉਸ ਨੇ ਕਸਮ ਖਾ ਲਈ ਕਿ ਮੁੜ ਕੇ ਨਿੱਕ ਦਾ ਮੂੰਹ ਵੀ ਨਹੀਂ ਦੇਖੇਗੀ। ਹੁਣ ਉਹ ਸਾਰਾ ਧਿਆਨ ਆਪਣੇ ਟੱਬਰ ਵੱਲ ਦੇਵੇਗੀ। ਇੱਕ ਦਿਨ ਉਸ ਨੇ ਜੱਗੀ ਨੂੰ ਕਿਹਾ,

–ਜੈਗ, ਸਾਰੀ ਦੁਨੀਆ ਕੋਲ ਘਰ ਨੇ ਤੇ ਅਸੀਂ ਕਿਹੜਾ ਗੁਨਾਹ ਕੀਤਾ ਹੋਇਐ ?

–ਭਰਜਾਈ, ਤੈਨੂੰ ਦੱਸਿਆ ਤਾਂ ਹੋਇਆ ਕਿ ਆਪਾਂ ਕਿਸੇ ਤੋਂ ਵੀ ਘੱਟ ਨਹੀਂ ਹੈਗੇ। ਤੂੰ ਕੀ ਜਾਣੇ ਕਿ ਆਪਾਂ ਤਾਂ ਕਰੋੜਪਤੀ ਹਾਂ, ਮਿਲੀਅਨੇਅਰ। ਆਪਣੀਆਂ ਦਿੱਲੀ ਵਿੱਚ ਪੰਜ ਦੁਕਾਨਾਂ ਨੇ। ਇੱਕ ਦੁਕਾਨ ਇੱਕ ਕਰੋੜ ਦੀ। ਇੱਕ ਦੁਕਾਨ ਵੇਚ ਕੇ ਜਦ ਮਰਜ਼ੀ ਇੱਥੇ ਘਰ ਲੈ ਲਈਏ। ਹੋਰ ਵੀ ਬਹੁਤ ਸਾਰੀ ਪ੍ਰੌਪਰਟੀ ਹੈਗੀ ਆ। ਡੈਡੀ ਤੋਂ ਬਾਅਦ ਇਹਦੀ ਤੂੰ ਹੀ ਮਾਲਕ ਐਂ। ਸੋ ਇਹਨਾਂ ਲੋਕਾਂ ਤੋਂ ਆਪਾਂ ਬਹੁਤ ਅੱਗੇ ਆਂ। ਤੂੰ ਐਵੇਂ ਫਿਕਰ ਨਾ ਕਰਿਆ ਕਰ।

ਜੱਗੀ ਨੇ ਉਸ ਨੂੰ ਹੌਸਲਾ ਦੇਣ ਲਈ ਕਿਹਾ, ਵੈਸੇ ਉਹ ਆਪਣੀ ਜਾਇਦਾਦ ਬਾਰੇ ਬਹੁਤੀ ਗੱਲ ਨਹੀਂ ਸੀ ਕਰਿਆ ਕਰਦਾ। ਉਹ ਸਮਝਦਾ ਸੀ ਕਿ ਪਿਓ ਦੀ ਜਾਇਦਾਦ 'ਤੇ ਕਾਹਦਾ ਮਾਣ। ਆਪਣੀ ਬਣਾਵੇਗਾ ਤਾਂ ਮਾਣ ਵੀ ਕਰੇਗਾ। ਉਵੇਂ ਫਲੈਟ ਵਿੱਚ ਰਹਿਣ ਕਾਰਨ ਉਸ ਨੂੰ ਕਦੇ ਹੀਣ-ਭਾਵਨਾ ਨਹੀਂ ਸੀ ਆਈ।

ਇਹਨਾਂ ਦਿਨਾਂ ਵਿੱਚ ਹੀ ਜੱਗੀ ਦੇ ਪਿਤਾ ਦਾ ਫੋਨ ਆ ਗਿਆ ਕਿ ਉਸ ਦੀ ਮਾਂ ਬਹੁਤ ਬਿਮਾਰ ਹੈ। ਉਸ ਨੇ ਜੱਗੀ ਨੂੰ ਕਿਹਾ ਕਿ ਰੌਕੀ ਤੇ ਪ੍ਰੀਤੀ ਨੂੰ ਆ ਕੇ ਮਿਲਾ ਜਾਵੇ। ਉਹ ਇੰਡੀਆ ਜਾਣ ਦੀ ਤਿਆਰੀ ਕਰਨ ਲੱਗੇ। ਪ੍ਰੀਤੀ ਵਿਆਹ ਤੋਂ ਬਾਅਦ ਵੀ ਦੋ ਕੁ ਵਾਰ ਇੰਡੀਆ ਗਈ ਸੀ ਪਰ ਹੁਣ ਕਈ ਸਾਲ ਹੋ ਗਏ ਸਨ। ਉਦੋਂ ਰੌਕੀ ਬਹੁਤ ਛੋਟਾ ਸੀ।

## ਚੌਂਦਾਂ

ਪ੍ਰੀਤੀ ਬਹੁਤ ਹੀ ਉਤਸ਼ਾਹ ਨਾਲ ਇੰਡੀਆ ਪੁੱਜੀ। ਉਸ ਦੀਆਂ ਅੱਖਾਂ ਵਿੱਚ ਘਰ ਦਾ ਸੁਫਨਾ ਚਮਕ ਰਿਹਾ ਸੀ। ਉਹ ਦਿੱਲੀ ਉੱਤਰੇ। ਜੱਗੀ ਦਾ ਪਿਤਾ ਸੋਹਣ ਸਿੰਘ ਆਪਣੀ ਜੀਪ ਵਿੱਚ ਉਹਨਾਂ ਨੂੰ ਲੈਣ ਆਇਆ ਹੋਇਆ ਸੀ। ਉਸ ਦੀ ਮਾਂ ਕੇਵਲ ਕੌਰ ਵੀ ਨਾਲ ਸੀ। ਹੁਣ ਉਸ ਦੀ ਸਿਹਤ ਬਿਲਕੁਲ ਠੀਕ ਸੀ। ਇਹ ਜੱਗੀ ਨੂੰ ਇੰਡੀਆ ਸੱਦਣ ਦਾ ਬਹਾਨਾ ਵੀ ਸੀ। ਪਹਿਲੇ ਦੋ ਦਿਨ ਉਹ ਦਿੱਲੀ ਹੀ ਰਹੇ। ਸੋਹਣ ਸਿੰਘ ਨੇ ਦੁਕਾਨਾਂ ਦਾ ਕਿਰਾਇਆ ਵੀ ਉਗਰਾਹੁਣਾ ਸੀ। ਉਹ ਰੌਕੀ ਨੂੰ ਮੋਢਿਆਂ 'ਤੇ ਚੁੱਕੀ ਫਿਰਦਾ ਸੀ। ਦੁਕਾਨਾਂ



ਦਾ ਕਿਰਾਇਆ ਲੈਣ ਗਿਆ ਤਾਂ ਉਹਨਾਂ ਸਾਰਿਆਂ ਨੂੰ ਵੀ ਨਾਲ ਹੀ ਲੈ ਗਿਆ। ਉਹ ਰੌਕੀ ਨੂੰ ਇਸ਼ਾਰਾ ਕਰਦਾ ਕਹਿੰਦਾ,

–ਆਹ ਦੁਕਾਨ ਵੀ ਮੇਰੇ ਰੌਕੀ ਪੁੱਤ ਦੀ ਐ।

ਕੋਲ ਖੜੀ ਪ੍ਰੀਤੀ ਗਦ-ਗਦ ਹੋ ਜਾਂਦੀ। ਜੱਗੀ ਉਸ ਦੇ ਕੰਨ ਵਿੱਚ ਆਖਦਾ,

–ਦੇਖ, ਮੂਲ ਨਾਲੋਂ ਵਿਆਜ ਪਿਆਰਾ ਹੁੰਦਾ। ਡੈਡੀ ਨੂੰ ਮੈਂ ਤਾਂ ਹੁਣ ਯਾਦ ਹੀ ਨਹੀਂ।

ਉਹਨਾਂ ਨੇ ਦਿੱਲੀ ਦੀਆਂ ਕੁਝ ਖਾਸ ਜਗ੍ਹਾਵਾਂ ਵੀ ਦੇਖੀਆਂ। ਜੱਗੀ ਆਪਣੇ ਪੁਰਾਣੇ ਦੋਸਤਾਂ ਨੂੰ ਵੀ ਮਿਲਿਆ। ਫਿਰ ਉਹ ਜਲੰਧਰ ਆ ਗਏ। ਜਲੰਧਰ ਵਿੱਚ ਵੀ ਉਹਨਾਂ ਦਾ ਖੁੱਲ੍ਹਾ ਘਰ ਸੀ। ਜੱਗੀ ਦੀ ਭੈਣ ਚਰਨਜੀਤ ਦਾ ਘਰ ਵੀ ਨਾਲ ਦੀ ਗਲੀ ਵਿੱਚ ਹੀ ਸੀ। ਚਰਨਜੀਤ ਤੇ ਉਸ ਦੇ ਦੋ ਬੱਚੇ ਆਨੰਦੀ ਤੇ ਸੁੱਖ ਰੌਕੀ ਦਾ ਬਹੁਤ ਪਿਆਰ ਕਰ ਰਹੇ ਸਨ। ਸੋਹਣ ਸਿੰਘ ਦੇ ਫੁਰਤੀਲੇ ਸਰੀਰ ਨੂੰ ਦੇਖ ਪ੍ਰੀਤੀ ਸੋਚਦੀ ਕਿ ਇਹ ਤਾਂ ਜੱਗੀ ਨਾਲੋਂ ਵੀ ਸਿਹਤਵੰਦ ਸੀ, ਜਿਵੇਂ ਜੱਗੀ ਦਾ ਵੱਡਾ ਭਰਾ ਹੀ ਹੋਵੇ। ਇਵੇਂ ਤਾਂ ਉਸ ਦਾ ਸੁਫਨਾ ਪੂਰਾ ਹੋਣ ਨੂੰ ਬਹੁਤ ਵਕਤ ਲੱਗ ਜਾਣਾ ਸੀ, ਜਦ ਤਕ ਪਤਾ ਨਹੀਂ ਕਿਹੜੇ ਰਾਜੇ ਦੀ ਪਰਜਾ ਹੋਵੇ। ਇੱਕ ਦਿਨ ਉਹ ਆਪਣਾ ਮਨ ਆਪਣੀ ਸੱਸ ਕੋਲ ਫਰੋਲਣ ਲੱਗੀ,

–ਮੰਮੀ, ਸਾਡੇ ਸਾਰੇ ਦੋਸਤਾਂ-ਰਿਸ਼ਤੇਦਾਰਾਂ ਕੋਲ ਘਰ ਹੈਗੇ ਆ ਪਰ ਅਸੀਂ ਕੌਂਸਲ ਦੇ ਫਲੈਟ ਵਿੱਚ ਰਹਿੰਨੇ ਆਂ।

–ਇਹ ਕਿਉਂ ?

–ਕਿਉਂਕਿ ਜੈਗ ਸ਼ਰਾਬ ਬਹੁਤ ਪੀਂਦਾ। ਪੈਸਾ ਕੋਈ ਬਚਾਉਂਦਾ ਨਹੀਂ, ਘਰ ਕਿੱਥੋਂ ਲੈਣਾਂ !

–ਇਹ ਤਾਂ ਬਹੁਤ ਮਾੜੀ ਗੱਲ ਐ। ਮੈਂ ਕਰਦੀ ਆਂ ਇਹਦੇ ਨਾਲ ਗੱਲ।

–ਮੰਮੀ, ਓਦਾਂ ਵੀ ਹੁਣ ਘਰਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ। ਘਰ ਲੈਣ ਲਈ ਕਾਫੀ ਸਾਰਾ ਡਿਪੌਜ਼ਟ ਰੱਖਣਾ ਪੈਂਦਾ, ਬਾਕੀ ਦੀਆਂ ਕਿਸ਼ਤਾਂ ਹੋ ਜਾਂਦੀਆਂ। ਸਾਡੇ ਕੋਲ ਤਾਂ ਡਿਪੌਜ਼ਟ ਰੱਖਣ ਲਈ ਵੀ ਪੈਸੇ ਨਹੀਂ ਹੈਗੇ।

ਪ੍ਰੀਤੀ ਦੀ ਗੱਲ ਸੁਣ ਕੇ ਕੇਵਲ ਕੌਰ ਸੋਚਾਂ ਵਿੱਚ ਪੈ ਗਈ। ਪ੍ਰੀਤੀ ਨੂੰ ਲੱਗਿਆ ਕਿ ਲੋਹਾ ਗਰਮ ਹੈ, ਉਸ ਨੇ ਕਿਹਾ,

–ਮੰਮੀ, ਜੇ ਤੁਸੀਂ ਸਾਡੀ ਮੱਦਦ ਕਰ ਦੇਵੋਂ ਡਿਪੌਜ਼ਟ ਜੋਗੇ ਪੈਸਿਆਂ ਦੀ ਤਾਂ ਅਸੀਂ ਵੀ ਘਰ ਲੈ ਸਕਦੇ ਆਂ।

–ਤੂੰ ਫਿਕਰ ਨਾ ਕਰ ਪ੍ਰੀਤੀ, ਮੈਂ ਤੁਹਾਡੇ ਡੈਡੀ ਨਾਲ ਗੱਲ ਕਰਾਂਗੀ।

ਕੇਵਲ ਕੌਰ ਬੋਲੀ। ਉਹ ਸੋਚ ਰਹੀ ਸੀ ਕਿ ਇੱਕੋ ਤਾਂ ਉਹਨਾਂ ਦਾ ਪੁੱਤਰ ਹੈ, ਸਭ ਕੁਝ ਇਹਨੂੰ ਹੀ ਤਾਂ ਦੇਣਾ ਹੈ। ਕੁੜੀ ਚਰਨਜੀਤ ਵਿਆਹ ਕੇ ਆਪਣੇ ਘਰ ਤੋਰ ਦਿੱਤੀ ਗਈ ਹੋਈ ਸੀ। ਉਸ ਨੇ ਸੋਹਣ ਸਿੰਘ ਨਾਲ ਗੱਲ ਕੀਤੀ। ਸੋਹਣ ਸਿੰਘ ਨੂੰ ਫਿਕਰ ਵੀ ਹੋ ਰਿਹਾ ਸੀ ਤੇ ਨਾਲ ਹੀ ਜੱਗੀ ਦੇ ਨਿਕੰਮੇਪਨ ਉਪਰ ਗੁੱਸਾ ਵੀ ਆ ਰਿਹਾ ਸੀ। ਉਸੇ ਸ਼ਾਮ ਉਸ ਨੇ ਜੱਗੀ ਦੀ ਕਲਾਸ ਲੱਗਾ ਦਿੱਤੀ। ਉਹ ਬੋਲਿਆ,

–ਜੱਗੀ, ਮੇਰੇ ਪਿਓ ਨੇ ਮੇਰੇ ਲਈ ਦਿੱਲੀ ਵਿੱਚ ਇੱਕ ਦੁਕਾਨ ਛਡੀ ਸੀ ਤੇ ਮੈਂ ਪੰਜ ਬਣਾ ਦਿੱਤੀਆਂ। ਨਾਲ ਹੀ ਆਹ ਘਰ ਵੀ ਪਰ ਤੂੰ ਇੱਕ ਘਰ ਵੀ ਨਹੀਂ ਲੈ ਸਕਿਆ,

ਉਹ ਵੀ ਇੰਗਲੈਂਡ ਵਿੱਚ! ਜਿੱਥੇ ਘਰ ਲੈਣਾ ਸੌਖਾ ਹੁੰਦਾ ਹੈ, ....ਕਿਉਂ? ਕਿੱਥੇ ਗੜਬੜ ਐ? ਆਪੇ ਕਹਿੰਨਾ ਕਿ ਤੇਰੀ ਏਨੀ ਤਨਖਾਹ ਐ ਤੇ ਫੇਰ ਤੇਰੇ ਪੈਸੇ ਕਿੱਥੇ ਜਾਂਦੇ ਆ? ਸ਼ਰਾਬ ਪੀ ਜਾਨਾਂ ਸਾਰਿਆਂ ਦੀ? ਜੂਏ ਦੀ ਆਦਤ ਤਾਂ ਨਹੀਂ ਪਾ ਲਈ?

ਪਿਓ ਦੀਆਂ ਗੱਲਾਂ ਸੁਣ ਕੇ ਜੱਗੀ ਇਕਦਮ ਸਕਤੇ ਵਿੱਚ ਆ ਗਿਆ। ਉਸ ਨੂੰ ਪ੍ਰੀਤੀ ਉਪਰ ਗੁੱਸਾ ਆ ਰਿਹਾ ਸੀ। ਜੱਗੀ ਕੋਲ ਕੋਈ ਜਵਾਬ ਨਹੀਂ ਸੀ, ਉਹ ਨੀਵੀਂ ਪਾਈ ਬੈਠਾ ਸੀ। ਸੋਹਣ ਸਿੰਘ ਨੇ ਫਿਰ ਆਖਿਆ,

-ਚੱਲ, ਮੈਂ ਡਿਪੋਜ਼ਟ ਦਾ ਇੰਤਜ਼ਾਮ ਕਰ ਦਿੰਨਾ ਜੇ ਘਰ ਨਹੀਂ ਤਾਂ ਕੋਈ ਫਲੈਟ ਹੀ ਦੇਖ ਲੈ ਜੋ ਆਪਣਾ ਤਾਂ ਹੋਵੇ।

ਜੱਗੀ ਕੁਝ ਨਾ ਬੋਲਿਆ। ਕੋਲ ਬੈਠੀ ਕੇਵਲ ਕੌਰ ਉਸ ਦਾ ਪੱਖ ਲੈਣ ਦੀ ਕੋਸ਼ਿਸ਼ ਕਰਦੀ ਰਹੀ। ਸੋਹਣ ਸਿੰਘ ਨੇ ਪ੍ਰੀਤੀ ਨੂੰ ਕਿਹਾ,

-ਪ੍ਰੀਤੀ ਪੁੱਤ, ਤੂੰ ਦੱਸ ਕਿ ਕਿੰਨਾ ਕੁ ਡਿਪੌਜ਼ਟ ਚਾਹੀਦੈ? ਮੈਂ ਕੱਲ੍ਹ ਨੂੰ ਹੀ ਕਿਸੇ ਏਜੰਟ ਨਾਲ ਗੱਲ ਕਰਦਾਂ ਤੇ ਤੁਹਾਨੂੰ ਪੌਂਡ ਬਣਾ ਦਿੰਨਾਂ।

ਪ੍ਰੀਤੀ ਤੋਂ ਪਹਿਲਾਂ ਹੀ ਜੱਗੀ ਬੋਲਿਆ,

-ਇਹ ਏਨੀ ਕਾਹਲੀ ਵਾਲੀ ਗੱਲ ਨਹੀਂ, ਅਸੀਂ ਵਾਪਸ ਜਾ ਕੇ ਘਰਾਂ ਦੀਆਂ ਕੀਮਤਾਂ ਚੈੱਕ ਕਰਾਂਗੇ ਤੇ ਫੇਰ ਦੇਖਾਂਗੇ ਕਿ ਸਾਨੂੰ ਮੌਰਟਗੇਜ ਕਿੰਨੀ ਕੁ ਮਿਲ ਸਕਦੀ ਐ ਤੇ ਫੇਰ ਅੰਦਾਜ਼ਾ ਲੱਗੇਗਾ ਕਿ ਕਿੰਨਾ ਕੁ ਡਿਪੌਜ਼ਟ ਚਾਹੀਦਾ।

-ਚਲੋ, ਏਦਾਂ ਹੀ ਸਹੀ ਪਰ ਹੁਣ ਘਰ ਜ਼ਰੂਰ ਲੈ ਲਵੋ।

ਸੋਹਣ ਸਿੰਘ ਨੇ ਠੋਸ ਬੋਲਾਂ ਵਿੱਚ ਆਖਿਆ।

ਇਸ ਗੱਲ 'ਤੇ ਪ੍ਰੀਤੀ ਬਹੁਤ ਖੁਸ਼ ਸੀ। ਜਿਹੜੀ ਗੱਲ ਜੱਗੀ ਆਪਣੇ ਮਾਂਪਿਓ ਨਾਲ ਨਹੀਂ ਸੀ ਕਰ ਸਕਿਆ, ਉਸ ਨੇ ਕਰ ਲਈ ਸੀ। ਹੁਣ ਉਹ ਘਰ ਦੀ ਮਾਲਕਣ ਬਣੀ ਹੀ ਬਣੀ ਸੀ। ਉਸ ਰਾਤ ਉਸ ਨੂੰ ਸੁਫਨਾ ਵੀ ਅਜਿਹਾ ਆਇਆ ਕਿ ਉਹਨਾਂ ਦੀ ਕਾਰ ਘਰ ਦੇ ਮੂਹਰੇ ਡਰਾਈਵੇਅ ਵਿੱਚ ਖੜ੍ਹੀ ਹੈ ਤੇ ਘਰ ਦੇ ਬਗੀਚੇ ਵਿੱਚ ਨਵੀ ਤੋਂ ਲਿਆਂਦੀ ਗੁਲਾਬਾਂ ਦੀ ਦਾਬ ਲਾ ਰਹੀ ਹੈ।

ਜੱਗੀ ਨੂੰ ਪਿਓ ਦੀਆਂ ਗੱਲਾਂ ਤੋਂ ਨਮੋਸ਼ੀ ਜਿਹੀ ਹੋ ਰਹੀ ਸੀ। ਮਾਂਪਿਓ ਦੀਆਂ ਨਜ਼ਰਾਂ ਵਿੱਚ ਆਪਣੀ ਬੇਇੱਜ਼ਤੀ ਹੁੰਦੀ ਮਹਿਸੂਸ ਹੋ ਰਹੀ ਸੀ ਕਿ ਉਹਨਾਂ ਦਾ ਪੁੱਤ ਘਰ ਲੈਣ ਜੋਗਾ ਵੀ ਨਹੀਂ ਸੀ ਹੋਇਆ। ਉਹ ਤਿੰਨ ਹਫਤੇ ਇੰਡੀਆ ਰਹੇ। ਖੂਬ ਘੁੰਮੇ ਫਿਰੇ। ਕਾਫੀ ਸਾਰੀ ਸ਼ੌਪਿੰਗ ਵੀ ਕੀਤੀ। ਰੌਕੀ ਭਾਵੇਂ ਬਹੁਤਾ ਖੁੱਲ੍ਹਿਆ ਨਹੀਂ ਸੀ ਪਰ ਖੁਸ਼ ਸੀ। ਹਰ ਕੋਈ ਉਸ ਨਾਲ ਬਹੁਤ ਪਿਆਰ ਕਰ ਰਿਹਾ ਸੀ। ਜੱਗੀ ਦੀ ਮਾਂ ਤੇ ਭੈਣ ਤਾਂ ਜਿਵੇਂ ਹਰ ਵੇਲੇ ਉਸ ਨੂੰ ਬੁੱਕਲ ਵਿੱਚ ਦੇਈ ਰੱਖਦੀਆਂ। ਏਨਾ ਪਿਆਰ ਤਾਂ ਉਸ ਨੂੰ ਆਪਣੇ ਘਰ ਵਿੱਚ ਨਹੀਂ ਸੀ ਮਿਲਿਆ। ਉਹਨਾਂ ਦੇ ਤੁਰਨ ਤੋਂ ਪਹਿਲਾਂ ਸੋਹਣ ਸਿੰਘ ਨੇ ਇੱਕ ਵਾਰ ਫਿਰ ਤਾਕੀਦ ਕਰਦਿਆਂ ਕਿਹਾ,

-ਦੇਖ ਜੱਗੀ ਪੁੱਤ, ਜਾਂਦੇ ਹੀ ਘਰ ਦੇਖ ਲਵੋ ਤੇ ਜਲਦੀ ਤੋਂ ਜਲਦੀ ਖਰੀਦ ਲਵੋ। ਆਪਣੇ ਘਰ ਨਾਲ ਬੰਦੇ ਦੀ ਇੱਜ਼ਤ ਹੁੰਦੀ ਐ। ਇੱਥੋਂ ਕੋਈ ਮਿਲਣ ਜਾਵੇ ਤਾਂ ਕੀ ਕਹਾਂਗੇ ਕਿ ਮੁੰਡੇ ਕੋਲ ਆਪਣਾ ਘਰ ਵੀ ਹੈ ਨਹੀਂ।



ਉਹ ਵਾਪਸ ਇੰਗਲੈਂਡ ਆ ਰਹੇ ਸਨ ਤਾਂ ਜੱਗੀ ਨੇ ਆਖਿਆ,

-ਭਰਜਾਈ, ਤੂੰ ਡੈਡੀ ਨਾਲ ਇਹ ਗੱਲ ਕਰਕੇ ਚੰਗਾ ਨਹੀਂ ਕੀਤਾ। ਤੂੰ ਆਪਣੀ ਵੀ ਬੇਇੱਜ਼ਤੀ ਕਰਾਈ ਤੇ ਨਾਲ ਹੀ ਮੇਰੀ ਵੀ।

-ਕੀ ਮਤਲਬ?

-ਇਹਦਾ ਮਤਲਬ ਕਿ ਮੈਂ ਉਹਨਾਂ ਦਾ ਨਿਕੰਮਾ ਪੁੱਤ ਆਂ ਤੇ ਤੂੰ ਨਿਕੰਮੀ ਨੂੰਹ, ਜਿਹੜੇ ਇੱਕ ਘਰ ਵੀ ਨਹੀਂ ਲੈ ਸਕੇ।

-ਜੈਗ, ਮੈਂ ਕਿਵੇਂ ਨਿਕੰਮੀ ਹੋਈ, ਮੈਂ ਤਾਂ ਇੱਕ ਦਿਨ ਵੀ ਕੰਮ ਨਹੀਂ ਕੀਤਾ। ਘਰ ਦੇ ਕੰਮ ਵਿੱਚ ਮੈਂ ਕਿਸੇ ਤੋਂ ਘੱਟ ਨਹੀਂ ਤੇ ਇਹਦੇ ਵਿੱਚ ਮਾੜੀ ਗੱਲ ਵੀ ਕਿਹੜੀ ਐ! ਸਾਰੀ ਦੁਨੀਆ ਕੋਲ ਘਰ ਲੈਣ ਦੀ ਪਾਇਆਂ ਨਹੀਂ ਹੁੰਦੀ। ਫਿਰ ਮਾਂਪਿਓ ਬੱਚਿਆਂ ਨੂੰ ਘਰ ਲੈਣ ਵਿੱਚ ਮੱਦਦ ਕਰਦੇ ਹੀ ਹੁੰਦੇ ਆ।

-ਕਰਦੇ ਤਾਂ ਹੁੰਦੇ ਆ ਪਰ ਮੈਂ ਨਹੀਂ ਚਾਹੁੰਦਾ ਇਹ ਮੱਦਦ।

-ਪਰ ਕਿਉਂ ਜੈਗ? ....ਡੈਡੀ ਤਾਂ ਕਹਿੰਦੇ ਸਨ ਕਿ ਇਹ ਸਭ ਤੁਹਾਡਾ ਆਪਣਾ ਹੀ ਐ। ਤੂੰ ਵੀ ਤਾਂ ਕਹਿੰਨਾ ਹੁੰਨਾ ਕਿ ਇੱਕ ਦੁਕਾਨ ਨਾਲ ਆਪਣਾ ਫਰੀਹੋਲਡ ਘਰ ਆ ਜਾਣਾਂ।

-ਭਰਜਾਈ, ਉਹਨਾਂ ਕਿਹਾ ਕਿ ਇਸ ਸਭ ਤੁਹਾਡਾ ਹੀ ਐ ਪਰ ਨਾਲ ਇਹ ਵੀ ਕਿਹਾ ਕਿ ਮੇਰੇ ਪਿਓ ਨੇ ਇੱਕ ਦੁਕਾਨ ਬਣਾਈ ਸੀ ਤੇ ਮੈਂ ਪੰਜ ਬਣਾਈਆਂ, ਸੋ ਮੈਂ ਇੱਕ ਘਰ ਬਣਾਉਣ ਵਿੱਚ ਵੀ ਉਹਨਾਂ ਦੀ ਮੱਦਦ ਲੈਵਾਂ?

-ਜੈਗ, ਕਿਹੋ ਜਿਹੀ ਘਟੀਆ ਸੋਚ ਲਈ ਫਿਰਦਾਂ? ਡੈਡੀ ਵੀ ਆਪਣੇ ਤੇ ਪੈਸੇ ਵੀ ਫਿਰ ਹਿੱਚ ਕਿਹੜੀ ਗੱਲ ਦੀ ਐ?

-ਡਾਰਲਿੰਗ, ਇੱਥੇ ਇੱਕ ਭਾਈਚਾਰਾ ਹੁੰਦਾ ਜਿਸ ਵਿੱਚ ਹਰ ਬੰਦੇ ਦੀ ਇੱਕ ਇੱਜ਼ਤ ਹੁੰਦੀ ਐ। ਇੱਥੇ ਲੋਕਾਂ ਦੇ ਮੁੰਡੇ ਇੰਗਲੈਂਡ ਤੋਂ ਪੈਸੇ ਭੇਜਦੇ ਹੁੰਦੇ ਆ, ਇੰਗਲੈਂਡ ਨੂੰ ਪੈਸੇ ਮੰਗਾਉਂਦੇ ਨਹੀਂ। ਇੰਗਲੈਂਡ ਨੂੰ ਕੋਈ ਨਿਕੰਮਾ ਹੀ ਪੈਸੇ ਮੰਗਵਾਵੇਗਾ ਤੇ ਮੈਂ ਆਪਣੇ ਪਿਓ ਦਾ ਨਿਕੰਮਾ ਪੁੱਤ ਨਹੀਂ ਬਣਨਾ ਚਾਹੁੰਦਾ।

# ਪੰਦਰਾਂ

ਇੰਡੀਆ ਤੋਂ ਵਾਪਸ ਆ ਕੇ ਜੱਗੀ ਤੇ ਪ੍ਰੀਤੀ ਵਿਚਕਾਰ ਲੜਾਈ ਰਹਿਣ ਲੱਗੀ। ਉਹ ਨਿੱਕੀ ਨਿੱਕੀ ਗੱਲ 'ਤੇ ਜੱਗੀ ਨਾਲ ਬਹਿਸਣ ਲੱਗਦੀ ਤੇ ਆਖਦੀ,

-ਜੈਗ, ਤੂੰ ਪੁੱਤ ਤਾਂ ਵਧੀਆ ਬਣਨਾ ਚਾਹੁੰਨਾ ਪਰ ਪਤੀ ਵੀ ਵਧੀਆ ਬਣ ਤੇ ਪਿਓ ਵੀ। ਹੁਣ ਏਨਾ ਵਧੀਆ ਮੌਕਾ ਹੱਥੋਂ ਕਿਉਂ ਗਵਾ ਰਿਹੈਂ?

-ਭਰਜਾਈ, ਇੱਕ ਹੋਰ ਰਾਹ ਐ ਪਰ ਮੈਂ ਓਸ ਰਾਹ ਜਾਣਾ ਨਹੀਂ ਸੀ ਚਾਹੁੰਦਾ, ਹੁਣ ਜੇ ਤੂੰ ਕਹਿੰਨੀ ਐਂ ਤਾਂ ਉਹ ਤਰੀਕਾ ਵਰਤ ਲੈਂਦੇ ਆਂ।

-ਉਹ ਕਿਹੜਾ ਰਾਹ?

-ਤੂੰ ਕੌਂਸਲ ਦੇ ਦਫਤਰ ਜਾਹ ਕੱਲ੍ਹ ਨੂੰ ਤੇ ਜਾ ਕੇ ਕਹਿ ਕਿ ਅਸੀਂ ਇਹ ਫਲੈਟ ਖਰੀਦਣਾ ਚਾਹੁੰਨੇ ਆਂ। ਪਿੱਛੇ ਜਿਹੇ ਸਰਕਾਰ ਨੇ ਐਲਾਨ ਕੀਤਾ ਸੀ ਕਿ ਤੁਸੀਂ ਕੌਂਸਲ ਦੇ ਘਰ ਜਾਂ ਫਲੈਟ ਖਰੀਦ ਸਕਦੇ ਓ, ਜਿੰਨਾ ਵੀ ਅਸੀਂ ਕਿਰਾਇਆ ਦਿੱਤਾ ਉਹ ਕੀਮਤ ਵਿੱਚ ਕੱਟਿਆ ਜਾਵੇਗਾ ਤੇ ਦਿੱਤਾ ਹੋਇਆ ਇਹ ਕਿਰਾਇਆ ਡਿਪੌਜ਼ਟ ਵਜੋਂ ਵੀ ਵਰਤਿਆ ਜਾ ਸਕਦਾ, ਮਾਰਕਿਟ ਦੀ ਕੀਮਤ ਤੋਂ ਕਾਫੀ ਸਸਤਾ ਮਿਲ ਜਾਣਾਂ ਫਲੈਟ।

-ਤੇ ਫਿਰ ਪਹਿਲਾਂ ਨਹੀਂ ਇਹ ਗੱਲ ਦੱਸੀ ?

-ਭਰਜਾਈ, ਮੈਂ ਸੋਚਦਾ ਸੀ ਕਿ ਜੇ ਫਲੈਟ ਲੈ ਲਿਆ ਤਾਂ ਸਾਰੀ ਉਮਰ ਫਲੈਟ ਜੋਗੇ ਹੀ ਰਹਿ ਜਾਵਾਂਗੇ।

-ਤੇ ਹੁਣ ਕੀ ਸੋਚਿਆ ?

-ਹੁਣ ਸੋਚਦਾਂ ਕਿ ਕੁਝ ਸਾਲਾਂ ਬਾਅਦ ਆਪਾਂ ਫਲੈਟ ਵੇਚ ਸਕਦੇ ਆਂ, ਸੁਹਣੀ ਕੀਮਤ ਮਿਲ ਜਾਵੇਗੀ, ਉਹੀ ਪੈਸੇ ਡਿਪੌਜ਼ਟ ਦੇ ਕੇ ਘਰ ਲੈ ਲਵਾਂਗੇ।

ਸੁਣ ਕੇ ਪ੍ਰੀਤੀ ਨੇ ਭੱਜ ਕੇ ਜੱਗੀ ਨੂੰ ਜੱਫੀ ਪਾ ਲਈ ਤੇ ਚੁੰਮਣ ਲੱਗ ਪਈ। ਉਹ ਬਹੁਤ ਖੁਸ਼ ਸੀ। ਕੌਂਸਲ ਦੇ ਫਲੈਟ ਦੀ ਮਾਲਕੀ ਵੀ ਮਿਲ ਜਾਵੇ ਤਾਂ ਕੋਈ ਨਾ ਕੋਈ ਜਾਇਦਾਦ ਉਹਨਾਂ ਕੋਲ ਹੋਈ ਹੀ। ਉਸ ਦਾ ਦਿਲ ਕੀਤਾ ਕਿ ਇਹ ਖੁਸ਼ੀ ਕਿਸੇ ਨਾਲ ਸਾਂਝੀ ਕਰੇ ਪਰ ਕਿਸ ਨਾਲ ਕਰੇ ? ਨਿੱਕ ਨਾਲ ਤਾਂ ਕਈ ਹਫਤੇ ਹੋ ਗਏ ਸਨ ਗੱਲ ਹੋਈ ਨੂੰ। ਉਸ ਨੂੰ ਹਾਲੇ ਵੀ ਨਿੱਕ ਨਾਲ ਬਹੁਤ ਗੁੱਸਾ ਸੀ, ਓਸ ਦਿਨ ਫੋਨ ਉਪਰ ਨਿੱਕੀ ਜਿਹੀ ਗੱਲ 'ਤੇ ਕਿੰਨਾ ਗੁੱਸਾ ਦਿਖਾਇਆ ਸੀ। ਮੁੜ ਕੇ ਫੋਨ ਕਰਕੇ ਮੁਆਫੀ ਵੀ ਨਹੀਂ ਸੀ ਮੰਗੀ। ਫਿਰ ਉਹ ਹੁਣ ਆਪਣੇ ਘਰ ਖੁਸ਼ ਸੀ, ਨਿੱਕ ਵਾਲੀ ਕਹਾਣੀ ਦੁਬਾਰਾ ਸ਼ੁਰੂ ਨਹੀਂ ਸੀ ਕਰਨੀ ਚਾਹੁੰਦੀ। ਬੱਚਿਆਂ ਨੂੰ ਸਕੂਲ ਛੱਡਣ ਆਉਂਦੀਆਂ ਔਰਤਾਂ ਵਿੱਚੋਂ ਕੁਝ ਉਸ ਦੀਆਂ ਸਹੇਲੀਆਂ ਬਣੀਆਂ ਹੋਈਆਂ ਸਨ। ਉਹਨਾਂ ਵਿੱਚ ਇੱਕ ਕੁਲਵਿੰਦਰ ਵੀ ਸੀ। ਪ੍ਰੀਤੀ ਉਸ ਨੂੰ ਦੱਸਣ ਲੱਗੀ,

-ਬਸ ਭੈਣ ਜੀ, ਅਸੀਂ ਐਪਲਾਈ ਕਰ ਦਿੱਤਾ ਤੇ ਹੁਣ ਜਲਦੀ ਹੀ ਅਸੀਂ ਇਹ ਕੌਂਸਲ ਤੋਂ ਇਹ ਫਲੈਟ ਖਰੀਦ ਲੈਣਾ।

-ਇਹ ਤਾਂ ਚੰਗੀ ਗੱਲ ਐ ਭੈਣ ਜੀ ਪਰ ਕਈ ਵਾਰ ਪ੍ਰੌਬਲਮ ਵੀ ਪੈ ਜਾਂਦੀ ਐ।

-ਉਹ ਕਿਹੜੀ ?

-ਕੌਂਸਲ ਇਸਟੇਟ ਵਿੱਚ ਫਲੈਟ ਵੇਚਣਾ ਔਖਾ ਹੋ ਜਾਂਦਾ। ਪੂਰੀ ਕੀਮਤ ਨਹੀਂ ਮਿਲਦੀ, ਮੇਰੀ ਭੈਣ ਨਾਲ ਏਦਾਂ ਹੋਈ ਸੀ, ਬੜੀ ਮੁਸ਼ਕਲ ਨਾਲ ਵਿਕਿਆ, ਉਹ ਵੀ ਘਾਟਾ ਪਾ ਕੇ।

ਸੁਣ ਕੇ ਇੱਕ ਵਾਰ ਤਾਂ ਪ੍ਰੀਤੀ ਦਾ ਦਿਲ ਬਹਿ ਗਿਆ ਪਰ ਉਸ ਨੇ ਹੌਂਸਲਾ ਫੜਦੇ ਆਖਿਆ,

-ਅਸੀਂ ਵੇਚਣਾ ਕਾਹਨੂੰ ਆਂ, ਕਿਰਾਏ 'ਤੇ ਦੇ ਦੇਵਾਂਗੇ।

ਇੱਕ ਦਿਨ ਨਾਟਕੀ ਜਿਹੇ ਢੰਗ ਨਾਲ ਨਿੱਕ ਜੱਗੀ ਨੂੰ ਮਿਲ ਪਿਆ। ਜੱਗੀ ਹਿਰਖ ਕਰਦਾ ਬੋਲਿਆ,

-ਕਿਧਰ ਰਹਿਨੈ ? ਐਨੇ ਦਿਨ ਹੋ ਗਏ ਨਾ ਮਿਲਣ ਆਇਆਂ ਤੇ ਨਾ ਹੀ ਕੋਈ ਫੋਨ।

-ਇੱਕ ਦਿਨ ਮੈਨੂੰ ਨਵੀ ਮਿਲਿਆ ਸੀ, ਦੱਸਦਾ ਸੀ ਕਿ ਤੁਸੀਂ ਇੰਡੀਆ ਗਏ ਹੋਏ ਓ, ਤੇ ਮੈਂ ਵੀ ਆਪਣੇ ਡਾਇਵੋਰਸ ਦੇ ਕੇਸ ਵਿੱਚ ਫਸਿਆ ਹੋਇਆ ਸੀ।



-ਕੀ ਬਣਿਆਂ ਕੇਸ ਦਾ ?

-ਉਹੀ ਜੋ ਹੋਣਾ ਸੀ, ਤਲਾਕ ਹੋ ਗਿਆ। ਘਰ ਮੈਂ ਉਹਨੂੰ ਦੇ ਦਿੱਤਾ ਤੇ ਬਦਲੇ ਵਿੱਚ ਕੋਈ ਖਰਚਾ ਨਹੀਂ ਦੇਣਾ। ਜਿਹੜੇ ਪੈਸੇ ਉਹਨੂੰ ਦੇਣੇ ਸਨ, ਮਹੀਨਾਵਾਰ ਉਹੀ ਮੈਂ ਇੱਕ ਪਾਸੇ ਰੱਖੀ ਜਾਨਾਂ, ਇੱਕ ਦਿਨ ਘਰ ਲੈ ਲੈਣਾ।

-ਅਸੀਂ ਵੀ ਇਹੋ ਫਲੈਟ ਖਰੀਦਣ ਲਈ ਐਪਲਾਈ ਕਰ ਦਿੱਤਾ। ਜਿਹੜਾ ਕਿਰਾਇਆ ਦਿੱਤਾ ਸੀ ਉਹ ਡਿਪੌਜ਼ਟ ਵਿੱਚ ਕੱਟ ਹੋ ਗਿਆ ਤੇ ਮੌਰਟਗੇਜ ਲਈ ਐਪਲਾਈ ਕਰ ਦਿੱਤਾ।

-ਇਹ ਤਾਂ ਬਹੁਤ ਗੁੱਡ ਨੀਊਜ਼ ਐ, ਪ੍ਰੀਤੀ ਤਾਂ ਬਹੁਤ ਖੁਸ਼ ਹੋਣੀ ਐਂ।

-ਇਹ ਤੀਵੀਂਆਂ ਵੀ ਕਦੇ ਖੁਸ਼ ਹੁੰਦੀਆਂ।

ਹੱਸਦਾ ਹੋਇਆ ਜੱਗੀ ਬੋਲਿਆ। ਜਦ ਨਿੱਕ ਤੁਰਨ ਲੱਗਾ ਤਾਂ ਉਸ ਨੇ ਆਖਿਆ,

-ਆ ਜਾਈਂ ਯਾਰ ਕਿਸੇ ਦਿਨ, ਬੈਠਾਂਗੇ। ਬਹੁਤ ਦਿਨ ਹੋ ਗਏ ਹੁਣ ਤਾਂ।

ਇੱਕ ਸ਼ਾਮ ਜਦ ਜੱਗੀ ਕੰਮ 'ਤੇ ਸੀ ਤਾਂ ਉਹਨਾਂ ਦੇ ਫੋਨ ਦੀ ਘੰਟੀ ਵੱਜੀ। ਪ੍ਰੀਤੀ ਨੇ ਫੋਨ ਚੁੱਕਿਆ ਪਰ ਇਹ ਕੱਟਿਆ ਗਿਆ। ਕੁਝ ਦੇਰ ਬਾਅਦ ਫਿਰ ਫੋਨ ਆਇਆ ਤੇ ਫਿਰ ਕੱਟਿਆ ਗਿਆ। ਪ੍ਰੀਤੀ ਸਮਝ ਗਈ ਕਿ ਇਹ ਫੋਨ ਨਿੱਕ ਤੋਂ ਬਿਨਾਂ ਕਿਸੇ ਹੋਰ ਦਾ ਨਹੀਂ ਹੋਵੇਗਾ। ਉਸ ਨੇ ਵੀ ਨਿੱਕ ਨੂੰ ਫੋਨ ਘੁਮਾਇਆ ਤੇ ਦੋ ਘੰਟੀਆਂ ਮਾਰ ਕੇ ਫੋਨ ਕੱਟ ਦਿੱਤਾ। ਉੱਧਰੋਂ ਫੇਰ ਫੋਨ ਆ ਗਿਆ। ਪ੍ਰੀਤੀ ਨੇ ਫਿਰ ਉਵੇਂ ਹੀ ਜਵਾਬ ਦਿੱਤਾ। ਅਗਲੇ ਦਿਨ ਫਿਰ ਉਹੋ ਗੇਮ ਸ਼ੁਰੂ ਹੋ ਗਈ। ਆਖਰ ਪ੍ਰੀਤੀ ਨੇ ਕਾਹਲੀ ਨਾਲ ਫੋਨ ਚੁੱਕਿਆ। ਨਿੱਕ ਹੌਲੇ ਜਿਹੇ ਕਿਹਾ,

-ਲਵ ਯੂ ਜਾਨ।

-ਤਾਂ ਹੀ ਡਰਪੋਕਾਂ ਵਾਂਗ ਫੋਨ ਓਹਲੇ ਲੁਕਿਆ ਬੈਠਾਂ ?

-ਤੇਰੇ ਤੋਂ ਡਰ ਹੀ ਬਹੁਤ ਲੱਗਦਾ।

-ਡਰਨ ਵਾਲੀ ਚੀਜ਼ ਹੈ ਤੂੰ ? ਤੂੰ ਤਾਂ ਅਗਲੇ ਨੂੰ ਤੰਗ ਕਰਨ ਵਾਲੀ ਸ਼ੈਅ ਵੀ ਐਂ।

-ਆ ਜਾਵਾਂ ?

-ਆ ਜਾ, ਤੂੰ ਰੋਕੇ ਰੁਕਣ ਵਾਲਾ ਤਾਂ ਹੈ ਨਹੀਂ।

ਪ੍ਰੀਤੀ ਨੇ ਆਖਿਆ। ਉਸੇ ਰਾਤ ਨਿੱਕ ਆ ਗਿਆ। ਜਿੰਨਾ ਉਹ ਗੁੱਸੇ ਹੋ ਕੇ ਵਿਛੜੇ ਸੀ, ਉਸ ਤੋਂ ਕਿਤੇ ਵੱਧ ਕੇ ਇੱਕ ਦੂਜੇ ਨੂੰ ਪਿਆਰ ਕਰਦੇ ਮਿਲੇ। ਇਵੇਂ ਮਿਲੇ ਜਿਵੇਂ ਕਦੇ ਵਿਛੜਨਾ ਹੀ ਨਾ ਹੋਵੇ। ਉਸ ਦਿਨ ਤੋਂ ਬਾਅਦ ਉਹਨਾਂ ਦੀ ਛੁਪਾ-ਛੁਪੀ ਦੀ ਖੇਡ ਮੁੜ ਸ਼ੁਰੂ ਹੋ ਗਈ। ਪ੍ਰੀਤੀ ਦਾ ਬਦਲਿਆ ਹੋਇਆ ਵਤੀਰਾ ਦੇਖ ਇੱਕ ਦਿਨ ਜੱਗੀ ਨੇ ਪੁੱਛਿਆ,

-ਭਰਜਾਈ, ਬਹੁਤ ਚਹਿਕ ਰਹੀ ਐਂ, ਸੁੱਖ ਤਾਂ ਹੈ ?

-ਮੈਂ ਖੁਸ਼ ਆਂ ਕਿ ਆਪਾਂ ਫਲੈਟ ਲੈ ਰਹੇ ਆਂ, ਹੁਣ ਕਿਰਾਇਆ ਦੇਣ ਦੀ ਥਾਂ ਕਿਸ਼ਤ ਦਿਆ ਕਰਾਂਗੇ, ਕਿਸ਼ਤ ਥੋੜ੍ਹੀ ਵੱਡੀ ਰੱਖ ਲੈ ਕਿ ਕਰਜ਼ਾ ਜਲਦੀ ਮੋੜ ਹੋ ਜਾਵੇ।

-ਦਸ ਸਾਲ ਦੀਆਂ ਕਿਸ਼ਤਾਂ ਹੀ ਕਰਾਉਣੀਆਂ। ਫੇਰ ਘਰ ਲੈਣਾ ਵੀ ਸੌਖਾ ਰਹੇਗਾ।

ਜੱਗੀ ਵੀ ਹੁਣ ਅਕਸਰ ਘਰ ਬਾਰੇ ਸੋਚਣ ਲੱਗਿਆ ਸੀ। ਹੁਣ ਉਸ ਨੇ ਇੱਕ ਵਿਸ਼ੇਸ਼ ਖਾਤਾ ਖੋਲ੍ਹ ਲਿਆ ਜਿਸ ਵਿੱਚ ਹਰ ਮਹੀਨੇ ਕੁਝ ਨਾ ਕੁਝ ਪਾਉਂਦੇ ਰਹਿਣਾ ਸੀ। ਦੋ ਕੁ ਮਹੀਨੇ ਵਿੱਚ ਹੀ ਉਹ ਉਸੇ ਫਲੈਟ ਦੇ ਮਾਲਕ ਬਣ ਗਏ। ਪ੍ਰੀਤੀ ਬੋਲੀ,

–ਜੈਗ, ਫਲੈਟ ਦੀ ਖੁਸ਼ੀ ਵਿੱਚ ਪਾਰਟੀ ਦੇਈਏ।

–ਨਹੀਂ, ਪਾਰਟੀ ਨਹੀਂ, ਏਦਾਂ ਹੀ ਮੈਂ ਆਪਣੇ ਦੋਸਤਾਂ ਨੂੰ ਬਾਹਰ ਪੱਬ ਵਿੱਚ ਲੈ ਜਾਣਾ, ਹੋਰ ਤਾਂ ਕੋਈ ਖਾਸ ਹੈ ਨਹੀਂ, ਨਿੱਕ ਨੂੰ ਇੱਥੇ ਘਰ ਹੀ ਪਾਰਟੀ ਕਰ ਦੇਵਾਂਗੇ। ਵੈਸੇ ਤਾਂ ਉਹ ਜਦ ਵੀ ਆਉਂਦਾ ਪਾਰਟੀ ਹੀ ਹੁੰਦੀ ਐ।

ਛੁੱਟੀ ਵਾਲੇ ਦਿਨ ਜੱਗੀ ਨੇ ਨਵੀ ਨੂੰ ਫੋਨ ਕੀਤਾ,

–ਕਿਵੇਂ ਐਂ ਨਵੀ ਸਿਆਂ ? ਕੀ ਹੋ ਰਿਹਾ ?

–ਠੀਕ ਐ, ਕੁਝ ਨਹੀਂ ਹੋ ਰਿਹਾ, ਪਲਵੀ ਹਿੰਦੀ ਦਾ ਕੋਈ ਸੀਰੀਅਲ ਦੇਖ ਰਹੀ ਐ ਤੇ ਮੈਂ ਵਿਹਲਾ ਬੈਠਾਂ ਧੁੱਪ ਸੇਕਣ ਦਾ ਮਨ ਬਣ ਰਿਹਾ।

–ਹਾਂ, ਦਿਨ ਤਾਂ ਬਈ ਅੱਜ ਬਹੁਤ ਸੁਹਣਾ। ਫਲੈਟ ਦੀ ਮਾਲਕੀ ਦੀ ਚਿੱਠੀ ਆ ਗਈ, ਹੋ ਜਾਏ ਪਾਰਟੀ, ਕਿਤੇ ਬੀਅਰ ਪੀਨੇ ਆਂ।

–ਅੱਜ ਮੇਰੀ ਕਾਰ ਕੋਈ ਮੰਗ ਕੇ ਲੈ ਗਿਆ।

–ਓ ਤਾਂ ਮੈਂ ਤੈਨੂੰ ਪਿੱਕ ਕਰ ਲੈਨਾ।

–ਫੇਰ ਦੇਵਨ ਨੂੰ ਵੀ ਫੋਨ ਕਰ ਲੈ। ਜੇ ਉਹ ਵੀ ਵਿਹਲਾ ਹੋਇਆ ਤਾਂ।

–ਵਿਹਲਾ ਹੀ ਹੋਣਾ।

ਜੱਗੀ ਨੇ ਆਖਿਆ ਤੇ ਉਹ ਦੇਵਨ ਨੂੰ ਫੋਨ ਕਰਨ ਲੱਗਾ। ਜਦ ਉਹ ਘਰੋਂ ਤੁਰਨ ਲੱਗਿਆ ਤਾਂ ਪ੍ਰੀਤੀ ਬੋਲੀ,

–ਮੈਨੂੰ ਦੇਵਨ ਨਾਲ ਤੇਰਾ ਸ਼ਰਾਬ ਪੀਣਾ ਚੰਗਾ ਨਹੀਂ ਲੱਗਦਾ, ਉਹ ਬੰਦਾ ਖਤਰਨਾਕ ਐ ਇਸ ਲਈ ਜ਼ਰਾ ਧਿਆਨ ਨਾਲ।

–ਭਰਜਾਈ, ਤੂੰ ਫਿਕਰ ਨਾ ਕਰ।

ਕੁਝ ਦੇਰ ਬਾਅਦ ਉਹ ਥੇਮਜ਼ ਕਿਨਾਰੇ ਨੈਗਜ਼ ਹੈੱਡ ਪੱਬ ਦੇ ਗਾਰਡਨ ਵਿੱਚ ਬੀਅਰ ਦੇ ਗਲਾਸ ਭਰਾਈ ਬੈਠੇ ਸਨ। ਜੱਗੀ ਖੁਸ਼ ਸੀ। ਦੇਵਨ ਤੇ ਨਵੀ ਉਸ ਨੂੰ ਵਧਾਈ ਦੇ ਰਹੇ ਸਨ ਪਰ ਨਾਲ ਦੀ ਨਾਲ ਦੇਵਨ ਆਪਣੇ ਨਵੇਂ ਖਰੀਦੇ ਵੱਡੇ ਘਰ ਦੀਆਂ ਵਡਿਆਈਆਂ ਵੀ ਮਾਰੀ ਜਾ ਰਿਹਾ ਸੀ। ਕਦੇ ਉਹ ਕੋਈ ਕਾਰੋਬਾਰ ਸ਼ੁਰੂ ਕਰਨ ਬਾਰੇ ਵੀ ਗੱਲਾਂ ਕਰਨ ਲੱਗਦਾ। ਇੱਕ ਮੌਸਮ ਧੁਪੀਲਾ ਸੀ ਤੇ ਦੂਜੇ ਉਹਨਾਂ ਦੇ ਮੂਡ ਵੀ ਕੁਝ ਅਜਿਹੇ ਸਨ। ਉਹ ਬੀਅਰ ਤੇ ਬੀਅਰ ਖਿੱਚਣ ਲੱਗੇ। ਜਦ ਦੋ ਦੋ ਗਲਾਸ ਹੋ ਗਏ ਤਾਂ ਨਵੀ ਨੇ ਕਿਹਾ,

–ਜੱਗੀ, ਹੁਣ ਹੋਰ ਨਾ ਭਰਾਈਂ, ਘਰ ਦੇ ਨੇੜੇ ਜਾ ਕੇ ਪੱਕੀ ਲਾ ਲਵਾਂਗੇ।

–ਨਹੀਂ ਯਾਰ, ਮੇਰਾ ਬੀਅਰ ਪੀਣ ਦਾ ਮੂਡ ਐ ਹਾਲੇ।

ਦੇਵਨ ਨੇ ਆਪਣਾ ਗਲਾਸ ਖਾਲੀ ਕਰਦਿਆਂ ਆਖਿਆ। ਨਵੀ ਹੋਰ ਪੀ ਕੇ ਖੁਸ਼ ਨਹੀਂ ਸੀ ਪਰ ਜਦ ਤਕ ਜੱਗੀ ਬੀਅਰ ਭਰਾਉਣ ਲਈ ਉੱਠ ਗਿਆ ਸੀ। ਉਸ ਤੋਂ ਅਗਲੇ ਗਲਾਸ ’ਤੇ ਨਵੀ ਨੇ ਫਿਰ ਤੁਰਨ ਲਈ ਕਿਹਾ ਪਰ ਦੇਵਨ ਹਾਲੇ ਵੀ ਹੋਰ ਠਹਿਰਨਾ ਚਾਹੁੰਦਾ ਸੀ। ਚਾਰ–ਚਾਰ ਗਲਾਸ ਪੀ ਲਏ ਤਾਂ ਨਵੀ ਕਹਿਣ ਲੱਗਾ,



–ਜੱਗੀ, ਹੁਣ ਤੂੰ ਕਾਰ ਨਹੀਂ ਚਲਾਉਣੀ, ਆਪਾਂ ਟੈਕਸੀ ਕਰ ਲੈਣੀ ਆਂ।

–ਓ ਕਿਤੇ ਨਹੀਂ ਕੁਝ ਹੁੰਦਾ, ਰੋਜ਼ ਤਾਂ ਕੰਮ ਤੋਂ ਆਪਾਂ ਰੱਜ ਕੇ ਆਉਨੇ ਆਂ।

–ਦੇਵਨ, ਉਹ ਤਾਂ ਮੀਲ ਕੁ ਦਾ ਸਫਰ ਐ ਤੇ ਇਹ ਦਸ ਮੀਲ ਪੈ ਜਾਣੇ ਆਂ।

ਨਵੀ ਨੇ ਕਿਹਾ ਤਾਂ ਜਵਾਬ ਵਿੱਚ ਦੇਵਨ ਕੁਝ ਨਾ ਬੋਲਿਆ। ਕਰਦਿਆਂ ਕਰਦਿਆਂ ਜੱਗੀ ਨੇ ਇੱਕ ਇੱਕ ਡੱਬਲ ਵਿਸਕੀ ਦਾ ਆਰਡਰ ਦੇ ਦਿੱਤਾ। ਜਦ ਉਹ ਤੁਰੇ ਤਾਂ ਨਸ਼ੇ ਵਿੱਚ ਪੂਰੇ ਲੋੜੇ ਹੋਏ ਸਨ। ਜੱਗੀ ਨੇ ਕਾਰ ਤੋਰ ਲਈ। ਛੋਟੀ ਰੋਡ ’ਤੇ ਕਾਰ ਠੀਕ ਚੱਲ ਰਹੀ ਸੀ। ਏ ਥ੍ਰਟੀ ’ਤੇ ਆਏ ਤਾਂ ਵੀ ਜੱਗੀ ਕਾਰ ਸਹੀ ਹੀ ਚਲਾ ਰਿਹਾ ਸੀ ਪਰ ਅਚਾਨਕ ਮਗਰੇ ਨੀਲੀਆਂ ਲਾਈਟਾਂ ਜਗਮਗਾਉਣ ਲੱਗੀਆਂ। ਪੁਲੀਸ ਵਾਲੇ ਕਾਰ ਰੋਕਣ ਦਾ ਇਸ਼ਾਰਾ ਕਰਨ ਲੱਗੇ।

## ਸੋਲ੍ਹਾਂ

ਜੱਗੀ ਕੁਝ ਘੰਟੇ ਪੁਲੀਸ ਸਟੇਸ਼ਨ ਰਹਿ ਕੇ ਘਰ ਆ ਗਿਆ। ਬਾਹਰ ਕੀ ਹੋਇਆ ਪ੍ਰੀਤੀ ਨੂੰ ਕੁਝ ਪਤਾ ਹੀ ਨਾ ਲੱਗਾ। ਨਿੱਕ ਉਸ ਪਾਸੇ ਨਿਕਲਿਆ ਤਾਂ ਜੱਗੀ ਦੀ ਕਾਰ ਘਰ ਨਾ ਦੇਖ ਕੇ ਉਸ ਨੇ ਸੋਚਿਆ ਕਿ ਜੱਗੀ ਬਾਹਰ ਹੋਵੇਗਾ ਇਸ ਲਈ ਜਾ ਡੋਰ ਬੈੱਲ ਖੜਕਾਈ। ਅੱਗੋਂ ਜੱਗੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਨਿੱਕ ਹੈਰਾਨ ਹੁੰਦਾ ਪੁੱਛਣ ਲੱਗਾ,

–ਕਾਰ ਕਿਥੇ ਐ ?

–ਕਾਰ, ਰਾਤੀਂ ਮੈ ਪੱਬ ਵਿੱਚ ਛੱਡ ਆਇਆ ਸੀ।

–ਚੱਲ, ਲੈ ਆਈਏ ?

–ਨਹੀਂ ਨਿੱਕ, ਹੁਣ ਮੈਂ ਦਾਰੂ ਪੀਤੀ ਐ, ਕੱਲ੍ਹ ਨੂੰ ਸਹੀ।

ਜੱਗੀ ਨੇ ਕੋਈ ਵੀ ਗੱਲ ਜ਼ਾਹਰ ਨਾ ਹੋਣ ਦਿੱਤੀ। ਇੱਕ ਮਹੀਨੇ ਨੂੰ ਉਸ ਦੀ ਕੋਰਟ ਦੀ ਤਰੀਕ ਸੀ। ਇੱਕ ਮਹੀਨਾ ਉਹ ਨਿਧੜਕ ਹੋ ਕੇ ਕਾਰ ਚਲਾਉਂਦਾ ਰਿਹਾ। ਮਹੀਨੇ ਬਾਅਦ ਕੋਰਟ ਦੀ ਤਰੀਕ ਆਈ, ਉਸ ਦਾ ਲਾਇਸੰਸ ਡੇਢ ਸਾਲ ਲਈ ਜ਼ਬਤ ਹੋ ਗਿਆ ਪਰ ਉਸ ਨੇ ਇਸ ਦਾ ਧੂੰਆਂ ਤਕ ਨਾ ਕੱਢਿਆ। ਉਸ ਨੇ ਦੇਵਨ ਤੇ ਨਵੀ ਨੂੰ ਵੀ ਦੱਸ ਦਿੱਤਾ ਕਿ ਕਿਸੇ ਨਾਲ ਗੱਲ ਨਾ ਕਰਨ। ਉਸ ਨੇ ਸੋਚ ਲਿਆ ਕਿ ਡੇਢ ਸਾਲ ਤਕ ਕਾਰ ਨੂੰ ਹੱਥ ਤਕ ਨਹੀਂ ਲਾਵੇਗਾ ਪਰ ਜੇ ਕਦੇ ਐਮਰਜੈਂਸੀ ਵਿੱਚ ਕਾਰ ਵਰਤਣੀ ਵੀ ਹੋਈ ਤਾਂ ਚੁੱਪ–ਚਾਪ ਵਰਤ ਲਵੇਗਾ। ਕੰਮ ਉਪਰ ਹੁਣ ਨਵੀ ਜਾਂ ਦੇਵਨ ਹੀ ਕਾਰ ਲੈ ਜਾਂਦੇ ਸਨ। ਇਸ ਨਾਲ ਜੱਗੀ ਨੂੰ ਪੀਣ ਦੀ ਹੋਰ ਵੀ ਖੁੱਲ੍ਹ ਮਿਲ ਗਈ। ਉਹ ਕੰਮ ਉਪਰ ਹੀ ਰੱਜ ਕੇ ਪੀਣ ਲੱਗਾ। ਇੱਕ ਦਿਨ ਉਸ ਨੂੰ ਸ਼ਰਾਬੀ ਦੇਖ ਕੇ ਮੈਨੇਜਰ ਸ਼ੌਨ ਨੇ ਉਸ ਨੂੰ ਘਰ ਵੀ ਭੇਜ ਦਿੱਤਾ ਸੀ ਤੇ ਨਾਲ ਹੀ ਚੇਤਾਵਨੀ ਦੀ ਚਿੱਠੀ ਵੀ ਮਿਲ ਗਈ ਸੀ ਜਿਸ ਨੂੰ ਸਕਿੰਨ ਕਹਿੰਦੇ ਸਨ।

ਇਹਨਾਂ ਦਿਨਾਂ ਵਿੱਚ ਹੀ ਦੋ ਅਜਿਹੀਆਂ ਗੱਲਾਂ ਹੋਈਆਂ ਜਿਹਨਾਂ ਕਾਰਨ ਜੱਗੀ ਬਹੁਤ ਇਕੱਲਾ ਹੋ ਗਿਆ। ਇੱਕ ਤਾਂ ਨਵੀ ਨੇ ਪਲਵੀ ਦੀ ਸਿਹਤ ਕਰਕੇ ਦਿਨਾਂ ਦੀ

ਪੱਕੀ ਸ਼ਿਫਟ ਲੈ ਲਈ ਤੇ ਦੂਜੇ ਦੇਵਨ ਨੇ ਕਾਰੋਬਾਰ ਦੀ ਭਾਲ ਵਿੱਚ ਲੰਮੀ ਛੁੱਟੀ ਲੈ ਗਿਆ। ਹੁਣ ਰਾਤਾਂ 'ਤੇ ਜੱਗੀ ਇਕੱਲਾ ਹੁੰਦਾ ਸੀ। ਸ਼ਰਾਬ ਪੀਣ ਲਈ ਦੋ ਕੁ ਅਫਰੀਕਨ ਉਸ ਨੂੰ ਮਿਲ ਗਏ। ਉਹ ਇਕੱਲਾ ਹੀ ਬਹੁਤ ਪੀ ਜਾਂਦਾ ਸੀ। ਕੰਮ 'ਤੇ ਉਹ ਹੁਣ ਬੱਸ ਵਿੱਚ ਜਾਂਦਾ ਸੀ। 203 ਬੱਸ ਦੇ ਤਿੰਨ ਕੁ ਸਟੌਪ ਹੀ ਸਨ, ਪੈਦਲ ਵੀ ਜਾਇਆ ਜਾ ਸਕਦਾ। ਪ੍ਰੀਤੀ ਜੋ ਕਿ ਹੁਣ ਉਸ ਦੀ ਸ਼ਰਾਬ ਤੋਂ ਬਹੁਤ ਤੰਗ ਸੀ, ਬਹੁਤ ਹੈਰਾਨ ਹੁੰਦੀ ਕਿ ਜੱਗੀ ਕਾਰ ਕਿਉਂ ਨਹੀਂ ਵਰਤ ਰਿਹਾ। ਉਹ ਪੁੱਛਦੀ ਤਾਂ ਜੱਗੀ ਟਾਲ਼ ਜਾਂਦਾ। ਲਾਇਸੰਸ ਜੱਗੀ ਦੀ ਬਹੁਤ ਵੱਡੀ ਤਾਕਤ ਸੀ। ਲਾਇਸੰਸ ਬਿਨਾਂ ਉਹ ਹੀਣਾ ਮਹਿਸੂਸ ਕਰ ਰਿਹਾ ਸੀ।

ਇੱਕ ਦਿਨ ਕੰਮ 'ਤੇ ਜੱਗੀ ਸ਼ਰਾਬੀ ਹੋਇਆ ਮੂੰਹ ਪਰਨੇ ਡਿਗ ਪਿਆ। ਬੁੱਲ੍ਹ ਫਟ ਗਏ, ਨੱਕ ਦੀ ਹੱਡੀ ਟੁੱਟ ਗਈ। ਐਂਬੂਲੈਂਸ ਬੁਲਾਈ ਗਈ ਪਰ ਨਾਲ ਹੀ ਜੱਗੀ ਨੂੰ ਕੰਮ ਤੋਂ ਸਸਪੈਂਡ ਵੀ ਕਰ ਦਿੱਤਾ ਗਿਆ। ਹਸਪਤਾਲ ਤੋਂ ਵਾਪਸ ਜਦ ਉਹ ਘਰ ਪੁੱਜਾ ਤਾਂ ਪ੍ਰੀਤੀ ਨੇ ਉਸ ਨੂੰ ਦੇਖ ਕੇ ਧਾਹਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਜੱਗੀ ਬੋਲਿਆ,

-ਭਰਜਾਈ, ਐਵੇਂ ਫਿਕਰ ਨਾ ਕਰ, ਕੰਮ 'ਤੇ ਮੇਰਾ ਪੈਰ ਔਟਲ਼ ਗਿਆ ਸੀ ਤੇ ਮੈਂ ਡਿਗ ਪਿਆ ਪਰ ਹੁਣ ਠੀਕ ਐ। ਐਵੇਂ ਨਾ ਰੋਈ ਚੱਲ।

ਪ੍ਰੀਤੀ ਤੋਂ ਜੱਗੀ ਦੇਖਿਆ ਨਹੀਂ ਸੀ ਜਾ ਰਿਹਾ। ਉਸ ਨੇ ਨਿੱਕ ਨੂੰ ਫੋਨ ਕੀਤਾ ਪਰ ਉਹ ਘਰ ਨਹੀਂ ਸੀ। ਉਸ ਦੇ ਫੋਨ ਉਪਰ ਸੁਨੇਹਾ ਛੱਡ ਦਿੱਤਾ ਕਿ ਆਉਂਦਾ ਹੀ ਫੋਨ ਕਰੇ। ਫਿਰ ਉਸ ਨੇ ਨਵੀ ਨੂੰ ਫੋਨ ਕੀਤਾ। ਨਵੀ ਕੰਮ 'ਤੇ ਸੀ, ਉਸ ਨੇ ਪਲਵੀ ਨੂੰ ਸੁਨੇਹਾ ਦੇ ਦਿੱਤਾ ਕਿ ਨਵੀ ਆਉਂਦਾ ਹੀ ਫੋਨ ਕਰੇ। ਨਵੀ ਨੂੰ ਕੰਮ ਤੋਂ ਹੀ ਪਤਾ ਚੱਲ ਗਿਆ ਸੀ। ਉਹ ਕੰਮ ਤੋਂ ਮੁੜਦਾ ਹੀ ਜੱਗੀ ਵੱਲ ਆ ਗਿਆ। ਨਵੀ ਦੇ ਆਉਂਦਿਆਂ ਹੀ ਪ੍ਰੀਤੀ ਫਿੱਸ ਪਈ,

-ਨਵੀ, ਆਹ ਦੇਖ ਆਪਣਾ ਦੋਸਤ, ਦੇਖ ਸ਼ਰਾਬ ਪੀ ਕੇ ਇਹਨੇ ਆਪਣੀ ਕੀ ਹਾਲਤ ਬਣਾਈ ਹੋਈ ਐ। ਇਹਨੇ ਕਦੇ ਇਹ ਨਹੀਂ ਸੋਚਿਆ ਕਿ ਏਹਦੇ ਪਿੱਛੇ ਵੀ ਕੋਈ ਹੈਗਾ, ਇਹਦੀ ਵਾਈਫ, ਇਹਦਾ ਸਨ! ਇਹਨੂੰ ਆਪਣੀ ਸ਼ਰਾਬ ਦੀ ਪਈ ਹੋਈ ਐ, ਹੋਰ ਦੁਨੀਆ ਇਹਨੂੰ ਦਿੱਸਦੀ ਹੀ ਨਹੀਂ।

ਫਿਕਰ ਤਾਂ ਨਵੀ ਨੂੰ ਵੀ ਹੋ ਰਿਹਾ ਸੀ ਪਰ ਉਸ ਨੇ ਪ੍ਰੀਤੀ ਦਾ ਦਿਲ ਰੱਖਣ ਲਈ ਆਖਿਆ,

-ਪ੍ਰੀਤੀ, ਐਕਸੀਡੈਂਟ ਲਾਈਫ ਵਿੱਚ ਹੋ ਜਾਇਆ ਕਰਦੇ ਆ। ਏਨੀ ਨਾ ਘਬਰਾ, ਹੌਸਲਾ ਰੱਖ।

-ਕਿਵੇਂ ਰੱਖਾਂ? ਉਹੀ ਹਰਾਮੀ ਦੇਵਨ ਹੋਏਗਾ ਏਸ ਐਕਸੀਡੈਂਟ ਪਿੱਛੇ ਵੀ। ਜਦ ਵੀ ਏਹਦੇ ਨਾਲ ਮਾੜੀ ਗੱਲ ਵਾਪਰਦੀ ਐ ਤਾਂ ਉਹੀ ਹੁੰਦਾ ਐ ਆਲੇ ਦੁਆਲੇ, ਉਹਦੇ ਕਰਕੇ ਹੀ ਵਾਪਰੀ ਹੁੰਦੀ ਐ। ਉਹ ਹੀ ਕਰਾਉਂਦਾ।

-ਨਹੀਂ ਪ੍ਰੀਤੀ, ਉਹ ਤਾਂ ਕੋਈ ਬਿਜ਼ਨਿਸ ਲੱਭਦਾ ਫਿਰਦਾ, ਉਹ ਇੱਥੇ ਨਹੀਂ, ਐਤਕੀਂ ਤਾਂ ਕਿਸਮਤ ਨੇ ਆਪ ਹੀ ਏਹਨੂੰ ਆ ਢਾਹਿਆ।

ਆਖਦਾ ਨਵੀ ਹੱਸਣ ਲੱਗਾ। ਉਸ ਨੂੰ ਯਾਦ ਆਇਆ ਕਿ ਜਿਸ ਦਿਨ ਜੱਗੀ ਦਾ ਲਾਇਸੰਸ ਗਿਆ ਸੀ ਇਹ ਦੇਵਨ ਹੀ ਸੀ ਜੋ ਹੋਰ ਬੀਅਰ ਪੀਣ ਦੀ ਜ਼ਿੱਦ ਕਰੀ ਜਾ ਰਿਹਾ ਸੀ ਤੇ ਬਾਅਦ ਵਿੱਚ ਉਹ ਪਿਛਲੀ ਸੀਟ ਤੇ ਬੈਠਾ ਚਲਦੇ ਗੀਤ ਨਾਲ ਭੰਗੜਾ ਪਾਉਣ ਲੱਗਾ ਸੀ, ਸ਼ਾਇਦ ਇਸ ਤਰ੍ਹਾਂ ਹੀ ਪੁਲੀਸ ਦਾ ਧਿਆਨ ਖਿੱਚਿਆ ਗਿਆ ਹੋਵੇ, ਨਹੀਂ ਤਾਂ ਜੱਗੀ ਕਾਰ ਤਾਂ ਠੀਕ ਹੀ ਚਲਾ ਰਿਹਾ ਸੀ। ਨਵੀ ਸੋਚ ਰਿਹਾ ਸੀ ਕਿ ਇਹ ਗੱਲ



ਵੀ ਚੰਗੀ ਕਿ ਪ੍ਰੀਤੀ ਨੂੰ ਹਾਲੇ ਲਾਇਸੰਸ ਜਾਣ ਬਾਰੇ ਨਹੀਂ ਸੀ ਪਤਾ। ਜਦ ਪ੍ਰੀਤੀ ਪਰ੍ਹੇ ਹੋਈ ਤਾਂ ਨਵੀ ਬੋਲਿਆ,

-ਤੈਨੂੰ ਕਿੰਨੀ ਵਾਰ ਕਿਹਾ ਕਿ ਹਿਸਾਬ ਨਾਲ ਪਰ ਤੂੰ ਸੁਣਦਾਂ ਕਿਸੇ ਦੀ, ਹੁਣ ਮੈਨੇਜਮੈਂਟ ਤਾਂ ਬਹੁਤ ਸੀਰੀਅਸ ਕੇਸ ਬਣਾਈ ਫਿਰਦੀ ਐ, ਪਹਿਲੀਆਂ ਸ਼ਕਿੰਨਾਂ ਵੀ ਉਹ ਇਕੱਠੀਆਂ ਕਰੀ ਫਿਰਦੇ ਆ।

-ਹੁਣ ਕੀ ਹੋਵੇ?

-ਰਾਮਾ ਨੰਦ ਨੂੰ ਮਿਲਦੇ ਆਂ, ਹੋਰ ਕੀ! ਉਹ ਤੇਰਾ ਮੋਹ ਵੀ ਤਾਂ ਬਹੁਤਾ ਦਿਖਾਉਂਦਾ ਹੁੰਦਾ। ਸ਼ਾਇਦ ਕਰ ਜਾਵੇ ਕੁਝ।

-ਹਾਂ, ਤੂੰ ਕਰ ਗੱਲ ਉਹਦੇ ਨਾਲ।

-ਪਰ ਉਹ ਤਾਂ ਨਾਈਟਾਂ 'ਤੇ ਐ, ਚੱਲ ਦੇਖਦਾਂ।

-ਮੇਰੇ ਕੋਲ ਓਹਦਾ ਫੋਨ ਨੰਬਰ ਹੈਗਾ, ਕਿਸੇ ਵੇਲੇ ਕਰ ਲਵੀਂ।

-ਠੀਕ। ਮੈਂ ਕਰਾਂਗਾ ਗੱਲ ਪਰ ਤੇਰੇ ਉਹ ਬਹੁਤਾ ਨੇੜੇ ਐ।

-ਮੈਂ ਹੁਣ ਮੂੰਹ ਦਿਖਾਉਣ ਜੋਗਾ ਹੋਵਾਂਗਾ ਤਾਂ ਹੀ ਮਿਲ ਹੋਏਗਾ।

ਆਖਦਾ ਜੱਗੀ ਹੱਸਿਆ ਤੇ ਫਿਰ ਫਿਕਰਾਂ ਵਿੱਚ ਪੈ ਗਿਆ। ਜੇ ਕੰਮ ਤੋਂ ਕੱਢ ਦਿੱਤਾ ਤਾਂ ਕੀ ਹੋਏਗਾ। ਲਾਇਸੰਸ ਵੀ ਨਹੀਂ ਰਿਹਾ, ਨਹੀਂ ਤਾਂ ਟੈਕਸੀ ਹੀ ਚਲਾ ਲੈਂਦਾ।

ਦਸ ਦਿਨ ਬਾਅਦ ਜੱਗੀ ਦੀ ਮੈਨੇਜਮੈਂਟ ਕੋਲ ਤਰੀਕ ਸੀ। ਨਵੀ ਨੇ ਵੀ ਰਾਮਾ ਨੰਦ ਨਾਲ ਗੱਲ ਕੀਤੀ ਸੀ ਤੇ ਜੱਗੀ ਆਪ ਵੀ ਉਹਨੂੰ ਉਹਦੇ ਘਰ ਜਾ ਕੇ ਮਿਲ ਆਇਆ ਸੀ। ਰਾਮਾ ਨੰਦ ਬੋਲਿਆ ਸੀ,

-ਜੱਗੀ, ਮੈਂ ਤੈਨੂੰ ਰੋਕਿਆ ਸੀ ਕਿ ਇਹਨਾਂ ਲੋਕਾਂ ਤੋਂ ਬਚ ਜਾ ਪਰ ਤੂੰ ਮੇਰੀ ਇੱਕ ਨਾ ਸੁਣੀ, ਹੁਣ ਦੇਖ ਲੈ ਹਾਲ!

-ਪਰ ਅੰਕਲ ਜੀ, ਓਦਣ ਮੇਰੇ ਨਾਲ ਕੋਈ ਨਹੀਂ ਸੀ।

-ਤੇਰੇ ਨਾਲ ਤੇਰੀ ਆਦਤ ਤਾਂ ਸੀ ਜਿਹੜੀ ਇਹਨਾਂ ਲੋਕਾਂ ਦੀ ਹੀ ਪਕਾਈ ਹੋਈ ਐ।

-ਹੁਣ ਕੋਈ ਮੇਰਾ ਹੱਲ ਲੱਭੋ।

-ਹੁਣ ਯੂਨੀਅਨਾਂ ਪਹਿਲਾਂ ਜਿਹੀਆਂ ਨਹੀਂ ਰਹੀਆਂ। ਮੈਨੇਜਮੈਂਟ ਨੇ ਆਪਣੀ ਹੀ ਮਰਜ਼ੀ ਕਰਨੀ ਐਂ।

ਰਾਮਾ ਨੰਦ ਦੀਆਂ ਗੱਲਾਂ ਨੇ ਜੱਗੀ ਨੂੰ ਹੋਰ ਵੀ ਡਰਾ ਦਿੱਤਾ। ਦਸ ਦਿਨ ਬਾਅਦ ਉਹ ਮੈਨੇਜਮੈਂਟ ਮੁਹਰੇ ਪੇਸ਼ ਹੋਇਆ ਤਾਂ ਮੈਨੇਜਮੈਂਟ ਨੇ ਉਹਦੇ ਪ੍ਰਤੀ ਬਹੁਤ ਹੀ ਰੁੱਖਾ ਰੁਖ਼ ਅਪਣਾਇਆ। ਕੁਝ ਕਾਰਵਾਈ ਕਰ ਕੇ ਅਗਲੀ ਤਰੀਕ ਦੇ ਦਿੱਤੀ। ਜੱਗੀ ਨੂੰ ਜੌਬ ਜਾਂਦੀ ਦਿੱਸਣ ਲੱਗੀ।

ਇੱਕ ਦਿਨ ਪ੍ਰੀਤੀ ਨੇ ਨਵੀ ਨੂੰ ਫੋਨ ਕੀਤਾ। ਬੋਲੀ,

-ਹੈਲੋ ਨਵੀ, ਸ਼੍ਰੀ ਦੇਵੀ ਹੇਅਰ!

ਨਵੀ ਸਮਝ ਗਿਆ ਕਿ ਜ਼ਰੂਰ ਕੋਈ ਖਾਸ ਗੱਲ ਹੋਵੇਗੀ। ਉਸ ਨੇ ਪੁੱਛਿਆ,

-ਪ੍ਰੀਤੀ ਕੀ ਗੱਲ ਹੋ ਗਈ? ਠੀਕ ਐਂ ਸਭ?

-ਪ੍ਰੀਤੀ ਨਹੀਂ, ਸ਼੍ਰੀ ਦੇਵੀ।

–ਹਾਂ ਸ਼੍ਰੀ ਦੇਵੀ, ਕੀ ਹਾਲ ਐ ?
–ਇੱਕ ਗੱਲ ਦਾ ਜਵਾਬ ਦੇਹ।
–ਪੁੱਛ !
–ਜੈਗ ਨੂੰ ਪੰਜ ਹਫਤੇ ਹੋ ਗਏ ਘਰ ਬੈਠੇ ਨੂੰ, ਹੁਣ ਇਹ ਬਿਲਕੁਲ ਠੀਕ ਐ, ਇਹ ਕੰਮ 'ਤੇ ਕਿਉਂ ਨਹੀਂ ਜਾਂਦਾ।
–ਛੁੱਟੀਆਂ 'ਤੇ ਜਿਉਂ ਐ।
–ਪਰ ਏਹਦੀ ਤਨਖਾਹ ਵੀ ਬੰਦ ਐ, ਛੁੱਟੀਆਂ 'ਤੇ ਹੁੰਦਾ ਤਾਂ ਤਨਖਾਹ ਤਾਂ ਮਿਲਦੀ।
–ਪਰ....!
–ਪਰ-ਪੁਰ ਕੁਝ ਨਹੀਂ, ਸ਼੍ਰੀ ਦੇਵੀ ਨੇ ਜਵਾਬ ਮੰਗਿਆ। ਮੈਨੂੰ ਪਤਾ ਤੂੰ ਸ਼੍ਰੀ ਦੇਵੀ ਕੋਲ ਝੂਠ ਨਹੀਂ ਬੋਲੇਂਗਾ।
–ਪ੍ਰੀਤੀ, ਤੂੰ ਮੈਨੂੰ ਕਿਹੜੇ ਇਮਤਿਹਾਨ ਵਿੱਚ ਪਾ ਰਹੀ ਐਂ ? ਪਲੀਜ਼, ਮੈਂ ਇਸ ਦਾ ਜਵਾਬ ਨਹੀਂ ਦੇ ਸਕਦਾ।
–ਨਵੀ, ਸ਼੍ਰੀ ਦੇਵੀ ਆਪਣਾ ਸਵਾਲ ਮੁੜ ਕੇ ਦੁਹਰਾਉਂਦੀ ਐ, ਸੱਚ ਬੋਲ।
–ਪਹਿਲਾਂ ਪ੍ਰੌਮਿਜ਼ ਕਰ ਕਿ ਭੜਥੂ ਨਹੀਂ ਪਾਏਂਗੀ !
–ਪ੍ਰੌਮਿਜ਼ !
–ਸੱਚ ਇਹ ਐ ਕਿ ਇਹ ਸ਼ਰਾਬ ਪੀ ਕੇ ਕੰਮ 'ਤੇ ਡਿਗ ਪਿਆ ਸੀ, ਉਹਨਾਂ ਸੈਸਪੈਂਡ ਕੀਤਾ ਹੋਇਆ, ਯੂਨੀਅਨ ਵਾਲੇ ਕੇਸ ਲੜ ਰਹੇ ਆ।
–ਓ ਮਾਈ ਗੌਡ ! ਇਹ ਬੰਦੇ ਨੇ ਮੈਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਣਾ। ਹੁਣ ਜੌਬ ਗੁਆ ਲਈ, ਫਲੈਟ ਦੀਆਂ ਕਿਸ਼ਤਾਂ ਕਿੱਦਾਂ ਦੇਣੀਆਂ ?
–ਪ੍ਰੀਤੀ, ਤੂੰ ਕਾਹਲੀ ਬਹੁਤ ਪੈ ਜਾਂਦੀ ਐਂ ਤੇ ਨਤੀਜੇ ਇਕਦਮ ਕੱਢ ਲੈਂਨੀ ਐਂ। ਜ਼ਰਾ ਸਬਰ ਕਰ ਸਭ ਠੀਕ ਹੋ ਜਾਣਾਂ।
–ਹੁਣ ਇੱਕ ਗੱਲ ਹੋਰ ਦੱਸ ਕਿ ਇਹ ਕਾਰ ਕਿਉਂ ਨਹੀਂ ਚਲਾ ਰਿਹਾ ?
–ਕਿਉਂਕਿ ਹਰ ਵੇਲੇ ਤਾਂ ਉਹ ਪੀਵੀ ਰੱਖਦਾ।
–ਸਵੇਰੇ ਰੌਕੀ ਨੂੰ ਛੱਡਣ ਵੀ ਨਹੀਂ ਜਾਂਦਾ।
–ਮੈਨੂੰ ਨਹੀਂ ਲੱਗਦਾ ਕਿ ਕੋਈ ਖਾਸ ਕਾਰਨ ਹੋਏਗਾ।
–ਯਾਦ ਰੱਖ ਕਿ ਸ਼੍ਰੀ ਦੇਵੀ ਨਾਲ ਗੱਲ ਕਰ ਰਿਹੈਂ !
–ਪ੍ਰੀਤੀ, ਬੀ ਕੂਲ।
–ਮੈਂ ਕੂਲ ਆਂ, ਪ੍ਰੌਮਿਜ਼, ਕੂਲ ਹੀ ਰਹਾਂਗੀ।
–ਇਹਦਾ ਲਾਇਸੰਸ ਚਲੇ ਗਿਆ, ਉਸ ਦਿਨ ਜਦ ਅਸੀਂ ਪੱਬ ਗਏ ਸਾਂ।
–ਉਹੀ ਹਰਾਮੀ ਦੇਵਨ ਨਾਲ ਸੀ, ਹੈ ਨਾ ?
ਪ੍ਰੀਤੀ ਨੇ ਦਬਕਾ ਮਾਰਨ ਵਾਂਗ ਪੁੱਛਿਆ। ਨਵੀ ਅੱਗੋਂ ਚੁੱਪ ਰਿਹਾ। ਪ੍ਰੀਤੀ ਰੋਣ ਲੱਗੀ। ਨਵੀ ਨੇ ਕਿਹਾ,
–ਤੂੰ ਪ੍ਰੌਮਿਜ਼ ਕੀਤਾ ਸੀ !
ਪ੍ਰੀਤੀ ਚੁੱਪ ਕਰ ਗਈ। ਕੁਝ ਦੇਰ ਬਾਅਦ ਬੋਲੀ,
–ਨਵੀ, ਇਹਦੀ ਸ਼ਰਾਬ ਨੇ ਸਾਡੀ ਦੋਨਾਂ ਦੀ ਲਾਈਫ ਤਬਾਹ ਕਰ ਦੇਣੀ ਆਂ।



–ਪਰ ਇਹ ਏਨੀ ਸ਼ਰਾਬ ਪੀਂਦਾ ਹੀ ਕਿਉਂ ਐ ? ਕਿਹੜੀ ਚੀਜ਼ ਤੋਂ ਭੱਜਣਾ ਚਾਹੁੰਦਾ ?
–ਸ਼ਰਾਬ ਤਾਂ ਇਹ ਏਦਾਂ ਹੀ ਪੀਂਦਾ, ਆਹ ਦੋ ਕੁ ਸਾਲਾਂ ਤੋਂ ਜ਼ਿਆਦਾ ਹੀ ਪੀਣ ਲੱਗ ਪਿਆ।
–ਕਿਹੜੀ ਗੱਲੋਂ ਪੀਂਦਾ ? ਕਿਤੇ ਇਹਦਾ ਕਾਰਨ ਨਿੱਕ ਤਾਂ ਨਹੀਂ ?
ਨਵੀ ਨੇ ਸਿੱਧੀ ਹੀ ਗੱਲ ਕਰ ਲਈ। ਪ੍ਰੀਤੀ ਕੁਝ ਨਾ ਬੋਲੀ। ਉਸ ਨੂੰ ਆਸ ਹੀ ਨਹੀਂ ਸੀ ਕਿ ਨਵੀ ਇਹ ਸਵਾਲ ਪੁੱਛੇਗਾ। ਨਵੀ ਨੇ ਆਪਣਾ ਸਵਾਲ ਦੁਹਰਾਇਆ ਤਾਂ ਪ੍ਰੀਤੀ ਬੋਲੀ,
–ਤੂੰ ਵੀ ਲੋਕਾਂ ਵਾਂਗੂੰ ਸੋਚਦਾਂ ?
–ਮੈਨੂੰ ਕੀ ਪਤਾ ਕਿ ਲੋਕ ਕਿੱਦਾਂ ਸੋਚਦੇ ਆ। ਤੂੰ ਮੇਰੀ ਗੱਲ ਦਾ ਜਵਾਬ ਹਾਂ ਜਾਂ ਨਾਂਹ ਵਿੱਚ ਦੇ ਦੇ।
–ਏਦਾਂ ਦੀ ਕੋਈ ਗੱਲ ਨਹੀਂ ਨਵੀ।
–ਮੇਰੀ ਗੱਲਬਾਤ ਸ਼੍ਰੀ ਦੇਵੀ ਨਾਲ ਹੋ ਰਹੀ ਐ, ਸੋ ਦੁਬਾਰਾ ਜਵਾਬ ਦੇਹ।
–ਨਵੀ, ਸਿੱਧੀ ਗੱਲ ਇਹ ਐ ਕਿ ਜੈਗ ਨੇ ਕਦੇ ਕੋਈ ਸ਼ਿਕਾਇਤ ਨਹੀਂ ਕੀਤੀ। ਨਿੱਕ ਨਾਲ ਉਸ ਦੀ ਚੰਗੀ ਭਲੀ ਦੋਸਤੀ ਐ। ਜੇ ਨਿੱਕ ਨੂੰ ਲੈ ਕੇ ਉਹਦੇ ਮਨ ਵਿੱਚ ਗੁਲਝ ਹੁੰਦੀ ਤਾਂ ਹੁਣ ਤਕ ਉਸ ਨੇ ਗੱਲ ਕਰ ਦੇਣੀ ਸੀ।
–ਪ੍ਰੀਤੀ, ਬੰਦੇ ਦੇ ਮਨ ਦੀਆਂ ਬਹੁਤ ਸਾਰੀਆਂ ਤੈਹਾਂ ਹੁੰਦੀਆਂ, ਪਤਾ ਨਹੀਂ ਕਿਸ ਤਹਿ ਵਿੱਚ ਕੁਝ ਅਟਕਿਆ ਹੋਵੇ !
–ਨਵੀ, ਏਦਾਂ ਮੇਰੇ ਮਨ ਦੀਆਂ ਅਨੇਕ ਤੈਹਾਂ ਨੇ, ਕਿਸ ਨੇ ਸਮਝਣਾਂ ਚਾਹਿਆ ?
ਨਵੀ ਨੇ ਇਸ ਗੱਲ ਨੂੰ ਹੋਰ ਅੱਗੇ ਨਾ ਵਧਾਉਣਾ ਹੀ ਠੀਕ ਸਮਝਿਆ। ਉਸ ਨੇ ਕਿਹਾ,
–ਪ੍ਰੀਤੀ, ਇਹ ਕੰਮ ਤੋਂ ਸਸਪੈਂਡ ਹੋਣਾ ਜਾਂ ਲਾਇਸੰਸ ਜਾਣਾ ਜ਼ਿੰਦਗੀ ਦਾ ਖਾਤਮਾ ਨਹੀਂ ਹੁੰਦਾ। ਇਹ ਆਰਜ਼ੀ ਜਿਹੀਆਂ ਗੱਲਾਂ ਹੁੰਦੀਆਂ, ਟੈਂਪਰੇਰੀ ਫੇਜ਼ਜ਼। ਸਾਲ ਵਿੱਚ ਲਾਇਸੰਸ ਮਿਲ ਜਾਣਾ। ਜੌਬ ਵੀ ਠੀਕ ਹੋ ਜਾਣੀ ਐਂ। ਇਹਨੂੰ ਵੱਡੀ ਬਣਾ ਕੇ ਦਿਲ 'ਤੇ ਨਾ ਲਾ ਤੇ ਘਰ ਦਾ ਮਹੌਲ ਨਾ ਖਰਾਬ ਕਰ ਤੇ ਇੱਕ ਹੋਰ ਪ੍ਰੌਮਿਜ਼ ਕਰ।
–ਉਹ ਕਿਹੜਾ ?
–ਨਿੱਕ ਤੋਂ ਪਿੱਛਾ ਛੁਡਾ, ਸੁਖੀ ਵਸਣਾਂ ਜੇ ?
–ਨਵੀ, ਨਿੱਕ ਨਾਲ ਮੇਰਾ ਕੋਈ ਵੱਡਾ ਵਾਹ ਨਹੀਂ ਪਰ ਤੇਰਾ ਕਿਹਾ ਸਿਰ ਮੱਥੇ।
ਪ੍ਰੀਤੀ ਨੇ ਮਨ ਹੀ ਮਨ ਫੈਸਲਾ ਕਰ ਲਿਆ ਕਿ ਨਿੱਕ ਨੂੰ ਛੱਡ ਦੇਵੇਗੀ। ਨਵੀ ਦੀਆਂ ਗੱਲਾਂ ਦਾ ਉਸ ਉਪਰ ਕੁਝ ਕੁਝ ਅਸਰ ਹੋ ਗਿਆ। ਉਸ ਨੇ ਜੱਗੀ ਨਾਲ ਸਾਰੀ ਗੱਲ ਠਰੰਮੇ ਨਾਲ ਕਰਦਿਆਂ ਆਖਿਆ,
–ਜੈਗ, ਸਭ ਠੀਕ ਹੋ ਜਾਏਗਾ ਬਸ ਤੂੰ ਸ਼ਰਾਬ ਛੱਡ ਦੇ, ਜਾਂ ਘੱਟ ਹੀ ਕਰ ਦੇ।
–ਭਰਜਾਈ, ਇੱਕ ਵਾਰ ਜੌਬ ਵਾਪਸ ਮਿਲ ਜਾਏ ਮੁੜ ਕੇ ਸ਼ਰਾਬ ਨੂੰ ਹੱਥ ਲਾ ਗਿਆ ਤਾਂ ਕਹੀਂ।

# ਸਤਾਰਾਂ

ਇੱਕ ਸਪਤਾਹ ਅੰਤ 'ਤੇ ਨਿੱਕ ਦੇ ਬੱਚੇ ਉਹਦੇ ਕੋਲ ਆਏ ਹੋਏ ਸਨ। ਸ਼ਾਮ ਨੂੰ ਨੀਸ਼ਾ ਤੇ ਪੀਟਰ ਉਹਨਾਂ ਨੂੰ ਲੈਣ ਆ ਗਏ। ਬੱਚੇ ਹਾਲੇ ਖੇਡ ਰਹੇ ਸਨ, ਨੀਸ਼ਾ ਤੇ ਪੀਟਰ ਬਹਿ ਕੇ ਗੱਲਾਂ ਕਰਨ ਲੱਗੇ। ਨਿੱਕ ਨੇ ਬੀਅਰ ਦੇ ਡੱਬੇ ਖੋਲ੍ਹ ਲਏ। ਪਹਿਲਾਂ ਵੀ ਉਹ ਤੇ ਪੀਟਰ ਅਕਸਰ ਬਹਿ ਕੇ ਬੀਅਰ-ਵਿਸਕੀ ਪੀ ਲਿਆ ਕਰਦੇ ਸਨ। ਗੱਲਾਂ ਕਰਦੇ ਨੀਸ਼ਾ ਰਸੋਈ ਵਿੱਚ ਗਈ ਤੇ ਆ ਕੇ ਬੋਲੀ,

-ਨਿੱਕ, ਇਕੱਲਾ ਨਾ ਰਹਿ, ਕਿਸੇ ਸਾਥੀ ਦਾ ਇੰਤਜ਼ਾਮ ਕਰ ਲੈ। ਮੈਨੂੰ ਪਤਾ ਕਿ ਤੇਰੇ ਲਈ ਇਕੱਲਾ ਰਹਿਣਾ ਮੁਸ਼ਕਲ ਐ।

ਨਿੱਕ ਨੇ ਟੇਢ੍ਹੀ ਨਜ਼ਰ ਨਾਲ ਉਸ ਵੱਲ ਦੇਖਿਆ ਪਰ ਚੁੱਪ ਰਿਹਾ। ਨੀਸ਼ਾ ਨੇ ਫਿਰ ਕਿਹਾ,

-ਨਿੱਕ, ਮੈਨੂੰ ਪਤਾ ਪ੍ਰੀਤੀ ਡਬਲ ਗੇਮ ਖੇਡ ਰਹੀ ਐ, ਤੂੰ ਕੋਈ ਹੋਰ ਦੇਖ ਲੈ।

ਨੀਸ਼ਾ ਨੇ ਦੁਬਾਰਾ ਕਿਹਾ। ਨਿੱਕ ਬੋਲਿਆ,

-ਸਲਾਹ ਦੇਣ ਲਈ ਸ਼ੁਕਰੀਆ ਪਰ ਤੂੰ ਆਪਣੇ ਬਾਰੇ ਜ਼ਿਆਦਾ ਸੋਚ।

ਨਿੱਕ ਨੇ ਵਿਅੰਗ ਵਿੱਚ ਕਿਹਾ। ਨੀਸ਼ਾ ਤੇ ਪੀਟਰ ਚਲੇ ਗਏ ਪਰ ਨਿੱਕ ਨੂੰ ਸੋਚਾਂ ਵਿੱਚ ਪਾ ਗਏ। ਉਹ ਤਕਰੀਬਨ ਦਸ ਸਾਲ ਨੀਸ਼ਾ ਨਾਲ ਰਿਹਾ ਸੀ ਤੇ ਹੁਣ ਤਕ ਉਸ ਨੂੰ ਇਕੱਲੇ ਰਹਿਣ ਦੀ ਆਦਤ ਨਹੀਂ ਸੀ। ਪ੍ਰੀਤੀ ਕੋਲ ਹੁੰਦੀ ਤਾਂ ਉਸ ਨੂੰ ਬਹੁਤ ਚੰਗਾ ਲੱਗਦਾ। ਪ੍ਰੀਤੀ ਦੇ ਹੁੰਦਿਆਂ ਉਹ ਵੱਖਰੇ ਹੀ ਆਲਮ ਵਿੱਚ ਹੁੰਦਾ। ਪ੍ਰੀਤੀ ਭਾਵੇਂ ਲੜਾਕੀ ਸੀ, ਉਸ ਨੂੰ ਤੱਤੀਆਂ ਗੱਲਾਂ ਵੀ ਕਹਿ ਜਾਂਦੀ ਪਰ ਫਿਰ ਵੀ ਉਸ ਨੂੰ ਤੁਰੀ ਫਿਰਦੀ ਚੰਗੀ ਲੱਗਦੀ। ਪਿਆਰ ਕਰਨਾ ਵੀ ਉਸ ਨੂੰ ਆਉਂਦਾ ਸੀ। ਉਸ ਦੀ ਨਿੱਕੀ ਤੋਂ ਨਿੱਕੀ ਗੱਲ ਦੀ ਵੀ ਪ੍ਰਵਾਹ ਕਰਦੀ ਸੀ। ਉਹ ਪ੍ਰੀਤੀ ਨਾਲ ਘੰਟਿਆਂਬੱਧੀ ਗੱਲਾਂ ਕਰ ਸਕਦਾ ਸੀ। ਉਹ ਜਦ ਵੀ ਪ੍ਰੀਤੀ ਨੂੰ ਮਿਲਣ ਜਾਂਦਾ ਤਾਂ ਉਹ ਉਸ ਨੂੰ ਉਡੀਕ ਰਹੀ ਜਾਪਦੀ। ਉਹ ਮਹਿਸੂਸ ਕਰਦਾ ਸੀ ਕਿ ਪ੍ਰੀਤੀ ਵੀ ਉਸ ਨੂੰ ਦਿਲੋਂ ਚਾਹੁੰਦੀ ਹੈ ਪਰ ਉਹ ਜੱਗੀ ਤੋਂ ਟੁੱਟ ਨਹੀਂ ਰਹੀ। ਜੱਗੀ ਉਸ ਨੂੰ ਭੂਤ ਵਾਂਗ ਚੁੰਬੜਿਆ ਹੋਇਆ ਸੀ। ਨਿੱਕ ਸੋਚਦਾ ਕਿ ਪ੍ਰੀਤੀ ਉਸ ਨੇ ਹਾਸਲ ਕਰ ਵੀ ਲਈ ਪਰ ਇਹ ਭੂਤ ਕਿਸੇ ਨਾ ਕਿਸੇ ਸ਼ਕਲ ਵਿੱਚ ਨਾਲ ਹੀ ਰਹੇਗਾ। ਜਦ ਉਹ ਕੁਝ ਦਿਨ ਪ੍ਰੀਤੀ ਨੂੰ ਨਾ ਮਿਲਦਾ ਤਾਂ ਇੱਥੋਂ ਤਕ ਸੋਚ ਜਾਂਦਾ ਕਿ ਪ੍ਰੀਤੀ ਉਸ ਨੂੰ ਜੱਗੀ ਦੇ ਭੂਤ ਸਮੇਤ ਹੀ ਪਸੰਦ ਸੀ।

ਪ੍ਰੀਤੀ ਤੋਂ ਬਾਅਦ ਜੇ ਉਸ ਨੂੰ ਕੋਈ ਕੁੜੀ ਪਸੰਦ ਆਈ ਸੀ ਤਾਂ ਉਹ ਸੀ ਨਿਰਮਲਾ। ਨਿਰਮਲਾ ਉਸ ਦੇ ਨਾਲ ਹੀ ਕੰਮ ਕਰਦੀ ਸੀ। ਉਸ ਦੀ ਆਪਣੇ ਪਤੀ ਨਾਲ ਬਣਦੀ ਨਹੀਂ ਸੀ। ਕੰਮ ਉਪਰ ਆ ਕੇ ਰੋਂਦੀ ਰਹਿੰਦੀ। ਨਿੱਕ ਨੇ ਉਸ ਨੂੰ ਰੋਣ ਲਈ ਮੋਢਾ ਦਿੱਤਾ ਤੇ ਉਹ ਨਿੱਕ ਨਾਲ ਜੁੜ ਗਈ। ਨਿਰਮਲਾ ਦਾ ਪਤੀ ਉਸ ਨੂੰ ਇਸ ਲਈ ਪਸੰਦ ਨਹੀਂ ਸੀ ਕਰਦਾ ਕਿ ਉਸ ਦੇ ਬੱਚਾ ਨਹੀਂ ਸੀ ਹੋ ਰਿਹਾ ਤੇ ਇਹੋ ਗੱਲ ਨਿੱਕ ਲਈ ਬਹੁਤ ਢੁੱਕਵੀਂ ਸੀ, ਉਸ ਨੂੰ ਬੱਚਾ ਚਾਹੀਦਾ ਹੀ ਨਹੀਂ ਸੀ। ਕਦੇ ਕਦੇ ਨਿਰਮਲਾ ਕੰਮ ਦਾ ਬਹਾਨਾ



ਕਰਕੇ ਉਸ ਦੇ ਫਲੈਟ ਵਿੱਚ ਆ ਜਾਂਦੀ। ਨਿੱਕ ਉਸ ਨੂੰ ਬਹੁਤ ਕਹਿੰਦਾ ਕਿ ਆਪਣੇ ਪਤੀ ਨੂੰ ਛੱਡ ਕੇ ਉਸ ਨਾਲ ਆ ਰਹੇ। ਨਿਰਮਲਾ ਨੂੰ ਵੀ ਨਿੱਕ ਬਹੁਤ ਪਸੰਦ ਸੀ। ਉਹ ਵੀ ਆਪਣੇ ਆਪ ਨੂੰ ਨਿੱਕ ਨਾਲ ਰਹਿਣ ਲਈ ਤਿਆਰ ਕਰਨ ਲੱਗੀ। ਉਸ ਦੇ ਪਤੀ ਨੂੰ ਇਸ ਗੱਲ ਦੀ ਕਿਧਰੋਂ ਭਿਣਕ ਪੈ ਗਈ ਤੇ ਉਸ ਨੇ ਨਿਰਮਲਾ ਨੂੰ ਕੰਮ ਤੋਂ ਹਟਾ ਲਿਆ ਤੇ ਨਿਰਮਲਾ ਉਸ ਤੋਂ ਸਦਾ ਲਈ ਦੂਰ ਚਲੇ ਗਈ। ਨਿਰਮਲਾ ਦੇ ਜਾਣ ਤੋਂ ਬਾਅਦ ਉਸ ਦਾ ਮਨ ਇੱਕ ਵਾਰ ਫਿਰ ਪ੍ਰੀਤੀ ਵਿੱਚ ਖੁੱਭ ਗਿਆ।

ਜੱਗੀ ਕੰਮ ਤੋਂ ਸਸਪੈਂਡ ਹੋਇਆ ਤਾਂ ਦੋ ਮਹੀਨੇ ਘਰ ਹੀ ਰਿਹਾ ਤੇ ਇਹ ਦੋ ਮਹੀਨੇ ਨਿੱਕ ਲਈ ਬਹੁਤ ਔਖੇ ਨਿਕਲੇ। ਜੱਗੀ ਦੀਆਂ ਬੁੱਤੀਆਂ-ਨੱਤੀਆਂ ਉਸ ਨੂੰ ਕਰਨੀਆਂ ਹੀ ਪੈਂਦੀਆਂ ਸਨ ਪਰ ਪ੍ਰੀਤੀ ਦਾ ਨੇੜ ਬਿਲਕੁਲ ਨਹੀਂ ਸੀ ਮਿਲ ਰਿਹਾ। ਨਿੱਕ ਨੇ ਇੱਕ ਵਾਰ ਫਿਰ ਕੋਈ ਔਰਤ ਲੱਭਣੀ ਸ਼ੁਰੂ ਕਰ ਦਿੱਤੀ ਜੋ ਉਸ ਨਾਲ ਆ ਕੇ ਰਹਿ ਸਕੇ। ਹਫਤੇ ਕੁ ਲਈ ਇੱਕ ਗੋਰੀ ਵਿਬੀਅਨ ਨਾਲ ਉਹ ਰਿਹਾ ਵੀ ਪਰ ਵਿਬੀਅਨ ਸਿਗਰਟਾਂ ਬਹੁਤ ਪੀਂਦੀ ਸੀ, ਨਿੱਕ ਦੇ ਫਲੈਟ ਵਿੱਚ ਧੂੰਆਂ ਹੀ ਧੂੰਆਂ ਹੋ ਜਾਂਦਾ। ਦੋ ਮਹੀਨੇ ਬਾਅਦ ਜੱਗੀ ਕੰਮ 'ਤੇ ਜਾਣ ਲੱਗਾ ਤਾਂ ਨਿੱਕ ਨੂੰ ਸੁੱਖ ਦਾ ਸਾਹ ਆਇਆ। ਉਸ ਨੇ ਇੱਕ ਦਿਨ ਕਿਹਾ,

-ਜਾਨ, ਏਸ ਅਲਕੋਹਲਕ ਦਾ ਪਿੱਛਾ ਕਿਉਂ ਨਹੀਂ ਛੱਡਦੀ ?

-ਕਿੱਦਾਂ ਛੱਡ ਦੇਵਾਂ, ਮੇਰਾ ਹਸਬੈਂਡ ਐ ਉਹ।

-ਏਦਾਂ ਦੇ ਹਸਬੈਂਡ ਹੁੰਦੇ ਆ, ਚੌਵੀ ਘੰਟੇ ਦਾ ਸ਼ਰਾਬੀ !

-ਏਦਾਂ ਨਾ ਕਹਿ ਨਿੱਕ, ਜਿੱਦਾਂ ਦਾ ਵੀ ਹੈ, ਉਹ ਮੇਰਾ ਹਸਬੈਂਡ ਐ, ਉਹਦੀ ਫੈਮਿਲੀ ਨੂੰ ਮਿਲ ਕੇ ਮੈਨੂੰ ਲੱਗਦਾ ਕਿ ਮੇਰਾ ਵੀ ਕੋਈ ਟੱਬਰ ਹੈ, ਮੇਰੇ ਆਪਣੇ ਤਾਂ ਮੇਰੇ ਲਈ ਹੁਣ ਮਰਿਆਂ ਵਰਗੇ ਹੀ ਐ, ਨਾ ਕਿਸੇ ਭਰਾ ਦਾ ਫੋਨ, ਨਾ ਕਿਸੇ ਭਰਜਾਈ ਵੱਲੋਂ ਰਾਜ਼ੀ-ਖ਼ੁਸ਼ੀ।

-ਫਿਰ ਮੈਨੂੰ ਕੀ ਹੁਕਮ ਐ ?

-ਕੀ ਮਤਲਬ ?

-ਮੈਂ ਜਿਹੜਾ ਤੇਰੇ ਨਾਲ ਆਪਣੀ ਲਾਈਫ ਗੁਜ਼ਾਰਨ ਦਾ ਸੋਚੀ ਫਿਰਦਾਂ, ਮੇਰਾ ਕੀ ਬਣੇਗਾ ?

ਪ੍ਰੀਤੀ ਕੁਝ ਨਾ ਬੋਲੀ। ਨਿੱਕ ਵੀ ਕੁਝ ਦੇਰ ਲਈ ਚੁੱਪ ਰਿਹਾ ਤੇ ਫਿਰ ਬੋਲਿਆ,

-ਜਾਨ, ਮੈਂ ਪਹਿਲਾਂ ਵੀ ਕਿਹਾ ਸੀ ਕਿ ਮੈਂ ਸਪਿਟਨੀ ਨਹੀਂ, ਵਾਧੂ ਨਹੀਂ, ਮੈਨੂੰ ਤੂੰ ਅੱਧੀ ਨਹੀਂ ਪੂਰੀ ਚਾਹੀਦੀ ਐਂ।

-ਨਿੱਕ, ਮੈਂ ਸਾਰੀ ਦੀ ਸਾਰੀ ਤੇਰੀ ਆਂ, ਜੈਗ ਤਾਂ....।

-ਜਾਨ, ਮੈਨੂੰ ਤੇਰੀ ਬੌਡੀ ਨਹੀਂ ਚਾਹੀਦੀ ਤੇਰਾ ਮਨ ਚਾਹੀਦੈ ਜਿਹੜਾ ਜੱਗੀ ਨੇ ਮੱਲਿਆ ਹੋਇਐ।

-ਨਿੱਕ, ਮੈਨੂੰ ਟਾਈਮ ਦੇਹ। ਇਹ ਗੱਲ ਏਨੀ ਛੋਟੀ ਨਹੀਂ।

ਪ੍ਰੀਤੀ ਨੇ ਕਿਹਾ ਤੇ ਇਸ ਬਾਰੇ ਹੋਰ ਡੂੰਘਾ ਸੋਚਣ ਲੱਗ ਪਈ। ਜਿਵੇਂ ਜਿਵੇਂ ਉਹ ਸੋਚਦੀ ਓਨੀ ਹੀ ਬੇਚੈਨ ਹੁੰਦੀ ਜਾਂਦੀ। ਨਿੱਕ ਨਾਲ ਵੀ ਉਹ ਹੁਣ ਧੁਰੋਂ ਅੰਦਰੋਂ ਜੁੜ ਗਈ ਹੋਈ ਸੀ। ਜਦ ਉਸ ਨੂੰ ਕਦੇ ਮਹਿਸੂਸ ਹੁੰਦਾ ਕਿ ਨਿੱਕ ਦੀ ਬਾਹਰ ਕੋਈ ਸਹੇਲੀ ਹੈ ਜਾਂ ਨੀਸ਼ਾ ਉਸ ਨੂੰ ਮਿਲੀ ਹੈ ਤਾਂ ਉਹ ਉਸ ਨਾਲ ਲੜਾਈ ਵਿੱਚ ਲੈਂਦੀ ਸੀ। ਦੂਜੇ ਪਾਸੇ ਜੱਗੀ ਨੂੰ ਵੀ ਉਹ ਛੱਡ ਨਹੀਂ ਸੀ ਸਕਦੀ। ਉਸ ਨੂੰ ਪਤਾ ਸੀ ਕਿ ਜੱਗੀ ਵਿੱਚ ਲੱਖ ਨੁਕਸ ਹਨ ਪਰ

ਉਹ ਉਸ ਨੂੰ ਟੁੱਟ ਕੇ ਪਿਆਰ ਕਰਦਾ ਹੈ। ਉਹ ਪਰਿਵਾਰਕ ਜੀਵਨ ਨੂੰ ਆਪਣੀ ਸਲਤਨਤ ਸਮਝਦਾ ਸੀ, ਆਪਣੇ ਆਪ ਨੂੰ ਮਹਾਰਾਜਾ ਤੇ ਉਸ ਨੂੰ ਮਹਾਰਾਣੀ ਤੇ ਰੌਕੀ ਨੂੰ ਯੁਵਰਾਜ।

ਜੱਗੀ ਨੂੰ ਮੁੜ ਕੇ ਕੰਮ 'ਤੇ ਬਹਾਲ ਕੀਤਾ ਤਾਂ ਸਖਤ ਚੇਤਾਵਨੀ ਦਿੱਤੀ ਸੀ ਕਿ ਮੁੜ ਕੇ ਕਦੇ ਕੰਮ 'ਤੇ ਸ਼ਰਾਬ ਪੀਂਦਾ ਫੜ ਹੋ ਗਿਆ ਤਾਂ ਉਸ ਦੀ ਇਕਦਮ ਛੁੱਟੀ ਕਰ ਦਿੱਤੀ ਜਾਵੇਗੀ ਸੋ ਹੁਣ ਬਹੁਤ ਧਿਆਨ ਰੱਖਦਾ। ਸਾਰੀ ਰਾਤ ਉਹ ਨਾ ਪੀਂਦਾ ਪਰ ਸਵੇਰੇ ਜਦ ਘਰ ਨੂੰ ਜਾਣ ਦਾ ਸਮਾਂ ਹੁੰਦਾ ਤਾਂ ਪਰਦੇ ਨਾਲ ਬੋਤਲ ਖੋਲ੍ਹ ਲੈਂਦਾ। ਘਰ ਉਹ ਡਿਗਦਾ ਢਹਿੰਦਾ ਹੀ ਪੁੱਜਦਾ। ਉਸ ਦਾ ਫਲੈਟ ਦੂਜੀ ਮੰਜ਼ਿਲ 'ਤੇ ਸੀ। ਉਹ ਮਸਾਂ ਪੌੜੀਆਂ ਚੜ੍ਹਦਾ ਤੇ ਫਿਰ ਆਪਣੇ ਫਲੈਟ ਦੇ ਬੂਹੇ ਮੂਹਰੇ ਕੰਧ ਫੜ ਕੇ ਖੜ ਜਾਂਦਾ। ਕਈ ਵਾਰ ਤਾਂ ਦਰਵਾਜ਼ੇ ਵਿੱਚ ਚਾਬੀ ਪਾਉਣ ਦੀ ਸਮਰਥਾ ਵੀ ਨਾ ਹੁੰਦੀ। ਪ੍ਰੀਤੀ ਉਸ ਨੂੰ ਫੜ ਕੇ ਅੰਦਰ ਵਾੜਦੀ। ਰੋਂਦੀ-ਕੁਰਲਾਉਂਦੀ ਉਸ ਨਾਲ ਲੜਦੀ-ਝਗੜਦੀ, ਜੱਗੀ 'ਸੌਰੀ ਭਰਜਾਈ, ਸੌਰੀ ਭਰਜਾਈ' ਕਹਿੰਦਾ ਜਾਂਦਾ। ਇਹ ਹੁਣ ਨਿੱਤ ਦਾ ਕੰਮ ਹੋ ਗਿਆ ਸੀ।

ਦਿਨ ਭਰ ਉਹ ਸ਼ਰਾਬ ਦਾ ਭਨਿਆਂ ਬਿਸਤਰ ਵਿੱਚ ਵੜਿਆ ਰਹਿੰਦਾ। ਸ਼ਾਮ ਨੂੰ ਨਹਾ ਕੇ ਫਿਰ ਕੰਮ 'ਤੇ ਚਲੇ ਜਾਂਦਾ। ਛੁੱਟੀ ਹੁੰਦੀ ਤਾਂ ਫਿਰ ਸ਼ਰਾਬ ਪੀਂਦੇ ਦੀ ਹੀ ਨਿਕਲਦੀ। ਪ੍ਰੀਤੀ ਬਹੁਤ ਉਦਾਸ ਰਹਿੰਦੀ। ਉਹ ਨਿੱਕ ਨੂੰ ਆਖਦੀ,

-ਦੱਸ, ਜੈਗ ਦਾ ਕੀ ਕਰਾਂ ?

-ਛੱਡ ਕੇ ਆ ਜਾ ਮੇਰੇ ਫਲੈਟ ਵਿੱਚ, ਰਹਿਣ ਦੇ ਉਹਨੂੰ ਆਪਣੇ ਰਹਿਮੋ ਕਰਮ 'ਤੇ।

-ਨਿੱਕ, ਮੈਂ ਵੀ ਇੱਕ ਇਨਸਾਨ ਆਂ, ਮੇਰੇ ਅੰਦਰ ਵੀ ਇੱਕ ਦਿਲ ਧੜਕਦਾ।

-ਠੀਕ ਐ ਜਾਨ ਪਰ ਤੇਰੇ ਸਾਹਮਣੇ ਦੋ ਰਾਹ ਹੈਗੇ ਆ, ਇੱਕ ਤਾਂ ਤੂੰ ਉਹਦੇ ਨਾਲ ਨਰਕ ਵਿੱਚ ਰਹੀ ਚੱਲ, ਦੂਜੇ ਤੂੰ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜੀਅ। ਇਸ ਨਵੀਂ ਜ਼ਿੰਦਗੀ ਲਈ ਮੈਂ ਤੇਰੇ ਨਾਲ ਆਂ।

-ਇਹਨੇ ਰੁਲ਼ ਜਾਣਾ।

-ਇਹਦੇ ਨਾਲ ਰਹਿ ਕੇ ਤੂੰ ਵੀ ਰੁਲ਼ ਜਾਣਾ। ਮੈਨੂੰ ਪਤਾ ਤੂੰ ਸੋਚਦੀ ਐਂ ਇਹਦੀ ਪ੍ਰੌਪਰਟੀ ਬਾਰੇ। ਉਹ ਨਾ ਬੁੱਢਾ ਪਿਓ ਮਰੇ ਤੇ ਨਾ ਇਹਨੂੰ ਮਿਲੇ। ਜਦ ਤਕ ਪਤਾ ਨਹੀਂ ਕਿਹੜੇ ਰਾਜੇ ਦੀ ਪਰਜਾ ਹੋਣੀ ਆਂ।

## ਅਠਾਰਾਂ

ਇੱਕ ਦਿਨ ਦੇਵਨ ਦਾ ਫੋਨ ਆਇਆ। ਕਹਿਣ ਲੱਗਾ,

-ਜੱਗੀ ਸਿਆਂ, ਮੈਨੂੰ ਗਲਾਸਗੋ ਦੁਕਾਨ ਮਿਲ ਗਈ ਐ, ਮੈਂ ਘਰ ਵੇਚ ਦਿੱਤੈ ਤੇ ਕੁਝ ਦਿਨਾਂ ਵਿੱਚ ਗਲਾਸਗੋ ਚਲੇ ਜਾਣਾਂ।

-ਇਹ ਤਾਂ ਵਧੀਆ ਗੱਲ ਐ, ਕਿੱਦਣ ਜਾਣੈਂ ?

-ਅਗਲੇ ਮੰਡੇ।

-ਫਿਰ ਸੰਡੇ ਨੂੰ ਫੇਅਰਵੈੱਲ ਪਾਰਟੀ ਹੋ ਜਾਏ।

-ਇਹ ਤਾਂ ਹੁਣ ਤੁਹਾਡੀ ਮਰਜ਼ੀ ਐ।



-ਮੈਂ ਨਵੀ ਨਾਲ ਗੱਲ ਕਰਕੇ ਟਾਈਮ ਸੈੱਟ ਕਰਦਾਂ ਤੇ ਫੇਰ ਤੈਨੂੰ ਫੋਨ ਕਰਦਾਂ।

ਜੱਗੀ ਨੇ ਕਿਹਾ। ਉਸੇ ਵੇਲੇ ਉਸ ਨੇ ਨਵੀ ਨੂੰ ਫੋਨ ਕਰਕੇ ਐਤਵਾਰ ਦੁਪਹਿਰ ਨੂੰ 'ਏਅਰਪੋਰਟ ਸਪੌਟ' ਵਿੱਚ ਮਿਲਣ ਦਾ ਵਾਅਦਾ ਕਰ ਲਿਆ। ਜੱਗੀ ਦਾ ਹਾਲੇ ਵੀ ਲਾਇਸੰਸ ਨਹੀਂ ਸੀ ਆਇਆ। ਉਸ ਨੂੰ ਤੇ ਨਵੀ ਨੂੰ ਵੀ ਦੇਵਨ ਨੇ ਹੀ ਚੁੱਕ ਲਿਆ। ਬਾਰਾਂ ਕੁ ਵਜੇ ਦੇ ਪੱਬ ਵਿੱਚ ਬੈਠੇ ਤਿੰਨ ਵਜੇ ਤਕ ਪੀਂਦੇ ਰਹੇ। ਤਿੰਨੋਂ ਸ਼ਰਾਬੀ। ਕਾਰ ਚਲਾਉਣ ਜੋਗਾ ਕੋਈ ਵੀ ਨਹੀਂ ਸੀ। ਨਵੀ ਬੋਲਿਆ,

-ਟੈਕਸੀ ਕਰ ਲੈਨੇ ਆਂ। ਗੱਡੀ ਨੂੰ ਇੱਥੇ ਹੀ ਰਹਿਣ ਦੇਈਏ।

ਦੇਵਨ ਆਪਣੀ ਕਾਰ ਦੀਆਂ ਚਾਬੀਆਂ ਮੇਜ਼ 'ਤੇ ਰੱਖਦਾ ਬੋਲਿਆ,

-ਅਬ ਤੁਮਾਹਰੇ ਹਵਾਲੇ ਵਤਨ ਸਾਥੀਓ!

ਜੱਗੀ ਪੱਬ ਦੇ ਮੈਨੇਜਰ ਨੂੰ ਜਾ ਕੇ ਕਹਿਣ ਲੱਗਾ,

-ਗਵਨਾ, ਪਲੀਜ਼ ਕਾਲ ਅਸ ਕੈਬ।

ਪੱਬ ਦਾ ਗਵਨਾ ਉਹਨੂੰ ਇੱਕ ਨੰਬਰ ਦਿੰਦਾ ਬੋਲਿਆ,

-ਹਿਅਰ'ਜ਼ ਨੰਬਰ।

ਜੱਗੀ ਨੇ ਆਪਣੇ ਮੁਬਾਈਲ ਤੋਂ ਫੋਨ ਕੀਤਾ ਤਾਂ ਜਵਾਬ ਮਿਲਿਆ ਕਿ ਤੀਹ ਮਿੰਟ ਤੋਂ ਚਾਲੀ ਮਿੰਟ ਦੀ ਉਡੀਕ ਹੈ। ਏਨੇ ਚਿਰ ਵਿੱਚ ਉਹਨਾਂ ਨੇ ਇੱਕ ਇੱਕ ਹੋਰ ਗਲਾਸ ਪੀ ਲਿਆ ਪਰ ਟੈਕਸੀ ਵਾਲਾ ਨਾ ਆਇਆ। ਉੱਧਰੋਂ ਪ੍ਰੀਤੀ ਉਸ ਨੂੰ ਫੋਨ ਤੇ ਫੋਨ ਕਰੀ ਜਾ ਰਹੀ ਸੀ ਕਿ ਜਲਦੀ ਘਰ ਨੂੰ ਆਵੇ। ਜਦੋਂ ਤੋਂ ਜੱਗੀ ਨੇ ਦੁਬਾਰਾ ਸ਼ਰਾਬ ਪੀਣੀ ਸ਼ੁਰੂ ਕੀਤੀ ਸੀ, ਪ੍ਰੀਤੀ ਬਹੁਤੀ ਪਰੇਸ਼ਾਨ ਰਹਿਣ ਲੱਗੀ ਸੀ। ਉਸ ਨੂੰ ਪਤਾ ਸੀ ਕਿ ਜੱਗੀ ਦੇਵਨ ਤੇ ਨਵੀ ਨਾਲ ਪੱਬ ਵਿੱਚ ਬੈਠਾ ਹੈ, ਇਸ ਲਈ ਉਹ ਹੋਰ ਵੀ ਫਿਕਰਮੰਦ ਸੀ। ਜੱਗੀ ਜਾਣ ਲਈ ਕਾਹਲਾ ਪੈ ਰਿਹਾ ਸੀ। ਜਦ ਟੈਕਸੀ ਨਾ ਹੀ ਆਈ ਤਾਂ ਜੱਗੀ ਚਾਬੀਆਂ ਚੁੱਕਦਾ ਹੋਇਆ ਬੋਲਿਆ,

-ਚੱਲੋ, ਮੈਂ ਗੱਡੀ ਚਲਾਉਨਾ, ਕਿਤੇ ਨਹੀਂ ਕੁਝ ਹੁੰਦਾ।

ਨਵੀ ਨੇ ਬਹੁਤ ਰੋਕਿਆ ਪਰ ਜੱਗੀ ਨਾ ਰੁਕਿਆ। ਚਾਬੀਆਂ ਚੁੱਕਦਾ ਤੁਰ ਪਿਆ, ਕਾਹਲੀ ਨਾਲ ਕਾਰ ਵਿੱਚ ਬਹਿ ਕੇ ਕਾਰ ਸਟਾਰਟ ਕਰ ਲਈ। ਦੇਵਨ ਵੀ ਕਾਰ ਵਿੱਚ ਜਾ ਬੈਠਾ। ਨਵੀ ਹਾਲੇ ਵੀ ਦੂਰ ਖੜਾ ਉਹਨਾਂ ਵੱਲ ਦੇਖ ਰਿਹਾ ਸੀ। ਜੱਗੀ ਨੇ ਹੌਰਨ ਮਾਰਿਆ ਤਾਂ ਉਹ ਵੀ ਪੈਰ ਮਲਦਾ ਕਾਰ ਵੱਲ ਤੁਰ ਪਿਆ। ਉਸ ਨੇ ਜੱਗੀ ਨੂੰ ਕਿਹਾ,

-ਜੱਗੀ ਸਿਆਂ, ਬਹੁਤ ਧਿਆਨ ਨਾਲ ਬਈ!

-ਤੂੰ ਫਿਕਰ ਨਾ ਕਰ।

ਜੱਗੀ ਨੇ ਕਾਰ ਤੋਰੀ ਤੇ ਪੱਬ ਵਿੱਚੋਂ ਨਿਕਲ ਕੇ ਏ ਫੋਰ 'ਤੇ ਆ ਗਿਆ। ਉਹ ਕਾਰ ਠੀਕ ਚਲਾ ਰਿਹਾ ਸੀ। ਅੱਗੇ ਜਾ ਕੇ ਲਾਈਟਾਂ ਆਈਆਂ। ਬ੍ਰੇਕਾਂ ਲਾਉਂਦਿਆਂ ਕਾਰ ਜ਼ਰਾ ਕੁ ਡੋਲ ਗਈ ਤੇ ਕਾਰ ਦਾ ਬੰਪਰ ਨਾਲ ਖੜੀ ਮਿਲਟਰੀ ਦੀ ਜੀਪ ਨੂੰ ਹਲਕਾ ਜਿਹਾ ਟੱਚ ਕਰ ਗਿਆ। ਮਿਲਟਰੀ ਵਾਲਿਆਂ ਨੇ ਬਾਹਰ ਨਿਕਲ ਕੇ ਆਪਣੀ ਜੀਪ ਦੇਖੀ, ਕੋਈ ਨੁਕਸਾਨ ਨਹੀਂ ਸੀ ਹੋਇਆ। ਉਹ ਅੰਗੂਠਾ ਦਿਖਾਉਂਦੇ ਮੁੜ ਜੀਪ ਵਿੱਚ ਜਾ ਬੈਠੇ। ਜੱਗੀ ਡਰ ਨਾਲ ਕੰਬ ਰਿਹਾ ਸੀ। ਉਸ ਦੇ ਮਨ ਵਿੱਚ ਆਇਆ ਕਿ ਲਾਈਟਾਂ ਗਰੀਨ ਹੁੰਦਿਆਂ ਹੀ ਕਾਹਲੀ ਨਾਲ ਨਿਕਲ ਜਾਵੇਗਾ। ਸੋ ਉਸ ਨੇ ਕਾਰ ਇੱਕ ਪਾਸੇ ਦੀ ਕੱਢ ਕੇ ਭਜਾ ਲਈ।

ਮਿਲਟਰੀ ਵਾਲੇ ਸ਼ੱਕ ਕਰਨ ਲੱਗੇ। ਅੱਗੇ ਜਾ ਕੇ ਉਸ ਨੇ ਕਾਰ ਇੱਕ ਅਣਜਾਣ ਜਿਹੀ ਸੜਕ ਵੱਲ ਤੇਜ਼ੀ ਨਾਲ ਮੋੜ ਲਈ। ਮਿਲਟਰੀ ਵਾਲੇ ਵੀ ਪਿੱਛੇ ਹੀ ਆ ਗਏ। ਜੱਗੀ ਇੱਕ ਪਾਰਕ ਕੋਲ ਰੋਕ ਕੇ ਬਾਹਰ ਨਿਕਲਿਆ ਤੇ ਇੱਕ ਘਰ ਦੇ ਪਿਛਵਾੜੇ ਜਿਹੇ ਵਿੱਚ ਜਾ ਵੜਿਆ। ਮਿਲਟਰੀ ਵਾਲਿਆਂ ਵੀ ਜੀਪ ਖੜੀ ਕਰਕੇ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਤੇ ਪੰਜਾਹ ਕੁ ਗਜ਼ 'ਤੇ ਜਾ ਢਾਹਿਆ। ਮਿੰਟਾਂ ਵਿੱਚ ਪੁਲੀਸ ਆ ਗਈ। ਜੱਗੀ ਨੂੰ ਫੜ ਕੇ ਵੈਨ ਵਿੱਚ ਸੁੱਟ ਲਿਆ ਗਿਆ। ਦੇਵਨ ਤੇ ਨਵੀ ਤੋਂ ਥੋੜ੍ਹੀ ਜਿਹੀ ਪੁੱਛ-ਗਿੱਛ ਕੀਤੀ ਤੇ ਜੱਗੀ ਨੂੰ ਲੈ ਕੇ ਪੁਲੀਸ ਵਾਲੇ ਤੁਰਦੇ ਬਣੇ। ਦੇਵਨ ਤੇ ਨਵੀ ਤਮਾਸ਼ਬੀਨਾਂ ਵਾਂਗ ਸਭ ਦੇਖਦੇ ਰਹਿ ਗਏ। ਦੋਵੇਂ ਹੀ ਚੁੱਪ ਸਨ। ਕੁਝ ਦੇਰ ਬਾਅਦ ਦੇਵਨ ਬੋਲਿਆ,

-ਕਾਰ ਇੱਥੇ ਹੀ ਰਹਿਣ ਦਿੰਨੇ ਆਂ, ਨਸ਼ਾ ਉਤਰੇ 'ਤੇ ਲੈ ਜਾਵਾਂਗੇ।

ਨਵੀ ਕੁਝ ਨਾ ਬੋਲਿਆ। ਉਸ ਤੋਂ ਬੋਲਿਆ ਹੀ ਨਹੀਂ ਸੀ ਜਾ ਰਿਹਾ। ਉਹ ਦੋਵੇਂ ਮੁੱਖ ਰੋਡ 'ਤੇ ਆ ਗਏ। ਇੱਕ ਬਲੈਕ ਕੈਬ ਨੂੰ ਹੱਥ ਦਿੱਤਾ ਤੇ ਘਰੋ-ਘਰੀ ਪੁੱਜ ਗਏ। ਇਸ ਘਟਨਾ ਤੋਂ ਬਾਅਦ ਦੇਵਨ ਤਾਂ ਛੇਤੀ ਹੀ ਸਹਿਜ ਹੋ ਗਿਆ ਪਰ ਨਵੀ ਬਹੁਤ ਦੁੱਖੀ ਸੀ ਤੇ ਗੁੱਸੇ ਵਿੱਚ ਵੀ। ਉਸ ਦਾ ਸਾਰਾ ਗੁੱਸਾ ਦੇਵਨ ਉਪਰ ਸੀ। ਉਸ ਨੇ ਹੀ ਚਾਬੀਆਂ ਮੇਜ਼ ਉਪਰ ਰੱਖ ਦਿੱਤੀਆਂ ਸਨ। ਉਸ ਨੂੰ ਪਤਾ ਸੀ ਕਿ ਜੱਗੀ ਸੌਖੇ ਜਿਹੇ ਸੁਭਾਅ ਦਾ ਬੰਦਾ ਹੈ ਤੇ ਛੇਤੀ ਹੀ ਉਲਾਰ ਹੋ ਜਾਂਦਾ ਹੈ। ਇੱਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਫੋਨ ਕਰਕੇ ਪ੍ਰੀਤੀ ਨੂੰ ਸਭ ਦੱਸ ਦੇਵੇ ਪਰ ਉਹ ਡਰ ਗਿਆ ਕਿ ਪ੍ਰੀਤੀ ਮਿਹਣੇ-ਤਾਹਨੇ ਦੇਣ ਲੱਗੇਗੀ। ਉਸ ਨੇ ਭਾਵੇਂ ਪ੍ਰੀਤੀ ਨੂੰ ਨਾ ਦੱਸਿਆ ਪਰ ਪੁਲੀਸ ਨੇ ਫੋਨ ਕਰਕੇ ਦੱਸ ਦਿੱਤਾ ਕਿ ਜੱਗੀ ਪੁਲੀਸ ਸਟੇਸ਼ਨ ਵਿੱਚ ਹੈ। ਪ੍ਰੀਤੀ ਨੇ ਉਸੇ ਵੇਲੇ ਨਵੀ ਨੂੰ ਫੋਨ ਕੀਤਾ ਤੇ ਕਿਹਾ,

-ਬੱਲੇ ਓ ਨਵੀ! ਵਧੀਆ ਦੋਸਤੀ ਨਿਭਾਈ ਤੂੰ! ਕਰ ਦਿੱਤਾ ਜੈਗ ਦਾ ਕੰਮ!

-ਪ੍ਰੀਤੀ, ਉਹ ਮੰਨਿਆਂ ਹੀ ਨਹੀਂ। ਤੂੰ ਫੋਨ ਕਰੀ ਜਾਂਦੀ ਸੀ, ਅਸੀਂ ਨਾਲ ਨਾ ਵੀ ਹੁੰਦੇ ਤਾਂ ਉਹਨੇ ਤਾਂ ਇਕੱਲੇ ਨੇ ਹੀ ਕਾਰ ਲੈ ਕੇ ਭੱਜ ਜਾਣਾ ਸੀ।

-ਨਵੀ, ਮੈਨੂੰ ਦੇਵਨ 'ਤੇ ਤਾਂ ਹੁਣ ਗੁੱਸਾ ਹੀ ਨਹੀਂ, ਇਹ ਸਾਰਾ ਕਸੂਰ ਤੇਰਾ ਐ ਤੇਰਾ!

-ਦੇਖ ਪ੍ਰੀਤੀ, ਸੱਚੀਂ ਮੈਂ ਵੀ ਗਿਲਟੀ ਫੀਲ ਕਰ ਰਿਹਾਂ ਪਰ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।

-ਉਹਨੂੰ ਚਾਬੀਆਂ ਕਿਹਨੇ ਦਿੱਤੀਆਂ ਸੀ?

-ਚਾਬੀਆਂ ਟੇਬਲ 'ਤੇ ਹੀ ਪਈਆਂ ਸੀ।

-ਮੈਂ ਤਾਂ ਘਰ ਵਿੱਚ ਚਾਬੀਆਂ ਉਹਦੇ ਤੋਂ ਛੁਪਾ ਕੇ ਰੱਖਦੀ ਆਂ, ਕੀ ਪਤਾ ਉਹਦਾ ਪਰ...., ਮੇਰੀ ਮਾੜੀ ਕਿਸਮਤ!

ਆਖਦੀ ਪ੍ਰੀਤੀ ਰੋਣ ਲੱਗ ਪਈ। ਨਵੀ ਚੁੱਪ ਰਿਹਾ। ਕੁਝ ਦੇਰ ਬਾਅਦ ਬੋਲੀ,

-ਹੁਣ ਉਹਨੂੰ ਪੁਲੀਸ ਸਟੇਸ਼ਨ ਤੋਂ ਕੌਣ ਲਿਆਏਗਾ?

-ਮੇਰੇ ਕੋਲ ਤਾਂ ਕਾਰ ਹੈ ਨਹੀਂ, ਮੈਂ ਫੋਨ ਕਰਦਾਂ ਪੁਲੀਸ ਸਟੇਸ਼ਨ, ਟੈਕਸੀ ਸੱਦ ਦੇਣਗੇ।



-ਟੈਕਸੀ ਉਹਨਾਂ ਤੇਰੀ ਸਿਫਾਰਸ਼ ਨਾਲ ਸੱਦਣੀ ਆਂ?

ਗੁੱਸੇ ਵਿੱਚ ਆਖਦਿਆਂ ਪ੍ਰੀਤੀ ਨੇ ਫੋਨ ਰੱਖ ਦਿੱਤਾ।

ਅੱਠ ਕੁ ਵਜੇ ਤਕ ਜੱਗੀ ਘਰ ਆ ਗਿਆ। ਉਹ ਸੌਰੀ-ਸੌਰੀ ਕਰਦਾ ਜਾ ਰਿਹਾ ਸੀ ਪਰ ਪ੍ਰੀਤੀ ਗੁੱਸੇ ਵਿੱਚ ਰੋਈ ਜਾ ਰਹੀ ਸੀ। ਪ੍ਰੀਤੀ ਬੋਲੀ,

-ਤੂੰ ਨਹੀਂ ਸੁਧਰਨਾ ਜੈਗ, ਤੂੰ ਨਹੀਂ ਸੁਧਰਨਾ! ਪਹਿਲਾਂ ਮੇਰੀ ਲਾਈਫ ਘੱਟ ਹੈੱਲ ਐ ਜਿਹੜੀ ਤੂੰ ਏਹਨੂੰ ਦਿਨੋ ਦਿਨ ਹੋਰ ਹੈੱਲ ਬਣਾ ਰਿਹਾਂ? ਤੈਨੂੰ ਮੇਰੇ 'ਤੇ ਕੋਈ ਤਰਸ ਨਹੀਂ ਆਉਂਦਾ?

ਜੱਗੀ ਨੇ ਕੁਝ ਦੇਰ ਲਈ ਉਸ ਨੂੰ ਮਨ ਦੀ ਭੜਾਸ ਕੱਢ ਲੈਣ ਦਿੱਤੀ ਤੇ ਫਿਰ ਬੋਲਿਆ,

-ਭਰਜਾਈ, ਮੈਂ ਕੋਈ ਮਰ ਤਾਂ ਨਹੀਂ ਗਿਆ! ਐਕਸੀਡੈਂਟ ਹੋ ਗਿਆ, ਮੇਰੇ ਵੱਸ ਦੀ ਗੱਲ ਥੋੜ੍ਹੋਂ ਆਂ। ਏਨਾ ਸ਼ੁਕਰ ਨਹੀਂ ਕਰਦੀ ਕਿ ਮੈਂ ਠੀਕ ਆਂ।

-ਐਕਸੀਡੈਂਟ ਨੂੰ ਮੈਂ ਨਹੀਂ ਰੋ ਰਹੀ, ਮੈਂ ਤਾਂ ਰੋ ਰਹੀ ਆਂ ਜਿਹੜਾ ਤੂੰ ਬਿਨਾਂ ਲਾਇਸੰਸ, ਬਿਨਾਂ ਇੰਸ਼ੋਐਰੰਸ, ਪੀ ਕੇ ਗੱਡੀ ਚਲਾਈ ਐ। ਇਹ ਦਾ ਨਤੀਜਾ ਕੀ ਹੋਏਗਾ!

-ਜੁਰਮਾਨਾ ਹੋ ਜਾਊ, ਹੋਰ ਕੀ?

-ਜੇਲ੍ਹ ਹੋਏਗੀ, ਜੇਲ੍ਹ! ਪਤਾ ਕੁਝ?

ਜੇਲ੍ਹ ਦੇ ਨਾਂ ਤੋਂ ਜੱਗੀ ਵੀ ਡਰ ਗਿਆ। ਫਿਰ ਉਸ ਨੇ ਹੌਸਲਾ ਫੜਦਿਆਂ ਕਿਹਾ,

-ਜੇ ਕੇਸ ਏਡਾ ਸੀਰੀਅਸ ਹੁੰਦਾ ਤਾਂ ਉਹਨਾਂ ਨੇ ਕਦੇ ਵੀ ਮੈਨੂੰ ਸੈਲਫ-ਬੇਲ 'ਤੇ ਨਹੀਂ ਸੀ ਛੱਡਣਾ। ਸਿੱਧਾ ਕੋਰਟ ਵਿੱਚ ਲੈ ਜਾਣਾ ਸੀ।

ਪ੍ਰੀਤੀ ਕੁਝ ਨਾ ਬੋਲੀ। ਜੱਗੀ ਆਪਣਾ ਢਾਰਸ ਬੰਨਦਾ ਸੋਚਣ ਲੱਗਾ ਕਿ ਕੁਝ ਨਹੀਂ ਹੁੰਦਾ। ਪੁਲੀਸ ਵਾਲਿਆਂ ਨੇ ਉਸ ਨੂੰ ਛੱਡਦੇ ਹੋਏ ਇੱਕ ਮਹੀਨੇ ਦੀ ਅਦਾਲਤ ਦੀ ਤਾਰੀਕ ਦੇ ਦਿੱਤੀ ਹੋਈ ਸੀ। ਉਸ ਨੇ ਨਵੀ ਨੂੰ ਫੋਨ ਕੀਤਾ। ਨਵੀ ਵੀ ਅੰਦਰੋਂ ਡਰ ਰਿਹਾ ਸੀ ਕਿ ਕੇਸ ਗੰਭੀਰ ਸੀ। ਮਿਲਟਰੀ ਦੇ ਗੱਡੀ ਵਿੱਚ ਗੱਡੀ ਮਾਰਨ ਤੇ ਫਿਰ ਭੱਜ ਤੁਰਨ ਨਾਲ ਕੇਸ ਪਚੀਦਾ ਹੋ ਗਿਆ ਸੀ ਪਰ ਉਹ ਜੱਗੀ ਨੂੰ ਹੌਸਲਾ ਹੀ ਦਿੰਦਾ ਰਿਹਾ।

ਅਗਲੇ ਦਿਨ ਕੰਮ ਤੋਂ ਬਾਅਦ ਨਵੀ ਉਚੇਚ ਕਰਕੇ ਉਸ ਨੂੰ ਮਿਲਿਆ। ਜੱਗੀ ਬੋਲਿਆ,

-ਨਵੀ ਸਿਆਂ, ਤੇਰਾ ਮਿੱਤਰ ਇੱਕ ਵਾਰ ਫੇਰ ਡੰਗ ਮਾਰ ਗਿਆ, ਹੈ ਨਾ?

ਨਵੀ ਨੇ ਇਹ ਗੱਲ ਅਣਸੁਣੀ ਕਰਦਿਆਂ ਉਸ ਦੇ ਕੇਸ ਬਾਰੇ ਗੱਲ ਕਰਨ ਲੱਗਿਆ,

-ਵਕੀਲ ਜ਼ਰੂਰ ਕਰ ਲਵੀਂ, ਜੱਜ ਵਕੀਲਾਂ ਦੀ ਬਹੁਤ ਸੁਣਦੇ ਹੁੰਦੇ ਆ।

-ਉਹ ਤਾਂ ਕਰਨਾ ਹੀ ਪੈਣਾਂ। ਕੀ ਕਰਨਾ ਵੀਹ ਤਾਰੀਕ ਨੂੰ ਅਗਲੇ ਮਹੀਨੇ?

-ਹਾਲੇ ਤਾਂ ਕੁਝ ਨਹੀਂ ਕਰਨਾ। ਚਲਾਂਗੇ, ਆਪਾਂ ਇਕੱਠੇ ਕੋਰਟ ਜਾਵਾਂਗੇ। ਜੋ ਵੀ ਹੋਇਆ ਦੇਖੀ ਜਾਵੇਗੀ।

ਨਵੀ ਨੇ ਹੌਸਲਾ ਦਿੰਦਿਆਂ ਕਿਹਾ।

# ਉਨੀ

ਜਦੋਂ ਪ੍ਰੀਤੀ ਨੂੰ ਪੁਲੀਸ ਸਟੇਸ਼ਨ ਤੋਂ ਫੋਨ ਆਇਆ ਤਾਂ ਉਸੇ ਵੇਲੇ ਉਸ ਨੇ ਨਿੱਕ ਨੂੰ ਫੋਨ ਕਰ ਦਿੱਤਾ। ਨਿੱਕ ਬੋਲਿਆ,

-ਜਾਨ, ਤੇਰੇ ਸ਼ਰਾਬੀ ਨੂੰ ਜੇਲ੍ਹ ਹੋਏਗੀ, ਪੱਕੀ ਜੇਲ੍ਹ।

-ਏਦਾਂ ਨਾ ਕਹਿ ਨਿੱਕ।

-ਮੇਰੇ ਕਹਿਣ ਨਾ ਕਹਿਣ ਨਾਲ ਕੀ ਫਰਕ ਪੈਂਦਾ।

-ਜੇ ਉਹਦੀ ਹੋਣੀ ਇਹ ਹੋਈ ਤਾਂ ਮੈਂ ਕੀ ਕਰ ਸਕਦੀ ਆਂ।

-ਹੋਣੀ ਨਹੀਂ, ਉਹ ਬੰਦਾ ਹੀ ਨਹਿਸ਼ ਐ, ਆਪ ਵੀ ਡੁੱਬਦਾ ਤੇ ਦੂਜਿਆਂ ਨੂੰ ਵੀ ਡੋਬਦਾ। ਜਦ ਬੰਦੇ ਨੂੰ ਦਿੱਸਦਾ ਕਿ ਸਾਹਮਣੇ ਦਲਦਲ ਐ ਤੇ ਬੰਦਾ ਜਾਣ ਬੁੱਝ ਕੇ ਓਧਰ ਨੂੰ ਤੁਰ ਪਵੇ ਤਾਂ ਇਹ ਨੂੰ ਹੋਣੀ ਨਹੀਂ, ਕੁਝ ਹੋਰ ਕਹਿੰਦੇ ਆ। ਦੇਖ ਉਹ ਦਲਦਲ ਵਿੱਚ ਖੁੱਭ ਗਿਆ, ਉਹਦੇ ਲਈ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ। ਹੁਣ ਤੂੰ ਉਹਦੇ ਨਾਲ ਡੁੱਬਣਾ ਤਾਂ ਡੁੱਬ।

ਨਿੱਕ ਦੀਆਂ ਗੱਲਾਂ ਸੁਣ ਕੇ ਪ੍ਰੀਤੀ ਰੋਣ ਲੱਗ ਪਈ। ਨਿੱਕ ਨੇ ਫਿਰ ਕਿਹਾ,

-ਮੈਨੂੰ ਏਸ ਬੰਦੇ ਨਾਲ ਕੋਈ ਹਮਦਰਦੀ ਨਹੀਂ। ਮੈਂ ਤੇਰੀ ਖਾਤਰ ਬਹੁਤ ਕੁਝ ਸਹਿਆ, ਹੁਣ ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਬਹੁਤ ਹੋ ਗਿਆ ਪ੍ਰੀਤੀ। ਮੈਨੂੰ ਤਾਂ ਲੱਗਦਾ ਕਿ ਮੈਂ ਪਾਗਲ ਆਂ ਜਿਹੜਾ ਏਨੇ ਦੇਰ ਤੋਂ ਤੇਰੇ ਵੱਲ ਝਾਕਦਾ ਆ ਰਿਹਾਂ। ਮੈਨੂੰ ਜਾਪਦਾ ਕਿ ਨੀਸ਼ਾ ਠੀਕ ਕਹਿੰਦੀ ਐ।

-ਕੀ ਕਹਿੰਦੀ ਐ ?

-ਇਹੋ ਕਿ ਤੂੰ ਡਬਲ ਗੇਮ ਖੇਡ ਰਹੀ ਐਂ। ਤੂੰ ਇਹ ਬੰਦਾ ਕਦੇ ਨਹੀਂ ਛੱਡ ਸਕਣਾ ਤੇ ਮੇਰਾ ਟਾਈਮ ਖਰਾਬ ਕਰੀ ਜਾਣਾ।

ਜਵਾਬ ਵਿੱਚ ਪ੍ਰੀਤੀ ਕੁਝ ਨਾ ਬੋਲੀ ਤੇ ਆਪਣਾ ਸਿਰ ਫੜ ਕੇ ਬੈਠੀ ਰਹੀ।

ਅਗਲੇ ਦਿਨ ਨਿੱਕ ਜੱਗੀ ਕੋਲ ਅਫਸੋਸ ਕਰਨ ਆ ਗਿਆ। ਉਹ ਉਸ ਨੂੰ ਹੌਸਲਾ ਦਿੰਦਾ ਰਿਹਾ ਕਿ ਕੁਝ ਨਹੀਂ ਹੁੰਦਾ। ਜਿਸ ਕਿਸੇ ਨੂੰ ਵੀ ਇਸ ਘਟਨਾ ਦਾ ਪਤਾ ਲੱਗਦਾ ਉਹ ਇਹੋ ਕਹਿੰਦਾ ਕਿ ਕੁਝ ਨਹੀਂ ਹੁੰਦਾ ਪਰ ਅਗਲੇ ਨੂੰ ਇਹ ਯਕੀਨੀ ਹੁੰਦਾ ਕਿ ਜੱਗੀ ਨੂੰ ਜੇਲ੍ਹ ਹੋਵੇਗੀ। ਜੇਲ੍ਹ ਤੋਂ ਜੱਗੀ ਵੀ ਡਰਦਾ ਸੀ ਪਰ ਅੰਦਰੋਂ ਅੰਦਰ ਆਪਣੇ ਆਪ ਨੂੰ ਇਸ ਲਈ ਤਿਆਰ ਵੀ ਕਰ ਰਿਹਾ ਸੀ। ਜੱਗੀ ਦੇ ਕੇਸ ਦੀ ਤਾਰੀਕ ਆ ਗਈ। ਕੋਰਟ ਵਿੱਚ ਜੱਗੀ ਦੇ ਨਾਲ ਪ੍ਰੀਤੀ ਤੇ ਨਿੱਕ ਗਏ। ਨਵੀ ਆਪਣੀ ਕਾਰ ਵਿੱਚ ਪੁੱਜਾ। ਕੋਰਟ ਵਿੱਚ ਜੱਗੀ ਦਾ ਕੇਸ ਲੱਗਿਆ। ਉਸ ਨੂੰ ਸੌਂਹ ਖਵਾਈ ਗਈ। ਪੁਲੀਸ ਦਾ ਵਕੀਲ ਕਹਿ ਰਿਹਾ ਸੀ ਕਿ ਉਸ ਨੂੰ ਦੋ ਸਾਲ ਦੀ ਸਜ਼ਾ ਹੋਣੀ ਚਾਹੀਦੀ ਹੈ ਪਰ ਜੱਗੀ ਦਾ ਵਕੀਲ ਦਲੀਲ ਦੇ ਰਿਹਾ ਸੀ ਕਿ ਇੱਕ ਐਕਸੀਡੈਂਟ ਵਿੱਚ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਇਆ ਇਸ



ਕਰਕੇ ਬਿਨਾਂ ਲਾਇਸੰਸ ਚਲਾਉਣ ਕਾਰਨ ਉਸ ਨੂੰ ਸਿਰਫ ਜੁਰਮਾਨਾ ਹੀ ਹੋਣਾ ਚਾਹੀਦਾ ਹੈ। ਸਰਕਾਰੀ ਵਕੀਲ ਦੀ ਦਲੀਲ ਸੀ ਕਿ ਨੁਕਸਾਨ ਭਾਵੇਂ ਕੋਈ ਨਹੀਂ ਹੋਇਆ ਪਰ ਸ਼ਰਾਬ ਪੀ ਕੇ ਬਿਨਾਂ ਲਾਇਸੰਸ ਤੇ ਬਿਨਾਂ ਇੰਸ਼ੋਐਰੰਸ ਕਾਰ ਚਲਾਉਣਾ ਹੀ ਵੱਡਾ ਜੁਰਮ ਹੈ। ਕਾਫੀ ਬਹਿਸ ਤੋਂ ਬਾਅਦ ਜੱਗੀ ਨੂੰ ਅੱਠ ਮਹੀਨੇ ਦੀ ਖੁੱਲ੍ਹੀ ਜੇਲ੍ਹ ਦੀ ਸਜ਼ਾ ਹੋ ਗਈ। ਖੁੱਲ੍ਹੀ ਜੇਲ੍ਹ ਜਿਸ ਨੂੰ ਸੁਧਾਰ ਘਰ ਵੀ ਕਹਿੰਦੇ ਹਨ, ਵਿੱਚ ਕੋਈ ਮੁਸ਼ੱਕਤੀ ਕੰਮ ਨਹੀਂ ਹੋਵੇਗਾ। ਉਸ ਨੂੰ ਚਾਰ ਮਹੀਨੇ ਕੱਟਣੇ ਪੈਣੇ ਸਨ। ਜੱਗੀ ਨੇ ਅੰਦਰਲੇ ਡਰ ਨੂੰ ਕਾਬੂ ਵਿੱਚ ਕਰ ਕੇ ਸਭ ਨੂੰ ਵੱਡੀ ਸਾਰੀ ਮੁਸਕ੍ਰਾਹਟ ਦਿੱਤੀ ਕਿ ਖੁੱਲ੍ਹੀ ਜੇਲ੍ਹ ਨਾਲ ਹੀ ਛੁਟਕਾਰਾ ਹੋ ਗਿਆ ਸੀ। ਉਸ ਨੂੰ ਉਸੇ ਵੇਲੇ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਨੇ ਸਭ ਨੂੰ ਹੱਥ ਹਿਲਾ ਕੇ ਅਲਵਿਦਾ ਕਹੀ ਤੇ ਪੁਲੀਸ ਨਾਲ ਚਲੇ ਗਿਆ।

ਉਸ ਦਿਨ ਤੋਂ ਬਾਅਦ ਬਹੁਤ ਕੁਝ ਬਦਲ ਗਿਆ। ਨਿੱਕ ਉਸੇ ਸ਼ਾਮ ਆਪਣਾ ਬੈਗ ਚੁੱਕ ਲਿਆਇਆ ਤੇ ਪ੍ਰੀਤੀ ਨਾਲ ਹੀ ਰਹਿਣ ਲੱਗ ਪਿਆ। ਪ੍ਰੀਤੀ ਨੂੰ ਇਹ ਚੰਗਾ ਵੀ ਲੱਗਿਆ। ਹੁਣ ਤਾਂ ਉਸ ਨੂੰ ਸਹਾਰੇ ਦੀ ਲੋੜ ਸੀ ਤੇ ਨਿੱਕ ਉਸ ਦੇ ਨਾਲ ਖੜਾ ਸੀ। ਉਹ ਸੋਚਦੀ ਕਿ ਜੇ ਨਿੱਕ ਨਾ ਹੁੰਦਾ ਤਾਂ ਉਸ ਦਾ ਕੀ ਬਣਦਾ। ਉਹ ਨਿੱਕ ਦੀ ਛਾਤੀ 'ਤੇ ਸਿਰ ਰੱਖ ਕੇ ਕਿੰਨਾ ਕਿੰਨਾ ਚਿਰ ਕੁਝ ਸੋਚਦੀ ਰਹਿੰਦੀ। ਨਿੱਕ ਨੂੰ ਵੀ ਇਵੇਂ ਸਭ ਚੰਗਾ ਲੱਗਦਾ। ਉਸ ਨੂੰ ਘਰ ਵਿੱਚ ਜੱਗੀ ਦੀ ਅਣਹੋਂਦ ਬਿਲਕੁਲ ਵੀ ਨਾ ਰੜਕੀ ਸਗੋਂ ਉਹ ਸੋਚਦੀ ਕਿ ਨਿੱਕ ਨਾਲ ਘਰ ਕਿੰਨਾ ਭਰਿਆ ਭਰਿਆ ਜਾਪਦਾ ਹੈ। ਜੱਗੀ ਹੁੰਦਾ ਤਾਂ ਹਰ ਵੇਲੇ ਸੁੱਤਾ ਰਹਿੰਦਾ ਜਾਂ ਸ਼ਰਾਬ ਪੀ ਰਿਹਾ ਹੁੰਦਾ। ਨਿੱਕ ਹਰ ਵੇਲੇ ਉਸ ਨਾਲ ਨਿੱਕੇ ਨਿੱਕੇ ਮਖੌਲ ਜਿਹੇ ਕਰਦਾ ਰਹਿੰਦਾ। ਰਸੋਈ ਵਿੱਚ ਮੱਦਦ ਕਰਾਉਂਦਾ। ਆਏ ਦਿਨ ਉਹ ਰੈਸਟੋਰੈਂਟ ਜਾਂਦੇ। ਰੌਕੀ ਜ਼ਰੂਰ ਕੁਝ ਦਿਨ ਬਹੁਤਾ ਹੀ ਚੁੱਪ ਜਿਹਾ ਰਿਹਾ। ਫਿਰ ਨਿੱਕ ਨੇ ਉਸ ਨੂੰ ਕੁਝ ਨਵੀਆਂ ਨਿਕਲੀਆਂ ਕੰਪਿਊਟਰ ਗੇਮਾਂ ਲੈ ਦਿੱਤੀਆਂ, ਰੌਕੀ ਉਹਨਾਂ ਵਿੱਚ ਰੁੱਝ ਗਿਆ।

ਜੱਗੀ ਨੂੰ ਜੇਲ੍ਹ ਹੋਣ ਦੀ ਖ਼ਬਰ ਲੋਕਲ ਅਖ਼ਬਾਰ ਵਿੱਚ ਆ ਗਈ ਸੀ। ਪ੍ਰੀਤੀ ਨੂੰ ਇਹ ਨਮੋਸ਼ੀ ਮਾਰੀ ਜਾ ਰਹੀ ਸੀ। ਉਸ ਨੇ ਸਹੇਲੀਆਂ ਨੂੰ ਮਿਲਣਾ ਛੱਡ ਦਿੱਤਾ। ਰੌਕੀ ਹੁਣ ਸਕੂਲ ਇਕੱਲਾ ਹੀ ਚਲੇ ਜਾਂਦਾ ਸੀ। ਜੇ ਕਿਤੇ ਲੇਟ ਵੀ ਹੋਣ ਲੱਗਦਾ ਤਾਂ ਨਿੱਕ ਛੱਡ ਦਿੰਦਾ। ਵੈਸੇ ਨਿੱਕ ਤੇ ਪ੍ਰੀਤੀ ਹੁਣ ਆਮ ਤੌਰ 'ਤੇ ਇਕੱਠੇ ਹੀ ਘੁੰਮਦੇ ਫਿਰਦੇ। ਸ਼ੌਪਿੰਗ ਕਰਨੀ ਹੁੰਦੀ ਜਾਂ ਕਿਧਰੇ ਹੋਰ ਜਾਣਾ ਹੁੰਦਾ ਤਾਂ ਇਕੱਠੇ ਹੀ ਹੁੰਦੇ। ਜਿਵੇਂ ਹੁਣ ਉਹਨਾਂ ਨੂੰ ਕਿਸੇ ਦਾ ਫਿਕਰ ਹੀ ਨਾ ਹੋਵੇ।

ਕੁਝ ਦਿਨ ਤਾਂ ਠੀਕ ਚੱਲੇ ਪਰ ਫਿਰ ਪ੍ਰੀਤੀ ਨਵੀਂਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਲੱਗੀ। ਫਲੈਟ ਦੀ ਕਿਸ਼ਤ ਆ ਗਈ ਤੇ ਨਾਲ ਹੀ ਬਿੱਲ ਵੀ। ਜਮਾਂ ਪੂੰਜੀ ਤਾਂ ਕੁਝ ਹੈ ਸੀ ਪਰ ਉਹ ਵੀ ਕਿੰਨੇ ਕੁ ਦਿਨ ਚੱਲੇਗੀ। ਨਿੱਕ ਘਰ ਦੇ ਖਰਚਾਂ ਵਿੱਚ ਤਾਂ ਹਿੱਸਾ ਪਾ ਦਿੰਦਾ ਸੀ ਪਰ ਕਿਸ਼ਤ-ਬਿੱਲ ਤਾਂ ਉਹ ਨਹੀਂ ਸੀ ਦੇਣ ਲੱਗਾ ਤੇ ਨਾ ਹੀ ਪ੍ਰੀਤੀ ਨੇ ਉਸ ਤੋਂ ਮੰਗਣੇ ਸਨ। ਜੱਗੀ ਦੇ ਕੰਮ ਕਰਦੇ ਹੋਣ ਕਰਕੇ ਪ੍ਰੀਤੀ ਨੂੰ ਕੋਈ ਸੋਸ਼ਲ ਸਕਿਊਰਟੀ ਨਹੀਂ ਸੀ ਮਿਲਦੀ। ਉਸ ਨੇ ਨਿੱਕ ਨਾਲ ਗੱਲ ਸਾਂਝੀ ਕੀਤੀ ਤਾਂ ਉਹ ਬੋਲਿਆ,

–ਇਸ ਦਾ ਇਹੋ ਤਰੀਕਾ ਹੈਗਾ ਕਿ ਤੂੰ ਸੋਸ਼ਲ ਸਕਿਉਟੀ ਵਾਲਿਆਂ ਨੂੰ ਜਾ ਕੇ ਸਾਰੀ ਗੱਲ ਦੱਸ ਤੇ ਨਾਲ ਕਹਿ ਦੇ ਕਿ ਮੈਂ ਹਸਬੈਂਡ ਛੱਡ ਦਿੱਤੈ। ਜੇਲ੍ਹ ਜਾਣਾ ਹਸਬੈਂਡ ਤੋਂ ਸੈਪੇਰੇਟ ਹੋਣ ਦਾ ਬਹੁਤ ਵੱਡਾ ਬਹਾਨਾ ਐ। ਇਵੇਂ ਤੈਨੂੰ ਪੈਸੇ ਵੀ ਲੱਗ ਜਾਣਗੇ ਤੇ ਕਿਸ਼ਤ ਵੀ ਉਹਨਾਂ ਨੇ ਦੇਈ ਜਾਣੀ ਆਂ। ਇਹੋ ਇੱਕ ਰਾਹ ਐ।

ਜੇਲ੍ਹ ਵਿੱਚੋਂ ਜੱਗੀ ਫੋਨ ਕਰਦਾ ਰਹਿੰਦਾ ਸੀ। ਪ੍ਰੀਤੀ ਨੇ ਸਾਰੀ ਗੱਲ ਉਸ ਨੂੰ ਦੱਸੀ। ਉਸ ਨੂੰ ਵੀ ਇਹੋ ਇੱਕ ਰਾਹ ਦਿੱਸ ਰਿਹਾ ਸੀ। ਪਤੀ ਨਾਲ ਅਲਹਿਦਗੀ ਦਿਖਾ ਕੇ ਵਧੇਰੇ ਪੈਸੇ ਮਿਲ ਸਕਦੇ ਸਨ। ਨਹੀਂ ਤਾਂ ਬੇਸਿਕ ਜਿਹਾ ਰੇਟ ਹੀ ਮਿਲਣਾ ਸੀ। ਅਗਲੇ ਦਿਨ ਹੀ ਪ੍ਰੀਤੀ ਸੋਸ਼ਲ ਸਕਿਉਰਟੀ ਦੇ ਦਫਤਰ ਜਾ ਕੇ ਆਪਣਾ ਕਲੇਮ ਭਰ ਆਈ ਤੇ ਦੋ ਕੁ ਹਫਤੇ ਵਿੱਚ ਉਸ ਨੂੰ ਪਹਿਲਾ ਚੈੱਕ ਆ ਗਿਆ। ਉਹ ਬਹੁਤ ਖੁਸ਼ ਸੀ। ਇੱਕ ਬਹੁਤ ਵੱਡੀ ਮੁਸੀਬਤ ਤੋਂ ਰਾਹਤ ਮਿਲ ਗਈ ਸੀ। ਮਹੀਨੇ ਕੁ ਬਾਅਦ ਨਿੱਕ ਤੇ ਪ੍ਰੀਤੀ ਜੱਗੀ ਨੂੰ ਮਿਲਣ ਗਏ। ਦੋ ਘੰਟੇ ਬੈਠ ਕੇ ਗੱਲਾਂ ਕਰਦੇ ਰਹੇ। ਜੱਗੀ ਚੜ੍ਹਦੀ ਕਲਾ ਵਿੱਚ ਰਹਿਣ ਦੀ ਕੋਸ਼ਿਸ਼ ਕਰ ਰਿਹਾ ਸੀ।

ਉਹਨਾਂ ਤੋਂ ਬਾਅਦ ਨਵੀ ਜੱਗੀ ਨੂੰ ਮਿਲਣ ਗਿਆ। ਜੱਗੀ ਉਸ ਨਾਲ ਭਰਵਾਂ ਹੱਥ ਮਿਲਾਉਂਦਾ ਬੋਲਿਆ,

–ਕਿੱਦਾਂ ਬਈ ਨਵੀ ਸਿਆਂ, ਕੀ ਹਾਲ ਐ ?

–ਤੂੰ ਸੁਣਾ।

–ਮੈਂ ਦੇਖ ਲੈ, ਫਿੱਟ ਪਿਆਂ। ਲਹਿਰਾਂ–ਬਹਿਰਾਂ ! ਭਾਰ ਵਧ ਗਿਆ ਇੱਥੇ ਆ ਕੇ।

ਨਵੀ ਨੇ ਉਸ ਵੱਲ ਧਿਆਨ ਨਾਲ ਦੇਖਿਆ। ਪਹਿਲਾਂ ਜਿਹਾ ਹੀ ਦਿੱਸ ਰਿਹਾ ਸੀ। ਜੱਗੀ ਉਸ ਦਾ ਹੱਥ ਫੜਦਾ ਕੁਰਸੀਆਂ ਵੱਲ ਨੂੰ ਲੈ ਤੁਰਿਆ ਜਿੱਥੇ ਉਹਨਾਂ ਨੇ ਬਹਿਣਾ ਸੀ। ਜਿੱਥੇ ਹੋਰ ਮੁਲਾਕਾਤੀ ਵੀ ਬੈਠੇ ਸਨ। ਜੱਗੀ ਉਹਨੂੰ ਜੇਲ੍ਹ ਵਿਚਲੀਆਂ ਦਿਲਚਸਪ ਗੱਲਾਂ ਸੁਣਾਉਣ ਲੱਗਾ। ਬਹੁਤੇ ਕੈਦੀ ਡਰਿੰਕ–ਡਰਾਈਵ ਦੇ ਕੇਸਾਂ ਵਿੱਚ ਹੀ ਆਏ ਹੋਏ ਸਨ। ਕੁਝ ਕੁ ਜਿਹਨਾਂ ਨੇ ਤਲਾਕਸ਼ੁਦਾ ਪਤਨੀਆਂ ਜਾਂ ਬੱਚਿਆਂ ਦੇ ਖਰਚੇ ਨਹੀਂ ਸਨ ਦਿੱਤੇ। ਗੱਲਾਂ ਕਰਦਾ ਜੱਗੀ ਬੋਲਿਆ,

–ਨਵੀ, ਮੈਂ ਤੇਰਾ ਸਿਰਨਾਵਾਂ ਵਰਤਣਾ ਚਾਹੁੰਨਾ, ਜੇ ਤੈਨੂੰ ਮਾਈਂਡ ਨਹੀਂ ਤਾਂ।

–ਮਾਈਂਡ ਤਾਂ ਨਹੀਂ ਪਰ ਕਿਉਂ ?

ਜੱਗੀ ਨੇ ਪ੍ਰੀਤੀ ਦੇ ਕਲੇਮ ਵਾਲੀ ਸਾਰੀ ਗੱਲ ਉਸ ਨੂੰ ਦੱਸ ਦਿੱਤੀ ਤੇ ਫਿਰ ਬੋਲਿਆ,

–ਬਾਹਰ ਆ ਕੇ ਮੈਨੂੰ ਵੀ ਪੈਸੇ ਦੀ ਲੋੜ ਹੋਣੀ ਆਂ। ਮੈਂ ਸ਼ੋਅ ਕਰਾਂਗਾ ਕਿ ਅਲੱਗ ਹੋ ਕੇ ਤੇਰੇ ਘਰ ਰਹਿੰਨਾ, ਇਵੇਂ ਮੈਨੂੰ ਹੋਰ ਫਲੈਟ ਮਿਲਣ ਦੇ ਮੌਕੇ ਵੀ ਹੈਗੇ ਆ ਤੇ ਸੋਸ਼ਲ ਸਕਿਉਰਟੀ ਵਾਲੇ ਵੀ ਪੈਸੇ ਦੇਣਗੇ। ਪੱਕੀ ਜੌਬ ਤਾਂ ਹੁਣ ਮੈਨੂੰ ਕੋਈ ਮਿਲਣੀ ਨਹੀਂ।

–ਠੀਕ ਐ ਪਰ ਜੱਗੀ ਤੂੰ ਇਸ ਬਾਰੇ ਚੰਗੀ ਤਰ੍ਹਾਂ ਸੋਚ ਕੇ ਗੱਲ ਕਰ ਰਿਹਾਂ ? ਇਹਦੇ ਨਾਲ ਹੋਰ ਖਤਰੇ ਵੀ ਤਾਂ ਪੈਦਾ ਹੋ ਸਕਦੇ ਆ। ਸੋਚ ਲੈ।

ਨਵੀ ਨੂੰ ਡਰ ਸੀ ਕਿ ਇਹ ਕਿਤੇ ਜੱਗੀ ਦਾ ਪੱਤਾ ਕੱਟਣ ਲਈ ਨਿੱਕ ਦੀ ਚਾਲ ਹੀ ਨਾ ਹੋਵੇ। ਪਰ ਜੱਗੀ ਪੂਰੇ ਯਕੀਨ ਨਾਲ ਬੋਲਿਆ,



–ਬਿਲਕੁਲ, ਮੈਂ ਸਾਰਾ ਸੋਚ ਲਿਆ, ਮੈਂ ਤੈਨੂੰ ਇੱਕ ਚਿੱਠੀ ਲਿਖਾਂਗਾ। ਤੂੰ ਮੈਨੂੰ ਜਵਾਬ ਦੇ ਦੇਈਂ, ਮੈਂ ਉਹ ਵੈਲਫੇਅਰ ਅਫਸਰ ਨੂੰ ਦਿਖਾ ਦੇਵਾਂਗਾ। ਉਹ ਹੀ ਸਾਰਾ ਇੰਤਜ਼ਾਮ ਕਰ ਦੇਵੇਗਾ। ਤੂੰ ਇਹ ਦੱਸ ਕਿ ਕੰਮ ਉਪਰ ਮੇਰੇ ਬਾਰੇ ਕੀ ਗੱਲਾਂ ਹੋ ਰਹੀਆਂ ?

–ਜੱਗੀ, ਮੈਂ ਤਾਂ ਕੰਮ ਤੋਂ ਛੁੱਟੀਆਂ ਲਈਆਂ ਹੋਈਆਂ, ਪਲਵੀ ਪਰੈਗਨੈਂਟ ਐ। ਹਸਪਤਾਲ ਹੀ ਐ, ਉਹਦੇ ਲਈ ਮੈਂ ਛੁੱਟੀਆਂ ਲੈ ਲਈਆਂ।

–ਇਹ ਤਾਂ ਬਹੁਤ ਗੁੱਡ ਨੀਊਜ਼ ਐ।

–ਗੁੱਡ ਤਾਂ ਹੈਗੀ ਪਰ ਪਲਵੀ ਦੀ ਹਾਲਤ ਬਹੁਤੀ ਵਧੀਆ ਨਹੀਂ, ਪਹਿਲਾਂ ਵੀ ਤਾਂ ਦੋ ਵਾਰ ਪਰੈਗਨੈਂਟ ਹੋਈ ਸੀ ਪਰ ਗੱਲ ਸਿਰੇ ਨਹੀਂ ਚੜ੍ਹੀ।

–ਕਿਹੜੇ ਮਹੀਨੇ ਵਿੱਚ ਐ ?

–ਚੌਥੇ ਮਹੀਨੇ ਵਿੱਚ।

–ਫਿਰ ਤਾਂ ਆਸਵੰਦ ਰਹਿ। ਇੱਥੇ ਕੁ ਆ ਕੇ ਬੱਚਾ ਡਿਵੈਲਪ ਹੋ ਗਿਆ ਹੁੰਦਾ।

–ਦੇਖੋ।

ਨਵੀ ਨੇ ਦੋਵੇਂ ਹੱਥ ਖਿਲਾਰਦੇ ਜਿਹੇ ਕਿਹਾ। ਉਸ ਨੂੰ ਬਹੁਤੀਆਂ ਆਸਾਂ ਨਹੀਂ ਸਨ। ਉਹ ਸੋਚੀ ਬੈਠਾ ਸੀ ਕਿ ਸ਼ਾਇਦ ਬੱਚਾ ਮੇਰੀ ਕਿਸਮਤ ਵਿੱਚ ਹੈ ਹੀ ਨਹੀਂ।

ਨਿੱਕ ਤੇ ਪ੍ਰੀਤੀ ਹੁਣ ਇਕੱਠੇ ਰਹਿੰਦੇ ਸਨ। ਉਹ ਬਹੁਤ ਖੁਸ਼ ਸਨ ਪਰ ਕਦੇ ਕਦੇ ਲੜ ਵੀ ਪੈਂਦੇ ਸਨ, ਖਾਸ ਤੌਰ ’ਤੇ ਬੱਚਿਆਂ ਨੂੰ ਲੈ ਕੇ। ਸਪਤਾਹ ਅੰਤ ’ਤੇ ਨਿੱਕ ਦੇ ਬੱਚੇ ਉਸ ਨੂੰ ਮਿਲਣ ਆਉਂਦੇ ਸਨ। ਕਈ ਵਾਰ ਉਹ ਉਹਨਾਂ ਨੂੰ ਪ੍ਰੀਤੀ ਦੇ ਫਲੈਟ ਵਿੱਚ ਵੀ ਲੈ ਆਉਂਦਾ ਪਰ ਉਹਨਾਂ ਦੇ ਆਉਂਦਿਆਂ ਹੀ ਰੌਕੀ ਆਪਣੇ ਕਮਰੇ ਵਿੱਚ ਜਾ ਵੜਦਾ ਤੇ ਅੰਦਰੋਂ ਕੁੰਡੀ ਲਾ ਲੈਂਦਾ। ਨਿੱਕ ਨੂੰ ਇਹ ਗੱਲ ਬਹੁਤ ਬੁਰੀ ਲੱਗਦੀ। ਪ੍ਰੀਤੀ ਵੀ ਇਹ ਗੱਲ ਦੇਖਦੀ ਸੀ। ਇੱਕ ਦਿਨ ਪ੍ਰੀਤੀ ਬੋਲੀ,

–ਨਿੱਕ, ਮੈਨੂੰ ਸਮਝ ਨਹੀਂ ਲੱਗਦੀ ਕਿ ਐਂਡੀ ਤੇ ਲੀਨਾ ਦੇ ਆਉਂਦਿਆਂ ਹੀ ਰੌਕੀ ਉਪਰ ਚਲੇ ਜਾਂਦਾ। ਕਿਤੇ ਉਹ ਇਹਨੂੰ ਕੁਝ ਕਹਿੰਦੇ ਤਾਂ ਨਹੀਂ ?

–ਜਾਨ, ਤੈਨੂੰ ਪਤਾ ਰੌਕੀ ਲੋਨਰ ਐ, ਇਕੱਲਾ ਰਹਿਣਾ ਚਾਹੁੰਦਾ। ਨਾ ਉਹਦਾ ਕੋਈ ਦੋਸਤ ਐ ਤੇ ਨਾ ਹੀ ਉਹ ਕਿਸੇ ਗੱਲ ਵਿੱਚ ਦਖਲ ਦਿੰਦਾ। ਤੂੰ ਆਪ ਦੇਖ ਕਿ ਜਿੰਨਾ ਕੁਝ ਤੂੰ ਪੁੱਛ ਲਵੇਂ ਓਨਾ ਹੀ ਜਵਾਬ ਦਿੰਦਾ।

–ਕੀ ਮਤਲਬ ?

–ਇਹੋ ਕਿ ਰੌਕੀ ਪੂਰੀ ਤਰ੍ਹਾਂ ਠੀਕ ਨਹੀਂ, ਡਾਕਟਰ ਨੂੰ ਦਿਖਾ।

–ਤੇਰੇ ਆਹ ਮੌਂਕੀ ਫੇਸ ਬਹੁਤ ਠੀਕ ਐ ? ਮੇਰੇ ਮੁੰਡੇ ਨੂੰ ਕਹਿੰਨਾਂ, ਤੂੰ ਇਹਨਾਂ ਨੂੰ ਡਾਕਟਰ ਨੂੰ ਕਿਉਂ ਨਹੀਂ ਦਿਖਾਉਂਦਾ ?

ਬਸ ਹੋ ਗਿਆ ਝਗੜਾ ਸ਼ੁਰੂ। ਵਾਹਵਾ ਲੜਾਈ ਹੋਈ। ਪਹਿਲਾਂ ਵੀ ਉਹ ਲੜਦੇ ਰਹਿੰਦੇ ਸਨ ਪਰ ਇਹ ਲੜਾਈ ਜ਼ਰਾ ਜ਼ਿਆਦਾ ਫਸਵੀਂ ਸੀ ਤੇ ਇੱਕ ਦੂਜੇ ਨੂੰ ਕੁਝ ਜ਼ਿਆਦਾ ਹੀ ਤਲਖ ਗੱਲਾਂ ਕਹਿ ਗਏ। ਨਿੱਕ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਫਲੈਟ ਵਿੱਚ ਚਲੇ ਗਿਆ। ਮੁੜ ਕੇ ਕਈ ਦਿਨ ਤਕ ਨਾ ਆਇਆ। ਕੁਝ ਦਿਨਾਂ ਬਾਅਦ ਜਦ ਦੋਨਾਂ ਦਾ ਗੁੱਸਾ ਠੰਢਾ ਪੈ ਗਿਆ ਤਾਂ ਮੁੜ ਇੱਕਠੇ ਹੋ ਗਏ।

# ਵੀਹ

ਇੱਕ ਦਿਨ ਨਿੱਕ ਬੋਲਿਆ,

–ਹੁਣ ਕੀ ਪ੍ਰੋਗਰਾਮ ਐ ?

–ਕੀ ਮਤਲਬ ?

–ਮੈਂ ਜਾਂ ਬਿਓੜਾ ?

–ਨਿੱਕ ! ਬਿਓੜਾ ਕਿਉਂ ਕਹਿੰਨਾ ?

–ਕੱਲ੍ਹ ਇੰਡੀਅਨ ਫਿਲਮ ਵਿੱਚ ਆਪਾਂ ਦੇਖਿਆ ਨਹੀਂ ਇੱਕ ਬਿਓੜਾ ?

ਨਿੱਕ ਨੇ ਆਖਿਆ ਪਰ ਪ੍ਰੀਤੀ ਕੁਝ ਹੋਰ ਸੋਚਣ ਲੱਗ ਪਈ ਸੀ। ਕੁਝ ਦੇਰ ਬਾਅਦ ਉਹ ਬੋਲੀ,

–ਨਿੱਕ, ਮੈਨੂੰ ਥੋੜ੍ਹਾ ਵਕਤ ਦੇ। ਜੈਗ ਨੂੰ ਘਰ ਆ ਲੈਣ ਦੇ, ਫੇਰ ਕੁਝ ਕਰਦੇ ਆਂ।

–ਮੇਰੇ ਕੋਲ ਵਕਤ ਹੈ ਨਹੀਂ।

–ਤੈਨੂੰ ਕਾਹਦੀ ਕਾਹਲ ਪਈ ਐ ?

–ਮੈਨੂੰ ਤੂੰ ਪੂਰੀ ਚਾਹੀਦੀ ਐਂ, ਮੈਂ ਤੇਰੇ ਨਾਲ ਇੱਕ ਛੱਤ ਹੇਠ ਰਹਿਣਾ ਚਾਹੁੰਨਾ।

–ਹੁਣ ਰਹਿੰਨੇ ਤਾਂ ਹੈਗੇ ਆਂ।

–ਨਹੀਂ, ਇੱਕ ਪ੍ਰੀਤੀ ਮੇਰੇ ਨਾਲ ਪਈ ਤੇ ਇੱਕ ਬਿਓੜਾ ਉਡੀਕਦੀ ਹੁੰਦੀ ਆ। ਜੇ ਤੂੰ ਉਹਦੇ ਨਾਲ ਰਹਿਣਾ ਤਾਂ ਤੇਰੀ ਮੇਰੀ ਬਸ।

–ਨਿੱਕ, ਮੈਂ ਵੀ ਹੁਣ ਤੇਰੇ ਬਿਨਾਂ ਨਹੀਂ ਰਹਿ ਸਕਣਾ, ਥੋੜ੍ਹਾ ਜਿਹਾ ਟਾਈਮ ਦੇ, ਸ਼ਾਇਦ ਕੋਈ ਸੌਖਾ ਰਸਤਾ ਨਿਕਲ ਆਵੇ।

ਗੱਲ ਕਰਦੀ ਪ੍ਰੀਤੀ ਗੰਭੀਰ ਸੀ। ਚਾਰ ਮਹੀਨਿਆਂ ਵਿੱਚ ਉਹਨੂੰ ਨਿੱਕ ਦੀ ਆਦਤ ਪੈ ਗਈ ਸੀ। ਕੁਝ ਲੜਾਈਆਂ ਦੇ ਬਾਵਜੂਦ ਜ਼ਿੰਦਗੀ ਬਹੁਤ ਖੂਬਸੂਰਤ ਸੀ। ਉਹ ਜ਼ਰਾ ਕੁ ਰੁਸਦੀ ਤਾਂ ਨਿੱਕ ਉਸ ਨੂੰ ਕੋਈ ਤੋਹਫਾ ਦੇ ਕੇ ਮਨਾਉਂਦਾ। ਉਸ ਲਈ ਫੁੱਲ ਲੈ ਕੇ ਆਉਂਦਾ। ਉਹ ਪੱਬਾਂ–ਕਲੱਬਾਂ ਵਿੱਚ ਜਾਂਦੇ, ਫਿਲਮਾਂ–ਪਲੇਅ ਦੇਖਦੇ। ਰੈਸਟੋਰੈਂਟ ਜਾ ਕੇ ਕੈਂਡਲ–ਲਾਈਟ ਡਿਨਰ ਕਰਦੇ। ਸੌਣ ਤੋਂ ਪਹਿਲਾਂ ਘੰਟਾ–ਘੰਟਾ ਗੱਲਾਂ ਕਰਦੇ ਰਹਿੰਦੇ, ਜੱਗੀ ਤੋਂ ਇਕ ਦਮ ਉਲਟ ਸੀ ਨਿੱਕ। ਨਿੱਕ ਵੀ ਹੁਣ ਪ੍ਰੀਤੀ ਨੂੰ ਛੇਤੀ ਕੀਤੇ ਛੱਡਣਾ ਨਹੀਂ ਸੀ ਚਾਹੁੰਦਾ।

ਜੱਗੀ ਜੇਲ੍ਹ ਵਿੱਚ ਆਪਣਾ ਸਮਾਂ ਪੂਰਾ ਕਰਕੇ ਘਰ ਆ ਗਿਆ। ਨਿੱਕ ਤੇ ਪ੍ਰੀਤੀ ਹੀ ਉਸ ਨੂੰ ਲੈਣ ਗਏ। ਉਸ ਦੇ ਆਉਣ ਤੋਂ ਪਹਿਲਾਂ ਹੀ ਨਿੱਕ ਆਪਣਾ ਸਾਮਾਨ ਚੁੱਕ ਲੈ ਗਿਆ। ਜਾਣ ਤੋਂ ਪਹਿਲਾਂ ਉਹ ਪ੍ਰੀਤੀ ਨੂੰ ਆਖਣ ਲੱਗਾ,

–ਜਾਨ, ਤੂੰ ਹੁਣ ਉਸ ਬਿਓੜੇ ਨਾਲ ਸੌਣਾ ਨਹੀਂ ਹੋਵੇਗਾ। ਹੁਣ ਤੂੰ ਮੇਰੀ ਐਂ, ਸਿਰਫ ਮੇਰੀ। ....ਤੇ ਜਲਦੀ ਤੋਂ ਜਲਦੀ ਇੱਕ ਪਾਸਾ ਕਰ।



ਜੱਗੀ ਨੂੰ ਸੋਸ਼ਲ ਸਕਿਉਰਟੀ ਮਿਲਣ ਲੱਗ ਪਈ ਪਰ ਨਾਲ ਉਸ ਨੇ ਕੰਮ ਲੱਭਣ ਲਈ ਏਧਰ ਓਧਰ ਹੱਥ ਮਾਰਨੇ ਸ਼ੁਰੂ ਕਰ ਦਿੱਤੇ। ਕੰਮ ਦੇ ਸਿਲਸਿਲੇ ਵਿੱਚ ਉਹ ਦੋਸਤਾਂ ਨੂੰ ਮਿਲਿਆ। ਰਾਮਾ ਨੰਦ ਦਾ ਇੱਕ ਵਾਕਫ ਬਿਲਡਰ ਸੀ, ਬਾਹੜਾ। ਉਸ ਨੇ ਜੱਗੀ ਨੂੰ ਬਾਹੜੇ ਨਾਲ ਮਿਲਾ ਦਿੱਤਾ। ਲਕੜੀ ਦਾ ਕੰਮ ਤਾਂ ਜਿਵੇਂ ਜੱਗੀ ਦੇ ਖ਼ੂਨ ਵਿੱਚ ਹੀ ਸੀ। ਕੁਝ ਦਿਨਾਂ ਵਿੱਚ ਹੀ ਉਸ ਦਾ ਹੱਥ ਸਾਫ ਹੋ ਗਿਆ। ਉਹ ਖੁਸ਼ ਸੀ। ਪੈਸੇ ਆ ਰਹੇ ਸਨ। ਰੌਇਲ ਮੇਲ ਦਾ ਕੰਮ ਖੁਸ ਜਾਣ ਦਾ ਦੁੱਖ ਸੀ ਪਰ ਦੁਬਾਰਾ ਠੀਕ ਜਿਹੀ ਤਨਖਾਹ ਬਣ ਜਾਣ ’ਤੇ ਉਹ ਖੁਸ਼ ਵੀ ਸੀ। ਬਾਕੀ ਗੱਲਾਂ ਸਾਰੀਆਂ ਠੀਕ ਸਨ ਪਰ ਇੱਕ ਗੱਲ ਉਸ ਨੂੰ ਹਰ ਵੇਲੇ ਤੰਗ ਕਰਨ ਲੱਗੀ ਸੀ। ਉਹ ਇਹ ਕਿ ਪ੍ਰੀਤੀ ਉਸ ਨਾਲ ਇੱਕ ਫਰਕ ਬਣਾ ਕੇ ਰੱਖਦੀ ਸੀ। ਉਸ ਨੂੰ ਲਾਗੇ ਕਿਉਂ ਨਹੀਂ ਲੱਗਣ ਦਿੰਦੀ। ਹਰ ਵੇਲੇ ਪੇਟ ਦਰਦ ਦਾ ਬਹਾਨਾ ਕਰਦੀ ਰਹਿੰਦੀ। ਇੱਕ ਦਿਨ ਉਹ ਕਿਸੇ ਕਾਰਨ ਆਪਣੇ ਡਾਕਟਰ ਕੋਲ ਗਿਆ ਤੇ ਇੱਕ ਸਵਾਲ ਕਰਨ ਲੱਗਾ,

–ਡਾਕਟਰ ਸਾਬ, ਇੱਕ ਗੱਲ ਦੱਸੋ ਕਿ ਪ੍ਰੀਤੀ ਦੇ ਪੇਟ ਵਿੱਚ ਦਰਦ ਰਹਿੰਦਾ, ਅਸੀਂ ਸੈਕਸ ਨਹੀਂ ਕਰ ਸਕਦੇ, ਕੋਈ ਦਵਾਈ ?

–ਅਜਿਹੀ ਕੋਈ ਪ੍ਰੋਬਲਮ ਤਾਂ ਨਹੀਂ ਹੋਣੀ ਚਾਹੀਦੀ ਪਰ ਕਿਸੇ ਦਿਨ ਦੋਵੇਂ ਆ ਜਾਵੋ, ਆਪਾਂ ਗੱਲ ਡਿਸਕਸ ਕਰ ਲਵਾਂਗੇ।

ਡਾਕਟਰ ਨੇ ਸਲਾਹ ਦਿੱਤੀ। ਜੱਗੀ ਨੇ ਸਾਰੀ ਗੱਲ ਪ੍ਰੀਤੀ ਨੂੰ ਦੱਸੀ ਤਾਂ ਉਹ ਭੜਕ ਉੱਠੀ, ਬੋਲੀ,

–ਜੈਗ, ਹੁਣ ਤੂੰ ਮੇਰੀ ਬੇਇੱਜ਼ਤੀ ਲੋਕਾਂ ਵਿੱਚ ਕਰਦਾ ਫਿਰਦਾਂ ? ਪਹਿਲਾਂ ਹੀ ਤੂੰ ਮੇਰੀ ਥੋੜ੍ਹੀ ਬਦਨਾਮੀ ਕੀਤੀ ਐ ! ਮੈਂ ਕਿਸੇ ਨੂੰ ਮੂੰਹ ਦਿਖਾਉਣ ਜੋਗੀ ਨਹੀਂ ਰਹੀ। ਤੂੰ ਮੇਰੀ ਜ਼ਿੰਦਗੀ ਨਰਕ ਬਣਾ ਦਿੱਤੀ। ! ਜ਼ਰਾ ਸੋਚ ਕੇ ਦੇਖ ਮੇਰੇ ਵਰਗੀ ਜ਼ਿੰਦਗੀ ਕਿਸ ਔਰਤ ਦੀ ਐ ? ਹਰ ਕੋਈ ਆਪਣੇ ਘਰ ਖੁਸ਼ ਤੇ ਮੈਂ ਪੈਰ–ਪੈਰ ਤੇ ਬੇਇੱਜ਼ਤ ਹੁੰਦੀ ਆਂ, ਸਮਾਜ ਵਿੱਚ ਕਿਸੇ ਨੂੰ ਮੂੰਹ ਦਿਖਾਉਣ ਜੋਗੀ ਨਹੀਂ ਤੇ ਉੱਤੋਂ ਹੁਣ ਤੂੰ ਡਾਕਟਰਾਂ ਨਾਲ ਸਲਾਹਾਂ ਕਰਦਾ ਫਿਰਦਾਂ ! ਆਹ ਚਾਰ ਮਹੀਨੇ ਸੁਖ ਦੇ ਕੱਢੇ ਸੀ ਤੇ ਤੂੰ ਫਿਰ ਆ ਗਿਆਂ ਮੈਨੂੰ ਦੁੱਖ ਦੇਣ !

ਜਿਵੇਂ ਪ੍ਰੀਤੀ ਦਾ ਸਾਰਾ ਗੁੱਸਾ, ਸਾਰਾ ਹਿਰਖ ਤੇ ਸਾਰਾ ਅੰਦਰਲਾ ਉਸ ਦੀ ਜ਼ਬਾਨ ’ਤੇ ਆ ਗਿਆ ਹੋਵੇ। ਜੱਗੀ ਉਸ ਵੱਲ ਹੈਰਾਨੀ ਨਾਲ ਦੇਖਦਾ ਜਾ ਰਿਹਾ ਸੀ ਕਿ ਇਹ ਪਹਿਲਾਂ ਵਾਲੀ ਪ੍ਰੀਤੀ ਨਹੀਂ ਸੀ। ਉਸ ਨੇ ਆਖਿਆ,

–ਇਹਦਾ ਮਤਲਬ ਤੂੰ ਮੇਰੇ ਆਉਣ ’ਤੇ ਖੁਸ਼ ਨਹੀਂ।

ਪ੍ਰੀਤੀ ਕੁਝ ਨਾ ਬੋਲੀ। ਜੱਗੀ ਨੇ ਪੁੱਛਿਆ,

–ਪ੍ਰੀਤੀ, ਸੱਚ ਦੱਸ ਕਿ ਤੂੰ ਕੀ ਚਾਹੁੰਨੀ ਐਂ ?

–ਸੁਖ, ਸ਼ਾਂਤੀ, ਇੱਜ਼ਤ ਭਰੀ ਜ਼ਿੰਦਗੀ।

–ਜਾਣੀ ਕਿ ਤੂੰ ਮੇਰੇ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਆਂ ?

–ਜਿਵੇਂ ਮਰਜ਼ੀ ਸਮਝ ਲੈ।

ਪ੍ਰੀਤੀ ਨੇ ਕੰਧ ਵੱਲ ਦੇਖਦਿਆਂ ਆਖਿਆ। ਜੱਗੀ ਨੇ ਪਲ ਕੁ ਲਈ ਸੋਚਿਆ ਤੇ ਫਿਰ ਬੋਲਿਆ,

–ਇਹ ਜਿਹੜੇ ਲੋਕ ਮੈਨੂੰ ਨਿੱਕ ਬਾਰੇ ਇਸ਼ਾਰੇ ਕਰਦੇ ਸਨ, ਉਹ ਸੱਚੇ ਸਨ ?

–ਜਿਵੇਂ ਮਰਜ਼ੀ ਸਮਝ ਲੈ।

–ਪਰ ਉਹ ਤਾਂ ਤੇਰਾ ਭਰਾ ਐ, ਠੀਕ ?

ਸਵਾਲ ਕਰਕੇ ਜੱਗੀ ਨੇ ਪ੍ਰੀਤੀ ਦੀਆਂ ਅੱਖਾਂ ਵਿੱਚ ਦੇਖਣਾ ਚਾਹਿਆ ਪਰ ਉਹ ਉੱਠ ਕੇ ਰਸੋਈ ਵਿੱਚ ਜਾ ਵੜੀ। ਜੱਗੀ ਨੇ ਫਿਰ ਪੁੱਛਿਆ,

–ਇਹਦਾ ਮਤਲਬ, ਮੈਂ ਹੁਣ ਕਬਾਬ ਵਿੱਚ ਹੱਡੀ ਆਂ ? ਮੈਂ ਆਪਣਾ ਕੋਈ ਹੋਰ ਇੰਤਜ਼ਾਮ ਕਰ ਲਵਾਂ ?

ਪ੍ਰੀਤੀ ਕੁਝ ਨਾ ਬੋਲੀ। ਜੱਗੀ ਰੌਕੀ ਦੇ ਕਮਰੇ ਵਿੱਚ ਗਿਆ, ਉਸ ਨੂੰ ਨਿੱਕ ਬਾਰੇ ਪੁੱਛਦਾ ਰਿਹਾ, ਰੌਕੀ ਹਾਂ ਜਾਂ ਨਾਂਹ ਵਿੱਚ ਸਿਰ ਮਾਰਦਾ ਰਿਹਾ। ਜੱਗੀ ਪ੍ਰੀਤੀ ਨੂੰ ਕੁਝ ਕਹੇ ਬਿਨਾਂ ਹੇਠਾਂ ਆ ਕੇ ਆਪਣੀ ਕਾਰ ਵਿੱਚ ਬਹਿ ਗਿਆ। ਇਵੇਂ ਕਈ ਵਾਰ ਜਦ ਉਸ ਨੇ ਕੁਝ ਸੋਚਣਾ ਹੁੰਦਾ ਜਾਂ ਪ੍ਰੀਤੀ ਤੋਂ ਚੋਰੀ ਸ਼ਰਾਬ ਪੀਣੀ ਹੁੰਦੀ ਤਾਂ ਅਕਸਰ ਆਪਣੀ ਕਾਰ ਵਿੱਚ ਆ ਬੈਠਿਆ ਕਰਦਾ ਸੀ। ਲਾਇਸੰਸ ਜਾਣ ’ਤੇ ਵੀ ਉਸ ਨੇ ਕਾਰ ਵੇਚੀ ਨਹੀਂ ਸੀ। ਉਹ ਸੋਚਦਾ ਜਾ ਰਿਹਾ ਸੀ ਕਿ ਜਿਸ ਸੱਚ ਨੂੰ ਉਹ ਨਕਾਰ ਕੇ ਝੂਠ ਕਹਿੰਦਾ ਆਇਆ ਸੀ, ਕਿਵੇਂ ਛੱਤ ਪਾੜ ਕੇ ਸਾਹਮਣੇ ਆ ਰਿਹਾ ਸੀ। ਫਿਰ ਉਹ ਸੋਚਣ ਲੱਗਾ ਕਿ ਹੁਣ ਕੀ ਕਰੇ। ਕਿਸ ਨੂੰ ਫੋਨ ਕਰੇ ਤੇ ਕਿਸ ਨਾਲ ਸਲਾਹ ਕਰੇ। ਨਵੀ ਆਪਣੀ ਪਰਿਵਾਰਕ ਜ਼ਿੰਦਗੀ ਵਿੱਚ ਬੁਰੀ ਤਰ੍ਹਾਂ ਉਲਝਿਆ ਪਿਆ ਸੀ ਤੇ ਹੋਰ ਕੋਈ ਉਸ ਦਾ ਦੋਸਤ ਨਹੀਂ ਸੀ। ਉਹ ਆਪਣੀ ਭੈਣ ਨੂੰ ਇੰਡੀਆ ਫੋਨ ਕਰਕੇ ਬਹੁਤ ਸਾਰੀਆਂ ਸਲਾਹਾਂ ਕਰ ਲਿਆ ਕਰਦਾ ਸੀ ਪਰ ਇਸ ਵੇਲੇ ਉੱਥੇ ਵੱਡੀ ਰਾਤ ਸੀ। ਅੱਜ ਕੱਲ੍ਹ ਉਹ ਬਾਹੜੇ ਨਾਲ ਕੰਮ ਕਰਦਾ ਹੋਣ ਕਰਕੇ ਉਸ ਨਾਲ ਦੋਸਤੀ ਚੱਲ ਰਹੀ ਸੀ। ਦੋਵੇਂ ਇਕੱਠੇ ਸ਼ਰਾਬ ਪੀਂਦੇ ਤੇ ਪੱਬਾਂ ਵਿੱਚ ਜਾਂਦੇ ਸਨ। ਉਸ ਨੇ ਫੋਨ ਕਰਕੇ ਬਾਹੜੇ ਨੂੰ ਸਾਰੀ ਗੱਲ ਦੱਸੀ। ਬਾਹੜਾ ਬੋਲਿਆ,

–ਜੱਗੀ, ਮੇਰੇ ਛੋਟੇ ਭਾਈ, ਫਿਕਰ ਨਾ ਕਰ। ਮੇਰਾ ਇੱਕ ਫਲੈਟ ਖਾਲੀ ਪਿਆ। ਤੂੰ ਉੱਥੇ ਮੂਵ ਹੋ ਜਾ। ਅੱਜ ਦੀ ਰਾਤ ਨੂੰ ਮੇਰੇ ਵੱਲ ਆ ਜਾ।

ਅਗਲੇ ਦਿਨ ਕੰਮ ਤੋਂ ਬਾਅਦ ਜੱਗੀ ਆਪਣਾ ਸਾਮਾਨ ਚੁੱਕਣ ਆਪਣੇ ਘਰ ਗਿਆ। ਉਸ ਨੇ ਆਹਿਸਤਾ ਜਿਹੇ ਦਰਵਾਜ਼ਾ ਖੋਲ੍ਹਿਆ। ਬੈਠਕ ਵਿੱਚ ਗਿਆ ਤਾਂ ਕੀ ਦੇਖਦਾ ਹੈ ਕਿ ਨਿੱਕ ਤੇ ਪ੍ਰੀਤੀ ਲੱਤਾਂ ਵਿੱਚ ਲੱਤਾਂ ਫਸਾਈ ਬੈਠੇ ਟੈਲੀ ਦੇਖ ਰਹੇ ਸਨ। ਟੈਲੀ ਦੀ ਆਵਾਜ਼ ਵਿੱਚ ਉਹਨਾਂ ਨੂੰ ਨਿੱਕ ਦੇ ਆਉਣ ਦਾ ਪਤਾ ਹੀ ਨਹੀਂ ਸੀ ਚੱਲਿਆ। ਉਸ ਨੂੰ ਦੇਖਦਿਆਂ ਹੀ ਇਕਦਮ ਹਟਵੇਂ ਹੋ ਕੇ ਬਹਿ ਗਏ। ਜੱਗੀ ਨੇ ਵਿਅੰਗਮਈ ਆਵਾਜ਼ ਵਿੱਚ ਨਿੱਕ ਨੂੰ ਕਿਹਾ,

–ਕਿੱਦਾਂ ਬਈ ਭੈਣ ਚੋਦਾ ?

ਨਿੱਕ ਸ਼ਰਮ ਨਾਲ ਪਾਣੀ-ਪਾਣੀ ਹੋਈ ਜਾ ਰਿਹਾ ਸੀ। ਜੱਗੀ ਨੇ ਆਪਣੇ ਕਮਰੇ ਵਿੱਚੋਂ ਸਾਮਾਨ ਚੁੱਕਿਆ ਤੇ ਰੌਕੀ ਦੇ ਕਮਰੇ ਵਿੱਚ ਚਲੇ ਗਿਆ। ਉਸ ਨੂੰ ਜੱਫੀ ਵਿੱਚ ਲੈ ਕੇ ਚੁੰਮਿਆਂ ਤੇ ਆਪਣਾ ਫੋਨ ਨੰਬਰ ਦੇ ਕੇ ਬੋਲਿਆ,

–ਜੇ ਕਿਸੇ ਚੀਜ਼ ਦੀ ਲੋੜ ਹੋਈ ਤਾਂ ਫੋਨ ਕਰ ਲਵੀਂ।

ਹੁਣ ਜੱਗੀ ਦੀ ਨਵੀਂ ਜ਼ਿੰਦਗੀ ਸ਼ੁਰੂ ਹੋ ਗਈ। ਦਿਨ ਭਰ ਉਹ ਕੰਮ ਕਰਦਾ ਤੇ ਸ਼ਾਮ ਨੂੰ ਸ਼ਰਾਬ ਪੀ ਕੇ ਸੌਂ ਜਾਂਦਾ। ਕਦੇ ਖਾਣਾ ਘਰ ਬਣਾ ਲੈਂਦਾ ਤੇ ਕਦੇ ਬਾਹਰੋਂ ਟੇਕ



ਅਵੇਅ ਹੀ ਲੈ ਆਉਂਦਾ। ਜੱਗੀ ਅੰਦਰੋਂ ਬਹੁਤ ਹੁੱਸਿਆ ਹੁੱਸਿਆ ਰਹਿੰਦਾ ਪਰ ਬਾਹਰੋਂ ਸਦਾ ਵਾਂਗ ਚੜ੍ਹਦੀ ਕਲਾ ਵਿੱਚ ਰਹਿੰਦਾ।

ਇਹਨਾਂ ਦਿਨਾਂ ਵਿੱਚ ਹੀ ਨਵੀ ਨੂੰ ਜੀਵਨ ਦੀ ਉਹ ਖ਼ੁਸ਼ੀ ਮਿਲ ਗਈ ਜਿਸ ਦੀ ਉਹ ਕਈ ਸਾਲਾਂ ਤੋਂ ਉਡੀਕ ਕਰ ਰਿਹਾ ਸੀ। ਪਲਵੀ ਨੇ ਇੱਕ ਬੇਟੇ ਨੂੰ ਜਨਮ ਦਿਤਾ। ਭਾਵੇਂ ਪਲਵੀ ਬਹੁਤ ਔਖੀ ਹੋਈ ਪਰ ਬੱਚਾ ਠੀਕ ਸੀ। ਡਾਕਟਰਾਂ ਨੇ ਵਕਤ ਤੋਂ ਪਹਿਲਾਂ ਹੀ ਲੈ ਲਿਆ ਸੀ। ਇਸ ਲਈ ਪਲਵੀ ਨੂੰ ਕਈ ਮਹੀਨੇ ਹਸਪਤਾਲ ਰਹਿਣਾ ਪਿਆ ਸੀ। ਜੋ ਵੀ ਹੋਵੇ ਦੋਵੇਂ ਪਤੀ-ਪਤਨੀ ਬਹੁਤ ਖ਼ੁਸ਼ ਸੀ। ਜੱਗੀ ਉਸ ਨੂੰ ਵਧਾਈਆਂ ਦੇਣ ਆਇਆ ਤਾਂ ਦੋ ਗਲਾਸੀਆਂ ਪੀ ਕੇ ਉਧੜਨ ਲੱਗਾ। ਆਪਣੇ, ਪ੍ਰੀਤੀ ਤੇ ਨਿੱਕ ਬਾਰੇ ਸਾਰੀਆਂ ਗੱਲਾਂ ਦੱਸਦਾ ਹੋਇਆ ਬੋਲਿਆ,

–ਯਾਰ ਨਵੀ, ਹੁਣ ਇੱਥੇ ਦਿਲ ਨਹੀਂ ਲੱਗਦਾ। ਦਿਲ ਕਰਦਾ ਕਿ ਇੰਡੀਆ ਚਲੇ ਜਾਵਾਂ ਪਰ ਉੱਥੇ ਗਿਆ ਤਾਂ ਮਾਂਪਿਓ ਦੁਖੀ ਹੋਣਗੇ। ਕਦੇ ਸੋਚਦਾਂ ਕਿ ਕਨੇਡਾ, ਅਮਰੀਕਾ ਜਾਂ ਅਸਟਰੇਲੀਆ ਜਾ ਵਸਾਂ ਤੇ ਜ਼ਿੰਦਗੀ ਮੁੜ ਕੇ ਸ਼ੁਰੂ ਕਰ ਲਵਾਂ।

–ਜੱਗੀ, ਏਦਾਂ ਕਰ ਕਿ ਕਨੇਡਾ ਚਲੇ ਜਾਹ, ਉੱਥੇ ਸਰੀ ਵਿੱਚ ਮੇਰੇ ਚਾਚੇ ਦਾ ਮੁੰਡਾ ਦਿਲਬਾਗ ਰਹਿੰਦਾ, ਬਿਲਡਰ ਹੀ ਐ ਉਹ ਵੀ। ਸ਼ਾਇਦ ਤੇਰੀ ਮੱਦਦ ਕਰ ਸਕੇ। ਕਹੇਂ ਤਾਂ ਫੋਨ ਕਰ ਕੇ ਪੁੱਛ ਲੈਨਾਂ।

ਅਗਲੇ ਹਫਤੇ ਜੱਗੀ ਕਨੇਡਾ ਜਾਣ ਵਾਲੇ ਜਹਾਜ਼ ਵਿੱਚ ਬੈਠਾ ਸੀ।

# ਇੱਕੀ

ਕਨੇਡਾ ਵਿੱਚ ਜੱਗੀ ਦਾ ਦਿਲ ਲੱਗ ਗਿਆ। ਉਸ ਨੂੰ ਜਾਂਦਿਆਂ ਹੀ ਦਿਲਬਾਗ ਨੇ ਆਪਣੇ ਨਾਲ ਹੀ ਕੰਮ ’ਤੇ ਰੱਖ ਲਿਆ। ਉਸ ਨੇ ਉੱਥੇ ਜਾ ਕੇ ਨਵਾਂ ਡਰਾਇਵਿੰਗ ਲਾਇਸੰਸ ਵੀ ਲੈ ਲਿਆ। ਇੰਗਲੈਂਡ ਦੇ ਲਇਸੰਸ ਦਾ ਉਸ ਨੇ ਜ਼ਿਕਰ ਤਕ ਨਾ ਕੀਤਾ। ਦਿਲਬਾਗ ਨਾਲ ਉਸ ਦਾ ਕਰੂਰਾ ਵਾਹਵਾ ਰਲ਼ ਗਿਆ। ਜੱਗੀ ਵੀ ਸਭ ਨਾਲ ਘੁਲ-ਮਿਲ ਜਾਣ ਵਾਲਾ ਬੰਦਾ ਸੀ। ਉਹਦੇ ਵਾਂਗ ਹੀ ਦਿਲਬਾਗ ਵੀ ਸ਼ਾਮ ਨੂੰ ਦਾਰੂ ਪੀਣ ਦਾ ਸ਼ੌਕੀਨ ਸੀ। ਜੱਗੀ ਨੇ ਛੇਤੀ ਹੀ ਸਰੀ ਵਿੱਚ ਦੋਸਤੀਆਂ ਪਾ ਲਈਆਂ। ਉਸ ਨੇ ਵੈਨ ਖਰੀਦ ਲਈ ਤੇ ਆਪਣਾ ਅਲੱਗ ਕੰਮ ਵੀ ਫੜਨ ਲੱਗਿਆ। ਉਹ ਨਵੀ ਨੂੰ ਫੋਨ ਕਰਕੇ ਆਪਣੇ ਬਾਰੇ ਜਾਣਕਾਰੀ ਦਿੰਦਾ ਰਹਿੰਦਾ ਸੀ। ਹੁਣ ਉਹ ਕਨੇਡਾ ਵਿੱਚ ਪੱਕਾ ਹੋਣ ਬਾਰੇ ਸੋਚਣ ਲੱਗਿਆ ਸੀ। ਵਾਪਸ ਇੰਗਲੈਂਡ ਮੁੜਨ ਦਾ ਉਸ ਨੇ ਵਿਚਾਰ ਛੱਡ ਦਿੱਤਾ। ਪ੍ਰੀਤੀ ਤੇ ਰੌਕੀ ਨੂੰ ਉਹ ਅਕਸਰ ਚੇਤੇ ਕਰਦਾ। ਉਸ ਦੇ ਅੰਦਰ ਚੀਸ ਜਿਹੀ ਵੀ ਉੱਠਦੀ ਪਰ ਸ਼ਰਾਬ ਨਾਲ ਸਾਰੀਆਂ ਚੀਸਾਂ ਦਬਾ ਲੈਂਦਾ।

ਜੱਗੀ ਚਲੇ ਗਿਆ। ਪ੍ਰੀਤੀ ਨੂੰ ਉਸ ਦੇ ਜਾਣ ਦਾ ਪਤਾ ਚੱਲਿਆ ਤਾਂ ਉਸ ਨੂੰ ਇੱਕ ਤਸੱਲੀ ਜਿਹੀ ਮਹਿਸੂਸ ਹੋਈ ਕਿ ਉਸ ਨੂੰ ਹੁਣ ਜੱਗੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਹੁਣ ਨਿੱਕ ਤੇ ਪ੍ਰੀਤੀ ਪਤੀ-ਪਤਨੀ ਵਾਂਗ ਸਮਾਜ ਵਿੱਚ ਵਿਚਰਨ ਲੱਗੇ। ਨਿੱਕ

ਆਪਣੇ ਦੋਸਤਾਂ ਨਾਲ ਪ੍ਰੀਤੀ ਨੂੰ ਮਿਲਾਉਣ ਲੱਗਾ। ਨਿੱਕ ਦੀ ਪਹਿਲੀ ਪਤਨੀ ਨੀਸ਼ਾ ਨੇ ਉਹਨਾਂ ਨੂੰ ਖਾਣੇ 'ਤੇ ਵੀ ਸੱਦਿਆ। ਨਿੱਕ ਦੇ ਕੰਮ 'ਤੇ ਹੋਈ ਇੱਕ ਪਾਰਟੀ ਵਿੱਚ ਵੀ ਪ੍ਰੀਤੀ ਨਿੱਕ ਦੀ ਪਤਨੀ ਵਜੋਂ ਗਈ। ਨੀਸ਼ਾ ਦੇ ਮੁਕਾਬਲੇ ਪ੍ਰੀਤੀ ਬਹੁਤ ਸੋਹਣੀ ਸੀ। ਨਿੱਕ ਨੂੰ ਉਸ ਨਾਲ ਤੁਰਨਾ ਬਹੁਤ ਚੰਗਾ ਲੱਗਦਾ। ਉਹ ਮਾਣ ਮਹਿਸੂਸ ਕਰਦਾ। ਇੱਕ ਦਿਨ ਪ੍ਰੀਤੀ ਬੋਲੀ,

–ਨਿੱਕ, ਘਰ ਦਾ ਮੇਰਾ ਸੁਫਨਾ ਪੂਰਾ ਹੋਏਗਾ ਕਦੇ ?

ਨਿੱਕ ਉੱਠਿਆ ਤੇ ਲੋਕਲ ਅਖ਼ਬਾਰ ਚੁੱਕ ਕੇ ਘਰਾਂ ਦੀਆਂ ਤੇ ਫਲੈਟਾਂ ਦੀਆਂ ਕੀਮਤਾਂ ਦੇਖਣ ਲੱਗਾ। ਕੁਝ ਦੇਰ ਉਹ ਘੋਖਦਾ ਰਿਹਾ ਤੇ ਫਿਰ ਬੋਲਿਆ,

–ਜੇ ਆਪਾਂ ਇਹ ਫਲੈਟ ਵੇਚ ਦੇਈਏ ਤੇ ਇਹਦੇ ਪੈਸੇ ਪਾਈਏ ਤੇ ਕੁਝ ਮੈਂ ਆਪਣੇ ਕੋਲੋਂ ਪਾਵਾਂ ਤਾਂ ਆਪਾਂ ਘਰ ਲੈਣ ਬਾਰੇ ਸੋਚ ਸਕਦੇ ਆਂ। ਹਮੀਦ ਹੁਣ ਮੌਰਟਗੇਜ ਦਾ ਵੀ ਕੰਮ ਕਰਦਾ, ਸੋ ਮੌਰਟਗੇਜ ਦਾ ਕੋਈ ਫਿਕਰ ਨਹੀਂ।

–ਇਹ ਫਲੈਟ ਮੈਂ ਕਿੱਦਾਂ ਵੇਚ ਸਕਦੀ ਆਂ ? ਇਹਦੇ ਵਿੱਚ ਤਾਂ ਜੱਗੀ ਦਾ ਨਾਂ ਵੀ ਐ।

–ਜੇ ਤੂੰ ਕਿਸੇ ਤਰ੍ਹਾਂ ਉਹਨੂੰ ਮਨਾ ਲਵੇਂ, ਵੇਚਣ ਲਈ।

–ਉਹ ਤਾਂ ਹੁਣ ਕੈਨੇਡਾ ਬੈਠਾ, ਨਾ ਉਹਦਾ ਕੋਈ ਪਤਾ, ਨਾ ਸਤਾ।

ਆਖਦੀ ਪ੍ਰੀਤੀ ਸੋਚਾਂ ਵਿੱਚ ਪੈ ਗਈ।

ਇੱਕ ਦਿਨ ਪ੍ਰੀਤੀ ਨੇ ਨਵੀ ਨੂੰ ਫੋਨ ਕੀਤਾ। ਸਰਸਰੀ 'ਹੈਲੋ' ਤੋਂ ਬਾਅਦ ਕਹਿਣ ਲੱਗੀ,

–ਨਵੀ, ਤੂੰ ਮੈਨੂੰ ਕੀ ਸਮਝਦਾਂ ਕਿ ਆਪਣੇ ਮੁੰਡੇ ਬਾਰੇ ਦੱਸਿਆ ਹੀ ਨਹੀਂ ?

–ਪ੍ਰੀਤੀ, ਪਲਵੀ ਬਹੁਤ ਔਖੀ ਰਹੀ, ਅਸੀਂ ਕਈ ਮਹੀਨੇ ਹਸਪਤਾਲ ਦੇ ਚੱਕਰ ਵਿੱਚ ਹੀ ਰਹੇ, ਮੁੰਡੇ ਦੀ ਖ਼ੁਸ਼ੀ ਤਾਂ ਬਹੁਤ ਸੀ ਪਰ ਸਿਰਦਰਦੀ ਵੀ ਬਹੁਤ ਤੇ ਨਾਲ ਦੀ ਨਾਲ ਫਿਕਰ ਵੀ, ਸੋ ਫਿਕਰਾਂ ਤੇ ਉਕਤਾਹਟਾਂ ਨਾਲ ਏਨਾ ਮਨ ਮੱਲੀ ਰੱਖਿਆ।

–ਜਦ ਵਕਤ ਮਿਲਿਆ ਉਦੋਂ ਹੀ ਦੱਸ ਦਿੰਦਾ।

–ਪ੍ਰੀਤੀ, ਜੋ ਕੁਝ ਵੀ ਤੇਰੇ ਤੇ ਜੱਗੀ ਵਿਚਕਾਰ ਹੋਇਆ ਉਸ ਨੇ ਮੇਰਾ ਮੂਡ ਖਰਾਬ ਕਰੀ ਰੱਖਿਆ। ਮੇਰਾ ਕਿਸੇ ਨਾਲ ਵੀ ਗੱਲ ਕਰਨ ਨੂੰ ਦਿਲ ਨਹੀਂ ਕੀਤਾ।

ਨਵੀ ਨੇ ਆਖਿਆ। ਪ੍ਰੀਤੀ ਇਸ ਗੱਲ ਦੀ ਉਮੀਦ ਕਰਦੀ ਹੀ ਸੀ ਕਿਉਂਕਿ ਨਵੀ ਉਸ ਨੂੰ ਸਾਫ ਗੱਲ ਕਹਿ ਜਾਇਆ ਕਰਦਾ ਸੀ। ਉਹ ਬੋਲੀ,

–ਨਵੀ, ਇਸ ਵਿੱਚ ਕਸੂਰ ਮੇਰਾ ਨਹੀਂ, ਤੇਰੇ ਦੋਸਤ ਦਾ ਐ। ਦੇਖ, ਉਹਨੇ ਮੈਨੂੰ ਕਿਹੋ ਜਿਹੇ ਦਿਨ ਦਿਖਾਏ, ਜੇਲ੍ਹ ਦੇਖ ਲਈ, ਹਰ ਪਾਸੇ ਬਦਨਾਮੀ ! ਮੈਂ ਕਿਸੇ ਨੂੰ ਮੂੰਹ ਦਿਖਾਉਣ ਜੋਗੀ ਨਾ ਰਹੀ। ਫਿਰ ਅਜਿਹੇ ਵੇਲੇ ਜੇ ਮੈਨੂੰ ਨਿੱਕ ਨੇ ਮੋਢਾ ਦੇ ਦਿੱਤਾ ਤਾਂ ਮੇਰਾ ਕੀ ਕਸੂਰ। ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਔਰਤ ਤਾਂ ਵੇਲ ਵਾਂਗ ਹੁੰਦੀ ਐ, ਜਿਹੜਾ ਆਸਰਾ ਮਿਲੇ ਉਸੇ 'ਤੇ ਚੜ੍ਹ ਜਾਂਦੀ ਐ।

ਨਵੀ ਚੁੱਪ ਰਿਹਾ। ਪ੍ਰੀਤੀ ਨੇ ਪਲਵੀ ਦਾ ਤੇ ਬੱਚੇ ਦਾ ਹਾਲ–ਚਾਲ ਪੁੱਛਿਆ ਤੇ ਫਿਰ ਆਖਣ ਲੱਗੀ,



–ਨਵੀ, ਦੇਖ ਜੈਗ ਚੁੱਪ ਕਰਕੇ ਸਭ ਛੱਡ ਛਡਾ ਕੇ ਚਲੇ ਗਿਆ।

–ਹੋਰ ਕੀ ਕਰਦਾ ? ਇਸ ਤੋਂ ਵਧੀਆ ਇਸ ਦਾ ਬਦਲ ਹੈ ਵੀ ਕੀ ਸੀ। ਹੁਣ ਤੁਸੀਂ ਮੌਜਾਂ ਮਾਣੋਂ। ਉਹਨੂੰ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਿਓ।

–ਉਹਦੀ ਨਵੀਂ ਜ਼ਿੰਦਗੀ ਉਹਨੂੰ ਮੁਬਾਰਕ ਪਰ ਰੌਕੀ ਉਹਨੂੰ ਬਹੁਤ ਮਿੱਸ ਕਰਦਾ। ਕਈ ਵਾਰ ਤਾਂ ਆਪਣੇ ਰੂਮ ਵਿੱਚ ਵੜ ਕੇ ਰੋਂਦਾ ਰਹਿੰਦਾ।

–ਇਹ ਤਾਂ ਤੁਹਾਨੂੰ ਪਤਾ ਹੀ ਸੀ। ਮੈਂ ਜਾਣਦਾਂ ਕਿ ਰੌਕੀ ਉਹ ਦੇ ਬਹੁਤਾ ਨੇੜੇ ਆ।

–ਨਵੀ, ਮੈਨੂੰ ਜੈਗ ਦਾ ਫੋਨ ਨੰਬਰ ਦੇਹ, ਮੈਂ ਰੌਕੀ ਦੀ ਉਸ ਨਾਲ ਗੱਲ ਕਰਾ ਦੇਵਾਂ। ਮੁੰਡਾ ਕੋਈ ਬਿਮਾਰੀ ਹੀ ਨਾ ਲਵਾ ਬੈਠੇ !

ਨਵੀ ਕੁਝ ਕੁ ਝਿਜਕਿਆ ਪਰ ਫਿਰ ਫੋਨ ਨੰਬਰ ਦੇ ਦਿੱਤਾ।

ਭਾਵੇਂ ਪ੍ਰੀਤੀ ਨੂੰ ਫੋਨ ਫਲੈਟ ਵੇਚਣ ਦੀ ਸੋਚ ਅਧੀਨ ਹੀ ਚਾਹੀਦਾ ਸੀ ਪਰ ਰੌਕੀ ਦੇ ਓਦਰਨ ਵਾਲੀ ਗੱਲ ਵੀ ਗਲਤ ਨਹੀਂ ਸੀ। ਉਂਵੇਂ ਤਾਂ ਨਿੱਕ ਦਾ ਰੌਕੀ ਨਾਲ ਵਿਵਹਾਰ ਠੀਕ ਸੀ ਪਰ ਕਦੇ ਕਦੇ ਉਹ ਰੌਕੀ ਨੂੰ ਦਬਕ ਦਿਆ ਕਰਦਾ ਸੀ। ਅਜਿਹੇ ਵੇਲੇ ਪ੍ਰੀਤੀ ਸੋਚਦੀ ਕਿ ਜੇ ਜੱਗੀ ਕਿਤੇ ਨਜ਼ਦੀਕ ਹੁੰਦਾ ਤਾਂ ਕਦੇ ਰੌਕੀ ਉਸ ਨੂੰ ਹੀ ਮਿਲਣ ਚਲੇ ਜਾਂਦਾ। ਇੱਕ ਦਿਨ ਉਸ ਨੇ ਕਨੇਡਾ ਦੇ ਵਕਤ ਦਾ ਹਿਸਾਬ ਲਾ ਕੇ ਜੱਗੀ ਨੂੰ ਫੋਨ ਕੀਤਾ। ਉਹ ਬੋਲੀ,

–ਜੈਗ, ਤੂੰ ਤਾਂ ਰੌਕੀ ਨੂੰ ਭੁੱਲ ਹੀ ਗਿਆਂ !

–ਕੀ ਹਾਲ ਐ ਉਹਦਾ ?

–ਉਹ ਅੰਦਰ ਵੜ ਵੜ ਕੇ ਰੋਂਦਾ ਰਹਿੰਦੈ।

ਇਹ ਸੁਣ ਕੇ ਜੱਗੀ ਦਾ ਦਿਲ ਪਸੀਜ ਗਿਆ। ਉਹ ਬੋਲਿਆ,

–ਮੈਡਮ, ਇਹ ਸਭ ਤੇਰੇ ਕਰਕੇ ਹੀ ਐ, ਤੇਰੇ ਗਲਤ ਫੈਸਲਿਆਂ ਕਰਕੇ ਹੀ ਐ। ਇਵੇਂ ਕਰ ਤੂੰ ਉਹਨੂੰ ਇੱਥੇ ਮੇਰੇ ਕੋਲ ਭੇਜ ਦੇ।"

–ਉਹ ਤਾਂ ਪੜ੍ਹਦਾ, ਉਹ ਕਿਵੇਂ ਆ ਜਾਊ ?

–ਛੁੱਟੀਆਂ ਵਿੱਚ ਭੇਜ ਦੇਵੀਂ।

–ਇਕੱਲਾ ਟਰੈਵਲ ਕਿਵੇਂ ਕਰੇਗਾ ?

–ਏਨਾ ਛੋਟਾ ਤਾਂ ਉਹ ਨਹੀਂ, ਨਾਲੇ ਜੇ ਏਅਰ ਲਾਈਨ ਵਾਲਿਆਂ ਨੂੰ ਪਹਿਲਾਂ ਦੱਸ ਦਿੱਤਾ ਜਾਵੇ ਤਾਂ ਉਹ ਬੱਚੇ ਦਾ ਖਾਸ ਧਿਆਨ ਰੱਖਦੇ ਆ। ....ਲਿਆ ਉਹਦੇ ਨਾਲ ਮੇਰੀ ਗੱਲ ਕਰਾ।

ਜੱਗੀ ਨੇ ਕਿਹਾ। ਪ੍ਰੀਤੀ ਨੇ ਫੋਨ ਰੌਕੀ ਨੂੰ ਫੜਾਉਂਦਿਆਂ ਕਿਹਾ,

–ਯੋਅਰ ਡੈਡ ਔਨ ਦਾ ਫੋਨ।

'ਡੈਡ' ਸ਼ਬਦ ਸੁਣਦਿਆਂ ਹੀ ਰੌਕੀ ਰੋਣ ਲੱਗ ਪਿਆ। ਰੌਕੀ ਨੂੰ ਰੋਂਦਾ ਸੁਣ ਕੇ ਜੱਗੀ ਦਾ ਮਨ ਹੋਰ ਵੀ ਡੁੱਬਣ ਲੱਗ ਗਿਆ। ਉਸ ਦਾ ਗਲ਼ਾ ਭਰ ਆਇਆ। ਉਸ ਦਿਨ ਤੋਂ ਬਾਅਦ ਉਹ ਅਕਸਰ ਰੌਕੀ ਨੂੰ ਫੋਨ ਕਰਨ ਲੱਗਾ। ਉਸ ਦਾ ਫੋਨ ਆਉਂਦਾ ਤਾਂ ਪ੍ਰੀਤੀ ਵੀ ਉਸ ਨਾਲ ਕੁਝ ਗੱਲਾਂ ਕਰਦੀ। ਇੱਕ ਦਿਨ ਪ੍ਰੀਤੀ ਬੋਲੀ,

–ਜੈਗ, ਮੈਂ ਚਾਹੁੰਨੀ ਆਂ ਕਿ ਫਲੈਟ ਵੇਚ ਕੇ ਘਰ ਲੈ ਲਵਾਂ। ਤੂੰ ਕਿਵੇਂ ਸੋਚਦਾਂ ?

–ਜਿਵੇਂ ਤੇਰੀ ਮਰਜ਼ੀ ਮੈਡਮ। ਅੱਗੇ ਤੂੰ ਕੋਈ ਕੰਮ ਮੈਨੂੰ ਪੁੱਛ ਕੇ ਕਰਦੀ ਐਂ ?

–ਵੇਚ ਦੇਵਾਂ ਫਿਰ ? ਤੂੰ ਸਾਈਨ ਕਰ ਦੇਵੇਂਗਾ ?

–ਬਿਲਕੁਲ, ਮੈਨੂੰ ਪਤਾ ਕਿ ਫਲੈਟ ਦੀ ਕੀਮਤ ਵੱਧ ਗਈ ਹੋਣੀ ਆਂ, ਵੇਚ ਦੇ, ਇਵੇਂ ਮੈਂ ਵੀ ਇੱਥੇ ਕੁਝ ਨਾ ਕੁਝ ਲੈ ਸਕਦਾਂ।

ਜੱਗੀ ਦੀ ਗੱਲ ਸੁਣ ਕੇ ਪ੍ਰੀਤੀ ਦੀ ਜੀਭ ਠਾਕੀ ਗਈ। ਉਸ ਨੇ ਹੌਸਲਾ ਕਰ ਕੇ ਆਖਿਆ,

–ਏਨੇ ਪੈਸੇ ਤਾਂ ਫਲੈਟ ਵਿੱਚ ਨਹੀਂ ਹੋਣੇ।

–ਜਿੰਨੇ ਵੀ ਹੈਗੇ ਆ, ਫਲੈਟ ਵੇਚ ਕੇ ਮੇਰਾ ਹਿੱਸਾ ਮੈਨੂੰ ਭੇਜ ਦੇ, ਆਪਣਾ ਤੂੰ ਆਪ ਰੱਖ ਲੈ।

ਜੱਗੀ ਦੇ ਬੋਲਾਂ ਨੇ ਪ੍ਰੀਤੀ ਦੇ ਘਰ ਦੇ ਸੁਫਨੇ ਨੂੰ ਇੱਕ ਵਾਰ ਫਿਰ ਤੋੜ ਕੇ ਰੱਖ ਦਿੱਤਾ। ਉਸ ਨੇ ਸਾਰੀ ਗੱਲ ਨਿੱਕ ਨੂੰ ਦੱਸੀ। ਨਿੱਕ ਬੋਲਿਆ,

–ਘਰਾਂ ਦੀਆਂ ਕੀਮਤਾਂ ਬਹੁਤ ਐ। ਫਲੈਟ ਵਿੱਚੋਂ ਵੀ ਬਹੁਤੇ ਪੈਸੇ ਨਹੀਂ ਨਿਕਲਣ ਲੱਗੇ, ਦੂਜੀ ਮੰਜ਼ਿਲ ’ਤੇ ਕੌਂਸਲ ਦਾ ਫਲੈਟ ਐ। ਫਲੈਟ ਦੇ ਅੱਧੇ ਪੈਸਿਆਂ ਨਾਲ ਤਾਂ ਕੁਝ ਵੀ ਨਹੀਂ ਆਉਣਾ।

ਇੱਕ ਦਿਨ ਹਮੀਦ ਦਾ ਨਿੱਕ ਨੂੰ ਫੋਨ ਆਇਆ, ਕਹਿਣ ਲੱਗਾ,

–ਨਿੱਕ, ਘਰਾਂ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਐ, ਜੇ ਖਰੀਦ ਸਕਦਾਂ ਤਾਂ ਖਰੀਦ ਲੈ। ਪੰਜਾਹ ਹਜ਼ਾਰ ਕੀਮਤ ਵਾਲੇ ਘਰ ਲੱਖ ਪੌਂਡ ਦੇ ਹੋਏ ਖੜੇ ਐ।

–ਮੇਰੇ ਕੋਲ ਯਾਰ ਡਿਪੌਜ਼ਟ ਹੈ ਨਹੀਂ। ਮੈਨੂੰ ਇਕੱਲੇ ਨੂੰ ਮੌਰਟਗੇਜ ਬਹੁਤੀ ਨਹੀਂ ਮਿਲਣੀ।

–ਕਿਸੇ ਨਾਲ ਰਲ਼ ਕੇ ਹੀ ਘਰ ਫਸਾ ਲੈ ।

–ਪ੍ਰੀਤੀ ਵੀ ਤਾਂ ਕੰਮ ਨਹੀਂ ਕਰਦੀ।

–ਪ੍ਰੀਤੀ ਦੇ ਉਸ ਸਾਈਂ ਜਿਹੇ ਮਰਦ ਨੂੰ ਨਾਲ ਰਲ਼ਾ ਲੈ।

–ਹਮੀਦ, ਉਹ ਕੈਨੇਡਾ ਚਲੇ ਗਿਆ।

–ਜਾਣੀ ਕਿ ਸਭ ਕੁਝ ਤੇਰੇ ਹਵਾਲੇ ਕਰ ਗਿਆ।

ਹਮੀਦ ਨੇ ਹੱਸਦੇ ਹੋਏ ਕਿਹਾ। ਨਿੱਕ ਨੇ ਵੀ ਹੱਸ ਕੇ ਹੀ ਉਸ ਦਾ ਜਵਾਬ ਦਿੱਤਾ। ਉਸ ਨੇ ਸਾਰੀ ਗੱਲ ਪ੍ਰੀਤੀ ਨੂੰ ਦੱਸੀ। ਦੋਵੇਂ ਜਾਣੇ ਸਾਰੀ ਰਾਤ ਸਕੀਮਾਂ ਘੜਦੇ ਰਹੇ।

ਅਗਲੇ ਦਿਨ ਪ੍ਰੀਤੀ ਨੇ ਜੱਗੀ ਨੂੰ ਫੋਨ ਕੀਤਾ,

–ਜੈਗ, ਤੂੰ ਵਾਪਸ ਕਿਉਂ ਨਹੀਂ ਆ ਜਾਂਦਾ ?

–ਮੈਂ ਵਾਪਸ ਆ ਕੇ ਕੀ ਕਰਨਾਂ। ਮੇਰਾ ਹੈਥੇ ਹੈ ਹੀ ਕੀ।

–ਤੇਰਾ ਪੁੱਤ ਐ, ਜੇ ਸਮਝੇਂ ਤਾਂ ਮੈਂ ਵੀ ਆਂ।

–ਤੇਰਾ ਮਜ਼ਾਕੀਆ ਸੁਭਾਅ ਕਦੋਂ ਤੋਂ ਹੋ ਗਿਆ ?

–ਸੱਚ ਜੈਗ, ਤੂੰ ਬਹੁਤ ਕਾਹਲ ਕਰ ਗਿਐਂ। ਮੇਰੇ ਤੇ ਨਿੱਕ ਵਿਚਕਾਰ ਅਜਿਹਾ ਕੁਝ ਵੀ ਨਹੀਂ।



–ਮੈਡਮ, ਹੁਣ ਕੀ ਚਾਹੁੰਨੀ ਐਂ ?

–ਜੈਗ, ਆ ਜਾ ਸਭ ਕੁਝ ਭੁੱਲ ਭੁਲਾ ਕੇ ਦੁਬਾਰਾ ਜ਼ਿੰਦਗੀ ਸ਼ੁਰੂ ਕਰੀਏ।

–ਨਹੀਂ ਮੈਡਮ, ਹੁਣ ਤੂੰ ਤੇ ਨਿੱਕ ਖ਼ੁਸ਼ ਰਹੋ।

–ਉਹ ਮੇਰੇ ਨਾਲ ਨਹੀਂ ਰਹਿੰਦਾ, ਮੇਰਾ ਯਕੀਨ ਕਰ।

–ਉਹਦਾ ਮਨ ਭਰ ਗਿਆ ਤੇਰੇ ਤੋਂ ਕਿ ਤੇਰਾ ਉਹਦੇ ਤੋਂ ?

–ਜੈਗ, ਅਜਿਹਾ ਕੁਝ ਵੀ ਨਹੀਂ ਸੀ, ਮੈਂ ਵੀ ਗੁੱਸੇ ਵਿੱਚ ਸੀ ਤੇ ਤੂੰ ਵੀ। ਇਸ ਸਭ ਗੁੱਸੇ ਗੁੱਸੇ ਵਿੱਚ ਹੀ ਹੋ ਗਿਆ।

ਜੱਗੀ ਕੁਝ ਨਾ ਬੋਲਿਆ।

ਹੁਣ ਉਹ ਅਕਸਰ ਰੌਕੀ ਨੂੰ ਫੋਨ ਕਰ ਲੈਂਦਾ। ਰੌਕੀ ਕੋਲ ਕਰਨ ਵਾਸਤੇ ਬਹੁਤੀਆਂ ਗੱਲਾਂ ਨਾ ਹੁੰਦੀਆਂ। ਜੱਗੀ ਦੀਆਂ ਗੱਲਾਂ ਦੇ ਬਹੁਤੇ ਜਵਾਬ ਉਹ ‘ਯੈਸ’ ‘ਨੋ’ ਵਿੱਚ ਹੀ ਦਿੰਦਾ ਤੇ ਛੇਤੀਂ ਹੀ ਉਹ ਫੋਨ ਪ੍ਰੀਤੀ ਨੂੰ ਫੜਾ ਦਿੰਦਾ। ਪ੍ਰੀਤੀ ਉਸ ਨਾਲ ਕਿੰਨੀ ਦੇਰ ਗੱਲਾਂ ਕਰਦੀ ਰਹਿੰਦੀ। ਜੱਗੀ ਦਾ ਮਨ ਬਦਲਣ ਲੱਗਾ। ਉਸ ਨੂੰ ਪੁਰਾਣੇ ਦਿਨ ਪਰਤ ਆਉਣ ਦੀ ਆਸ ਬੱਝਦੀ ਨਜ਼ਰ ਆਈ। ਉਸ ਨੂੰ ਆਪਣੀ ਸਲਤਨਤ ਮੁੜ ਅਬਾਦ ਹੁੰਦੀ ਦਿੱਸ ਰਹੀ ਸੀ। ਉਸ ਨੂੰ ਇੰਗਲੈਂਡ ਦੇ ਸੁਫਨੇ ਆਉਣ ਲੱਗੇ। ਉਸ ਨੂੰ ਸਟੈਨਵੈੱਲ ਦੀਆਂ ਸੜਕਾਂ ਯਾਦ ਆ ਰਹੀਆਂ ਸਨ। ਉਸ ਦਾ ਮਨ ਕੈਨੇਡਾ ਤੋਂ ਚੁੱਕ ਹੋਣ ਲੱਗ ਪਿਆ। ਉਸ ਨੇ ਇੰਡੀਆ ਫੋਨ ਕਰਕੇ ਸਾਰੀ ਗੱਲ ਆਪਣੀ ਭੈਣ ਨਾਲ ਕੀਤੀ। ਉਸ ਨੇ ਵੀ ਇਹੋ ਸਲਾਹ ਦਿੱਤੀ ਕਿ ਵਾਪਸ ਪ੍ਰੀਤੀ ਕੋਲ ਚਲੇ ਜਾਵੇ ਕਿਉਂਕਿ ਅਲੱਗ ਰਹਿਣ ਨਾਲ ਰੌਕੀ ਦਾ ਜੀਵਨ ਵੀ ਤਾਂ ਖਰਾਬ ਹੋਣਾ ਸੀ। ਬਹੁਤ ਕੁਝ ਸੋਚਦਾ ਜੱਗੀ ਆਪਣੇ ਆਪ ਨੂੰ ਆਖਦਾ ਕਿ ਗੋਰੇ ਵੀ ਤਾਂ ਕਿੰਨੀ ਕਿੰਨੀ ਦੇਰ ਅਲੱਗ ਰਹਿ ਕੇ ਮੁੜ ਇਕੱਠੇ ਹੋ ਹੀ ਜਾਂਦੇ ਹਨ। ਉਹ ਵਾਪਸ ਮੁੜਨ ਦੀ ਤਿਆਰੀ ਕਰ ਲੱਗਾ। ਆਪਣੀ ਵੈਨ ਉਸ ਨੇ ਦਿਲਬਾਗ ਨੂੰ ਦੇ ਦਿੱਤੀ ਕਿ ਵੇਚ ਕੇ ਪੈਸੇ ਉਸ ਨੂੰ ਭੇਜ ਦੇਵੇ। ਉਹ ਸਵਾ ਕੁ ਸਾਲ ਕੈਨੇਡਾ ਵਿੱਚ ਰਹਿ ਕੇ ਵਾਪਸ ਇੰਗਲੈਂਡ ਆ ਗਿਆ।

ਪ੍ਰੀਤੀ ਨੇ ਉਸ ਦਾ ਭਰਵਾਂ ਸਵਾਗਤ ਕੀਤਾ। ਜੱਗੀ ਵੀ ਉਸ ਨੂੰ ਇਵੇਂ ਮਿਲਿਆ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਸ ਨੇ ਇਸ ਸਭ ਨੂੰ ਬੁਰਾ ਸਫਨਾ ਸਮਝ ਕੇ ਭੁਲਾ ਦਿੱਤਾ। ਉਸ ਨੇ ਨਿੱਕ ਨਾਲ ਵੀ ਸੁਲਾਹ ਕਰ ਲਈ। ਮੁੜ ਸਭ ਕੁਝ ਪਹਿਲਾਂ ਵਾਂਗ ਹੋ ਗਿਆ। ਬਾਹੜੇ ਨੇ ਮੁੜ ਕੇ ਉਸ ਨੂੰ ਕੰਮ ’ਤੇ ਵੀ ਰੱਖ ਲਿਆ। ਜਦ ਉਹ ਕੰਮ ’ਤੇ ਜਾਣ ਲੱਗਾ ਤਾਂ ਪ੍ਰੀਤੀ ਬੋਲੀ,

–ਜੈਗ, ਜਿਵੇਂ ਮੈਂ ਤੈਨੂੰ ਇੱਕ ਵਾਰ ਕਿਹਾ ਸੀ ਕਿ ਫਲੈਟ ਵੇਚ ਕੇ ਘਰ ਲੈ ਲਈਏ। ਇਹਦੇ ਬਾਰੇ ਪਤਾ ਕਰ ਤਾਂ।

–ਕਿਹਦੇ ਕੋਲੋਂ ਪਤਾ ਕਰਾਂ ?

–ਨਿੱਕ ਦਾ ਫਰੈਂਡ ਹੈ ਨਹੀਂ ਹਮੀਦ। ਉਹ ਇਹੋ ਕੰਮ ਕਰਦਾ ਹੁਣ।

ਜੱਗੀ ਨੇ ਨਿੱਕ ਤੋਂ ਹਮੀਦ ਦਾ ਨੰਬਰ ਲਿਆ ਤੇ ਫੋਨ ਕਰ ਲਿਆ। ਹਮੀਦ ਨੇ ਆਖਿਆ,

-ਜੱਗੀ ਭਾਈ ਜਾਨ, ਤੁਹਾਡੇ ਮਗਰੋਂ ਘਰਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ। ਬਹੁਤਾ ਡਿਪੌਜ਼ਟ ਚਾਹੀਦਾ ਹੁਣ। ਇੱਕ ਇਕੱਲੇ ਬੰਦੇ ਨੂੰ ਤਾਂ ਅੱਜ ਕੱਲ੍ਹ ਮੌਰਟਗੇਜ ਵੀ ਨਹੀਂ ਮਿਲਣੀ। ਹਾਂ, ਇੱਕ ਰਾਹ ਹੈਗਾ ਕਿ ਕਿਸੇ ਨਾਲ ਮਿਲ ਕੇ ਘਰ ਲੈ ਲਓ।

ਜੱਗੀ ਸੋਚਾਂ ਵਿੱਚ ਪੈ ਗਿਆ। ਹਮੀਦ ਫਿਰ ਬੋਲਿਆ,

-ਜੇ ਬੁਰਾ ਨਾ ਮਨਾਓਂ ਤਾਂ ਇੱਕ ਸਲਾਹ ਦੇਵਾਂ ?

-ਦਿਓ।

-ਨਿੱਕ ਨਾਲ ਰਲ਼ ਕੇ ਘਰ ਲੈ ਲਓ। ਅੱਧਾ-ਅੱਧਾ ਡਿਪੌਜ਼ਟ ਪਾ ਲਓ ਪਰ ਘਰ ਵਿੱਚ ਰਿਹੋ ਤੁਸੀਂ ਹੀ। ਨਿੱਕ ਆਪਣੇ ਫਲੈਟ ਵਿੱਚ ਹੀ ਰਹੇ ਤੇ ਤੁਸੀਂ ਮੌਰਟਗੇਜ ਦਿੰਦੇ ਰਹੋ। ਨਿੱਕ ਨੂੰ ਫਾਇਦਾ ਇਹ ਹੋਵੇਗਾ ਕਿ ਉਸ ਦੇ ਘਰ ਦੀ ਕੀਮਤ ਵਧਦੀ ਰਹੇਗੀ। ਜਦ ਕੁਝ ਮੌਰਟਗੇਜ ਭਰ ਹੋ ਜਾਵੇ ਤਾਂ ਇਹ ਘਰ ਵੇਚ ਕੇ ਆਪੋ ਆਪਣਾ ਅਲੱਗ ਘਰ ਖਰੀਦ ਲਿਓ। ਸੋਚ ਕੇ ਦੇਖ ਲਓ। ਜੇ ਮੇਰੀ ਲੋੜ ਹੋਈ ਤਾਂ ਮੈਂ ਹਾਜ਼ਰ ਹੋ ਜਾਵਾਂਗਾ।

# ਬਾਈ

ਜਿਵੇਂ ਵਿਉਂਤ ਬਣਾਈ ਸੀ ਉਹਨਾਂ ਨੇ ਘਰ ਲੈ ਲਿਆ ਗਿਆ। ਸਟੈਨਵੈੱਲ ਵਿੱਚ ਹੀ ਕਰੈਨਲੀਅ ਡਰਾਈਵ ਉਪਰ ਉਹਨਾਂ ਨੂੰ ਘਰ ਮਿਲ ਗਿਆ ਸੀ। ਨਿੱਕ ਆਪਣੇ ਫਲੈਟ ਵਿੱਚ ਰਹਿੰਦਾ ਸੀ ਤੇ ਉਹ ਘਰ ਵਿੱਚ ਰਹਿਣ ਲੱਗੇ ਤੇ ਸਾਰੀ ਮੌਰਟਗੇਜ ਉਹੀ ਦਿੰਦੇ। ਬਾਹੜੇ ਨਾਲ ਕੰਮ ਕਰ ਕੇ ਉਹ ਠੀਕ ਠਾਕ ਪੈਸੇ ਕਮਾ ਲੈਂਦਾ ਸੀ। ਕੈਨੇਡਾ ਵਾਂਗ ਉਸ ਨੇ ਹੁਣ ਪ੍ਰਾਈਵੇਟ ਕੰਮ ਵੀ ਕਰਨਾ ਸ਼ੁਰੂ ਕਰ ਦਿੱਤਾ ਜਿਸ ਨਾਲ ਕੁਝ ਵਾਧੂ ਕਮਾਈ ਹੋ ਜਾਂਦੀ। ਜੱਗੀ ਬਹੁਤ ਖੁਸ਼ ਸੀ। ਪੁਰਾਣੇ ਦਿਨ ਮੁੜ ਆਏ ਸਨ। ਪ੍ਰੀਤੀ ਨੇ ਡਰਾਈਵਿੰਗ ਟੈਸਟ ਪਾਸ ਕਰ ਲਿਆ ਸੀ ਤੇ ਛੋਟੀ ਜਿਹੀ ਕਾਰ ਵੀ ਲੈ ਲਈ ਹੋਈ ਸੀ। ਉਹ ਮੁੜ ਪ੍ਰੀਤੀ ਨੂੰ ਭਰਜਾਈ ਕਹਿ ਕੇ ਸੰਬੋਧਨ ਹੋਣ ਲੱਗਾ। ਸ਼ਰਾਬ ਉਹ ਪੀਂਦਾ ਪਰ ਪਹਿਲਾਂ ਵਾਂਗ ਨਹੀਂ। ਕਈ ਵਾਰ ਨਿੱਕ ਵੀ ਉਹਨਾਂ ਵੱਲ ਆ ਜਾਂਦਾ। ਸਭ ਹੱਸ ਹੱਸ ਕੇ ਗੱਲਾਂ ਕਰਦੇ ਜਿਵੇਂ ਕੁਝ ਗਲਤ ਹੋਇਆ ਹੀ ਨਾ ਹੋਵੇ। ਪਰ ਰੌਕੀ ਪਹਿਲਾਂ ਵਾਂਗ ਚੁੱਪ-ਗੜੁੱਪ ਜਿਹਾ ਹੀ ਸੀ। ਹੁਣ ਉਹ ਹਾਈ ਸਕੂਲ ਜਾਂਦਾ ਸੀ ਪਰ ਸਕੂਲ ਵਿੱਚ ਵੀ ਉਸ ਦੇ ਬਹੁਤ ਦੋਸਤ ਨਹੀਂ ਸਨ। ਉਸ ਦੀ ਰਿਪੋਰਟ ਲਈ ਪ੍ਰੀਤੀ ਜਾਂ ਜੱਗੀ ਸਕੂਲ ਜਾਂਦੇ ਤਾਂ ਅਧਿਆਪਕ ਸਭ ਠੀਕ ਹੋਣ ਬਾਰੇ ਕਹਿ ਦਿੰਦੇ।

ਉਹਨਾਂ ਦੇ ਮੁੜ ਇਕੱਠੇ ਹੋਣ 'ਤੇ ਪ੍ਰੀਤੀ ਦੇ ਦੋਵੇਂ ਭਰਾ ਬਹੁਤ ਖੁਸ਼ ਸਨ। ਜਦ ਉਹਨਾਂ ਨੂੰ ਅਲਹਿਦਗੀ ਬਾਰੇ ਪਤਾ ਚਲਿਆ ਸੀ ਤਾਂ ਦੋਨਾਂ ਭਰਾਵਾਂ ਨੇ ਹੀ ਫੋਨ ਕਰਕੇ ਪ੍ਰੀਤੀ ਨੂੰ ਹੀ ਗਲਤ ਕਿਹਾ ਸੀ। ਉਸ ਦੀ ਲੈਸਟਰ ਵਾਲੀ ਭਰਜਾਈ ਨੇ ਤਾਂ ਪ੍ਰੀਤੀ ਨੂੰ ਬੁਰਾ ਭਲਾ ਵੀ ਬੋਲਿਆ ਸੀ। ਉਹ ਸਮਝਦੀ ਸੀ ਕਿ ਜੱਗੀ ਬਹੁਤ ਵਧੀਆ ਮੁੰਡਾ ਹੈ। ਹੁਣ ਸਾਰਿਆਂ ਨੇ ਹੀ ਫੋਨ ਕਰ ਕੇ ਜੱਗੀ ਦਾ ਧੰਨਵਾਦ ਵੀ ਕੀਤਾ ਸੀ ਤੇ ਸ਼ਾਬਾਸ਼ ਵੀ ਦਿੱਤੀ।



ਲੈਸਟਰ ਵਾਲੇ ਪਰਮਜੀਤ ਸਿੰਘ ਨੇ ਤਾਂ ਉਹਨਾਂ ਨੂੰ ਘਰ ਆਉਣ ਦਾ ਸੱਦਾ ਵੀ ਦਿੱਤਾ। ਪ੍ਰੀਤੀ ਨੂੰ ਇਹ ਚੰਗਾ ਵੀ ਲੱਗ ਰਿਹਾ ਸੀ ਕਿ ਉਸ ਦੇ ਭਰਾ ਉਸ ਦਾ ਹਾਲੇ ਵੀ ਫਿਕਰ ਕਰਦੇ ਸਨ।

ਹੁਣ ਜੱਗੀ ਲਈ ਸਭ ਕੁਝ ਪਹਿਲਾਂ ਜਿਹਾ ਹੀ ਸੀ ਪਰ ਕੁਝ ਗੱਲਾਂ ਬਹੁਤ ਬਦਲ ਗਈਆਂ ਸਨ। ਉਸ ਦੇ ਪੁਰਾਣੇ ਦੋਸਤ ਪਤਾ ਨਹੀਂ ਕਿਥੇ ਸਨ। ਉਸ ਨੇ ਉਹਨਾਂ ਨੂੰ ਲੱਭਣ ਦੀ ਕੋਸ਼ਿਸ਼ ਵੀ ਨਾ ਕੀਤੀ। ਉਸ ਨੂੰ ਪਤਾ ਸੀ ਕਿ ਪੰਜਾਬੀ ਸਮਾਜ ਵਿੱਚ ਕਿਸੇ ਹੋਰ ਨਾਲ ਰਹਿ ਕੇ ਆਈ ਪਤਨੀ ਨੂੰ ਵਾਪਸ ਨਹੀਂ ਰੱਖਿਆ ਜਾਂਦਾ ਇਸ ਲਈ ਉਸ ਨੇ ਨਵੀ ਨੂੰ ਵੀ ਆਪਣੇ ਆਉਣ ਬਾਰੇ ਨਹੀਂ ਸੀ ਦੱਸਿਆ। ਉਸ ਨੂੰ ਏਨਾ ਪਤਾ ਸੀ ਕਿ ਨਵੀ ਨੇ ਪੁਰਾਣਾ ਘਰ ਵੇਚ ਕੇ ਨਵਾਂ ਲੈ ਲਿਆ ਹੋਇਆ ਸੀ ਪਰ ਉਸ ਦੇ ਸਿਰਨਾਵੇਂ ਦਾ ਨਹੀਂ ਸੀ ਪਤਾ, ਨਾ ਹੀ ਨਵੇਂ ਫੋਨ ਨੰਬਰ ਦਾ।

ਨਿੱਕ ਦਾ ਜਿਵੇਂ ਸੁਭਾਅ ਹੈ ਹੀ ਸੀ, ਕੋਈ ਨਾ ਕੋਈ ਇਸ਼ਕ ਚਲਾਈ ਹੀ ਰੱਖਦਾ। ਹੁਣ ਉਸ ਨੇ ਕੰਮ ਉਪਰ ਇੱਕ ਪੋਲਿਸ਼ ਕੁੜੀ ਨਾਲ ਦੋਸਤੀ ਕਰ ਲਈ ਸੀ। ਪ੍ਰੀਤੀ ਨਾਲ ਵੀ ਰਿਸ਼ਤੇ ਪਹਿਲਾਂ ਵਾਂਗ ਹੀ ਕਾਇਮ ਸਨ। ਨਿੱਕ ਹਰ ਵਾਰ ਉਸ ਨੂੰ ਹਿਦਾਇਤ ਕਰਦਾ ਕਿ ਉਸ ਨੇ ਜੱਗੀ ਨਾਲ ਸੌਣਾ ਬਿਲਕੁਲ ਨਹੀਂ। ਹੁਣ ਉਹ ਦੋਵੇਂ ਹਰ ਵੇਲੇ ਸੋਚਦੇ ਕਿ ਜੱਗੀ ਤੋਂ ਪਿੱਛਾ ਕਿਵੇਂ ਛੁਡਵਾਇਆ ਜਾਵੇ।

ਇੱਕ ਦਿਨ ਜੱਗੀ ਨੂੰ ਘਰ ਵਿੱਚੋਂ ਇੱਕ ਵਿਸ਼ੇਸ਼ ਸੈਂਟ ਦੀ ਖੁਸ਼ਬੂ ਆਈ। ਉਸ ਨੂੰ ਯਾਦ ਆਇਆ ਕਿ ਇਹ ਸੈਂਟ ਬੌਸ ਹਿਊਗੋ ਨਾਮੀ ਸੈਂਟ ਦੀ ਖੁਸ਼ਬੂ ਸੀ ਤੇ ਇਹ ਸੈਂਟ ਤਾਂ ਨਿੱਕ ਵਰਤਦਾ ਹੈ। ਉਸ ਦੀ ਸ਼ੱਕ ਨੂੰ ਖੰਭ ਲੱਗ ਗਏ। ਉਸ ਨੂੰ ਖਿਆਲ ਆਇਆ ਕਿ ਹਮਬਿਸਤਰੀ ਵੇਲੇ ਪ੍ਰੀਤੀ ਕਦੇ ਵੀ ਹੁੰਘਾਰਾ ਨਹੀਂ ਸੀ ਭਰਦੀ। ਉਸ ਨੇ ਰੌਕੀ ਨੂੰ ਪੁੱਛਿਆ,

-ਅੱਜ ਨਿੱਕ ਵੀ ਆਇਆ ਸੀ ?

ਰੌਕੀ ਨੇ ਆਪਣੇ ਦੋਨੇਂ ਮੋਢੇ ਮਾਰ ਕੇ ਹੌਲੇ ਜਿਹੇ ਆਖਿਆ,

-ਆਏ ਡੌਂਟ ਨੋ।

-ਤੂੰ ਘਰ ਨਹੀਂ ਸੀ ?

-ਮੈਂ ਤਾਂ ਆਪਣੇ ਰੂਮ ਵਿੱਚ ਹੁੰਨਾਂ।

-ਇਹਦਾ ਮਤਲਬ ਉਹ ਆਇਆ ਸੀ ?

ਰੌਕੀ ਚੁੱਪ ਰਿਹਾ। ਰੌਕੀ ਦੇ ਅੰਤਰ-ਮੁਖੀ ਸੁਭਾਅ ਬਾਰੇ ਜੱਗੀ ਨੂੰ ਬਹੁਤ ਚਿੰਤਾ ਰਹਿੰਦੀ ਸੀ। ਉਹ ਉਸ ਨੂੰ ਡਾਕਟਰ ਕੋਲ ਵੀ ਲੈ ਕੇ ਗਿਆ ਸੀ ਪਰ ਡਾਕਟਰ ਨੇ ਕਿਹਾ ਸੀ ਕਿ ਰੌਕੀ ਸੁਭਾਅ ਵਿੱਚ ਹੀ ਅਜਿਹਾ ਹੈ, ਉਸ ਵਿੱਚ ਕੋਈ ਨੁਕਸ ਨਹੀਂ ਹੈ। ਨਿੱਕ ਬਾਰੇ ਜੱਗੀ ਨੇ ਰੌਕੀ ਨੂੰ ਬਹੁਤਾ ਜ਼ੋਰ ਪਾ ਕੇ ਪੁੱਛਿਆ ਵੀ ਨਾ ਪਰ ਇਹ ਗੱਲ ਹਰ ਵੇਲੇ ਰੜਕਣ ਲੱਗ ਪਈ ਸੀ।

ਇੱਕ ਦਿਨ ਉਹ ਕੰਮ ਤੋਂ ਕੁਝ ਜਲਦੀ ਵਾਪਸ ਆ ਗਿਆ ਤਾਂ ਉਸ ਨੇ ਦੇਖਿਆ ਉਸ ਦੀ ਰੋਡ ਵਿੱਚੋਂ ਨਿੱਕ ਦੀ ਕਾਰ ਬਾਹਰ ਨਿਕਲ ਰਹੀ ਸੀ। ਉਸ ਨੂੰ ਗੁੱਸਾ ਚੜ੍ਹਨ ਲੱਗਿਆ। ਉਸ ਨੇ ਘਰ ਆ ਕੇ ਪ੍ਰੀਤੀ ਨੂੰ ਪੁੱਛਿਆ,

–ਨਿੱਕ ਆਇਆ ਸੀ?

ਪ੍ਰੀਤੀ ਸਮਝ ਗਈ ਕਿ ਉਸ ਨੇ ਨਿੱਕ ਨੂੰ ਦੇਖ ਲਿਆ ਹੋਵੇਗਾ। ਉਸ ਨੇ ਕਿਹਾ,

–ਹਾਂ, ਆਇਆ ਸੀ। ਗੈਰਿਜ ਵਿੱਚ ਉਸ ਦਾ ਕੋਈ ਸਾਮਾਨ ਪਿਆ ਸੀ।

–ਕਿਤੇ ਇਵੇਂ ਤਾਂ ਨਹੀਂ ਕਿ ਉਹ ਭੈਣ ਨੂੰ ਮਿਲਣ ਆਇਆ ਹੋਵੇ?

ਭੈਣ ਸ਼ਬਦ 'ਤੇ ਉਸ ਨੇ ਵਿਸ਼ੇਸ਼ ਜ਼ੋਰ ਦਿੱਤਾ। ਇਸ ਗੱਲ 'ਤੇ ਪ੍ਰੀਤੀ ਭੜਕਦੀ ਹੋਈ ਬੋਲੀ,

–ਜੈਗ, ਤੂੰ ਫੇਰ ਉਹੀ ਗੱਲਾਂ ਸ਼ੁਰੂ ਕਰ ਦਿੱਤੀਆਂ! ਉਹ ਘਰ ਦਾ ਮਾਲਕ ਐ, ਕਦੇ ਵੀ ਆ ਸਕਦਾ। ਇਹ ਤਾਂ ਵੱਡੀ ਗੱਲ ਐ ਕਿ ਆਪ ਕਿਰਾਏ ਦੇ ਫਲੈਟ ਵਿੱਚ ਰਹਿੰਦਾ ਤੇ ਅਸੀਂ ਘਰ ਪੂਰਾ ਸਾਂਭਿਆ ਹੋਇਐ।

–ਮੈਂ ਇਹਦੀ ਮੌਟਰਗੇਜ ਵੀ ਤਾਂ ਸਾਰੀ ਦਿੰਨਾਂ। ਉਹ ਮੁਫਤ ਵਿੱਚ ਮਾਲਕ ਬਣਿਆਂ ਬੈਠਾ, ਨਾਲੇ ਪਹਿਲਾਂ ਸਾਰੀ ਗੱਲ ਉਹਦੇ ਨਾਲ ਹੋ ਚੁੱਕੀ ਆ। ਹੁਣ ਬਿਨਾਂ ਕਾਰਣ ਉਹ ਕਿਉਂ ਆਉਂਦਾ?

–ਜੈਗ, ਮੈਨੂੰ ਲੱਗਦਾ ਕਿ ਤੈਨੂੰ ਘਰ ਦਾ ਇਹ ਵਧੀਆ ਮਾਹੌਲ ਚੰਗਾ ਨਹੀਂ ਲੱਗ ਰਿਹਾ। ਤੂੰ ਮੁੜ ਕੇ ਪੁਰਾਣੇ ਦਿਨ ਵਾਪਸ ਲਿਆਉਣੇ ਚਾਹੁੰਨਾਂ।

ਪ੍ਰੀਤੀ ਹਿਰਖ ਵਿੱਚ ਬੋਲ ਰਹੀ ਸੀ। ਅਗਲੇ ਦਿਨ ਉਸ ਨੇ ਸਾਰੀ ਗੱਲ ਨਿੱਕ ਨੂੰ ਦੱਸੀ ਤਾਂ ਉਹ ਬੋਲਿਆ,

–ਜਾਨ, ਵਕਤ ਆ ਗਿਆ ਹੁਣ, ਪਿੱਛਾ ਛੁਡਵਾ ਇਹਦੇ ਤੋਂ।

ਪ੍ਰੀਤੀ ਕੁਝ ਨਾ ਬੋਲੀ। ਨਿੱਕ ਨੇ ਫਿਰ ਕਿਹਾ,

–ਮੈਨੂੰ ਪਤਾ ਕਿ ਤੇਰੇ ਮਨ ਵਿੱਚ ਇਹਦੇ ਮਿਲੀਅਨੇਅਰ ਪਿਓ ਵਾਲੀ ਗੱਲ ਘੁੰਮਦੀ ਰਹਿੰਦੀ ਐ ਪਰ ਨਾ ਉਹ ਮਰੇ ਤਾਂ ਨਾ ਇਹਨੂੰ ਕੁਝ ਮਿਲੇ। ਫੇਰ ਏਹਦੇ ਭੈਣ ਤੇ ਭਣੋਈਆ ਵੀ ਹੈਗੇ ਆ। ਜਿੰਨੀ ਇਹ ਸ਼ਰਾਬ ਪੀਂਦਾ ਪਤਾ ਨਹੀਂ ਇਹਦੇ ਲਿਵਰ ਨੇ ਵੀ ਕਿੰਨੀ ਦੇਰ ਕੱਢਣੀ ਐਂ, ਆਪਣੇ ਪਿਓ ਤੋਂ ਪਹਿਲਾਂ ਕਿਤੇ ਇਹ ਹੀ ਨਾ ਤੁਰ ਜਾਵੇ।

ਇੱਕ ਸ਼ਾਮ ਜਦ ਜੱਗੀ ਕੰਮ ਤੋਂ ਆਇਆ ਤਾਂ ਨਿੱਕ ਦੀ ਕਾਰ ਉਹਨਾਂ ਦੇ ਘਰ ਦੇ ਬਾਹਰ ਖੜੀ ਸੀ। ਕਾਰ ਦੇਖ ਕੇ ਜੱਗੀ ਦਾ ਖੂਨ ਖੌਲਣ ਲੱਗਾ। ਉਹ ਅੰਦਰ ਆਇਆ ਤਾਂ ਨਿੱਕ ਤੇ ਪ੍ਰੀਤੀ ਬਰਾਬਰ ਬੈਠੇ ਟੈਲੀ ਦੇਖ ਰਹੇ ਸਨ। ਜੱਗੀ ਵਿਅੰਗਮਈ ਆਵਾਜ਼ ਵਿੱਚ ਬੋਲਿਆ,

–ਬੜੇ ਖੁਭੇ ਪਏ ਆ ਭੈਣ-ਭਰਾ, ਸੁਖ ਤਾਂ ਹੈ?

–ਜੈਗ, ਹੁਣ ਨਿੱਕ ਇੱਥੇ ਹੀ ਰਹੇਗਾ।

–ਕੀ ਮਤਲਬ?

–ਇਹਦਾ ਵੀ ਓਨਾ ਹੀ ਘਰ ਐ ਜਿੰਨਾ ਤੇਰਾ।

–ਸਿੱਧਾ ਕਹਿ ਕਿ ਤੇਰੇ 'ਤੇ ਵੀ ਇਹਦਾ ਓਨਾ ਹੀ ਹੱਕ ਐ ਜਿੰਨਾ ਮੇਰਾ।

ਪ੍ਰੀਤੀ ਨੇ ਉਸ ਦੀ ਗੱਲ ਅਣਸੁਣੀ ਕਰ ਦਿੱਤੀ। ਕੁਝ ਦੇਰ ਚੁੱਪ ਰਹੀ ਤੇ ਫਿਰ ਹੌਸਲਾ ਇਕੱਠਾ ਕਰਕੇ ਬੋਲੀ,

–ਜੈਗ, ਨਿੱਕ ਮੇਰੇ ਨਾਲ ਰਹੇਗਾ। ਤੂੰ ਆਪਣਾ ਕੋਈ ਹੋਰ ਇੰਤਜ਼ਾਮ ਕਰ ਲੈ।



–ਹੋਰ ਇੰਤਜ਼ਾਮ? ਮੈਂ ਕਿੱਥੇ ਇੰਤਜ਼ਾਮ ਕਰ ਲਵਾਂ?

–ਨਹੀਂ ਤਾਂ ਇੱਥੇ ਹੀ ਇੱਕ ਕਮਰੇ ਵਿੱਚ ਰਹੀ ਚੱਲ, ਸਾਨੂੰ ਕੋਈ ਫਰਕ ਨਹੀਂ। ਕਿਉਂ ਨਿੱਕ?

–ਬੇਸ਼ੱਕ! ਮੈਨੂੰ ਕੋਈ ਮਾਈਂਡ ਨਹੀਂ।

ਨਿੱਕ ਨੇ ਮੋਢੇ ਚੁੱਕਦਿਆਂ ਆਖਿਆ। ਜੱਗੀ ਹੱਸਣ ਲੱਗਾ ਤੇ ਕੁਝ ਦੇਰ ਹੱਸਦਾ ਰਿਹਾ। ਫਿਰ ਬੋਲਿਆ,

–ਭੈਣ ਦਿਆ ਯਾਰਾ! ਖੋਹ ਗਿਐਂ ਮੇਰੀ ਵਾਈਫ! ....ਇਹ ਹੈਗੀ ਐ ਭੋਲ਼ੀ ਔਰਤ ਤੇ ਤੂੰ ਐਂ ਨਿਰੀ ਸ਼ੈਤਾਨ ਦੀ ਟੂਟੀ। ਜੇ ਤੂੰ ਏਹਨੂੰ ਧੋਖਾ ਦਿੱਤਾ ਤਾਂ ਚੇਤੇ ਰੱਖੀਂ, ਮੇਰੇ ਤੋਂ ਬੁਰਾ ਕੋਈ ਨਹੀਂ ਹੋਣਾ।

ਪ੍ਰੀਤੀ ਤੇ ਨਿੱਕ ਉੱਠ ਕੇ ਦੂਜੇ ਕਮਰੇ ਵਿੱਚ ਚਲੇ ਗਏ। ਜੱਗੀ ਇਕੱਲਾ ਰਹਿ ਗਿਆ। ਉਹ ਕਿੰਨੀ ਦੇਰ ਤਕ ਉਵੇਂ ਹੀ ਬੈਠਾ ਖਾਲੀ ਅੱਖਾਂ ਨਾਲ ਕੰਧ ਵੱਲ ਦੇਖਦਾ ਰਿਹਾ। ਫਿਰ ਅਚਾਨਕ ਉਹ ਹੱਸਣ ਲੱਗਾ। ਏਨਾ ਹੱਸਿਆ ਕਿ ਪ੍ਰੀਤੀ ਤੇ ਨਿੱਕ ਡਰ ਗਏ। ਰੌਕੀ ਨੇ ਤਾਂ ਡਰਦਿਆਂ ਆਪਣੇ ਕਮਰੇ ਦੀ ਕੁੰਡੀ ਹੀ ਅੰਦਰੋਂ ਬੰਦ ਕਰ ਲਈ। ਫਿਰ ਜੱਗੀ ਹੱਸਦਾ ਹੋਇਆ ਘਰ ਵਿੱਚ ਦੌੜਾ ਫਿਰਨ ਲੱਗਾ। ਕਦੇ ਪੌੜੀਆਂ ਚੜ੍ਹ ਜਾਂਦਾ ਤੇ ਕਦੇ ਭੱਜਦਾ ਹੋਇਆ ਉਤਰ ਆਉਂਦਾ। ਨਿੱਕ ਨੂੰ ਲੱਗਿਆ ਕਿ ਉਹ ਉਸ 'ਤੇ ਹਮਲਾ ਵੀ ਕਰ ਸਕਦਾ ਹੈ। ਉਸ ਨੇ ਪੁਲੀਸ ਬੁਲਾ ਲਈ। ਪੁਲੀਸ ਅਫਸਰ ਨੇ ਉਸ ਨੂੰ ਕਿਹਾ,

–ਮਿਸਟਰ ਸਿੰਘ, ਤੂੰ ਹੰਗਾਮਾ ਕਰ ਰਿਹੈਂ ਤੇ ਸਭ ਲਈ ਖਤਰਾ ਬਣ ਗਿਆ ਐਂ, ਤੈਨੂੰ ਇੱਥੋਂ ਜਾਣਾ ਪਏਗਾ।

–ਮੈਂ ਕਿਉਂ ਜਾਵਾਂ? ਇਹ ਮੇਰਾ ਘਰ ਐ, ਇਹ ਮੇਰੀ ਫੈਮਲੀ ਐ, ਆਹ ਮੇਰੀ ਪਤਨੀ, ਉਪਰ ਆਪਣੇ ਕਮਰੇ ਵਿੱਚ ਮੇਰਾ ਮੁੰਡਾ। ਓਪਰਾ ਤਾਂ ਇਹ ਬੰਦਾ ਐ ਜਿਹੜਾ ਆਹ ਮੇਰੀ ਪਰਿਵਾਰਕ ਜ਼ਿੰਦਗੀ ਉਪਰ ਡਾਕਾ ਮਾਰਨ ਆਇਆ ਹੋਇਐ। ਇਹਨੂੰ ਕਹੋ ਕਿ ਇੱਥੋਂ ਜਾਵੇ।

ਪੁਲੀਸ ਅਫਸਰ ਨੇ ਪ੍ਰੀਤੀ ਵੱਲ ਦੇਖਿਆ। ਉਹ ਬੋਲੀ,

–ਕਿਸੇ ਵੇਲੇ ਇਹ ਮੇਰਾ ਪਤੀ ਜ਼ਰੂਰ ਸੀ ਪਰ ਇਹ ਹੁਣ ਪੁਰਾਣੀ ਗੱਲ ਐ, ਇਹ ਮੱਲੋ ਮੱਲੀ ਹੱਕ ਜਤਾ ਰਿਹਾ ਐ, ਦੇਖੋ ਕਿਵੇਂ ਹਿੰਸਕ ਹੋਇਆ ਖੜੈ। ਇਹ ਕਿਸੇ ਵੇਲੇ ਵੀ ਮੇਰੇ ਤੇ ਜਾਂ ਨਿੱਕ 'ਤੇ ਅਟੈਕ ਕਰ ਸਕਦਾ।

ਪ੍ਰੀਤੀ ਗੱਲ ਕਰ ਰਹੀ ਸੀ ਤਾਂ ਜੱਗੀ ਲਗਾਤਾਰ ਉਸ ਵੱਲ ਦੇਖਦਾ ਜਾ ਰਿਹਾ ਸੀ ਜਿਵੇਂ ਇੱਕ ਬੱਚਾ ਕਿਸੇ ਅਦਭੁੱਤ ਖੇਡ ਨੂੰ ਦੇਖ ਰਿਹਾ ਹੁੰਦਾ ਹੈ। ਉਹ ਫਿਰ ਹੱਸਣ ਲੱਗਾ। ਹੱਸਦਾ ਹੋਇਆ ਉਹ ਸੋਫੇ 'ਤੇ ਬਹਿ ਗਿਆ। ਲੱਤ ਤੇ ਲੱਤ ਰੱਖਦਾ ਬੋਲਿਆ,

–ਭਰਜਾਈ, ਤੇਰੀ ਮਜ਼ਾਕ ਕਰਨ ਦੀ ਆਦਤ ਨਹੀਂ ਗਈ। ਬਹੁਤ ਹਸਾਉਨੀ ਐਂ ਤੂੰ!

–ਮਿਸਟਰ ਸਿੰਘ, ਇੱਥੋਂ ਉੱਠ ਤੇ ਉੱਠ ਕੇ ਜਾਹ। ਇਸ ਤੋਂ ਪਹਿਲਾਂ ਕਿ ਅਸੀਂ ਤੈਨੂੰ ਚੁੱਕ ਕੇ ਬਾਹਰ ਸੁੱਟੀਏ ਤੂੰ ਆਪੇ ਹੀ ਚਲੇ ਜਾਹ।

–ਇਹ ਮੇਰਾ ਘਰ ਐ, ਨਹੀਂ ਜਾਂਦਾ ਮੈਂ, ਕਰ ਲਓ ਜੋ ਕਰਨਾ।

ਆਖਦਾ ਉਹ ਹੋਰ ਚੌੜਾ ਹੋ ਕੇ ਬਹਿ ਗਿਆ। ਇੱਕ ਸਿਪਾਹੀ ਉਸ ਨੂੰ ਬਾਹੋਂ ਫੜਨ ਲੱਗਾ ਤਾਂ ਉਹ ਬੋਲਿਆ,

–ਮੈਨੂੰ ਹੱਥ ਨਾ ਲਾ ਔਫੀਸਰ। ਮੈਂ ਚੰਗਾ ਆਦਮੀ ਨਹੀਂ। ਮੈਂ ਨਹੀਂ ਚਾਹੁੰਦਾ ਕਿ ਮੈਨੂੰ ਕੋਈ ਛੂਹੇ।

ਪੁਲੀਸ ਵਾਲਿਆਂ ਦੋ ਕੁ ਵਾਰ ਹੋਰ ਕਿਹਾ। ਜਦ ਜੱਗੀ ਨਾ ਮੰਨਿਆਂ ਤਾਂ ਉਹਨਾਂ ਨੇ ਜਬਰਦਸਤੀ ਚੁੱਕ ਲਿਆ। ਜੱਗੀ ਉਹਨਾਂ ਦੇ ਘਸੁੰਨ ਮਾਰਨ ਲੱਗ ਪਿਆ। ਬਦਲੇ ਵਿੱਚ ਉਹਨਾਂ ਨੇ ਵੀ ਜੱਗੀ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤੇ ਚੁੱਕ ਕੇ ਵੈਨ ਵਿੱਚ ਸੁੱਟ ਲਿਆ।

## ਤੇਈ

ਪੁਲੀਸ ਸਟੇਸ਼ਨ ਜਾ ਕੇ ਜੱਗੀ ਦੀ ਮਾਨਸਿਕ ਹਾਲਤ ਹੋਰ ਵੀ ਵਿਗੜ ਗਈ। ਉਹ ਬਗੈਰ ਅੱਖਾਂ ਝਮਕੇ ਆਲਾ ਦੁਆਲਾ ਦੇਖਦਾ ਜਾ ਰਿਹਾ ਸੀ। ਪੁਲੀਸ ਦੇ ਸਵਾਲਾਂ ਦਾ ਉਸ ਨੇ ਜਵਾਬ ਦੇਣਾ ਬੰਦ ਕਰ ਦਿੱਤਾ। ਕਦੇ ਕਦੇ ਉਹ ਚੀਕਾਂ ਮਾਰਨ ਲੱਗਦਾ ਤੇ ਫਿਰ ਇਕਦਮ ਸ਼ਾਂਤ ਹੋ ਜਾਂਦਾ। ਪੁਲੀਸ ਵਾਲਿਆਂ ਨੇ ਵਿਸ਼ੇਸ਼ ਚਕਿਤਸਕ ਨੂੰ ਬੁਲਾ ਲਿਆ। ਉਹਨਾਂ ਨੂੰ ਸ਼ੱਕ ਸੀ ਕਿ ਜੱਗੀ ਦਾ ਦਿਮਾਗੀ ਸੰਤੁਲਨ ਵਿਗੜ ਗਿਆ ਸੀ। ਘਰਾਂ ਦੇ ਟੁੱਟਣ 'ਤੇ ਅਕਸਰ ਲੋਕ ਅਜਿਹੀ ਸਥਿਤੀ ਵਿੱਚ ਆ ਜਾਇਆ ਕਰਦੇ ਹਨ। ਉਸ ਨੂੰ ਦੇਖਣ ਆਏ ਡਾਕਟਰ ਨੇ ਉਸ ਦੀ ਕੇਸ–ਹਿਸਟਰੀ ਤਿਆਰ ਕਰਕੇ ਉਸ ਨੂੰ ਅਗਲੇ ਮੁਆਇਨੇ ਲਈ ਐਸ਼ਫੋਰਡ ਮੈਂਟਲ ਹੌਸਪੀਟਲ ਭੇਜ ਦਿੱਤਾ।

ਹਸਪਤਾਲ ਜਾ ਕੇ ਜੱਗੀ ਦੀ ਹਾਲਤ ਵਿੱਚ ਕੋਈ ਸੁਧਾਰ ਨਾ ਹੋਇਆ। ਡਾਕਟਰ ਇਸ ਗੱਲ ਨੂੰ ਲੈ ਕੇ ਤੁਰ ਰਹੇ ਸਨ ਕਿ ਜੱਗੀ ਸਦਮਾ ਨਹੀਂ ਸਹਿ ਸਕਿਆ। ਉਸ ਦੀ ਦਵਾਈ–ਦਾਰੂ ਸ਼ੁਰੂ ਹੋ ਗਈ। ਦਵਾਈਆਂ ਨਾਲ ਉਸ ਦੀ ਹਾਲਤ ਸੁਧਰਨ ਦੀ ਥਾਵੇਂ ਹੋਰ ਵਿਗੜਨ ਲੱਗੀ। ਕੁਝ ਨਵੀਆਂ ਦਵਾਈਆਂ ਦਾ ਵੀ ਉਸ ਉਪਰ ਤਜਰਬਾ ਕੀਤਾ ਜਾ ਰਿਹਾ ਸੀ। ਹੁਣ ਕਦੇ ਕਦੇ ਜੱਗੀ ਹਿੰਸਕ ਵੀ ਹੋਣ ਲੱਗ ਪੈਂਦਾ ਜਿਸ ਕਾਰਨ ਉਸ ਦੇ ਵਿਸ਼ੇਸ਼ ਟੀਕਾ ਲੱਗਾ ਕੇ ਸੁਲਾ ਦਿੱਤਾ ਜਾਂਦਾ।

ਜੱਗੀ ਦੀ ਖ਼ਬਰ ਲੈਣ ਵਾਲਾ ਕੋਈ ਨਹੀਂ ਸੀ। ਹਸਪਤਾਲ ਵਾਲਿਆਂ ਨੇ ਪ੍ਰੀਤੀ ਨੂੰ ਫੋਨ ਕਰ ਕੇ ਉਸ ਦੀ ਹਾਲਤ ਦੱਸ ਦਿੱਤੀ ਪਰ ਉਹ ਦੇਖਣ ਨਾ ਆਈ। ਨਵੀ ਨਾਲ ਤਾਂ ਜੱਗੀ ਦਾ ਰਾਬਤਾ ਹੈ ਹੀ ਨਹੀਂ ਸੀ, ਬਾਹੜਾ ਤੇ ਰਾਮਾ ਨੰਦ ਵੀ ਉਸ ਨੂੰ ਦੇਖਣ ਨਾ ਆਏ। ਉਹਨਾਂ ਨੂੰ ਤਾਂ ਇਸ ਵਾਰਦਾਤ ਦਾ ਪਤਾ ਤਕ ਨਹੀਂ ਸੀ। ਬਾਹੜਾ ਨੇ ਹਫਤਾ ਕੁ ਦਿਨ ਜੱਗੀ ਨੂੰ ਉਡੀਕਿਆ ਤੇ ਫਿਰ ਉਸ ਦੀ ਥਾਂ ਹੋਰ ਬੰਦਾ ਰੱਖ ਲਿਆ। ਘਰ ਵਿੱਚ ਰੌਕੀ ਜ਼ਰੂਰ ਜੱਗੀ ਦਾ ਹੇਰਵਾ ਕਰ ਰਿਹਾ ਸੀ ਪਰ ਪ੍ਰੀਤੀ ਤੇ ਨਿੱਕ ਨੂੰ ਹੁਣ ਜੱਗੀ ਚਿੱਤ–ਚੇਤੇ ਵੀ ਨਹੀਂ ਸੀ।



ਜੱਗੀ ਆਪਣੇ ਮਾਂਪਿਓ ਨਾਲ ਬਹੁਤ ਜੁੜਿਆ ਹੋਇਆ ਸੀ, ਖਾਸ ਤੌਰ 'ਤੇ ਭੈਣ ਚਰਨਜੀਤ ਨਾਲ। ਉਹ ਉਸ ਨੂੰ ਆਏ ਦਿਨ ਫੋਨ ਕਰਦਾ ਰਹਿੰਦਾ ਸੀ। ਕੁਝ ਦਿਨ ਭਰਾ ਦਾ ਫੋਨ ਨਾ ਆਇਆ ਤਾਂ ਚਰਨਜੀਤ ਨੇ ਹੀ ਫੋਨ ਕਰ ਲਿਆ। ਫੋਨ ਪ੍ਰੀਤੀ ਨੇ ਹੀ ਉਠਾਇਆ। ਚਰਨਜੀਤ ਨੇ ਜੱਗੀ ਬਾਰੇ ਪੁੱਛਿਆ ਤਾਂ ਪ੍ਰੀਤੀ ਨੇ ਰੁੱਖਾ ਜਿਹਾ ਜਵਾਬ ਦਿੰਦਿਆਂ ਕਿਹਾ,

–ਮੈਨੂੰ ਕੁਝ ਨਹੀਂ ਪਤਾ ਕਿ ਕਿੱਥੇ ਐ, ਇੱਕ ਦਿਨ ਘਰ ਵਿੱਚ ਬਹੁਤ ਲੜਾਈ ਕੀਤੀ ਤੇ ਚਲੇ ਗਿਆ।

–ਪ੍ਰੀਤੀ, ਮੈਨੂੰ ਸਭ ਪਤਾ, ਜਿਹੜਾ ਤੂੰ ਘਰ ਵਿੱਚ ਆਦਮੀ ਰੱਖਿਆ ਹੋਇਐ ਉਹਦੇ ਕਰਕੇ ਹੀ ਲੜਾਈ ਪਈ ਹੋਏਗੀ।

–ਚਰਨਜੀਤ, ਤੈਨੂੰ ਆਪਣੇ ਸ਼ਰਾਬੀ ਭਰਾ ਵਿੱਚ ਕੋਈ ਦੋਸ਼ ਨਹੀਂ ਦਿੱਸਦਾ?

ਆਖਦਿਆਂ ਪ੍ਰੀਤੀ ਨੇ ਫੋਨ ਰੱਖ ਦਿੱਤਾ।

ਨਿੱਕ ਵਾਲੀ ਸਾਰੀ ਕਹਾਣੀ ਜੱਗੀ ਦੇ ਮਾਂਪਿਓ ਨੂੰ ਪਤਾ ਹੀ ਸੀ ਤੇ ਘਰ ਵਿੱਚ ਚਲਦੀ ਕਸ਼ਮਕਸ਼ ਬਾਰੇ ਵੀ। ਇਸ ਮਸਲੇ ਨੂੰ ਲੈ ਕੇ ਚਰਨਜੀਤ ਪ੍ਰੀਤੀ ਨਾਲ ਫੋਨ ਉਪਰ ਲੜ ਵੀ ਚੁੱਕੀ ਸੀ। ਜੱਗੀ ਦੀ ਏਨੀ ਲੰਮੀ ਚੁੱਪ ਨੇ ਸਭ ਨੂੰ ਫਿਕਰਾਂ ਵਿੱਚ ਪਾ ਦਿੱਤਾ ਹੋਇਆ ਸੀ। ਉਸ ਦਾ ਪਤਾ ਕਰਨ ਲਈ ਚਰਨਜੀਤ ਨੇ ਦੋ ਕੁ ਵਾਰ ਹੋਰ ਪ੍ਰੀਤੀ ਨੂੰ ਫੋਨ ਕੀਤਾ ਪਰ ਉਹ ਪਰਾਂ 'ਤੇ ਪਾਣੀ ਹੀ ਨਹੀਂ ਸੀ ਪੈਣ ਦੇ ਰਹੀ। ਚਰਨਜੀਤ ਦਾ ਫਿਕਰ ਵੱਧ ਗਿਆ। ਉਸ ਨੇ ਗੁੱਸੇ ਨੂੰ ਇੱਕ ਪਾਸੇ ਰੱਖ ਕੇ ਫੋਨ ਕੀਤਾ ਤੇ ਕਿਹਾ,

–ਪ੍ਰੀਤੀ, ਜੱਗੀ ਬਾਰੇ ਤੈਨੂੰ ਨਹੀਂ ਪਤਾ ਤਾਂ ਹੋਰ ਕਿਹਨੂੰ ਪਤਾ ਹੋਏਗਾ! ਜੇ ਨਹੀਂ ਪਤਾ ਤਾਂ ਪਤਾ ਕਰ। ਆਖਿਰ ਜੱਗੀ ਰੌਕੀ ਦਾ ਪਿਓ ਐ ਤੇ ਰੌਕੀ ਸਾਡੇ ਪਿਓ ਦਾ ਇਕਲੌਤਾ ਵਾਰਿਸ ਐ।

ਵਾਰਸ ਕਹਿਣ 'ਤੇ ਪ੍ਰੀਤੀ ਦਾ ਮਨ ਲਲਚਾ ਗਿਆ। ਉਹ ਬੋਲੀ,

–ਦੇਖ ਚਰਨਜੀਤ, ਮੈਨੂੰ ਉਹਦੇ ਬਾਰੇ ਬਹੁਤਾ ਨਹੀਂ ਪਤਾ। ਇੱਕ ਦਿਨ ਇੱਥੇ ਆ ਕੇ ਉਸ ਨੇ ਬਹੁਤ ਝਗੜਾ ਕੀਤਾ ਤੇ ਅਜੀਬ ਜਿਹੀਆਂ ਹਰਕਤਾਂ ਕਰੀ ਜਾ ਰਿਹਾ ਸੀ। ਸਾਨੂੰ ਪੁਲੀਸ ਸੱਦਣੀ ਪਈ। ਪੁਲੀਸ ਵਾਲਿਆਂ ਨੇ ਉਹਨੂੰ ਹਸਪਤਾਲ ਭੇਜ ਦਿੱਤਾ ਸੀ। ਉਸ ਤੋਂ ਬਾਅਦ ਮੈਨੂੰ ਕੁਝ ਨਹੀਂ ਪਤਾ।

–ਕਿਹੜੇ ਹਸਪਤਾਲ?

–ਐਸ਼ਫੋਰਡ ਹੌਸਪੀਟਲ।

ਆਖਦਿਆਂ ਉਸ ਨੇ ਚਰਨਜੀਤ ਨੂੰ ਹਸਪਤਾਲ ਦਾ ਸਿਰਨਾਵਾਂ ਤੇ ਫੋਨ ਨੰਬਰ ਲਿਖਵਾ ਦਿੱਤਾ।

ਇੱਕ ਦਿਨ ਨਿੱਕ ਆਖਣ ਲੱਗਾ,

–ਪਾਗਲਖਾਨੇ ਵੀ ਜੱਗੀ ਨੂੰ ਕਿੰਨੇ ਦਿਨ ਰੱਖਣਗੇ? ਉੱਥੋਂ ਨਿਕਲ ਕੇ ਉਹ ਸਿੱਧਾ ਇੱਥੇ ਹੀ ਆਏਗਾ।

–ਇੱਥੇ ਕਿਵੇਂ ਆ ਸਕਦਾ?

–ਘਰ ਵਿੱਚ ਉਹਦਾ ਅੱਧ ਐ। ਜੇ ਅਸੀਂ ਨਹੀਂ ਆਉਣ ਦੇਵਾਂਗੇ ਤਾਂ ਘਰ ਵੇਚਣ ਲਈ ਕਹਿ ਸਕਦਾ ਤੇ ਵੇਚ ਵੀ ਸਕਦਾ।

ਇਹ ਸੁਣ ਕੇ ਪ੍ਰੀਤੀ ਫਿਕਰਾਂ ਵਿੱਚ ਪੈ ਗਈ। ਮਸਾਂ ਤਾਂ ਉਸ ਦਾ ਘਰ ਸੁਫਨਾ ਪੂਰਾ ਹੋਇਆ ਸੀ। ਨਿੱਕ ਬੋਲਿਆ,

–ਇਹਦਾ ਇੱਕੋ ਹੱਲ ਐ ਕਿ ਕਿਸੇ ਤਰ੍ਹਾਂ ਜੱਗੀ ਦਾ ਨਾਂ ਘਰ ਵਿੱਚੋਂ ਨਿਕਲ ਜਾਵੇ।

–ਉਹ ਕਿਵੇਂ ?

–ਕਿਸੇ ਤਰ੍ਹਾਂ ਪਤਿਆ ਕੇ, ਮਨਾ ਕੇ, ਤੇਰੇ ਸਾਹਮਣੇ ਤਾਂ ਉਹ ਝੱਟ ਪਿਘਲ ਜਾਂਦਾ ਤੇ....।

ਨਿੱਕ ਨੇ ਕੋਲ ਬੈਠੇ ਰੌਕੀ ਵੱਲ ਇਸ਼ਾਰਾ ਕੀਤਾ, ਪ੍ਰੀਤੀ ਇਕਦਮ ਸਮਝ ਗਈ। ਉਹਨੇ ਉਸ ਵਕਤ ਹੀ ਹਸਪਤਾਲ ਨੂੰ ਫੋਨ ਕਰਕੇ ਜੱਗੀ ਦਾ ਹਾਲ ਚਾਲ ਪੁੱਛਿਆ ਤੇ ਉਸ ਨੂੰ ਮਿਲਣ ਜਾਣ ਦੀ ਤਿਆਰੀ ਕਰਨ ਲੱਗੀ। ਰੌਕੀ ਨੂੰ ਉਹਨੇ ਆਪਣੇ ਨਾਲ ਲੈ ਲਿਆ।

ਜੱਗੀ ਨੂੰ ਦੇਖ ਕੇ ਪ੍ਰੀਤੀ ਹੈਰਾਨ ਰਹਿ ਗਈ। ਚੰਗੀ ਸਿਹਤ ਵਾਲਾ ਜੱਗੀ ਸੁਕ ਕੇ ਤੀਲਾ ਹੋ ਗਿਆ ਸੀ। ਸਿਰ ਦੇ ਵਾਲ ਕੱਟ ਦਿੱਤੇ ਹੋਏ ਸਨ। ਉਸ ਨੇ ਪ੍ਰੀਤੀ ਨੂੰ ਦੇਖਦਿਆਂ ਹੀ ਕਿਹਾ,

–ਕਿਵੇਂ ਮੈਡਮ, ਠੀਕ ਐਂ ?

–ਹਾਂ, ਮੈਂ ਠੀਕ ਆਂ, ਤੂੰ ਦੱਸ ?

–ਮੈਂ ਵੀ ਠੀਕ ਆਂ, ਬਿਲਕੁਲ ਠੀਕ, ਬਸ ਇਹਨਾਂ ਨੇ ਜ਼ਬਰਦਸਤੀ ਇੱਥੇ ਰੱਖਿਆ ਹੋਇਐ।

ਗੱਲ ਕਰਦਾ ਜੱਗੀ ਜ਼ਰਾ ਕੁ ਮੁਸਕਰਾਇਆ। ਉਸ ਦੀਆਂ ਅੱਖਾਂ ਵਿੱਚ ਚਮਕ ਜਿਹੀ ਆ ਗਈ। ਇਸ ਚਮਕ ਨੇ ਪ੍ਰੀਤੀ ਨੂੰ ਜ਼ਰਾ ਕੁ ਤੰਗ ਕੀਤਾ ਪਰ ਉਹ ਛੇਤੀ ਹੀ ਸਹਿਜ ਹੋ ਕੇ ਪੁੱਛਣ ਲੱਗੀ,

–ਇਹ ਵਾਲ ਕਿਉਂ ਕਟਾ ਦਿੱਤੇ ?

–ਵਾਲ ਮੈਨੂੰ ਕਟਾਉਣੇ ਪਏ, ਸਾਂਭੇ ਨਹੀਂ ਸੀ ਜਾਂਦੇ ਤੇ ਫੇਰ ਪੱਗ ਵੀ ਨਹੀਂ ਸੀ ਬੱਝਦੀ ਪਰ ਮੈਂ ਜਲਦੀ ਫੇਰ ਰੱਖ ਲੈਣੇ ਆਂ। ਚਿੰਤਾ ਨਾ ਕਰ।

ਜੱਗੀ ਨੇ ਕਿਹਾ ਤੇ ਉਸ ਨੇ ਆਪਣਾ ਹੱਥ ਰੌਕੀ ਵੱਲ ਵਧਾਇਆ। ਰੌਕੀ ਉਸ ਦੇ ਨਜ਼ਦੀਕ ਹੋਇਆ ਤਾਂ ਜੱਗੀ ਨੇ ਉਸ ਨੂੰ ਜੱਫੀ ਵਿੱਚ ਲੈ ਲਿਆ। ਜੱਗੀ ਏਨਾ ਭਾਵੁਕ ਹੋ ਗਿਆ ਕਿ ਉਸ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਫਿਰ ਉਹ ਅਜੀਬ ਜਿਹੇ ਤਰੀਕੇ ਨਾਲ ਸਾਹ ਲੈਣ ਲੱਗਾ। ਪ੍ਰੀਤੀ ਨੇ ਫਿਕਰ ਕਰਦਿਆਂ ਨਰਸ ਨੂੰ ਆਵਾਜ਼ ਦਿੱਤੀ ਤਾਂ ਜੱਗੀ ਬੋਲਿਆ,

–ਕੁਝ ਨਹੀਂ, ਐਵੇਂ ਹੀ ਐ ਇਹ। ਇਹਨਾਂ ਨੇ ਮੇਰੇ ਪੇਟ ਵਿੱਚ ਕੋਈ ਗੈਸ ਭਰ ਦਿੱਤੀ ਐ, ਇਸ ਕਰਕੇ ਹੀ....। ਮੇਰੀ ਗਰਦਣ ਵਿੱਚ ਵੀ ਕੋਈ ਸਖਤ ਚੀਜ਼ ਪਾ ਦਿੱਤੀ ਐ, ਨਹੀਂ ਤਾਂ ਮੈਂ ਫਸਟ ਕਲਾਸ ਆਂ। ਦਵਾਈਆਂ ਵੀ ਬਿਨਾਂ ਲੋੜ ਤੋਂ ਦੇਈ ਜਾਂਦੇ ਆ।

–ਜੈਗ, ਮੇਰੀ ਕਾਰ ਖਰਾਬ ਸੀ ਇਸੇ ਕਰਕੇ ਮੈਂ ਤੈਨੂੰ ਦੇਖਣ ਨਹੀਂ ਆ ਸਕੀ। ਰੌਕੀ ਤਾਂ ਕਈ ਦਿਨਾਂ ਦਾ ਕਾਹਲਾ ਸੀ।



ਜੱਗੀ ਨੇ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਉਸ ਨੇ ਤਾਂ ਕੋਈ ਗਿਲਾ–ਸ਼ਿਕਵਾ ਵੀ ਨਹੀਂ ਸੀ ਕੀਤਾ। ਪ੍ਰੀਤੀ ਨੂੰ ਜਾਪਿਆ ਜਿਵੇਂ ਉਸ ਨੂੰ ਬਹੁਤੀਆਂ ਗੱਲਾਂ ਯਾਦ ਵੀ ਨਾ ਹੋਣ। ਉਸ ਨੇ ਇੰਡੀਆ ਤੋਂ ਆਏ ਫੋਨ ਬਾਰੇ ਦੱਸਦਿਆਂ ਕਿਹਾ,

–ਮੈਂ ਚਰਨਜੀਤ ਨੂੰ ਇੱਥੋਂ ਦਾ ਫੋਨ ਨੰਬਰ ਦੇ ਦਿੱਤਾ ਸੀ।

–ਹਾਂ, ਮੇਰੀ ਉਹਦੇ ਨਾਲ ਗੱਲ ਹੋ ਗਈ ਸੀ। ਮੈਂ ਕਿਹਾ ਸੀ ਕਿ ਫਿਕਰ ਨਾ ਕਰ, ਸਭ ਠੀਕ ਐ, ਜੇ ਨਹੀਂ ਠੀਕ ਤਾਂ ਠੀਕ ਕਰ ਦੇਵਾਂਗਾ। ਫਿਕਰ ਵਾਲੀ ਤਾਂ ਕੋਈ ਗੱਲ ਹੀ ਨਹੀਂ। ਮੁਸੀਬਤਾਂ ਬੰਦਿਆਂ ਉੱਪਰ ਹੀ ਪੈਂਦੀਆਂ ! ਬਸ ਦੋ ਕੁ ਦਿਨ ਦੀ ਗੱਲ ਐ।

ਜੱਗੀ ਦਾ ਹੌਂਸਲਾ ਜਿਵੇਂ ਪਰਤ ਆਇਆ ਹੋਵੇ। ਕੁਝ ਕੁ ਹੋਰ ਗੱਲਾਂ ਕਰਕੇ ਪ੍ਰੀਤੀ ਨੇ ਕਿਹਾ,

–ਦੇਖ ਜੈਗ, ਹੁਣ ਸਾਰੇ ਹਾਲਾਤ ਤਾਂ ਤੂੰ ਸਮਝਦਾ ਹੀ ਐਂ। ਜੋ ਵੀ ਹੋਇਆ ਮੈਂ ਸਮਝਦੀ ਆਂ ਕਿ ਸਾਡੀ ਹੋਣੀ ਹੀ ਇਹੋ ਐ, ਸਾਡਾ ਕਰਮ !

ਪ੍ਰੀਤੀ ਇੱਕ ਪਲ ਲਈ ਚੁੱਪ ਕੀਤੀ ਤੇ ਫਿਰ ਬੋਲੀ,

–ਜੈਗ, ਮੈਨੂੰ ਰੌਕੀ ਦੀ ਸੌਂਹ, ਮੈਂ ਕਦੇ ਵੀ ਤੇਰਾ ਬੁਰਾ ਨਹੀਂ ਸੋਚਿਆ। ਮੈਂ ਅੱਜ ਵੀ ਤੇਰੀ ਸ਼ੁਭਚਿੰਤਕ ਆਂ। ਸਦਾ ਤੇਰੇ ਬਾਰੇ ਵਧੀਆ ਸੋਚਦੀ ਆਂ।

ਜੱਗੀ ਹਾਲੇ ਵੀ ਚੁੱਪ ਰਿਹਾ। ਪ੍ਰੀਤੀ ਆਪਣੀ ਗੱਲ ਦਾ ਪ੍ਰਤੀਕਰਮ ਦੇਖ ਕੇ ਅਗਲੀ ਗੱਲ ਕਰ ਰਹੀ ਸੀ। ਉਸ ਨੇ ਫਿਰ ਕਿਹਾ,

–ਜੈਗ, ਤੂੰ ਇੱਥੋਂ ਜਲਦੀ ਨਿਕਲ ਨਹੀਂ ਤਾਂ ਇਹ ਲੋਕ ਤੈਨੂੰ ਪਾਗਲ ਕਰ ਦੇਣਗੇ।

–ਕਸਰ ਤਾਂ ਇਹਨਾਂ ਕੋਈ ਛੱਡੀ ਨਹੀਂ, ਇਹ ਤਾਂ ਮੈਂ ਹੀ ਸਟਰੌਂਗ ਆਂ।

–ਜੈਗ, ਤੈਨੂੰ ਹੁਣ ਨਵੀਂ ਲਾਈਫ ਸ਼ੁਰੂ ਕਰਨੀ ਚਾਹੀਦੀ ਐ। ਚੰਗੀ ਗੱਲ ਇਹ ਐ ਕਿ ਆਪਣਾ ਫਲੈਟ ਲੈ ਲਵੇਂ, ਹੁਣ ਮਿਲ ਵੀ ਸੌਖਾ ਜਾਣਾ। ਆਪਣੇ ਸੋਸ਼ਲ ਵਰਕਰ ਨੂੰ ਕਹਿ ਕੇ ਕੌਂਸਲ ਦੇ ਫਲੈਟ ਲਈ ਅਪਲਾਈ ਕਰਦੇ।

–ਮੈਡਮ, ਮੈਂ ਇਹਦੇ ਬਾਰੇ ਸੋਚਦਾਂ ਪਰ ਇਹ ਸੋਚਣ ਦਾ ਟਾਈਮ ਦੇਣ ਤਾਂ ਹੀ ਸੋਚਾਂ। ਪਰ ਤੂੰ ਫਿਕਰ ਨਾ ਕਰ, ਸਭ ਠੀਕ ਕਰ ਦੇਊਂ।

ਪ੍ਰੀਤੀ ਚੁੱਪ ਰਹੀ। ਉਸ ਨੇ ਪਹਿਲੀ ਗੱਲ ਆਖ ਦਿੱਤੀ ਸੀ, ਅਗਲੀ ਗੱਲ ਤਕ ਜੱਗੀ ਨੂੰ ਸੋਚਣ ਦਾ ਮੌਕਾ ਮਿਲ ਜਾਣਾ ਸੀ। ਪ੍ਰੀਤੀ ਤੇ ਰੌਕੀ ਘੰਟਾ ਭਰ ਜੱਗੀ ਕੋਲ ਰਹੇ। ਰੌਕ ਨੇ ਤਾਂ ਆਦਤ ਮੁਤਾਬਕ ਕੋਈ ਗੱਲ ਹੀ ਨਾ ਕੀਤੀ। ਜਿੰਨੀ ਗੱਲ ਪੁੱਛ ਲਵੋ ਜਵਾਬ ਦੇ ਦਿੰਦਾ। ਪ੍ਰੀਤੀ ਕੋਲ ਵੀ ਬਹੁਤੀਆਂ ਗੱਲਾਂ ਤਾਂ ਨਹੀਂ ਸਨ ਪਰ ਉਂਝ ਬੈਠੀ ਰਹੀ। ਜੱਗੀ ਲਈ ਪ੍ਰੀਤੀ ਦਾ ਏਨੇ ਕੁ ਨੇੜ ਹੀ ਬਹੁਤ ਸੀ। ਫਿਰ ਪ੍ਰੀਤੀ ਜਾਣ ਲਈ ਤਿਆਰ ਹੁੰਦੀ ਬੋਲੀ,

–ਮੇਰੀ ਕਾਰ ਹੁਣ ਠੀਕ ਐ, ਕੋਈ ਚੀਜ਼ ਚਾਹੀਦੀ ਹੋਵੇ ਤਾਂ ਫੋਨ ਕਰ ਦੇਵੀਂ।

ਪ੍ਰੀਤੀ ਚਲੇ ਗਈ ਜੱਗੀ ਉਦਾਸ ਹੋ ਗਿਆ। ਹੁਣ ਉਸ ਲਈ ਇਸ ਹਸਪਤਾਲ ਵਿੱਚ ਰਹਿਣਾ ਬਹੁਤ ਮੁਸ਼ਕਲ ਹੋ ਗਿਆ ਸੀ। ਦਵਾਈਆਂ ਦੇ ਅਸਰ ਤੋਂ ਬਾਹਰ ਹੋ ਕੇ ਜਦ ਵੀ ਉਹ ਕੁਝ ਸੋਚਣ ਦੇ ਕਾਬਲ ਹੁੰਦਾ ਤਾਂ ਸਭ ਤੋਂ ਪਹਿਲਾਂ ਉਹ ਇੱਥੋਂ ਨਿਕਲਣ ਬਾਰੇ

ਸੋਚਦਾ। ਉਹ ਇਸ ਨੂੰ ਹਸਪਤਾਲ ਨਹੀਂ ਜੇਲ੍ਹ ਸਮਝਦਾ ਸੀ। ਜੱਗੀ ਕਈ ਵਾਰ ਉੱਥੋਂ ਭੱਜਣ ਦੀ ਕੋਸ਼ਿਸ਼ ਕਰ ਚੁੱਕਿਆ ਸੀ। ਜਦ ਉਸ ਨੂੰ ਦਵਾਈ ਦਿੱਤੀ ਜਾਂਦੀ ਤਾਂ ਉਹ ਦਵਾਈ ਤੋਂ ਇਨਕਾਰ ਕਰਦਾ ਹੋਇਆ ਹਿੰਸਕ ਹੋ ਜਾਂਦਾ। ਉਸ ਨਾਲ ਹੋਰ ਵੀ ਜਬਰਦਸਤੀ ਕੀਤੀ ਜਾਂਦੀ।

ਭੈਣ ਚਰਨਜੀਤ ਤੇ ਮਾਂਪਿਓ ਨਾਲ ਵੀ ਉਸ ਦੀ ਕਈ ਵਾਰ ਗੱਲ ਹੋ ਚੁੱਕੀ ਸੀ। ਉਸ ਦਾ ਪਿਓ ਸੋਹਣ ਸਿੰਘ ਉਸ ਨੂੰ ਦੇਖਣ ਆਉਣਾ ਚਾਹੁੰਦਾ ਸੀ ਪਰ ਆਉਂਦਾ ਕਿੱਥੇ ? ਪੁੱਤ ਪਾਗਲਖਾਨੇ ਸੀ ਤੇ ਨੂੰਹ ਨਾਲ ਕੋਈ ਰਿਸ਼ਤਾ ਨਹੀਂ ਸੀ ਰਿਹਾ। ਹੁਣ ਜਦ ਪ੍ਰੀਤੀ ਜੱਗੀ ਨੂੰ ਲਗਾਤਾਰ ਦੇਖਣ ਜਾਣ ਲੱਗੀ ਸੀ ਤਾਂ ਚਰਨਜੀਤ ਵੀ ਅਕਸਰ ਉਸ ਨੂੰ ਫੋਨ ਕਰ ਲਿਆ ਕਰਦੀ। ਪ੍ਰੀਤੀ ਪ੍ਰਤੀ ਗੁੱਸਾ ਭਾਵੇਂ ਘੱਟ ਨਹੀਂ ਸੀ ਹੋਇਆ ਪਰ ਉਸ ਨੂੰ ਏਨਾ ਹੀ ਬਹੁਤ ਸੀ ਕਿ ਬੇਗਾਨੇ ਮੁਲਕ ਵਿੱਚ ਉਹ ਜੱਗੀ ਦੀ ਖ਼ਬਰ ਲੈਣ ਤਾਂ ਜਾਂਦੀ ਸੀ। ਉਸ ਨੂੰ ਤਾਜ਼ਾ ਖਾਣਾ ਵੀ ਪੁੱਜਦਾ ਕਰਦੀ ਸੀ। ਰੌਕੀ ਨੂੰ ਵੀ ਮਿਲਾ ਕੇ ਲਿਆਉਂਦੀ ਸੀ।

ਇੱਕ ਦਿਨ ਪ੍ਰੀਤੀ ਦੇ ਨਾਲ ਨਿੱਕ ਵੀ ਉਸ ਨੂੰ ਮਿਲਣ ਆਇਆ। ਹੁਣ ਤਕ ਪ੍ਰੀਤੀ ਉਸ ਨਾਲ ਘਰ ਵਿੱਚੋਂ ਨਾਂ ਕੱਢਵਾਉਣ ਦੀ ਗੱਲ ਤੋਰ ਚੁੱਕੀ ਸੀ ਤੇ ਕਿਸੇ ਹੱਦ ਤਕ ਜੱਗੀ ਤਿਆਰ ਵੀ ਸੀ। ਪ੍ਰੀਤੀ ਨੇ ਗੱਲ ਫਿਰ ਤੋਰੀ ਤਾਂ ਨਿੱਕ ਬੋਲਿਆ,

–ਜੈਗ, ਇਹ ਘਰ ਰੌਕੀ ਦਾ ਹੀ ਹੋਵੇਗਾ। ਮੇਰੇ ਬੱਚਿਆਂ ਕੋਲ ਤਾਂ ਘਰ ਹੈ ਹੀ, ਹੁਣ ਪੀਟਰ ਨੇ ਇੱਕ ਹੋਰ ਘਰ ਵੀ ਲੈ ਲਿਐ। ਸੋ ਮੈਨੂੰ ਇਹ ਘਰ ਨਹੀਂ ਚਾਹੀਦਾ, ਇਹ ਤਾਂ ਤੇਰੀ ਸਹੂਲਤ ਲਈ ਹੀ ਐ ਕਿ ਜੇ ਤੂੰ ਆਪਣੇ ਆਪ ਨੂੰ ਬੇਘਰਾ ਡਿਕਲੇਅਰ ਕਰੇਂ ਤਾਂ ਤੈਨੂੰ ਕੌਂਸਲ ਦਾ ਫਲੈਟ ਜਲਦੀ ਮਿਲ ਜਾਣਾ।

–ਨਿੱਕ, ਮੇਰੇ ਫਾਦਰ ਏਨੇ ਕੁ ਜੋਗੇ ਹੈਗੇ ਆ, ਉਹਨਾਂ ਨੇ ਕਿਹਾ ਕਿ ਘਰ ਲੈਣ ਲਈ ਉਹ ਮੈਨੂੰ ਪੈਸੇ ਦੇਣਗੇ, ਸੋ ਮੈਂ ਫਲੈਟ ਨਾਲੋਂ ਘਰ ਹੀ ਖਰੀਦ ਲੈਣਾ।

ਉਸ ਦੀ ਗੱਲ ਦਾ ਜਵਾਬ ਦਿੰਦੀ ਪ੍ਰੀਤੀ ਬੋਲੀ,

–ਜੈਗ, ਉਹ ਵੀ ਠੀਕ ਐ ਪਰ ਇਕਦਮ ਤਾਂ ਤੈਨੂੰ ਰਹਿਣ ਲਈ ਕੋਈ ਜਗ੍ਹਾ ਚਾਹੀਦੀ ਹੀ ਐ ਨਾ। ਤੇਰੇ ਕੋਲ ਆਪਣਾ ਫਲੈਟ ਤਾਂ ਹੋਏਗਾ ਤੇ ਫਿਰ ਘਰ ਵੀ ਲੈ ਲਵੀਂ।

ਪ੍ਰੀਤੀ ਨੂੰ ਡਰ ਸੀ ਕਿ ਹਸਪਤਾਲੋਂ ਨਿਕਲ ਕੇ ਮੁੜ ਉਸ ਦੇ ਪੱਲੇ ਹੀ ਨਾ ਪੈ ਜਾਵੇ। ਹੌਲੀ ਹੌਲੀ ਪ੍ਰੀਤੀ ਨੇ ਜੱਗੀ ਨੂੰ ਘਰ ਵਿੱਚੋਂ ਨਾਂ ਕਢਵਾਉਣ ਲਈ ਮਨਾ ਲਿਆ। ਇਸ ਕੰਮ ਲਈ ਨਿੱਕ ਦਾ ਦੋਸਤ ਹਮੀਦ ਹਸਪਤਾਲ ਮਿਲਣ ਆ ਗਿਆ। ਉਸ ਨੇ ਵਕੀਲ ਵੱਲੋਂ ਸਾਰੇ ਕਾਗਜ਼ ਤਿਆਰ ਕਰਵਾ ਲਏ ਸਨ। ਘਰ ਵਿੱਚ ਜੱਗੀ ਵਾਲੇ ਹਿੱਸੇ ਦੀ ਮਾਲਕ ਹੁਣ ਪ੍ਰੀਤੀ ਨੇ ਹੋਣਾ ਸੀ। ਉਸ ਨੇ ਕਾਗਜ਼ਾਂ ਉਪਰ ਦਸਤਖਤ ਕਰ ਦਿੱਤੇ। ਵਾਪਸ ਜਾਣ ਲੱਗਾ ਹਮੀਦ ਬੋਲਿਆ,

–ਜੱਗੀ ਭਾਈ ਜਾਨ, ਮੈਨੂੰ ਪਤਾ ਕਿ ਤੂੰ ਇੱਕ ਅਮੀਰ ਬਾਪ ਦਾ ਪੁੱਤਰ ਏਂ, ਜਲਦੀ ਘਰ ਵੀ ਲੈਣਾ ਚਾਹੁੰਨਾ ਏਂ, ਮੇਰੇ ਰਾਹੀਂ ਹੀ ਲਵੀਂ। ਮੈਂ ਬਹੁਤ ਜਾਇਜ਼ ਕਮਿਸ਼ਨ ਲਵਾਂਗਾ।

–ਹਾਂ ਹਮੀਦ, ਤੇਰੇ ਰਾਹੀਂ ਹੀ ਘਰ ਲਵਾਂਗਾ, ਫਿਕਰ ਨਾ ਕਰ। ਜਲਦੀ ਹੀ।



–ਜੱਗੀ ਭਾਈ ਜਾਨ, ਦੇਖ ਆਹ ਕੰਮ ਮੈਂ ਫਰੀ ਕਰ ਰਿਹਾਂ। ਇਸ ਕੰਮ ਦੇ ਪੈਸੇ ਤੇਰੇ ਵੱਲ ਨਿਕਲਦੇ ਨੇ, ਜਦ ਮਰਜ਼ੀ ਦੇ ਦੇਵੀਂ।

–ਕਾਹਦੇ ਪੈਸੇ ਓਏ ? ਮੈਂ ਤੈਨੂੰ ਆਪਣੇ ਹੱਥ ਵੱਢ ਕੇ ਦੇ ਦਿੱਤੇ ਤੇ ਤੂੰ ਪੈਸੇ ਮੰਗਦਾਂ ?

ਜੱਗੀ ਨੇ ਗੁੱਸੇ ਨਾਲ ਕਿਹਾ। ਹਮੀਦ ਆਪਣੇ ਪੇਪਰ ਸਾਂਭਦਾ ਕਾਹਲੀ ਨਾਲ ਉੱਠ ਆਇਆ।

ਹੁਣ ਜੱਗੀ ਨੂੰ ਇੱਥੇ ਆਏ ਨੂੰ ਸਾਲ ਹੋਣ ਵਾਲਾ ਹੈ। ਉਸ ਨੂੰ ਅਲੱਗ ਕਮਰੇ ਵਿੱਚ ਰੱਖਿਆ ਜਾ ਰਿਹਾ ਸੀ। ਵੈਸੇ ਉਹ ਖਾਣਾ ਖਾਣ ਲਈ ਕੰਟੀਨ ਵਿੱਚ ਜਾ ਸਕਦਾ ਸੀ ਜਾਂ ਪੂਲ ਟੇਬਲ 'ਤੇ ਜਾ ਕੇ ਪੂਲ ਵੀ ਖੇਡ ਸਕਦਾ ਸੀ, ਟੀਵੀ ਰੂਮ ਵਿੱਚ ਟੈਲੀਵੀਯਨ ਦੇਖ ਸਕਦਾ ਸੀ। ਉਹ ਖ਼ਬਰਾਂ ਦੇਖਣ ਜ਼ਰੂਰ ਟੀਵੀ ਰੂਮ ਵਿੱਚ ਜਾਂਦਾ। ਉਸ ਨੂੰ ਡਿਕਵਰੀ ਚੈਨਲ ਜਾਂ ਹੋਰ ਜਾਣਕਾਰੀ ਭਰਪੂਰ ਪ੍ਰੋਗਰਾਮ ਦੇਖਣ ਦਾ ਸ਼ੌਂਕ ਸੀ ਪਰ ਅਜਿਹਾ ਕੋਈ ਪ੍ਰੋਗਰਾਮ ਟੀਵੀ ਉਪਰ ਕੋਈ ਲਾਉਂਦਾ ਹੀ ਨਹੀਂ ਸੀ। ਜਦ ਕਦੇ ਵੀ ਦਵਾਈ ਦੇ ਅਸਰ ਤੋਂ ਬਾਹਰ ਹੁੰਦਾ ਤਾਂ ਉਹ ਆਪਣੇ ਭਵਿੱਖ ਬਾਰੇ ਸੋਚਦਾ। ਕਦੇ ਸੋਚਦਾ ਕਿ ਉਹ ਵਾਪਸ ਕਨੇਡਾ ਚਲੇ ਜਾਵੇਗਾ। ਕਦੇ ਸੋਚਦਾ ਕਿ ਇੰਡੀਆ ਤੋਂ ਪੈਸੇ ਲਿਆ ਕੇ ਆਪਣਾ ਘਰ ਲਵੇਗਾ। ਕਦੇ ਕੁਝ ਤੇ ਕਦੇ ਕੁਝ। ਮੁੜ ਵਿਆਹ ਕਰਾਉਣ ਦਾ ਖਿਆਲ ਵੀ ਉਸ ਦੇ ਮਨ ਵਿੱਚ ਆਉਂਦਾ। ਉਹ ਹਸਪਤਾਲ ਵਿੱਚ ਰਹਿ ਕੇ ਬਹੁਤ ਅੱਕਿਆ ਪਿਆ ਸੀ। ਉਹ ਹੁਣ ਕਿਸੇ ਨਾਲ ਲੜਾਈ ਨਾ ਕਰਦਾ, ਜੋ ਵੀ ਦਵਾਈ ਦਿੱਤੀ ਜਾਂਦੀ ਖਾ ਲੈਂਦਾ। ਜਦ ਵੀ ਡਾਕਟਰ ਉਸ ਨੂੰ ਦੇਖਣ ਲਈ ਆਉਂਦਾ ਤਾਂ ਉਸ ਨੂੰ ਬੇਨਤੀਆਂ ਕਰਦਾ ਕਿ ਉਸ ਨੂੰ ਬਾਹਰ ਜਾਣ ਦਿੱਤਾ ਜਾਵੇ। ਡਾਕਟਰ ਵੀ ਉਸ ਨੂੰ ਹਸਪਤਾਲ ਵਿੱਚ ਰੱਖ ਕੇ ਬਹੁਤੇ ਖੁਸ਼ ਨਹੀਂ ਸਨ। ਉਹਨਾਂ ਨੂੰ ਵੀ ਬੈੱਡ ਵਿਹਲਾ ਚਾਹੀਦਾ ਸੀ। ਉਸ ਦੀ ਸਿਹਤ ਨੂੰ ਲੈ ਕੇ ਵਿਚਾਰਾਂ ਚੱਲ ਰਹੀਆਂ ਸਨ। ਡਾਕਟਰਾਂ ਦਾ ਇੱਕ ਪੈਨਲ ਸਮੇਂ ਸਮੇਂ ਉਸ ਦਾ ਮੁਆਇਨਾ ਕਰਦਾ ਰਹਿੰਦਾ ਸੀ। ਇੱਕ ਸੋਸ਼ਲ ਵਰਕਰ ਵੀ ਉਸ ਨੂੰ ਲਗਾਤਾਰ ਮਿਲਣ ਆਉਂਦੀ। ਇੱਕ ਮਸਲਾ ਇਹ ਵੀ ਸੀ ਕਿ ਹਸਪਤਾਲ ਤੋਂ ਬਾਹਰ ਜਾ ਕੇ ਉਹ ਰਹੇਗਾ ਕਿੱਥੇ। ਉਸ ਦੇ ਇਸ ਮਸਲੇ ਨੂੰ ਵੀ ਵਿਚਾਰਿਆ ਜਾ ਰਿਹਾ ਸੀ।

ਇੱਕ ਦਿਨ ਉਹ ਆਪਣੇ ਕਮਰੇ ਵਿੱਚ ਪਿਆ ਸੀ ਕਿ ਉਸ ਨੂੰ ਸ਼ੱਕ ਹੋਈ ਕਿ ਨਾਲ ਦੇ ਕਮਰੇ ਵਿੱਚ ਘੁਸਰ-ਮੁਸਰ ਹੋ ਰਹੀ ਹੈ। ਉਸ ਨੇ ਸੋਚਿਆ ਕਿ ਸ਼ਾਇਦ ਕੋਈ ਕਿਸੇ ਨੂੰ ਮਿਲਣ ਆਇਆ ਹੋਵੇਗਾ। ਅਗਲੇ ਦਿਨ ਉਸ ਨੂੰ ਲੱਗਿਆ ਜਿਵੇਂ ਕੋਈ ਉਸ ਦਾ ਨਾਂ ਵੀ ਲੈ ਰਿਹਾ ਹੋਵੇ, ਜਾਂ ਉਸ ਨੂੰ ਕੋਈ ਕੁਝ ਕਹਿ ਰਿਹਾ ਹੋਵੇ। ਉਸ ਨੇ ਬਾਹਰ ਨਿਕਲ ਕੇ ਦੇਖਿਆ ਕਿ ਨਾਲ ਦੇ ਕਮਰੇ ਵਿੱਚ ਤਾਂ ਕੋਈ ਵੀ ਨਹੀਂ ਸੀ। ਉਸ ਨੇ ਇੱਕ ਨਰਸ ਨੂੰ ਕਿਹਾ,

–ਸਿਸਟਰ, ਇੱਥੇ ਨਾਲ ਦੇ ਰੂਮ ਵਿੱਚ ਕੌਣ ਐ ?

–ਇੱਥੇ ਤਾਂ ਕੋਈ ਨਹੀਂ ਮਿਸਟਰ ਸਿੰਘ।

–ਮੈਨੂੰ ਕੋਈ ਗੱਲਾਂ ਕਰਦਾ ਸੁਣਦਾ ਸੀ, ਤੇ ਜਿਵੇਂ ਮੈਨੂੰ ਕੋਈ ਕੁਝ ਕਹਿਣਾ ਚਾਹੁੰਦਾ ਹੋਵੇ।

-ਇੱਥੇ ਕੋਈ ਨਹੀਂ ਮਿਸਟਰ ਸਿੰਘ, ਤੂੰ ਆਪਣੇ ਕਮਰੇ ਵਿੱਚ ਜਾਹ, ਮੈਂ ਦਵਾਈ ਲੈ ਕੇ ਆਉਨੀ ਆਂ, ਤੇਰਾ ਦਵਾਈ ਦਾ ਟਾਈਮ ਜਿਉਂ ਹੋ ਗਿਆ।

ਜੱਗੀ ਹੈਰਾਨ ਜਿਹਾ ਹੋਇਆ ਆਪਣੇ ਕਮਰੇ ਵਿੱਚ ਆ ਗਿਆ। ਅਗਲਾ ਸਾਰਾ ਦਿਨ ਫਿਰ ਉਸ ਦੇ ਕੰਨਾਂ ਵਿੱਚ ਫੁਸ-ਫੁਸ ਹੁੰਦੀ ਰਹੀ। ਇਹ ਸਿਲਸਿਲਾ ਕੁਝ ਦਿਨ ਚੱਲਿਆ। ਫਿਰ ਇੱਕ ਦਿਨ ਉਸ ਨੂੰ ਕਿਸੇ ਨੇ ਕਿਹਾ,

-ਤੂੰ ਜਿਹੜੀ ਮੇਰੇ ਕਿੱਕ ਮਾਰੀ ਸੀ, ਉਸ ਦਾ ਬਦਲਾ ਜ਼ਰੂਰ ਲਵਾਂਗਾ।

-ਮੈਂ ਤੇਰੇ ਕਿਹੜੀ ਕਿੱਕ ਮਾਰੀ ਐ ?

ਕਹਿਣ ਵਾਲੇ ਨੇ ਉਸ ਦੀ ਕੋਈ ਗੱਲ ਨਾ ਸੁਣੀ ਤੇ ਆਪਣੀ ਗੱਲ ਹੀ ਆਖਦਾ ਰਿਹਾ। ਕਮਰੇ ਵਿੱਚ ਕੋਈ ਨਹੀਂ ਸੀ। ਉਸ ਨੂੰ ਡਰ ਲੱਗਣ ਲੱਗਾ। ਉਸ ਨੇ ਨਰਸ ਨਾਲ ਗੱਲ ਕੀਤੀ। ਨਰਸ ਨੇ ਉਸ ਨੂੰ ਸੌਣ ਦੀ ਦਵਾਈ ਦੇ ਦਿੱਤੀ। ਅਗਲੇ ਦਿਨ ਫਿਰ ਉਹੀ ਸਿਲਸਿਲਾ ਸ਼ੁਰੂ ਹੋ ਗਿਆ। ਕੋਈ ਕਹਿ ਰਿਹਾ ਸੀ,

-ਸਿੰਘ, ਇੰਡੀਆ ਤੋਂ ਲਿਆ ਕੇ ਮੈਨੂੰ ਮੇਰੇ ਪੈਸੇ ਦੇ।

-ਤੇਰੇ ਕਿਹੜੇ ਪੈਸੇ ਓਏ ? ਤੂੰ ਹੈ ਕੌਣ ?

ਜੱਗੀ ਗੁੱਸੇ ਵਿੱਚ ਬੋਲਿਆ। ਏਨੀ ਉੱਚੀ ਬੋਲਿਆ ਕਿ ਨਰਸ ਨੇ ਸੁਣ ਲਿਆ ਤੇ ਭੱਜਦੀ ਹੋਈ ਆ ਗਈ। ਉਸ ਨੇ ਨਰਸ ਨੂੰ ਆਖਿਆ,

-ਸਿਸਟਰ, ਮੈਨੂੰ ਕੋਈ ਮਾਰ ਦੇਣ ਦੀਆਂ ਧਮਕੀਆਂ ਦੇ ਰਿਹੈ।

-ਮਿਸਟਰ ਸਿੰਘ, ਏਨਾ ਸਕਿਓਰ ਹੌਸਪੀਟਲ ਏ, ਇੱਥੇ ਕੋਈ ਨਹੀਂ ਆ ਸਕਦਾ। ਤੂੰ ਫਿਕਰ ਨਾ ਕਰ। ਮੈਂ ਡਾਕਟਰ ਨੂੰ ਕਹਾਂਗੀ ਕਿ ਤੇਰੀ ਦਵਾਈ ਬਦਲ ਦੇਵੇ।

ਅਗਲੀ ਵਾਰ ਡਾਕਟਰ ਉਸ ਨੂੰ ਮਿਲਣ ਆਇਆ ਤਾਂ ਸੁਣਦੀਆਂ ਆਵਾਜ਼ਾਂ ਵਾਲੀ ਸਾਰੀ ਗੱਲ ਉਸ ਨੇ ਡਾਕਟਰ ਨੂੰ ਦੱਸੀ। ਡਾਕਟਰ ਨੇ ਵਿਸ਼ੇਸ਼ੱਗ ਕੋਲ ਭੇਜ ਦਿੱਤਾ। ਵਿਸ਼ੇਸ਼ੱਗ ਕਹਿਣ ਲੱਗਾ,

-ਮਿਸਟਰ ਸਿੰਘ, ਇਹ ਆਵਾਜ਼ਾਂ ਸੁਣਨੀਆਂ ਕੋਈ ਨਵੀਂ ਗੱਲ ਨਹੀਂ। ਦੁਨੀਆਂ ਦੇ ਬਾਈ ਪਰਸੈਂਟ ਲੋਕਾਂ ਨੂੰ ਸੁਣਦੀਆਂ ਨੇ। ਇਹ ਸਾਡੇ ਦਿਮਾਗ ਵਿੱਚ ਕੁਝ ਰਹਿ ਗਈਆਂ ਗੱਲਾਂ ਹੀ ਹੁੰਦੀਆਂ ਨੇ, ਕਈ ਵਾਰ ਅਸੀਂ ਜੋ ਸੋਚਦੇ ਆਂ ਉਹੀ ਸਾਨੂੰ ਸੁਣਨ ਲੱਗ ਪੈਂਦਾ ਏ, ਸੋ ਇਹਦੇ ਬਾਰੇ ਤੂੰ ਬਹੁਤੀ ਚਿੰਤਾ ਨਾ ਕਰ। ਸਮੇਂ ਨਾਲ ਸਭ ਠੀਕ ਹੋ ਜਾਵੇਗਾ।

ਡਾਕਟਰ ਦੀਆਂ ਗੱਲਾਂ ਨਾਲ ਜੱਗੀ ਦੀ ਤਸੱਲੀ ਨਾ ਹੋਈ ਪਰ ਉਹ ਇਸ ਨੂੰ ਵੱਡਾ ਈਸ਼ੂ ਨਹੀਂ ਸੀ ਬਣਾਉਣਾ ਚਾਹੁੰਦਾ ਕਿ ਕਿਤੇ ਉਸ ਦਾ ਬਾਹਰ ਨਿਕਲਣਾ ਹੀ ਅੱਗੇ ਨਾ ਪਾ ਦਿੱਤਾ ਜਾਵੇ। ਜਲਦੀ ਹੀ ਜੱਗੀ ਨੂੰ ਕੇਅਰ ਹੋਮ ਵਿੱਚ ਭੇਜ ਦਿੱਤਾ ਗਿਆ ਜਿੱਥੇ ਹਸਪਤਾਲ ਵਰਗੀ ਕੋਈ ਸਖਤੀ ਨਹੀਂ ਸੀ। ਦੋ ਕੁ ਮਹੀਨੇ ਉਹ ਉੱਥੇ ਰਿਹਾ। ਇੱਕ ਦਿਨ ਉਸ ਨੂੰ ਨਰਸ ਬੋਲੀ,

-ਮਿਸਟਰ ਸਿੰਘ, ਜਿਹੜਾ ਮਹੀਨੇ ਬਾਅਦ ਤੇਰੇ ਟੀਕਾ ਲੱਗਦਾ ਏ ਉਹ ਲਗਵਾਉਣ ਤੈਨੂੰ ਹਸਪਤਾਲ ਜਾਣਾ ਪਿਆ ਕਰੇਗਾ।

-ਪਰ ਸਿਸਟਰ, ਉਹ ਟੀਕਾ ਤਾਂ ਮੈਨੂੰ ਬਹੁਤ ਤੰਗ ਕਰਦਾ। ਇੱਕ ਦੋ ਦਿਨ ਤਾਂ ਮੈਂ ਮਰਿਆਂ ਸਾਮਾਨ ਹੁੰਨਾਂ।



-ਇਹ ਬਹੁਤ ਜ਼ਰੂਰੀ ਏ, ਇਹੀ ਤੇਰੀ ਸਿਹਤ ਨੂੰ ਸਾਂਭਣ ਦੇ ਕੰਮ ਆਉਂਦਾ ਏ। ਨਰਸ ਨੇ ਆਖਿਆ।

ਆਖਿਰ ਜੱਗੀ ਨੂੰ ਕਰੋਅ ਕਲੋਜ਼, ਚਿਜ਼ਿਕ ਵਿੱਚ ਕੌਂਸਲ ਦਾ ਇੱਕ ਫਲੈਟ ਮਿਲ ਗਿਆ।

ਹੁਣ ਜੱਗੀ ਕੋਲ ਆਪਣਾ ਫਲੈਟ ਸੀ। ਫਲੈਟ ਵਿੱਚ ਸਾਮਾਨ ਪਾਉਣ ਲਈ ਕੁਝ ਪੈਸੇ ਵੀ ਮਿਲ ਗਏ ਸਨ। ਪ੍ਰੀਤੀ ਦੇ ਘਰੋਂ ਵੀ ਆਪਣਾ ਸਾਮਾਨ ਚੁੱਕ ਲਿਆਇਆ। ਡਾਕਟਰਾਂ ਨੇ ਉਸ ਨੂੰ ਮਾਨਸਿਕ ਰੋਗੀ ਦਾ ਸਰਟੀਫਿਕੇਟ ਦੇ ਦਿੱਤਾ ਸੀ ਜਿਸ ਨਾਲ ਕਈ ਸਹੂਲਤਾਂ ਮਿਲ ਗਈਆਂ, ਬੱਸ ਤੇ ਟਿਊਬ ਦਾ ਪਾਸ ਮੁਫਤ, ਦਵਾਈਆਂ ਸਾਰੀਆਂ ਫਰੀ। ਹਰ ਦੋ ਹਫਤੇ ਬਾਅਦ ਉਸ ਨੂੰ ਚੈੱਕ ਆ ਜਾਂਦਾ, ਜਿਸ ਨਾਲ ਉਸ ਦਾ ਖੁੱਲ੍ਹਾ ਸਰ ਜਾਂਦਾ। ਹੁਣ ਉਹ ਆਜ਼ਾਦ ਪੰਛੀ ਸੀ ਤੇ ਆਸਮਾਨ ਵਿੱਚ ਉਡਾਣ ਭਰਨ ਬਾਰੇ ਸੋਚਣ ਲੱਗਾ। ਇਸ ਉਡਾਣ ਵਿੱਚ ਇੱਕ ਅੜਿੱਕਾ ਜ਼ਰੂਰ ਸੀ, ਉਹ ਸੀ ਉਸ ਨੂੰ ਸੁਣਦੀਆਂ ਆਵਾਜ਼ਾਂ। ਆਵਾਜ਼ਾਂ ਉਸ ਨੂੰ ਕੁਝ ਨਾ ਕੁਝ ਕਹਿ ਰਹੀਆਂ ਹੁੰਦੀਆਂ। ਕੁਝ ਅਜਿਹੀਆਂ ਗੱਲਾਂ ਜਿਵੇਂ ਕੋਈ ਉਸ ਉਪਰ ਨਜ਼ਰ ਰੱਖ ਰਿਹਾ ਹੋਵੇ। ਇੱਕ ਆਵਾਜ਼ ਜਿਵੇਂ ਜੋਜ਼ਫ ਦੀ ਹੋਵੇ, ਜੋ ਹਸਪਤਾਲ ਦਾ ਸਕਿਉਰਟੀ ਮੈਨ ਸੀ ਤੇ ਜਦ ਉਹ ਹਿੰਸਕ ਹੋ ਜਾਂਦਾ ਤਾਂ ਜੋਜ਼ਫ ਉਸ ਨੂੰ ਡਰਾਇਆ ਕਰਦਾ ਸੀ। ਇੱਕ ਆਵਾਜ਼ ਜਿਵੇਂ ਕੈਰੀ ਦੀ ਸੀ, ਉਹੀ ਮੋਟੀ ਨਰਸ ਜੋ ਉਸ ਨੂੰ ਦਬਕੇ ਮਾਰਦੀ ਰਹਿੰਦੀ ਸੀ। ਇਵੇਂ ਹੀ ਇੱਕ ਆਵਾਜ਼ ਉਹਨਾਂ ਦੇ ਨਾਲ ਦੇ ਹੀ ਕਿਸੇ ਬੰਦੇ ਦੀ ਜਾਪਦੀ। ਕਦੇ ਕਦੇ ਇਹਨਾਂ ਵਿੱਚ ਹਮੀਦ ਵੀ ਰਲ਼ ਜਾਂਦਾ। ਉਹ ਆਪਣੇ ਡਾਕਟਰ ਕੋਲ ਗਿਆ। ਉਸ ਨੇ ਅੱਗੇ ਮਨੋਵਿਗਿਆਨੀ ਕੋਲ ਭੇਜ ਦਿੱਤਾ। ਮਨੋਵਿਗਿਆਨੀ ਵੀ ਉਸ ਨੂੰ ਪਹਿਲੇ ਡਾਕਟਰਾਂ ਵਾਂਗ ਹੀ ਸਮਝਾਉਣ ਲੱਗਾ,

-ਮਿਸਟਰ ਸਿੰਘ, ਬਹੁਤ ਸਾਰੇ ਲੋਕਾਂ ਨੂੰ ਇਵੇਂ ਆਵਾਜ਼ਾਂ ਸੁਣਿਆਂ ਕਰਦੀਆਂ ਨੇ, ਵੱਡੀ ਚਿੰਤਾ ਵਾਲੀ ਗੱਲ ਨਹੀਂ। ਇਹ ਜੋ ਕਹਿ ਰਹੀਆਂ ਨੇ ਇਹ ਸੱਚ ਨਹੀਂ, ਤੂੰ ਇਹਨਾਂ ਵੱਲ ਬਿਲਕੁਲ ਧਿਆਨ ਨਾ ਦੇਹ ਤੇ ਆਪਣੇ ਕੰਮ ਕਰੀ ਚੱਲ। ਤੂੰ ਆਪਣੇ ਆਪ ਨੂੰ ਕਿਸੇ ਨਾ ਕਿਸੇ ਕੰਮ ਵਿੱਚ ਰੁਝਾਈ ਰੱਖ। ਮਿਸਟਰ ਸਿੰਘ, ਕੋਈ ਜੌਬ ਲੱਭ ਲੈ।

-ਡਾਕਟਰ, ਇਹ ਆਵਾਜ਼ਾਂ ਬਿਲਕੁਲ ਸੱਚ ਬੋਲ ਰਹੀਆਂ ਨੇ, ਇਹਨਾਂ ਨੂੰ ਮੇਰੇ ਪੈਰ ਪੈਰ ਦਾ ਪਤਾ ਹੁੰਦਾ ਕਿ ਫਲਾਨੇ ਵਕਤ ਮੈਂ ਕੀ ਕਰ ਰਿਹਾ ਸੀ ਤੇ ਫਲਾਨੇ ਵਕਤ ਕੀ। ਇਹ ਹਸਪਤਾਲ ਵਾਲਿਆਂ ਨੇ ਮੇਰੇ ਅੰਦਰ ਕੋਈ ਚਿੱਪ ਫਿੱਟ ਕਰ ਦਿੱਤੀ ਐ ਤਾਂ ਜੋ ਮੇਰੇ 'ਤੇ ਨਜ਼ਰ ਰੱਖ ਸਕਣ।

ਜੱਗੀ ਕਹਿੰਦਾ ਰਿਹਾ ਪਰ ਡਾਕਟਰ ਨੇ ਕੁਝ ਨਵੀਆਂ ਦਵਾਈਆਂ ਲਿਖਣ ਤੋਂ ਵੱਧ ਕੁਝ ਨਾ ਕੀਤਾ।

ਇਹਨਾਂ ਆਵਾਜ਼ਾਂ ਬਾਰੇ ਉਸ ਨੇ ਪ੍ਰੀਤੀ ਨਾਲ ਗੱਲ ਕੀਤੀ ਤਾਂ ਉਹ ਬੋਲੀ ਕਿ ਇਹ ਸਭ ਤੇਰੇ ਮਨ ਦਾ ਵਹਿਮ ਹੈ। ਇੱਕ ਦਿਨ ਪੱਬ ਵਿੱਚ ਗਿਆ ਤਾਂ ਕਿਸੇ ਗੋਰੇ ਨਾਲ ਇਸ ਬਾਰੇ ਗੱਲ ਕਰ ਬੈਠਾ। ਉਸ ਨੇ ਸਾਫ ਹੀ ਕਹਿ ਦਿੱਤਾ ਕਿ ਇਹ ਪਾਗਲਪਨ ਦੀ ਨਿਸ਼ਾਨੀ ਹੈ। ਕੋਈ ਵੀ ਉਸ ਉਪਰ ਯਕੀਨ ਨਹੀਂ ਸੀ ਕਰ ਰਿਹਾ। ਫਿਰ ਉਹ ਕੋਸ਼ਿਸ਼ ਕਰਦਾ ਕਿ ਇਸ ਬਾਰੇ ਕਿਸੇ ਨੂੰ ਨਾ ਦੱਸੇ ਪਰ ਉਸ ਕੋਲੋਂ ਰਹਿ ਨਾ ਹੁੰਦਾ। ਫਿਰ ਉਹ ਡਰਨ ਲੱਗਦਾ

ਕਿ ਜੇ ਬਹੁਤੀ ਕਿਸੇ ਨਾਲ ਗੱਲ ਕਰੇਗਾ ਤਾਂ ਕਿਤੇ ਇਵੇਂ ਨਾ ਹੋਵੇ ਕਿ ਉਸ ਨੂੰ ਮੁੜ ਕੇ ਹਸਪਤਾਲ ਭੇਜ ਦਿੱਤਾ ਜਾਵੇ।

ਕੁਝ ਦਿਨ ਤਾਂ ਫਲੈਟ ਨੂੰ ਠੀਕ ਕਰਨ ਵਿੱਚ ਲੱਗ ਗਏ। ਜਦ ਵਿਹਲਾ ਹੋਇਆ ਤਾਂ ਉਸ ਨੇ ਸੋਚਿਆ ਕਿ ਡਾਕਟਰ ਦੇ ਕਹਿਣ ਮੁਤਾਬਕ ਕਿਉਂ ਨਾ ਕੋਈ ਜੌਬ ਕੀਤੀ ਜਾਵੇ। ਉਹ ਬਾਹੜੇ ਕੋਲ ਗਿਆ। ਬਾਹੜੇ ਨੇ ਉਸ ਨੂੰ ਬਹਾਨਾ ਬਣਾ ਕੇ ਕੰਮ ਦੇਣ ਤੋਂ ਨਾਂਹ ਕਰ ਦਿੱਤੀ। ਕੁਝ ਹੋਰ ਜਗ੍ਹਾ ਵੀ ਉਸ ਨੇ ਕੋਸ਼ਿਸ਼ ਕੀਤੀ ਪਰ ਕੰਮ ਨਾ ਮਿਲਿਆ। ਇੱਕ ਵਾਕਫ ਜੋ ਉਸ ਨੂੰ ਪੁਰਾਣਾ ਜਾਣਦਾ ਸੀ, ਉਸ ਨੇ ਇੱਕ ਦਿਨ ਕੰਮ ਕਰਾ ਕੇ ਦੇਖਿਆ ਪਰ ਜੱਗੀ ਵਿੱਚ ਹੁਣ ਪਹਿਲਾਂ ਵਾਲੀ ਗੱਲ ਨਹੀਂ ਸੀ ਰਹੀ। ਕੰਮ ਕਰਦਿਆਂ ਛੇਤੀ ਸਾਹ ਚੜ੍ਹਨ ਲੱਗਦਾ। ਹੱਥ ਵੀ ਕੰਬਣ ਲੱਗਦੇ। ਉਥੋਂ ਵੀ ਕੰਮ ਨੂੰ ਜਵਾਬ ਹੋ ਗਿਆ। ਉਸ ਸਾਰਾ ਦਿਨ ਵਿਹਲਾ ਰਹਿੰਦਾ ਸੀ। ਨਿੱਕ ਕੋਲ ਇੱਕ ਪੁਰਾਣਾ ਜਿਹਾ ਟੈਲੀਵੀਯਨ ਪਿਆ ਸੀ, ਉਹ ਉਸ ਨੇ ਜੱਗੀ ਨੂੰ ਦੇ ਦਿੱਤਾ। ਇੱਕ ਪੁਰਾਣਾ ਮੁਬਾਈਲ ਫੋਨ ਵੀ ਦੇ ਦਿੱਤਾ। ਜੱਗੀ ਪ੍ਰੀਤੀ ਨੂੰ ਮਿਲਣ ਜਾਂਦਾ ਰਹਿੰਦਾ ਸੀ, ਬਹਾਨਾ ਰੌਕੀ ਨੂੰ ਮਿਲਣ ਦਾ ਹੁੰਦਾ।

ਫਲੈਟ ਵਿੱਚ ਆਇਆਂ ਉਸ ਨੂੰ ਹਾਲੇ ਮਹੀਨਾ ਵੀ ਨਹੀਂ ਸੀ ਹੋਇਆ ਕਿ ਐਸ਼ਫੋਰਡ ਹਸਪਤਾਲ ਤੋਂ ਉਸ ਨੂੰ ਚਿੱਠੀ ਆ ਗਈ ਕਿ ਮਹੀਨੇ ਬਾਅਦ ਲੱਗਣ ਵਾਲਾ ਟੀਕਾ ਲਾਉਣ ਦਾ ਵਕਤ ਹੋ ਰਿਹਾ ਹੈ ਤੇ ਉਸ ਨੂੰ ਜਲਦੀ ਹਸਪਤਾਲ ਆ ਕੇ ਇਹ ਟੀਕਾ ਲਵਾ ਲੈਣਾ ਚਾਹੀਦਾ ਹੈ।

## ਚੌਵੀ

ਜੱਗੀ ਹਸਪਤਾਲ ਗਿਆ ਤੇ ਟੀਕਾ ਲਵਾ ਆਇਆ। ਚੌਵੀ ਘੰਟੇ ਉਸ ਨੂੰ ਹਸਪਤਾਲ ਰਹਿਣਾ ਪਿਆ। ਟੀਕੇ ਨੇ ਉਸ ਨੂੰ ਪੂਰੀ ਤਰ੍ਹਾਂ ਨਿਢਾਲ ਕਰ ਦਿੱਤਾ। ਇੱਕ ਤਰ੍ਹਾਂ ਦੁਨੀਆ ਨਾਲੋਂ ਤੋੜ ਦਿੱਤਾ ਸੀ। ਟੀਕੇ ਦੀ ਖੁਮਾਰੀ ਵਿੱਚੋਂ ਬਾਹਰ ਨਿਕਲਿਆ ਤਾਂ ਉਹ ਆਪਣੇ ਬਾਰੇ ਸੋਚਣ ਲੱਗਾ। ਪਾਗਲਪਨ ਵਾਲੀ ਤਾਂ ਕੋਈ ਗੱਲ ਹੀ ਨਹੀਂ ਸੀ ਉਸ ਵਿੱਚ। ਦੁਨੀਆਂ ਭਰ ਦੀ ਖ਼ਬਰ ਸੀ ਉਸ ਨੂੰ। ਟੈਲੀ ਉਪਰ ਬਹੁਤਾ ਸਮਾਂ ਖ਼ਬਰਾਂ ਹੀ ਦੇਖਦਾ ਜਾਂ ਕੋਈ ਜਾਣਕਾਰੀ ਭਰਪੂਰ ਚੈਨਲ। ਨਿੱਕਾ ਜਿਹਾ ਰੇਡੀਓ ਵੀ ਸੀ ਉਸ ਕੋਲ, ਜਿਸ ਤੋਂ ਉਹ ਇੰਡੀਅਨ ਗਾਣੇ ਸੁਣਦਾ ਤੇ ਭਾਰਤ ਦੀਆਂ ਖ਼ਬਰਾਂ ਵੀ। ਖ਼ਬਰਾਂ ਬਾਰੇ ਉਹ ਆਪਣੇ ਰਾਏ ਵੀ ਬਣਾਉਂਦਾ ਸੀ। ਪਹਿਲਾਂ ਤੋਂ ਹੀ ਉਹ ਲੇਬਰ ਪਾਰਟੀ ਦਾ ਹਮਾਇਤੀ ਰਿਹਾ ਸੀ। ਅੱਜ ਵੀ ਲੇਬਰ ਪਾਰਟੀ ਦੀਆਂ ਪਾਲਸੀਆਂ ਨੂੰ ਪਸੰਦ ਕਰਦਾ ਸੀ। ਟੋਨੀ ਬਲੇਅਰ ਉਸ ਦਾ ਪਸੰਦੀਦਾ ਪ੍ਰਧਾਨ ਮੰਤਰੀ ਸੀ। ਉਸ ਦੇ ਭਾਸ਼ਨ ਬਹੁਤ ਧਿਆਨ ਨਾਲ ਸੁਣਦਾ ਸੀ। ਫਿਰ ਉਹ ਪਾਗਲ ਕਿਧਰੋਂ ਹੋ ਗਿਆ। ਉਸ ਦੀ ਸ਼ਕਲ ਜ਼ਰੂਰ ਬਦਲ ਗਈ ਸੀ। ਜਿਹੜਾ ਉਹ ਪ੍ਰੀਤੀ ਦੇ ਘਰੋਂ ਸਾਮਾਨ ਚੁੱਕ ਕੇ ਲਿਆਇਆ ਸੀ, ਉਸ ਵਿੱਚ ਪੱਗਾਂ ਵੀ ਸਨ। ਉਹ ਸੋਚਣ ਲੱਗਾ ਕਿ ਕਿਉਂ ਨਾ ਪੱਗ ਬੰਨਿਆਂ ਕਰਾਂ ਤੇ ਸਾਊਥਾਲ ਦਾ ਗੇੜਾ ਮਾਰਿਆ ਕਰਾਂ ਪਰ ਉਸ ਨੇ ਕਈ ਵਾਰ ਪੱਗ ਬੰਨਣ ਦੀ ਕੋਸ਼ਿਸ਼ ਕਰੀ ਪਰ ਉਸ ਦੇ ਹੱਥ ਕੰਬਣ ਲੱਗਦੇ ਸਨ ਤੇ ਪੱਗ ਢੰਗ ਨਾਲ ਨਹੀਂ ਸੀ ਬੱਝਦੀ।



ਉਸ ਨੂੰ ਇੰਡੀਆ ਤੋਂ ਫੋਨ ਤਾਂ ਆਉਂਦਾ ਹੀ ਰਹਿੰਦਾ ਸੀ। ਇੱਕ ਦਿਨ ਚਰਨਜੀਤ ਆਖਣ ਲੱਗੀ,

–ਜੱਗੀ ਭਾਅ, ਇੰਡੀਆ ਆ ਜਾ, ਮਾਤਾ ਕਹਿੰਦੀ ਕਿ ਤੇਰਾ ਵਿਆਹ ਕਰ ਦਿੰਨੇ ਆਂ।

–ਮੇਰਾ ਦਿਲ ਤਾਂ ਬਹੁਤ ਕਰਦਾ ਪਰ ਮੇਰੇ ਕੋਲ ਟਿਕਟ ਜੋਗੇ ਪੈਸੇ ਹੈ ਨਹੀਂ।

–ਪੈਸੇ ਕਿਸੇ ਤੋਂ ਫੜ ਲੈ, ਇੱਥੋਂ ਡੈਡ ਦੇ ਦੇਣਗੇ, ਜਾ ਕੇ ਮੋੜ ਦੇਵੀਂ।

ਜੱਗੀ ਦਾ ਦਿਲ ਵੀ ਕਰਦਾ ਸੀ ਕਿ ਇੰਡੀਆ ਜਾਵੇ। ਉਸ ਕੋਲ ਪੈਸਿਆਂ ਦੀ ਕਮੀ ਸੀ। ਜਿੰਨੇ ਕੁ ਮਿਲਦੇ ਸਨ ਉਹਨਾਂ ਨੂੰ ਉਹ ਬਹੁਤ ਧਿਆਨ ਨਾਲ ਖਰਚ ਕਰਦਾ ਸੀ। ਇਹਨਾਂ ਨਾਲ ਉਸ ਦਾ ਗੁਜ਼ਾਰਾ ਤਾਂ ਠੀਕ ਹੋ ਜਾਂਦਾ ਪਰ ਏਨੇ ਨਾ ਜੁੜਦੇ ਕਿ ਟਿਕਟ ਖਰੀਦ ਸਕੇ। ਇੰਡੀਆ ਜਾਣ ਲਈ ਕੱਪੜੇ ਵੀ ਖਰੀਦਣੇ ਹੋਣਗੇ, ਪਾਸਪੋਰਟ ਵੀ ਤਿਆਰ ਕਰਾਉਣਾ ਹੋਵੇਗਾ ਤੇ ਵੀਜ਼ਾ ਵੀ ਲੈਣਾ ਪਵੇਗਾ। ਉਹ ਨੇ ਬਾਹੜੇ ਨਾਲ ਗੱਲ ਕੀਤੀ ਪਰ ਉਸ ਨੇ ਉਧਾਰ ਦੇਣ ਤੋਂ ਬਹਾਨਾ ਬਣਾ ਕੇ ਇਨਕਾਰ ਕਰ ਦਿੱਤਾ। ਰਾਮਾ ਨੰਦ ਕੋਲ ਗਿਆ ਪਰ ਉਹ ਆਪ ਇੰਡੀਆ ਗਿਆ ਹੋਇਆ ਸੀ। ਨਵੀ ਦਾ ਤਾਂ ਕੁਝ ਪਤਾ ਹੀ ਨਹੀਂ ਸੀ। ਨਵੀ ਨੂੰ ਉਹ ਹਾਲੇ ਮਿਲਣਾ ਵੀ ਨਹੀਂ ਸੀ ਚਾਹੁੰਦਾ, ਜਿੰਨਾ ਚਿਰ ਉਹ ਪੂਰੀ ਤਰ੍ਹਾਂ ਠੀਕ ਨਹੀਂ ਹੋ ਜਾਂਦਾ। ਬਹੁਤ ਕੁਝ ਸੋਚ ਕੇ ਉਸ ਨੇ ਪ੍ਰੀਤੀ ਨੂੰ ਫੋਨ ਕੀਤਾ ਤੇ ਕਹਿਣ ਲੱਗਾ,

–ਮੈਡਮ, ਮੈਨੂੰ ਕੁਝ ਪੈਸੇ ਚਾਹੀਦੇ ਆ, ਇੰਡੀਆ ਜਾਣਾ, ....ਟਿਕਟ ਲਈ, ....ਉੱਥੋਂ ਆ ਕੇ ਮੋੜ ਦੇਵਾਂਗਾ।

ਪ੍ਰੀਤੀ ਕੋਲ ਕੁਝ ਪੈਸੇ ਪਏ ਸਨ। ਉਸ ਨੇ ਕੁਝ ਪਲ ਸੋਚਿਆ ਤੇ ਬੋਲੀ,

–ਆਪਣੇ ਡੈਡ ਤੋਂ ਮੰਗਵਾ ਲੈ, ਏਨੇ ਪੈਸੇ ਉਹਦੇ ਕੋਲ।

–ਉਹਦੇ ਕੋਲੋਂ ਲੈ ਕੇ ਹੀ ਤੈਨੂੰ ਵਾਪਸ ਕਰਨੇ ਆਂ। ਨਾਲੇ ਮੈਂ ਰੌਕੀ ਨੂੰ ਕਦੇ ਕੁਝ ਨਹੀਂ ਲੈ ਕੇ ਦਿੱਤਾ, ਹੁਣ ਉਹਦੇ ਲਈ ਵੀ ਕੁਝ ਲਿਆਵਾਂਗਾ।

ਪ੍ਰੀਤੀ ਨੇ ਨਿੱਕ ਨਾਲ ਸਲਾਹ ਕਰਕੇ ਉਸ ਨੂੰ ਟਿਕਟ ਲੈ ਦਿੱਤਾ ਤੇ ਸੌ ਪੌਂਡ ਅਲੱਗ ਕੱਪੜਿਆਂ ਲਈ ਵੀ ਦੇ ਦਿੱਤਾ। ਜੱਗੀ ਅਗਲੇ ਹਫਤੇ ਹੀ ਇੰਡੀਆ ਲਈ ਚੜ੍ਹ ਗਿਆ। ਨਿੱਕ ਜੱਗੀ ਨੂੰ ਖੁਸ਼ ਰੱਖਣਾ ਚਾਹੁੰਦਾ ਸੀ ਕਿਉਂਕਿ ਘਰ ਨੂੰ ਪ੍ਰੀਤੀ ਦੇ ਨਾਂ ਲਵਾਉਣ ਲਈ ਜਿਹੜੇ ਉਸ ਦੇ ਦਸਤਖਤ ਕਰਾਏ ਸਨ, ਉਹ ਸਹੀ ਨਹੀਂ ਸਨ, ਜੱਗੀ ਤਾਂ ਉਸ ਵੇਲੇ ਪਾਗਲਖਾਨੇ ਵਿੱਚ ਸੀ, ਇਸ ਲਈ ਕੋਈ ਫੈਸਲਾ ਲੈਣ ਦੇ ਕਾਬਲ ਹੀ ਨਹੀਂ ਸੀ। ਨਿੱਕ ਸੋਚਦਾ ਕਿ ਜੇ ਜੱਗੀ ਨੂੰ ਇਸ ਗੱਲ ਦੀ ਸਮਝ ਪੈ ਗਈ ਤਾਂ ਲੈਣੇ ਦੇ ਦੇਣੇ ਪੈ ਸਕਦੇ ਸਨ।

ਜੱਗੀ ਇੰਡੀਆ ਗਿਆ। ਉਸ ਦੀ ਹਾਲਤ ਦੇਖ ਕੇ ਉਸ ਦਾ ਸਾਰਾ ਟੱਬਰ ਹੀ ਫਿਕਰਾਂ ਵਿੱਚ ਪੈ ਗਿਆ। ਹਰ ਕੋਈ ਪ੍ਰੀਤੀ ਨੂੰ ਕੋਸ ਰਿਹਾ ਸੀ। ਜੱਗੀ ਦੇ ਕੰਨਾਂ ਵਿੱਚ ਸਾਂ-ਸਾਂ ਤਾਂ ਹਰ ਵੇਲੇ ਹੀ ਹੁੰਦੀ ਰਹਿੰਦੀ ਸੀ ਪਰ ਆਵਾਜ਼ਾਂ ਕਦੇ ਕਦੇ ਮੱਧਮ ਪੈ ਜਾਂਦੀਆਂ ਸਨ। ਇਹਨਾਂ ਆਵਾਜ਼ਾਂ ਨੇ ਇੱਥੇ ਵੀ ਪਿੱਛਾ ਨਾ ਛੱਡਿਆ। ਕੋਈ ਉਸ ਨੂੰ ਕੁੱਟਣ ਦੀਆਂ ਧਮਕੀਆਂ ਦੇ ਰਿਹਾ ਹੁੰਦਾ। ਕੋਈ ਉਸ ਨੂੰ ਜੇਲ੍ਹ ਪਹੁੰਚਾਣ ਦੀਆਂ ਤੇ ਕੋਈ ਪੈਸੇ ਮੰਗ ਰਿਹਾ ਹੁੰਦਾ। ਉਹ ਮਨ ਹੀ ਮਨ ਉਹਨਾਂ ਨਾਲ ਬਹਿਸ ਕਰਦਾ। ਜੇ ਇਕੱਲਾ ਹੁੰਦਾ ਤਾਂ ਉਹ ਉੱਚੀ

ਵੀ ਬੋਲਣ ਲੱਗਦਾ। ਇਸੇ ਕਰਕੇ ਉਹ ਰਾਤ ਨੂੰ ਇੱਕ ਕਮਰੇ ਵਿੱਚ ਇਕੱਲਾ ਸੌਂਦਾ ਪਰ ਉਸ ਦੀ ਸਿਹਤ ਦੇ ਸੱਚ ਦਾ ਜਲਦੀ ਹੀ ਸਭ ਨੂੰ ਪਤਾ ਲੱਗ ਗਿਆ। ਸੋਹਣ ਸਿੰਘ ਨੇ ਉਸ ਨੂੰ ਇੰਡੀਆ ਵਿੱਚ ਕਈ ਡਾਕਟਰਾਂ ਨੂੰ ਦਿਖਾਇਆ। ਸਾਰੇ ਇਹੀ ਕਹਿੰਦੇ ਸਨ ਕਿ ਇਹ ਦਿਮਾਗੀ ਬਿਮਾਰੀ ਹੈ। ਇਸ ਦਾ ਇਲਾਜ ਲੰਮਾ ਹੈ। ਲਗਾਤਾਰ ਦਵਾਈ ਖਾਣ ਵਾਲਾ। ਜੱਗੀ ਦੀ ਮਾਂ ਨੇ ਤਾਂ ਉਸ ਨੂੰ ਕਿਸੇ ਸਿਆਣੇ ਕੋਲ ਲੈ ਜਾਣ ਦੀ ਗੱਲ ਵੀ ਕਹੀ ਕਿ ਕਿਸੇ ਨੇ ਉਸ ਨੂੰ ਕੁਝ ਕਰ ਦਿੱਤਾ ਹੋਇਆ ਸੀ। ਉੱਥੇ ਗਿਆ ਜੱਗੀ ਕਿਸੇ ਨੂੰ ਨਹੀਂ ਸੀ ਮਿਲਦਾ। ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਦੂਰ ਹੀ ਰਹਿਣ ਦੀ ਕੋਸ਼ਿਸ਼ ਕਰਦਾ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੀ ਇਸ ਹਾਲਤ ਨੂੰ ਕੋਈ ਦੇਖੇ ਤੇ ਤਰਸ ਦਿਖਾਵੇ। ਉਸ ਨੂੰ ਪਤਾ ਸੀ ਕਿ ਉਹ ਠੀਕ ਸੀ, ਜੇ ਨਹੀਂ ਤਾਂ ਉਸ ਨੇ ਜਲਦੀ ਠੀਕ ਹੋ ਜਾਣਾ ਸੀ। ਉਸ ਦੀ ਭੈਣ ਉਸ ਦਾ ਬਹੁਤਾ ਫਿਕਰ ਕਰਦੀ ਸੀ। ਉਸ ਦੀ ਭਾਣਜੀ, ਨਿੱਕੀ ਜਿਹੀ ਆਨੰਦੀ ਤਾਂ ਉਸ ਦਾ ਬਹੁਤ ਹੀ ਮੋਹ ਕਰਦੀ। ਘਰ ਵਿੱਚ ਜੋ ਵੀ ਉਸ ਦਾ ਫਿਕਰ ਕਰਦਾ ਤਾਂ ਉਹ ਅੱਗੋਂ ਆਖਦਾ,

–ਚਿੰਤਾ ਦੀ ਕੋਈ ਗੱਲ ਨਹੀਂ, ਮੈਂ ਬਿਲਕੁਲ ਠੀਕ ਆਂ, ਜੇ ਨਹੀਂ ਤਾਂ ਠੀਕ ਹੋ ਜਾਵਾਂਗਾ। ਬਹੁਤ ਕੰਮ ਕਰਨ ਵਾਲੇ ਆ ਮੇਰੇ।

ਜੱਗੀ ਦੀ ਮਾਂ ਉਸ ਦਾ ਵਿਆਹ ਕਰਨ ਲਈ ਕਾਹਲੀ ਸੀ। ਉਹਨੇ ਤਾਂ ਉਹਦੇ ਆਉਣ ਤੋਂ ਪਹਿਲਾਂ ਹੀ ਕਈ ਕੁੜੀਆਂ ਦੇਖ ਰੱਖੀਆਂ ਸਨ। ਇੱਕ ਦਿਨ ਸੋਹਣ ਸਿੰਘ ਦਾ ਵਾਕਫ ਸੁਰਾਇਣ ਸਿੰਘ ਇੱਕ ਰਿਸ਼ਤਾ ਲੈ ਕੇ ਆਇਆ ਤਾਂ ਸੋਹਣ ਸਿੰਘ ਨੇ ਆਖਿਆ,

–ਸੁਰਾਇਣ ਸਿੰਘ ਜੀ, ਹਾਲੇ ਜੱਗੀ ਦਾ ਤਲਾਕ ਨਹੀਂ ਹੋਇਆ। ਤਲਾਕ ਤੋਂ ਬਾਅਦ ਹੀ ਕੁਝ ਸੋਚਿਆ ਜਾਵੇਗਾ।

ਸੋਹਣ ਸਿੰਘ ਦੂਰ ਦੀ ਸੋਚ ਰਿਹਾ ਸੀ। ਉਸ ਨੇ ਉਸ ਦੀ ਖਰਾਬ ਸਿਹਤ ਵਾਲੀ ਗੱਲ ਛੁਪਾ ਲਈ।

ਇੱਥੇ ਇੱਕ ਗੱਲ ਹੋਰ ਹੋ ਗਈ ਕਿ ਉਹ ਮੁੜ ਸ਼ਰਾਬ ਪੀਣ ਲੱਗਿਆ। ਉਸ ਦਾ ਪਿਤਾ ਸੋਹਣ ਸਿੰਘ ਹਰ ਸ਼ਾਮ ਵਿਸਕੀ ਦਾ ਆਦੀ ਸੀ, ਉਹ ਜੱਗੀ ਨੂੰ ਵੀ ਨਾਲ ਬੈਠਾ ਲੈਂਦਾ। ਪਹਿਲਾਂ ਜੱਗੀ ਡਰਦਾ ਸੀ ਕਿ ਜੋ ਦਵਾਈਆਂ ਉਹ ਲੈ ਰਿਹਾ ਸੀ ਕਿਤੇ ਸ਼ਰਾਬ ਨਾਲ ਉਲਟਾ ਅਸਰ ਹੀ ਨਾ ਕਰ ਜਾਣ ਕਿ ਮੁੜ ਹਸਪਤਾਲ ਜਾਣਾ ਪੈ ਜਾਵੇ। ਵੈਸੇ ਵੀ ਦਵਾਈਆਂ ਦੀ ਆਪਣੀ ਹੀ ਘੂਕੀ ਜਿਹੀ ਉਸ ਨੂੰ ਚੜ੍ਹੀ ਰਹਿੰਦੀ ਸੀ। ਇੱਕ ਦਿਨ ਵਿਸਕੀ ਪੀ ਕੇ ਦੇਖੀ ਤਾਂ ਉਹ ਠੀਕ ਰਿਹਾ। ਉਸ ਤੋਂ ਬਾਅਦ ਉਹ ਥੋੜ੍ਹੀ ਜਿਹੀ ਰੋਜ਼ ਪੀਣ ਲੱਗਾ। ਦੋ ਕੁ ਹਫਤੇ ਬਾਅਦ ਉਸ ਦੀ ਸਿਹਤ ਕੁਝ ਵਿਗੜਨ ਲੱਗੀ। ਉਹ ਦਾ ਸਰੀਰ ਹਿੱਲਣ ਲੱਗਦਾ। ਉਸ ਦਾ ਸਾਹ ਫੁੱਲਣ ਲੱਗਦਾ। ਉਸ ਨੂੰ ਸੁਣਦੀਆਂ ਆਵਾਜ਼ਾਂ ਤੇਜ਼ ਹੋਣ ਲੱਗਦੀਆਂ। ਮਹੀਨੇ ਬਾਅਦ ਲੱਗਣ ਵਾਲਾ ਟੀਕਾ ਰਹਿ ਗਿਆ ਸੀ। ਟੀਕੇ ਬਾਰੇ ਉਸ ਨੇ ਕਿਸੇ ਨੂੰ ਦੱਸਿਆ ਨਹੀਂ ਸੀ ਹੋਇਆ। ਉਸ ਨੇ ਬੜੀ ਮੁਸ਼ਕਲ ਨਾਲ ਤਿੰਨ ਹਫਤੇ ਪੂਰੇ ਕੀਤੇ ਤੇ ਵਾਪਸ ਆ ਗਿਆ।

ਉਸ ਨੇ ਰੌਕੀ ਲਈ ਸੋਨੇ ਦਾ ਕੜਾ ਬਣਾ ਲਿਆਂਦਾ ਸੀ ਤੇ ਨਾਲ ਹੀ ਪ੍ਰੀਤੀ ਲਈ ਚੇਨੀ ਵੀ। ਪ੍ਰੀਤੀ ਦੇ ਸਾਰੇ ਪੈਸੇ ਵੀ ਵਾਪਸ ਕਰ ਦਿੱਤੇ ਸਨ। ਸੋਹਣ ਸਿੰਘ ਨੇ ਪੁੱਤ ਦੇ ਦੁੱਖ ਨੂੰ ਸਮਝਦਿਆਂ ਉਸਨੂੰ ਹਜ਼ਾਰ ਪੌਂਡ ਉਸ ਨੂੰ ਕੋਲ ਵੀ ਦੇ ਦਿੱਤਾ। ਵਾਪਸ ਆ ਕੇ ਉਹ ਸਭ ਤੋਂ ਪਹਿਲਾਂ ਡਾਕਟਰ ਨੂੰ ਮਿਲਿਆ। ਡਾਕਟਰ ਨੇ ਕਿਹਾ ਕਿ ਉਹ ਹਸਪਤਾਲ ਜਾ



ਕੇ ਟੀਕਾ ਲਵਾ ਕੇ ਆਵੇ ਪਰ ਉਹ ਨਾ ਗਿਆ। ਕੁਝ ਦਿਨਾਂ ਬਾਅਦ ਦੋ ਮੇਲ ਨਰਸ ਆਏ ਤੇ ਉਸ ਦੇ ਟੀਕਾ ਲਾ ਗਏ। ਪਹਿਲਾਂ ਤਾਂ ਉਸ ਦਾ ਦਿਲ ਕੀਤਾ ਕਿ ਟੀਕੇ ਨੂੰ ਨਾਂਹ ਕਰ ਦੇਵੇ ਪਰ ਫਿਰ ਉਸ ਨੇ ਲਵਾ ਲਿਆ। ਟੀਕੇ ਤੋਂ ਬਾਅਦ ਉਸ ਨੂੰ ਘੱਟੋ ਘੱਟ ਚੌਵੀ ਘੰਟੇ ਆਰਾਮ ਕਰਨਾ ਪੈਣਾ ਸੀ। ਆਰਾਮ ਕੀ ਕਰਨਾ ਪੈਣਾ ਸੀ, ਉਸ ਨੂੰ ਨੀਂਦ ਹੀ ਏਨੀ ਆਉਣੀ ਸੀ ਕਿ ਚੌਵੀ ਘੰਟੇ ਉੱਠ ਨਹੀਂ ਸੀ ਸਕਣਾ। ਉਸ ਲਈ ਇੱਕ ਦਿਨ ਖਾਰਜ ਹੋ ਜਾਣਾ ਸੀ। ਇਵੇਂ ਹੀ ਹੋਇਆ। ਟੀਕੇ ਤੋਂ ਬਾਅਦ ਅਜਿਹੀ ਨੀਂਦ ਆਈ ਕਿ ਦੂਜੇ ਦਿਨ ਜਾ ਕੇ ਅੱਖ ਖੁੱਲ੍ਹੀ। ਉਸ ਦਾ ਸਿਰ ਭਾਰਾ ਭਾਰਾ ਸੀ। ਉਸ ਨੇ ਉੱਠ ਕੇ ਸੈਂਡਵਿਚ ਬਣਾ ਕੇ ਖਾਧਾ। ਮਨ ਨੂੰ ਕੁਝ ਕੁ ਧਰਵਾਸ ਹੋਇਆ। ਫਿਰ ਨਹਾ ਕੇ ਤਿਆਰ ਹੋ ਕੇ ਬਾਹਰ ਨਿਕਲ ਗਿਆ। ਕਰੋਅ ਕੋਲਜ਼ ਦੇ ਨਜ਼ਦੀਕ ਹੀ ਇੱਕ ਪਾਰਕ ਸੀ। ਦਿਨ ਧੁਪੀਲਾ ਹੋਣ ਕਰਕੇ ਉਸ ਦਾ ਮਨ ਕੀਤਾ ਕਿ ਪਾਰਕ ਵਿੱਚ ਘੁੰਮੇ। ਪਾਰਕ ਵਿੱਚ ਬੱਚੇ ਰੰਗ ਬਰੰਗੇ ਕੱਪੜੇ ਪਾਈ ਖੇਡ ਰਹੇ ਸਨ। ਉਸ ਨੂੰ ਯਾਦ ਆਇਆ ਕਿ ਕਦੇ ਰੌਕੀ ਵੀ ਇਹਨਾਂ ਵਰਗਾ ਹੋਇਆ ਕਰਦਾ ਸੀ। ਇਵੇਂ ਹੀ ਉਹ ਤੇ ਪ੍ਰੀਤੀ ਪਾਰਕ ਜਾਇਆ ਕਰਦੇ ਸਨ। ਰੌਕੀ ਨੂੰ ਪੀਂਘਾਂ, ਸਲਾਈਡਾਂ 'ਤੇ ਬਹਾਉਂਦੇ। ਕਿੰਨੇ ਵਧੀਆ ਦਿਨ ਸਨ ਉਹ। ਹੁਣ ਤਾਂ ਸਭ ਕੁਝ ਬਦਲ ਗਿਆ ਸੀ। ਉਸ ਨੇ ਆਪਣੇ ਆਪ ਨੂੰ ਹੌਸਲਾ ਦਿੰਦਿਆਂ ਕਿਹਾ, 'ਕੋਈ ਗੱਲ ਨਹੀਂ, ਜ਼ਿੰਦਗੀ ਦੁਬਾਰਾ ਸ਼ੁਰੂ ਕਰਾਂਗੇ। ਪ੍ਰੀਤੀ ਨਾਲੋਂ ਵੀ ਵਧੀਆ ਔਰਤ ਲਿਆਵਾਂਗੇ।'

ਪਾਰਕ ਵਿੱਚ ਇੱਕ ਗੇੜਾ ਕੱਢ ਕੇ ਉਹ ਇੱਕ ਬੈਂਚ 'ਤੇ ਬਹਿ ਗਿਆ। ਅਚਾਨਕ ਉਸ ਨੂੰ ਕਿਸੇ ਨੇ ਕਿਹਾ, 'ਇੰਡੀਆ ਤੋਂ ਕਿੰਨੇ ਕੁ ਪੈਸੇ ਲਿਆਇਆਂ ? ਮੈਨੂੰ ਵੀ ਦੇ....।'

–ਮੈਂ ਕੁਝ ਨਹੀਂ ਲਿਆਇਆ ਭਾਈ, ਜਿਹੜੇ ਲਿਆਂਦੇ ਸੀ, ਮੁਕ ਗਏ। ਤੈਨੂੰ ਕੀ ਦੇਵਾਂ ?

–ਮੈਨੂੰ ਮੂਰਖ ਨਾ ਬਣਾ। ਹਜ਼ਾਰ ਪੌਂਡ ਤਾਂ ਤੇਰੇ ਡੈਡ ਨੇ ਦਿੱਤੇ ਤੇ ਹੋਰ ਪੈਸੇ ਵੀ ਤੇਰੇ ਕੋਲ ਬਹੁਤ ਐ।

–ਤੂੰ ਹਮੀਦ ਐਂ ਨਾ, ਸਾਲ਼ਿਆ, ਮੈਂ ਤੇਰਾ ਗਲ਼ ਘੁੱਟ ਦੇਵਾਂਗਾ। ਤੈਨੂੰ ਏਨਾ ਮਾਰਾਂਗਾ ਕਿ ਨਾ ਪੈ ਸਕੇਂਗਾ ਤੇ ਨਾ ਬਹਿ ਸਕੇਂਗਾ।

ਜੱਗੀ ਉੱਚੀ ਆਵਾਜ਼ ਵਿੱਚ ਕਹਿ ਰਿਹਾ ਸੀ। ਫਿਰ ਆਲੇ ਦੁਆਲੇ ਦੇਖਿਆ ਕਿ ਕਿਸੇ ਨੇ ਉਸ ਨੂੰ ਸੁਣਿਆਂ ਤਾਂ ਨਹੀਂ। ਫਿਰ ਕੁਝ ਹੋਰ ਆਵਾਜ਼ਾਂ ਹਮੀਦ ਦੀ ਆਵਾਜ਼ ਵਿੱਚ ਰਲ਼ ਗਈਆਂ। ਉਹ ਉੱਠ ਕੇ ਘਰ ਆ ਗਿਆ। ਉਸ ਨੇ ਸਿਰ ਦੇ ਵਾਲ਼ ਰੰਗੇ ਤੇ ਦਾਹੜੀ ਵੀ। ਸ਼ਾਮ ਪੈਂਦਿਆਂ ਉਹ ਤਿਆਰ ਹੋਣ ਲੱਗਿਆ। ਉਸ ਨੇ ਸੂਟ ਪਰੈੱਸ ਕੀਤਾ ਤੇ ਨਾਲ ਹੀ ਮੈਚ ਕਰਦੀ ਕਮੀਜ਼ ਵੀ। ਬੂਟ ਪਾਲਸ਼ ਕੀਤੇ ਤੇ ਮੈਚ ਕਰਦੀ ਟਾਈ ਲਾਈ ਤੇ ਪੱਬ ਜਾ ਪੁੱਜਾ। ਇਵੇਂ ਤਿਆਰ ਹੋ ਕੇ ਕਦੇ ਕਦੇ ਉਹ ਪੱਬ ਜਾਇਆ ਕਰਦਾ ਸੀ। ਉਸ ਨੇ ਬੀਅਰ ਦਾ ਗਲਾਸ ਭਰਾਇਆ ਤੇ ਆਲਾ ਦੁਆਲਾ ਦੇਖਣ ਲੱਗਾ ਕਿ ਕੋਈ ਇੱਕੱਲੀ ਔਰਤ ਬੈਠੀ ਦਿੱਸ ਜਾਵੇ ਤੇ ਉਹਦੇ ਨਾਲ ਗੱਲਾਂ ਕਰਨ ਜਾ ਲੱਗੇ। ਕੋਈ ਖਾਸ ਔਰਤ ਨਹੀਂ ਸੀ ਉੱਥੇ। ਉਹ ਦੋ ਘੰਟੇ ਬੈਠਾ ਰਿਹਾ। ਪੱਬ ਵਿੱਚ ਬੀਅਰ ਪੀਣੀ ਹੁਣ ਬਹੁਤ ਮਹਿੰਗੀ ਹੋ ਗਈ ਸੀ ਇਸ ਲਈ ਉਹ ਉੱਠ ਆਇਆ। ਰਾਹ ਵਿੱਚੋਂ ਵਿਸਕੀ ਦੀ ਬੋਤਲ ਲੈ ਲਈ। ਵਿਸਕੀ ਹੁਣ ਉਹ ਹਰ ਰੋਜ਼ ਪੀਣ ਲੱਗਿਆ ਸੀ। ਜੇ ਨਾ ਪੀਵੇ ਤਾਂ ਰਾਤ ਨੂੰ ਨੀਂਦ ਨਹੀਂ ਸੀ ਆਉਂਦੀ।

ਮਹੀਨੇ ਬਾਅਦ ਉਸ ਨੂੰ ਹਸਪਤਾਲ ਤੋਂ ਫੋਨ ਆ ਗਿਆ ਕਿ ਆ ਕੇ ਟੀਕਾ ਲੱਗਵਾ ਜਾਵੇ। ਉਹ ਨਾ ਗਿਆ ਤੇ ਹਸਪਤਾਲ ਤੋਂ ਦੋ ਮੇਲ ਨਰਸ ਆ ਕੇ ਟੀਕਾ ਲੱਗਾ ਗਏ। ਹੁਣ ਇਵੇਂ ਹੀ ਹੁੰਦਾ, ਜੇ ਉਹ ਹਸਪਤਾਲ ਨਾ ਜਾਂਦਾ ਤਾਂ ਉਹ ਘਰ ਆ ਕੇ ਟੀਕਾ ਲਾ ਜਾਂਦੇ। ਫਿਰ ਇਹ ਟੀਕਾ ਦੋ ਮਹੀਨੇ ਬਾਅਦ ਹੋ ਗਿਆ ਤੇ ਫਿਰ ਇਹ ਤਿੰਨ ਮਹੀਨੇ ਮਗਰੋਂ ਲੱਗਣ ਲੱਗਾ। ਉਸ ਨੂੰ ਮਹਿਸੂਸ ਹੁੰਦਾ ਕਿ ਟੀਕਾ ਲਗਾਉਣ ਜਾਂ ਨਾ-ਲਗਾਉਣ ਨਾਲ ਕੋਈ ਫਰਕ ਨਹੀਂ ਪੈਂਦਾ। ਇੱਕ ਵਾਰ ਉਸ ਨੇ ਟੀਕਾ ਲਾਉਣ ਆਏ ਬੰਦਿਆਂ ਨੂੰ ਕਿਹਾ,

-ਮੇਰੇ ਤੋਂ ਵੀਹ ਪੌਂਡ ਲੈ ਲਓ ਪਰ ਟੀਕਾ ਨਾ ਲਾਓ।

ਦੋਵੇਂ ਮੇਲ ਨਰਸ ਹੱਸਣ ਲੱਗੇ ਤੇ ਉਹ ਟੀਕਾ ਲੱਗਾ ਗਏ। ਅਗਲੀ ਵਾਰ ਆਏ ਤਾਂ ਇੱਕ ਪੁੱਛਣ ਲੱਗਾ,

-ਮਿਸਟਰ ਸਿੰਘ, ਕਿੰਨੇ ਕੁ ਪੈਸੇ ਆ ਤੇਰੇ ਕੋਲ?

-ਪੈਸੇ ਬਹੁਤ ਆ, ਮੈਂ ਮਿਲੀਅਨੇਅਰ ਆਂ।

-ਫਿਰ ਸਾਨੂੰ ਵੀਹ ਪੌਂਡ ਹੀ ਦੇ ਰਿਹਾਂ! ਵੱਡੀ ਰਕਮ ਦੇਵੇਂ ਤਾਂ ਤੈਨੂੰ ਛੱਡ ਜਾਵਾਂਗੇ।

ਆਖਦੇ ਉਹ ਹੱਸਣ ਲੱਗੇ, ਇਵੇਂ ਜਿਵੇਂ ਖਲਨਾਇਕ ਫਿਲਮਾਂ ਵਿੱਚ ਹੱਸਿਆ ਕਰਦੇ ਹਨ। ਜੱਗੀ ਉਹਨਾਂ ਦੇ ਹਾਸੇ ਤੋਂ ਡਰ ਗਿਆ।

ਹੁਣ ਜੱਗੀ ਨੂੰ ਉਹਨਾਂ ਦੀਆਂ ਆਵਾਜ਼ਾਂ ਵੀ ਸੁਣਨ ਲੱਗੀਆਂ। ਉਹ ਵੀ ਪੈਸੇ ਮੰਗ ਰਹੇ ਹੁੰਦੇ। ਉਹ ਦੋਨਾਂ ਹੱਥਾਂ ਨਾਲ ਆਪਣੇ ਕੰਨ ਬੰਦ ਕਰ ਲੈਂਦਾ ਪਰ ਆਵਾਜ਼ਾਂ ਸੁਣਦੀਆਂ ਰਹਿੰਦੀਆਂ। ਕਈ ਵਾਰ ਉਹ ਬਾਹਰ ਨਿਕਲ ਕੇ ਭੱਜ ਤੁਰਦਾ ਤੇ ਭੱਜਦਾ ਹੋਇਆ ਪਾਰਕ ਦਾ ਗੇੜਾ ਲਾ ਦਿੰਦਾ ਪਰ ਆਵਾਜ਼ਾਂ ਸੁਣਦੀਆਂ ਰਹਿੰਦੀਆਂ। ਡਾਕਟਰ ਵੀ ਬਹੁਤਾ ਕੁਝ ਨਾ ਕਰ ਸਕਦਾ। ਵੱਧ ਤੋਂ ਵੱਧ ਨੀਂਦ ਦੀਆਂ ਗੋਲੀਆਂ ਦੇ ਦਿੰਦਾ। ਇਸ ਬਾਰੇ ਉਹ ਪ੍ਰੀਤੀ ਨੂੰ ਦੱਸਦਾ ਤਾਂ ਉਹ ਹੱਸਣ ਲੱਗਦੀ। ਨਿੱਕ ਵੀ ਉਸ ਦੀ ਗੱਲ ਸੁਣ ਕੇ ਅਜੀਬ ਜਿਹਾ ਮੂੰਹ ਬਣਾ ਲੈਂਦਾ ਤੇ ਬਾਅਦ ਵਿੱਚ ਪ੍ਰੀਤੀ ਨੂੰ ਆਖਦਾ ਕਿ ਕਸਰ ਗਈ ਨਹੀਂ। ਰੌਕੀ ਨੂੰ ਉਹ ਦੱਸਦਾ ਤਾਂ ਰੌਕੀ ਕੁਝ ਨਾ ਬੋਲਦਾ। ਰੌਕੀ ਹੁਣ ਕਦੇ-ਕਦੇ ਸ਼ਰਾਬ ਪੀਣ ਲੱਗਿਆ ਸੀ ਤੇ ਸ਼ਰਾਬ ਪੀ ਕੇ ਉਹ ਕੁਝ ਖੁੱਲ੍ਹ ਕੇ ਗੱਲਾਂ ਕਰਨ ਲੱਗਦਾ ਪਰ ਛੇਤੀ ਹੀ ਟਪਲੀਆਂ ਮਾਰਨ ਲੱਗਦਾ। ਪ੍ਰੀਤੀ ਰੌਕੀ ਦਾ ਧਿਆਨ ਰੱਖਦੀ ਕਿ ਸ਼ਰਾਬ ਨਾ ਪੀਵੇ। ਨਿੱਕ ਨੂੰ ਵੀ ਖਾਸ ਹਿਦਾਇਤ ਸੀ ਕਿ ਸ਼ਰਾਬ ਘਰ ਨਾ ਲਿਆਵੇ।

ਜੱਗੀ ਹੁਣ ਹਫਤੇ ਵਿੱਚ ਇੱਕ ਚੱਕਰ ਪ੍ਰੀਤੀ ਦੇ ਘਰ ਦਾ ਮਾਰ ਹੀ ਲੈਂਦਾ ਸੀ। ਇੱਕ ਦਿਨ ਨਿੱਕ ਪ੍ਰੀਤੀ ਨੂੰ ਆਖਣ ਲੱਗਾ,

-ਜਾਨ, ਮੈਨੂੰ ਪਤਾ ਸੀ ਕਿ ਜੈਗ ਦਾ ਭੂਤ ਤੈਨੂੰ ਚੁੰਬੜਿਆ ਰਹਿਣਾ। ਜੇ ਤੂੰ ਉਹਦੇ ਨਾਲ ਰਹਿਣਾ ਚਾਹੁੰਨੀ ਆਂ ਤਾਂ ਮੈਂ ਆਪਣਾ ਕੋਈ ਹੋਰ ਇੰਤਜ਼ਾਮ ਕਰ ਲੈਨਾਂ।

-ਕੀ ਮਤਲਬ ਤੇਰਾ?

-ਜਿਵੇਂ ਤੂੰ ਉਹਦਾ ਧਿਆਨ ਰੱਖ ਰਹੀ ਐਂ...., ਫਿਕਰ ਕਰ ਰਹੀ ਐਂ....!

-ਤੈਨੂੰ ਪਤਾ ਕਿ ਉਹਦੀ ਸਿਹਤ ਠੀਕ ਨਹੀਂ ਪਰ ਨਿੱਕ, ਜੇ ਤੇਰੇ ਮਨ ਵਿੱਚ ਕੋਈ ਗੱਲ ਐ ਤਾਂ ਮੈਂ ਉਹਨੂੰ ਕਹਿ ਦੇਵਾਂਗੀ ਕਿ ਨਾ ਆਇਆ ਕਰੇ।



ਪ੍ਰੀਤੀ ਸਾਰੀ ਗੱਲ ਸਮਝ ਗਈ। ਕਿਉਂਕਿ ਨਾ ਤਾਂ ਹਾਲੇ ਉਸ ਦਾ ਜੱਗੀ ਨਾਲ ਤਾਲਾਕ ਹੋਇਆ ਸੀ ਤੇ ਨਾ ਹੀ ਨਿੱਕ ਨਾਲ ਵਿਆਹ ਦੀ ਕੋਈ ਰਸਮ। ਉਸ ਨੂੰ ਜਾਪਿਆ ਕਿ ਨਿੱਕ ਹੁਣ ਭੱਜਣ ਨੂੰ ਫਿਰਦਾ ਹੈ। ਜੱਗੀ ਤਾਂ ਹੁਣ ਕਿਸੇ ਕੰਮ ਦਾ ਰਿਹਾ ਹੀ ਨਹੀਂ ਸੀ। ਰੌਕੀ ਵੀ ਨਿਕੰਮਾ ਹੀ ਸੀ। ਉਸ ਨੇ ਪੜ੍ਹਨਾ ਛੱਡ ਦਿੱਤਾ ਸੀ ਤੇ ਸੋਸ਼ਲ ਸਕਿਉਰਟੀ ਲੈਣ ਲੱਗਿਆ ਸੀ। ਸਾਰਾ ਦਿਨ ਆਪਣੇ ਕਮਰੇ ਵਿੱਚ ਵੜਿਆ ਗੇਮਾਂ ਖੇਡਦਾ ਰਹਿੰਦਾ ਸੀ। ਕਿੰਨਾ ਕੁਝ ਸੋਚਦਿਆਂ ਪ੍ਰੀਤੀ ਨੇ ਉਸੇ ਦਿਨ ਹੀ ਜੱਗੀ ਤੋਂ ਤਾਲਾਕ ਲੈਣ ਲਈ ਅਪਲਾਈ ਕਰ ਦਿੱਤਾ। ਤਾਲਾਕ ਤੋਂ ਬਾਅਦ ਨਿੱਕ ਨਾਲ ਵਿਆਹ ਰਜਿਸਟਰ ਕਰਾ ਲਿਆ ਤੇ ਗੁਰਦਵਾਰੇ ਜਾ ਕੇ ਵੀ ਮੱਥਾ ਟੇਕ ਆਏ।

ਹੁਣ ਜੱਗੀ ਸਾਲ ਕੁ ਬਾਅਦ ਇੰਡੀਆ ਜਾ ਆਉਂਦਾ ਸੀ। ਸੋਹਣ ਸਿੰਘ ਉਸ ਨੂੰ ਟਿਕਟ ਲੈ ਦਿੰਦਾ ਜਾਂ ਫਿਰ ਉਹ ਪ੍ਰੀਤੀ ਤੋਂ ਪੈਸੇ ਉਧਾਰੇ ਲੈ ਲੈਂਦਾ ਤੇ ਵਾਪਸ ਆ ਕੇ ਮੋੜ ਦਿੰਦਾ। ਹੁਣ ਉਹ ਕਦੇ-ਕਦੇ ਰਾਮਾ ਨੰਦ ਨੂੰ ਵੀ ਮਿਲਣ ਚਲੇ ਜਾਇਆ ਕਰਦਾ। ਉਸ ਤੋਂ ਪੈਸੇ ਵੀ ਲੈ ਜਾਂਦਾ ਤੇ ਫਿਰ ਵਾਪਸ ਕਰ ਦਿੰਦਾ। ਰਾਮਾ ਨੰਦ ਉਸ ਨੂੰ ਮਿਲ ਕੇ ਖੁਸ਼ ਤਾਂ ਹੁੰਦਾ ਪਰ ਇਹ ਨਹੀਂ ਸੀ ਚਾਹੁੰਦਾ ਕਿ ਉਹ ਉਸ ਦੇ ਘਰ ਬਹੁਤਾ ਆਵੇ ਜਾਵੇ। ਜਦ ਆਉਂਦਾ ਤਾਂ ਬਹੁਤੀ ਵਾਰ ਉਸ ਤੋਂ ਸ਼ਰਾਬ ਦੀ ਬਦਬੂ ਆ ਰਹੀ ਹੁੰਦੀ। ਫਿਰ ਉਸ ਨੇ ਜੱਗੀ ਨੂੰ ਟੋਕਣਾ ਸ਼ੁਰੂ ਕਰ ਦਿੱਤਾ ਤੇ ਇੱਕ ਦਿਨ ਸਾਫ ਹੀ ਕਹਿ ਦਿੱਤਾ ਕਿ ਉਹ ਸ਼ਰਾਬ ਪੀ ਕੇ ਉਸ ਦੇ ਘਰ ਨਾ ਆਵੇ।

ਫਿਰ ਯਕੋ-ਯਕ ਬਾਹੜਾ ਉਸ ਨੂੰ ਵਾਹਵਾ ਮਿਲਣ ਆਉਣ ਲੱਗ ਪਿਆ। ਕਾਰਨ ਇਹ ਸੀ ਕਿ ਬਾਹੜਾ ਵਿਹਲਾ ਸੀ। ਉਸ ਨੇ ਫਲੈਟ ਬਣਾਉਣ ਦਾ ਕੰਮ ਸ਼ੁਰੂ ਕੀਤਾ ਸੀ ਜਿਸ ਵਿੱਚ ਉਸ ਨੂੰ ਘਾਟਾ ਪੈ ਗਿਆ ਸੀ। ਏਨਾ ਘਾਟਾ ਪਿਆ ਕਿ ਉਸ ਦਾ ਦਿਵਾਲਾ ਨਿਕਲ ਗਿਆ। ਇਹ ਤਾਂ ਸ਼ੁਕਰ ਸੀ ਕਿ ਉਸ ਦਾ ਘਰ ਉਸ ਦੀ ਪਤਨੀ ਦੇ ਨਾਂ ਸੀ ਇਸ ਲਈ ਘਰ ਬਚ ਗਿਆ, ਨਹੀਂ ਤਾਂ ਰਹਿਣ ਲਈ ਵੀ ਟਿਕਾਣਾ ਨਹੀਂ ਸੀ ਰਹਿਣਾ। ਹੁਣ ਵਕਤ ਬਿਤਾਉਣ ਲਈ ਉਹ ਜੱਗੀ ਕੋਲ ਆ ਜਾਂਦਾ। ਜੱਗੀ ਨੂੰ ਵੀ ਸਾਥ ਮਿਲ ਜਾਂਦਾ। ਦੋਵੇਂ ਰੱਜ ਕੇ ਦਾਰੂ ਪੀਂਦੇ। ਇੱਕ ਦਿਨ ਬਾਹੜਾ ਬੋਲਿਆ,

-ਯਾਰ ਜੱਗੀ, ਮੈਂ ਤੇਰੇ ਨਾਂ 'ਤੇ ਨਾ ਕੋਈ ਕੰਮ ਸ਼ੁਰੂ ਕਰ ਲਵਾਂ?

-ਦੇਖ ਲਓ ਬਾਹੜਾ ਸਾਬ, ਮੈਨੂੰ ਜੋ ਬੈਨੇਫਿੱਟ ਮਿਲਦੇ ਆ ਕਿਤੇ ਬੰਦ ਨਾ ਹੋ ਜਾਣ।

-ਹਾਂ, ਇਹ ਡਰ ਤਾਂ ਠੀਕ ਐ। ਚੱਲ ਤੂੰ ਏਦਾਂ ਕਰ ਕਿ ਆਪਣੇ ਨਾਂ 'ਤੇ ਮੈਨੂੰ ਕਿਸ਼ਤਾਂ 'ਤੇ ਵੈਨ ਲੈ ਦੇ ਤਾਂ ਜੋ ਮੈਂ ਦੁਬਾਰਾ ਕੰਮ ਸ਼ੁਰੂ ਕਰ ਸਕਾਂ। ਮੈਨੂੰ ਤਾਂ ਹੁਣ ਲੋਨ ਮਿਲਣਾ ਨਹੀਂ।

ਜੱਗੀ ਨੇ ਕਾਰ ਲੈਣ ਲਈ ਪੰਝ ਹਜ਼ਾਰ ਪੌਂਡ ਦਾ ਲੋਨ ਬੈਂਕ ਕੋਲ ਅਪਲਾਈ ਕਰ ਦਿੱਤਾ। ਉਸ ਦਾ ਬੈਨੇਫਿਟ ਲਗਾਤਾਰ ਉਸ ਬੈਂਕ ਵਿੱਚ ਹੀ ਆਇਆ ਕਰਦਾ ਸੀ ਤੇ ਬੈਂਕ ਵਾਲਿਆਂ ਨੂੰ ਪਤਾ ਸੀ ਕਿ ਉਹ ਕਿੰਨੀ ਕੁ ਕਿਸ਼ਤ ਵਾਪਸ ਕਰਨ ਦੇ ਕਾਬਲ ਸੀ ਸੋ ਉਸ ਨੂੰ ਲੋਨ ਮਿਲ ਗਿਆ। ਬਾਹੜੇ ਨੇ ਮੁੜ ਕੇ ਬਿਲਡਿੰਗ ਦਾ ਕੰਮ ਅਰੰਭ ਲਿਆ। ਜਿਵੇਂ ਕਿ ਜੱਗੀ ਆਸ ਰੱਖਦਾ ਸੀ ਕਿ ਬਾਹੜਾ ਉਸ ਨੂੰ ਸ਼ਾਇਦ ਕੰਮ ਦੇ ਦੇਵੇ ਪਰ ਬਾਹੜੇ ਨੇ ਕੰਮ ਨਾ

ਦਿੱਤਾ। ਹੁਣ ਬਾਹੜਾ ਉਸ ਨੂੰ ਮਹੀਨੇ ਵਿੱਚ ਇੱਕ-ਦੋ ਵਾਰ ਹੀ ਮਿਲਣ ਆਉਂਦਾ। ਜਦ ਆਉਂਦਾ ਤਾਂ ਆਪਣੀ ਵਿਸਕੀ ਲੈ ਆਉਂਦਾ ਤੇ ਖਾਣ ਨੂੰ ਵੀ ਕੁਝ ਨਾ ਕੁਝ ਨਾਲ ਹੁੰਦਾ। ਫਿਰ ਕਈ ਕਈ ਘੰਟੇ ਬੈਠੇ ਪੀਂਦੇ ਰਹਿੰਦੇ।

ਜੱਗੀ ਦੇ ਲੱਗਣ ਵਾਲੇ ਟੀਕੇ ਦਾ ਵਕਤ ਹੋ ਰਿਹਾ ਸੀ। ਤਿੰਨ ਮਹੀਨੇ ਕਦੋਂ ਦੇ ਲੰਘ ਚੁੱਕੇ ਸਨ। ਹਸਪਤਾਲ ਤੋਂ ਆਈ ਚਿੱਠੀ ਉਸ ਨੇ ਬਿਨ ਵਿੱਚ ਪਾ ਦਿੱਤੀ। ਉਸ ਨੂੰ ਪਤਾ ਸੀ ਕਿਸੇ ਦਿਨ ਟੀਕਾ ਲਾਉਣ ਵਾਲੇ ਘਰ ਆ ਜਾਣਗੇ। ਉਹ ਵਿੰਡੋ ਰਾਹੀਂ ਦੇਖਦਾ ਰਹਿੰਦਾ ਕਿ ਬਾਹਰ ਕੋਈ ਐਂਬੂਲੈਂਸ ਜਾਂ ਹਸਪਤਾਲ ਤੋਂ ਆਇਆ ਕੋਈ ਵਾਹਨ ਤਾਂ ਨਹੀਂ ਖੜ੍ਹਾ। ਜੇ ਹੁੰਦਾ ਤਾਂ ਉਹ ਉਰੇ-ਪਰੇ ਹੋ ਜਾਂਦਾ। ਇੱਕ ਵਾਰ ਤਾਂ ਉਹਨਾਂ ਦੇ ਸਾਹਮਣੇ ਭੱਜ ਵੀ ਗਿਆ ਸੀ। ਇਸ ਵਾਰ ਫਿਰ ਟੀਕਾ ਲਵਾਉਣ ਦਾ ਵਕਤ ਨਿਕਲ ਗਿਆ। ਜੱਗੀ ਧਿਆਨ ਰੱਖਦਾ ਕਿ ਕੋਈ ਆ ਕੇ ਲਾ ਹੀ ਨਾ ਜਾਵੇ। ਟੀਕਾ ਹੁਣ ਉਹ ਨਹੀਂ ਸੀ ਲਵਾਉਣਾ ਚਾਹੁੰਦਾ। ਸੋਚਦਾ ਸੀ ਕਿ ਉਹ ਹੁਣ ਬਿਲਕੁਲ ਠੀਕ ਹੈ।

## ਪੱਚੀ

ਜੱਗੀ ਵਾਲੀ ਕਰੋਅ ਕਲੋਜ਼ ਛੋਟੀ ਜਿਹੀ ਬੰਦ ਰੋਡ ਹੈ। ਗੋਲ ਦਾਇਰੇ ਵਿੱਚ, ਤਿੰਨ ਮੰਜ਼ਿਲੇ ਕੌਂਸਲ ਦੇ ਫਲੈਟਾਂ ਵਾਲੀ। ਹਰ ਫਲੈਟ ਲਈ ਕਾਰ ਖੜ੍ਹੀ ਕਰਨ ਲਈ ਪਾਰਕਿੰਗ ਦਾ ਇੰਤਜ਼ਾਮ ਵੀ ਹੈ ਤੇ ਕੁਝ ਵਾਧੂ ਕਾਰਾਂ ਲਈ ਜਗ੍ਹਾ ਵੀ ਬਣਾਈ ਹੋਈ ਹੈ। ਇਸ ਦੇ ਪਿਛਲੇ ਪਾਸੇ ਡਿਊਲ ਕੈਰਜਵੇਅ ਏ ਫੋਰ ਪੈਂਦੀ ਹੈ। ਉਹੀ ਏ ਫੋਰ ਜੋ ਹੈ ਜੋ ਪਿਕੱਡਲੀ ਸਰਕਸ ਤੋਂ ਨਿਕਲਦੀ ਹੈ, ਅੱਗੇ ਜਾ ਕੇ ਐਮ ਫੋਰ ਬਣ ਕੇ ਧੁਰ ਵੇਲਜ਼ ਵਿੱਚ ਜਾ ਵੜਦੀ ਹੈ। ਕਰੋਅ ਕਲੋਜ਼ ਨੂੰ ਏ ਫੋਰ ਤੋਂ ਰਾਹ ਨਹੀਂ ਹੈ। ਇੱਥੇ ਜਾਣ ਲਈ ਏ ਫੋਰ ਦੀਆਂ ਲਾਈਟਾਂ ਤੋਂ ਸਵੈਨ ਰੋਡ ਲਈ ਮੁੜਨਾ ਪੈਂਦਾ ਹੈ ਜਿਸ ਵਿੱਚੋਂ ਸੱਜੇ ਸ਼ੈਲੇ ਰੋਡ 'ਤੇ ਮੁੜ ਕੇ ਅਖੀਰ ਵਿੱਚ ਪੈਂਦੀ ਹੈ ਇਹ ਕਰੋਅ ਕਲੋਜ਼।

ਸਵੇਰ ਦੇ ਨੌਂ ਵੱਜੇ ਸਨ। ਸ਼ੁਕਰਵਾਰ ਦਾ ਦਿਨ ਸੀ। ਹਲਕੀ ਜਿਹੀ ਫੁਰਾਹ ਪੈ ਰਹੀ, ਜਿਹੀ ਜਿਹੋ ਜਿਹੀ ਇੰਗਲੈਂਡ ਵਿੱਚ ਪੈਂਦੀ ਹੀ ਰਹਿੰਦੀ ਹੈ। ਇੱਕ ਓਪਰੀ ਜਿਹੀ ਕਾਰ ਕਰੋਅ ਕਲੋਜ਼ 'ਤੇ ਆ ਕੇ ਰੁਕੀ। ਬਿਲਕੁਲ ਉਸ ਜਗ੍ਹਾ ਜਿੱਥੇ ਬੁੱਢੇ ਜੇਮਜ਼ ਦਾ ਫਲੈਟ ਸੀ। ਜੇਮਜ਼ ਨੇ ਇਕਦਮ ਪਰਦੇ ਹਟਾ ਕੇ ਦੇਖਿਆ ਕਿ ਕੌਣ ਹੈ। ਓਪਰੇ ਬੰਦਿਆਂ ਨੂੰ ਇੱਕ ਪਲ ਲਈ ਘੂਰਿਆ ਤੇ ਪਰਦੇ ਠੀਕ ਕਰਦਾ ਸੈਟੀ 'ਤੇ ਜਾ ਬੈਠਾ। ਓਪਰੇ ਬੰਦਿਆਂ ਵਿੱਚ ਇੱਕ ਕਾਲਾ ਸੀ, ਇੱਕ ਗੋਰਾ ਤੇ ਇੱਕ ਏਸ਼ੀਅਨ ਦਿੱਸਦੀ ਔਰਤ। ਤਿੰਨੋਂ ਜਵਾਨ ਤੇ ਤੰਦਰੁਸਤ ਸਿਹਤਾਂ ਵਾਲੇ। ਗੋਰੇ ਨੇ ਉਪਰ ਤੀਜੀ ਮੰਜ਼ਿਲ ਵਾਲੇ ਫਲੈਟ ਵੱਲ ਇਸ਼ਾਰਾ ਕਰਦਿਆਂ ਕਿਹਾ,

-ਡੈਰਕ, ਓਹ ਐ ਜੈਗ ਦਾ ਫਲੈਟ, ਇਕਤਾਲੀ ਨੰਬਰ। ਮੈਂ ਪਹਿਲਾਂ ਵੀ ਆਇਆ ਹੋਇਆਂ।

-ਘਰ ਵੀ ਹੋਵੇਗਾ ? ਕਿਧਰੇ ਚਲੇ ਹੀ ਨਾ ਜਾਵੇ !



-ਨਹੀਂ, ਏਨੀ ਜਲਦੀ ਉੱਠਣ ਵਾਲਾ ਉਹ ਹੈ ਨਹੀਂ।

ਆਖਦਿਆਂ ਉਹ ਤੁਰ ਪਿਆ ਤੇ ਮਗਰੇ ਹੀ ਦੂਜੇ ਦੋਵੇਂ ਵੀ। ਇੱਕ ਵਾਰ ਪਿੱਛੇ ਮੁੜ ਕੇ ਗੋਰੇ ਨੇ ਔਰਤ ਦੇ ਬੈਗ ਵੱਲ ਇਸ਼ਾਰਾ ਕਰਦਿਆਂ ਅੰਗੂਠਾ ਦਿਖਾ ਕੇ ਇਸ਼ਾਰੇ ਨਾਲ ਪੁੱਛਿਆ ਕਿ ਸਭ ਠੀਕ ਹੈ ਨਾ। ਔਰਤ ਨੇ ਵੀ ਹੱਥ ਨਾਲ ਇਸ਼ਾਰਾ ਕੀਤਾ ਕਿ ਬਿਲਕੁਲ ਠੀਕ। ਮੁੱਖ ਦਰਵਾਜ਼ੇ ਕੋਲ ਜਾ ਕੇ ਡੈਰਕ ਨੇ ਜੇਬ੍ਹ ਵਿੱਚੋਂ ਚਾਬੀਆਂ ਦਾ ਗੁੱਛਾ ਕੱਢਿਆ ਤੇ ਇੱਕ ਇੱਕ ਕਰਕੇ ਚਾਬੀ ਲਾਉਂਦਾ ਸਹੀ ਚਾਬੀ ਪਰਖਣ ਲੱਗਿਆ। ਛੇਤੀ ਹੀ ਉਸ ਨੇ ਉਹ ਦਰਵਾਜ਼ਾ ਖੋਲ੍ਹ ਲਿਆ। ਹੁਣ ਇੱਥੋਂ ਉਹਨਾਂ ਨੇ ਪੌੜੀਆਂ ਚੜ੍ਹ ਕੇ ਤੀਜੀ ਮੰਜ਼ਿਲ 'ਤੇ ਜਾਣਾ ਸੀ ਜਿੱਥੇ ਇਕਤਾਲੀ ਨੰਬਰ ਪੈਂਦਾ ਸੀ। ਉਹ ਹੌਲੀ ਹੌਲੀ ਦੱਬੇ ਪੈਰੀਂ ਪੌੜੀਆਂ ਚੜ੍ਹਨ ਲੱਗੇ। ਫਲੈਟ ਦੇ ਬੂਹੇ ਮੂਹਰੇ ਜਾ ਕੇ ਡੈਰਕ ਨੇ ਹੌਲੇ ਜਿਹੇ ਪੁੱਛਿਆ,

-ਸਟੀਵਨ, ਨੌਕ ਕਰਾਂ ਕਿ ਚਾਬੀ ਵਰਤਾਂ ?

-ਡੈਰਕ, ਪਹਿਲਾਂ ਨੌਕ ਕਰ, ਨਹੀਂ ਖੋਲ੍ਹੇਗਾ ਤਾਂ ਚਾਬੀ ਨਾਲ, ਪਰ ਧਿਆਨ ਰੱਖੀਂ ਕਿਤੇ ਪਿਛਲੀ ਵਾਰ ਵਾਂਗ ਦੌੜ ਹੀ ਨਾ ਜਾਵੇ।

ਡੈਰਕ ਨੇ ਘੰਟੀ ਵੱਲ ਦੇਖਿਆ ਜੋ ਕਿ ਟੁੱਟੀ ਪਈ ਸੀ, ਫਿਰ ਉਹ ਹੱਥ ਨਾਲ ਬੂਹਾ ਠਕੋਰਨ ਲੱਗਿਆ। ਕੁਝ ਮਿੰਟਾਂ ਬਾਅਦ ਥੋੜ੍ਹਾ ਜਿਹਾ ਬੂਹਾ ਖੁੱਲ੍ਹਿਆ। ਅੰਦਰੋਂ ਉਲਝੇ ਜਿਹੇ ਵਾਲਾਂ ਨਾਲ ਜੱਗੀ ਝਾਕਿਆ। ਸਟੀਵਨ ਬੋਲਿਆ,

-ਗੁੱਡ ਮੌਰਨਿੰਗ ਜੈਗ।

-ਮੌਰਨਿੰਗ।

ਆਖਦਿਆਂ ਉਹ ਮੁੜ ਕਾਹਲੀ ਨਾਲ ਬੂਹਾ ਬੰਦ ਕਰਨ ਲੱਗਿਆ ਪਰ ਡੈਰਕ ਨੇ ਇਕਦਮ ਆਪਣਾ ਬੂਟ ਬੂਹੇ ਵਿੱਚ ਇਵੇਂ ਦੇ ਲਿਆ ਕਿ ਬੂਹਾ ਮੁੜ ਬੰਦ ਨਾ ਹੋ ਸਕੇ। ਜੱਗੀ ਵੀ ਇਹ ਸਮਝ ਗਿਆ ਸੀ। ਉਸ ਨੇ ਬੂਹਾ ਖੋਲ੍ਹ ਦਿੱਤਾ ਤੇ ਉਹ ਤਿੰਨੋਂ ਅੰਦਰ ਜਾ ਵੜੇ ਪਰ ਉਸ ਦੇ ਮਗਰ ਮਗਰ ਸਨ, ਉਹਨਾਂ ਨੂੰ ਜੱਗੀ ਦੇ ਦੌੜ ਜਾਣ ਦਾ ਡਰ ਸੀ। ਅੰਦਰ ਖੱਬੇ ਹੱਥ ਰਸੋਈ ਸੀ ਤੇ ਸੱਜੇ ਹੱਥ ਬੈਠਕ। ਉਹ ਤਿੰਨੋਂ ਜੱਗੀ ਦੇ ਪਿੱਛੇ ਬੈਠਕ ਵਿੱਚ ਜਾ ਵੜੇ। ਸਟੀਵਨ ਨੇ ਫਿਰ ਪੁੱਛਿਆ,

-ਕੀ ਹਾਲ ਐ ਜੈਗ ?

-ਮੈਂ ਬਿਲਕੁਲ ਠੀਕ ਹਾਂ।

-ਤੈਨੂੰ ਪਤਾ ਐ ਕਿ ਅਸੀਂ ਕਿਸ ਕੰਮ ਆਏ ਹਾਂ ?

-ਮੈਨੂੰ ਪਤਾ ਪਰ ਮੈਨੂੰ ਹੁਣ ਟੀਕੇ ਦੀ ਬਿਲਕੁਲ ਲੋੜ ਨਹੀਂ। ਮੈਂ ਬਿਲਕੁਲ ਠੀਕ ਆਂ।

-ਨਹੀਂ ਜੈਗ, ਤੇਰਾ ਰਿਕਾਰਡ ਕਹਿ ਰਿਹਾ ਕਿ ਇਹਦੀ ਸਖਤ ਲੋੜ ਐ, ਸੋ ਆ, ਪਿਆਰ ਨਾਲ ਟੀਕਾ ਲਵਾ ਲੈ।

-ਜਦ ਮੈਂ ਕਹਿ ਦਿੱਤਾ ਕਿ।

-ਜੈਗ, ਬਹੁਤ ਹੋ ਗਿਆ, ਤੈਨੂੰ ਟੀਕੇ ਦੀ ਸਖਤ ਲੋੜ ਐ, ਤੇਰੇ ਗਵਾਂਢੀ ਵੀ ਸ਼ਿਕਾਇਤਾਂ ਕਰਦੇ ਆ ਕਿ ਤੂੰ ਸਾਰੀ ਰਾਤ ਬੋਲਦਾ ਰਹਿਨਾਂ ਤੇ ਕੰਧਾਂ ਵਿੱਚ ਮੁੱਕੇ ਮਾਰਦਾ ਰਹਿਨਾਂ। ਟੀਕੇ ਨਾਲ ਤੂੰ ਠੀਕ ਹੋ ਜਾਵੇਂਗਾ।

–ਨਹੀਂ, ਤੁਸੀਂ ਮੇਰੇ ਨਾਲ ਜ਼ਬਰਦਸਤੀ ਨਹੀਂ ਕਰ ਸਕਦੇ।

ਜੱਗੀ ਨੇ ਉੱਚੀ ਆਵਾਜ਼ ਵਿੱਚ ਕਿਹਾ। ਸਟੀਵਨ ਨੇ ਉਸ ਦੀ ਗੱਲ ਅਣਸੁਣੀ ਕਰਦਿਆਂ ਨਾਲ ਵਾਲੀ ਔਰਤ ਨੂੰ ਆਖਿਆ,

–ਸੂਜ਼ੀ, ਸਰਿੰਜ ਤਿਆਰੀ ਕਰ।

ਜੱਗੀ ਤੇਜ਼ੀ ਨਾਲ ਬਾਹਰ ਨੂੰ ਤੁਰ ਪਿਆ ਪਰ ਡੈਰਕ ਨੇ ਉਸ ਨੂੰ ਫੜ ਲਿਆ। ਜੱਗੀ ਨੇ ਗਾਲ੍ਹ ਕੱਢਦਿਆਂ ਉਸ ਦੇ ਮੂੰਹ 'ਤੇ ਮੁੱਕਾ ਦੇ ਮਾਰਿਆ। ਡੈਰਕ ਇੱਕ ਪਾਸੇ ਨੂੰ ਡਿਗ ਪਿਆ ਤੇ ਜੱਗੀ ਕਾਹਲੀ ਨਾਲ ਬਾਹਰ ਵੱਲ ਨਿਕਲਣ ਲੱਗਿਆ ਪਰ ਐਨ ਦਰਵਾਜ਼ੇ ਤਕ ਪੁੱਜਣ ਤੋਂ ਪਹਿਲਾਂ ਸਟੀਵਨ ਨੇ ਉਸ ਨੂੰ ਫੜ ਲਿਆ ਤੇ ਮਗਰੇ ਹੀ ਡੈਰਕ ਵੀ ਉੱਠ ਕੇ ਆ ਗਿਆ। ਦੋਵੇਂ ਉਸ ਨੂੰ ਜ਼ਬਰਦਸਤੀ ਧੂੰਹਦੇ ਹੋਏ ਮੁੜ ਬੈਠਕ ਵਿੱਚ ਲੈ ਆਏ। ਹੁਣ ਇੱਕ ਕਿਸਮ ਨਾਲ ਦੰਗਲ ਸ਼ੁਰੂ ਹੋ ਗਿਆ ਸੀ। ਕਮਰੇ ਦੀਆਂ ਚੀਜ਼ਾਂ ਟੁੱਟ ਰਹੀਆਂ ਸਨ। ਜੱਗੀ ਉਹਨਾਂ ਦਾ ਪੂਰੀ ਤਰ੍ਹਾਂ ਮੁਕਾਬਲਾ ਕਰ ਰਿਹਾ ਸੀ। ਨਾਲ ਦੀ ਨਾਲ ਗੰਦੀਆਂ ਗਾਲ੍ਹਾਂ ਵੀ ਕੱਢਦਾ ਜਾ ਰਿਹਾ ਸੀ। ਸੂਜ਼ੀ ਡਰਦੀ ਹੋਈ ਇੱਕ ਖੂੰਜੇ ਲੱਗੀ ਖੜੀ ਸੀ। ਇਸ ਸਭ ਕਾਸੇ ਦੀ ਉਸ ਨੇ ਆਸ ਨਹੀਂ ਸੀ ਰੱਖੀ। ਸਟੀਵਨ ਤੇ ਡੈਰਕ ਨੇ ਬੜੀ ਮੁਸ਼ਕਲ ਨਾਲ ਜੱਗੀ ਨੂੰ ਕਾਬੂ ਕੀਤਾ ਤੇ ਉਸ ਨੂੰ ਹੇਠਾਂ ਮੂਧਾ ਲੰਮਾ ਪਾ ਕੇ ਬਾਹਾਂ ਪਿੱਛੇ ਲਾ ਲਈਆਂ। ਡੈਰਕ ਉਸ ਦੇ ਉਪਰ ਬੈਠ ਗਿਆ। ਹਫਿਆ ਹੋਇਆ ਜੱਗੀ ਹਾਲੇ ਵੀ ਗਾਲ੍ਹਾਂ ਕੱਢਦਾ ਜਾ ਰਿਹਾ ਸੀ। ਕਦੇ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵਿੱਚ ਵੀ ਸ਼ੁਰੂ ਹੋ ਜਾਂਦਾ। ਸਟੀਵਨ ਉਸ ਦੀ ਟਰਾਊਜ਼ਰ ਢਿੱਲੀ ਕਰਕੇ ਹੇਠਾਂ ਖਿੱਚਦਾ ਬੋਲਿਆ,

–ਕਮ ਔਨ ਸੂਜ਼ੀ!

ਸੂਜ਼ੀ ਨੇ ਆਪਣੇ ਬੈੱਗ ਵਿੱਚੋਂ ਕਾਹਲੀ ਨਾਲ ਸਰਿੰਜ ਕੱਢੀ ਤੇ ਨਾਲ ਹੀ ਦਵਾਈ ਦੀਆਂ ਦੋ ਸ਼ੀਸ਼ੀਆਂ ਵੀ। ਉਸ ਨੇ ਦੋਵਾਂ ਸ਼ੀਸੀਆਂ ਵਿੱਚੋਂ ਇੱਕ ਇੱਕ ਕਰਕੇ ਸਰਿੰਜ ਭਰੀ ਤੇ ਉਸ ਦਾ ਲੈਵਲ ਚੈਕ ਕਰਦਿਆਂ ਜੱਗੀ ਦੇ ਪੁੜੇ ਵਿੱਚ ਟੀਕਾ ਲਾ ਦਿੱਤਾ। ਜੱਗੀ ਦੀਆਂ ਗਾਲ੍ਹਾਂ ਹਾਲੇ ਵੀ ਚੱਲ ਰਹੀਆਂ ਸਨ। ਸਟੀਵਨ ਬੋਲਿਆ,

–ਏਨਾ ਹੀ ਕੰਮ ਸੀ। ਗੁੱਡ ਬੁਆਏ ਬਣ ਕੇ ਰਹਿੰਦਾ ਤਾਂ ਤੇਰੇ ਲਈ ਵੀ ਠੀਕ ਰਹਿੰਦਾ ਤੇ ਸਾਡੇ ਲਈ ਵੀ।

–ਹਰਾਮੀਓਂ, ਇੱਕ ਇੱਕ ਕਰਕੇ ਤੁਹਾਨੂੰ ਦੇਖ ਲਊਂ। ਏਹ ਨਾ ਸਮਝਿਓ ਕਿ ਮੈਂ ਕਮਜ਼ੋਰ ਆਂ।

ਥੱਲੇ ਪਿਆ ਜੱਗੀ ਬੋਲੀ ਜਾ ਰਿਹਾ ਸੀ। ਹੌਲੀ-ਹੌਲੀ ਉਸ ਦੀ ਆਵਾਜ਼ ਡੁੱਬਣ ਲੱਗੀ। ਉਹ ਨਿਢਾਲ ਹੁੰਦਾ ਗਿਆ ਤੇ ਫਿਰ ਜਿਵੇਂ ਸੌਂ ਗਿਆ ਹੋਵੇ। ਸਟੀਵਨ ਨੇ ਡੈਰਕ ਨੂੰ ਇਸ਼ਾਰਾ ਕੀਤਾ। ਉਹਨਾਂ ਨੇ ਜੱਗੀ ਨੂੰ ਚੁੱਕਿਆ ਤੇ ਬੈੱਡ ਵੱਲ ਲੈ ਤੁਰੇ। ਕਮਰੇ ਵਿੱਚ ਹਨੇਰਾ ਜਿਹਾ ਸੀ ਪਰ ਬਿਸਤਰ ਸਾਫ ਦਿੱਸ ਰਿਹਾ ਸੀ। ਉਹਨਾਂ ਨੇ ਜੱਗੀ ਨੂੰ ਬਿਸਤਰ ਉਪਰ ਸੁੱਟ ਦਿਤਾ। ਡੈਰਕ ਬੋਲਿਆ,

–ਪਤਾ ਨਹੀਂ ਇਸ ਹਰਾਮੀ ਪਾਗਲ ਵਿੱਚ ਏਨਾ ਜ਼ੋਰ ਕਿੱਥੋਂ ਆ ਗਿਆ!

–ਡੈਰਕ, ਇਹਦੀ ਰਿਪੋਰਟ-ਬੁੱਕ ਦੇਖ ਤਾਂ ਕਿਤੇ ਹੋਣੀ ਆਂ ਇੱਥੇ ਕਿਤੇ।

ਡੈਰਕ ਕਮਰੇ ਵਿੱਚ ਇੱਧਰ-ਓਧਰ ਹੱਥ ਮਾਰਨ ਲੱਗਾ। ਇੱਕ ਡਰਾਅ ਵਿੱਚੋਂ



ਖਾਕੀ ਰੰਗ ਦਾ ਇੱਕ ਲਿਫ਼ਾਫ਼ਾ ਮਿਲ ਗਿਆ। ਡੈਰਕ ਨੇ ਉਹਦੇ ਵਿੱਚੋਂ ਕੁਝ ਪੇਪਰ ਕੱਢੇ ਤੇ ਇੱਕ ਪੇਪਰ ਨੂੰ ਦੇਖਦਾ ਉੱਚੀ ਆਵਾਜ਼ ਵਿੱਚ ਡੈਰਕ ਪੜ੍ਹਨ ਲੱਗਾ,

–ਮਰੀਜ਼ ਦਾ ਕਹਿਣਾ ਹੈ ਕਿ ਉਹ ਸਿਹਤ ਵੱਲੋਂ ਠੀਕ ਹੈ। ਉਸ ਦੇ ਕਿਸੇ ਅੰਗ ਵਿੱਚ ਦਰਦ ਨਹੀਂ ਹੈ। ਸਿਵਾਏ ਇਸ ਦੇ ਕਿ ਉਸ ਦੇ ਕੰਨਾਂ ਵਿੱਚ ਹਰ ਵੇਲੇ ਗੂੰਜ ਸੁਣਦੀ ਹੈ ਤੇ ਉਸ ਨੂੰ ਆਵਾਜ਼ਾਂ ਸੁਣਦੀਆਂ ਹਨ, ਆਵਾਜ਼ਾਂ ਤਰ੍ਹਾਂ ਤਰ੍ਹਾਂ ਦੀਆਂ ਮੰਗਾਂ ਉਸ ਸਾਹਮਣੇ ਰੱਖਦੀਆਂ ਹਨ। ਪੈਸਿਆਂ ਦੀ ਮੰਗ ਤੇ ਧਮਕੀਆਂ ਦਿੰਦੀਆਂ ਹਨ ਪਰ ਕਿਸੇ ਕਿਸਮ ਦਾ ਹੁਕਮ ਨਹੀਂ ਦਿੰਦੀਆਂ। ਆਮ ਜਨਤਾ ਲਈ ਉਹ ਹਿੰਸਕ ਨਹੀਂ ਹੈ ਪਰ ਸਿਹਤ ਅਧਿਕਾਰੀਆਂ ਤੇ ਪੁਲੀਸ ਵਾਲਿਆਂ ਨਾਲ ਉਲਝ ਪੈਂਦਾ ਹੈ। ਉਹ ਇਕੱਲਾ ਹੀ ਰਹਿੰਦਾ ਹੈ ਤੇ ਉਹ ਆਪਣੇ ਆਪ ਨੂੰ ਸੰਭਾਲਣ ਦੇ ਕਾਬਲ ਹੈ। ਉਸ ਦਾ ਆਪਣੀ ਪਤਨੀ ਨਾਲ ਤਲਾਕ ਹੋ ਚੁੱਕਾ ਹੈ। ਮਰੀਜ਼ ਅਨੁਸਾਰ ਉਸ ਦੇ ਕਿਸੇ ਔਰਤ ਨਾਲ ਸਰੀਰਕ ਸੰਬੰਧ ਨਹੀਂ ਹਨ। ਉਹ ਦੱਸਦਾ ਹੈ ਕਿ ਸਰੀਰਕ ਸੰਤੁਸ਼ਟੀ ਲਈ ਉਹ ਹਥਰਸੀ ਕਰਦਾ ਹੈ। ਉਸ ਦੀ ਸ਼ਿਕਾਇਤ ਹੈ ਕਿ ਉਸ ਦਾ ਬੀਰਜ ਬਹੁਤ ਘੱਟ ਖਾਰਜ ਹੁੰਦਾ ਹੈ....।

ਰਿਪੋਰਟ ਪੜ੍ਹਦਾ ਡੈਰਕ ਰੁਕਿਆ ਤਾਂ ਸਟੀਵਨ ਨੇ ਕਿਹਾ,

–ਚੱਲ ਠੀਕ ਐ, ਅੱਜ ਦੀ ਸਾਰੀ ਗੱਲਬਾਤ ਵੀ ਲਿਖ ਕੇ ਰਿਪੋਰਟ ਕਰ ਦੇ ਤੇ ਆਪਣੇ ਰੋਜ਼ਨਾਮਚੇ ਵਿੱਚ ਵੀ ਹੁਣੇ ਹੀ ਐਂਟਰ ਕਰ ਲੈ।

ਆਪਣੀ ਕਾਰਵਾਈ ਪੂਰੀ ਕਰਕੇ ਉਹਨਾਂ ਨੇ ਫਲੈਟ ਦਾ ਬੂਹਾ ਖੋਲ੍ਹਿਆ ਤੇ ਬਾਹਰ ਨਿਕਲ ਕੇ ਆਹਿਸਤਾ ਜਿਹੇ ਬੂਹਾ ਬੰਦ ਕਰ ਦਿੱਤਾ ਤੇ ਚੋਰਾਂ ਵਾਂਗ ਪੌੜੀਆਂ ਉਤਰਨ ਲੱਗੇ।

ਜੱਗੀ ਆਪਣੇ ਬਿਸਤਰ 'ਤੇ ਅਹਿੱਲ ਪਿਆ ਸੀ। ਉਸ ਦਾ ਬਣਾਇਆ ਚਾਹ ਦਾ ਕੱਪ ਹਾਲੇ ਰਸੋਈ ਵਿੱਚ ਹੀ ਪਿਆ ਸੀ ਤੇ ਨਾਲ ਹੀ ਟੋਸਟ ਤੇ ਆਮਲੇਟ ਵੀ। ਜੱਗੀ ਦੇ ਮੁਬਾਈਲ ਫੋਨ ਦੀ ਘੰਟੀ ਵੱਜੀ ਪਰ ਉਹ ਜਿਵੇਂ ਇਸ ਦੁਨੀਆ ਵਿੱਚ ਹੋਵੇ ਹੀ ਨਾ। ਫਿਰ ਲੈਂਡ-ਲਾਈਨ ਦੀ ਘੰਟੀ ਵੱਜਣ ਲੱਗੀ ਤੇ ਕਿੰਨੀ ਦੇਰ ਤਕ ਵੱਜਦੀ ਰਹੀ। ਇਵੇਂ ਘੰਟੀਆਂ ਸਾਰਾ ਦਿਨ ਵੱਜਦੀਆਂ ਰਹੀਆਂ। ਚਾਹ ਕਦੋਂ ਦੀ ਠੰਢੀ ਹੋ ਗਈ ਸੀ। ਟੋਸਟ ਤੇ ਆਮਲੇਟ ਨੂੰ ਚੂਹੇ ਖਾਂਦੇ ਰਹੇ। ਫਲੈਟ ਦੇ ਪਿੱਛੇ ਏ ਫੋਰ ਉਪਰ ਟਰੈਫਿਕ ਵੀ ਉਵੇਂ ਹੀ ਲੰਘਦਾ ਰਿਹਾ।

ਉਹ ਦਿਨ ਲੰਘ ਗਿਆ ਤੇ ਰਾਤ ਵੀ। ਅਗਲਾ ਦਿਨ ਆਇਆ ਤੇ ਰਾਤ ਪੈ ਗਈ। ਜੱਗੀ ਉਵੇਂ ਹੀ ਪਿਆ ਰਿਹਾ। ਤੀਜੇ ਦਿਨ ਉਸ ਨੂੰ ਹੋਸ਼ ਆਈ। ਉਸ ਨੇ ਹੌਲੇ ਜਿਹੇ ਅੱਖਾਂ ਖੋਲ੍ਹੀਆਂ। ਉਸ ਦਾ ਸਿਰ ਦਰਦ ਨਾਲ ਫਟ ਰਿਹਾ ਸੀ। ਕਈ ਵਾਰ ਜ਼ਿਆਦਾ ਸ਼ਰਾਬ ਪੀਤੀ ਜਾਂਦੀ ਤਾਂ ਇਵੇਂ ਹੀ ਹੁੰਦਾ ਸੀ। ਉਹ ਹਿੰਮਤ ਕਰ ਕੇ ਉੱਠ ਕੇ ਬਹਿ ਗਿਆ ਤੇ ਕਿੰਨੀ ਦੇਰ ਤਕ ਉਵੇਂ ਹੀ ਬੈਠਾ ਰਿਹਾ। ਫਿਰ ਜ਼ਰਾ ਕੁ ਹੋਰ ਹਿੰਮਤ ਇਕੱਠੀ ਕੀਤੀ ਤੇ ਉਹ ਉੱਠ ਕੇ ਖੜਾ ਹੋ ਗਿਆ। ਉਹ ਹੌਲੀ ਹੌਲੀ ਤੁਰਦਾ ਗੁਸਲਖਾਨੇ ਵਿੱਚ ਜਾ ਵੜਿਆ। ਕੁਝ ਦੇਰ ਬਾਅਦ ਉਹ ਹੌਲੀ ਹੌਲੀ ਰਸੋਈ ਵਿੱਚ ਆ ਗਿਆ। ਫਰਿੱਜ ਖੋਲ੍ਹ ਕੇ ਜੂਸ ਪੀਤਾ। ਜੂਸ ਪੀ ਕੇ ਉਸ ਵਿੱਚ ਕੁਝ ਕੁ ਤਾਕਤ ਆ ਗਈ। ਉੱਥੋਂ ਉਹ ਬਹਿਣ ਕਮਰੇ ਵਿੱਚ ਆ ਗਿਆ। ਕਮਰੇ ਦੀ ਹਾਲਤ ਦੇਖ ਕੇ ਉਹ ਹੈਰਾਨ ਰਹਿ ਗਿਆ। ਫਿਰ ਸੋਚਦਿਆਂ ਸੋਚਦਿਆਂ ਉਸ ਨੂੰ ਸਾਰੀ ਘਟਨਾ ਯਾਦ ਆਉਣ ਲੱਗੀ। ਉਸ ਨੇ ਕੋਨੇ ਵਿੱਚ ਪਈ ਸ਼ਰਾਬ ਦੀ ਬੋਤਲ ਚੁੱਕ ਲਈ।

# ਛੱਬੀ

ਜੱਗੀ ਠੀਕ ਹੁੰਦਾ ਤਾਂ ਸਭ ਠੀਕ ਚੱਲੀ ਜਾਂਦਾ। ਜਦ ਉਸ ਦੀ ਸਿਹਤ ਵਿਗੜਦੀ ਤਾਂ ਉਸ ਨੂੰ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ। ਸੜਕ 'ਤੇ ਤੁਰਿਆ ਜਾਂਦਾ ਕਈ ਵਾਰ ਉਵੇਂ ਹੀ ਭੱਜਣ ਲੱਗ ਪੈਂਦਾ ਜਿਵੇਂ ਕੋਈ ਉਹਦੇ ਪਿੱਛੇ ਪਿਆ ਹੋਇਆ ਹੋਵੇ। ਸੁਣਦੀਆਂ ਆਵਾਜ਼ਾਂ ਨਾਲ ਲੜਦਾ ਗਾਲ੍ਹਾਂ ਕੱਢਦਾ ਤੁਰਿਆ ਜਾਂਦਾ। ਕਦੇ ਕਦੇ ਉਸ ਦਾ ਵਾਹ ਪੁਲੀਸ ਨਾਲ ਵੀ ਪੈ ਜਾਂਦਾ ਸੀ। ਉਸ ਦਾ ਗਵਾਂਢੀ ਗੋਰੇ ਨਾਲ ਆਮ ਝਗੜਾ ਰਹਿੰਦਾ ਸੀ, ਗੱਲ ਪੁਲੀਸ ਤਕ ਵੀ ਪੁੱਜ ਜਾਂਦੀ ਸੀ। ਉਹ ਪੁਲੀਸ ਨਾਲ ਵੀ ਝਗੜ ਪੈਂਦਾ ਤਾਂ ਮੁੜ ਉਸ ਨੂੰ ਹਸਪਤਾਲ ਭੇਜ ਦਿੱਤਾ ਜਾਂਦਾ। ਮੈਂਟਲ ਹਸਪਤਾਲ ਜੇਲ੍ਹ ਤੋਂ ਘੱਟ ਨਹੀਂ ਸੀ। ਬਹੁਤ ਸਖਤ ਪਹਿਰਾ ਹੁੰਦਾ। ਇੱਕ ਵਾਰ ਹਸਪਤਾਲ ਪੁੱਜਦਾ ਤਾਂ ਕਈ ਕਈ ਹਫਤੇ ਉੱਥੇ ਡੱਕਿਆ ਰਹਿੰਦਾ। ਕਦੇ ਪ੍ਰੀਤੀ ਆ ਕੇ ਖਾਣਾ ਦੇ ਜਾਂਦੀ। ਕਦੇ ਬਾਹੜਾ ਵੀ ਆ ਕੇ ਮਿਲ ਜਾਂਦਾ। ਬਾਹੜਾ ਹੁਣ ਉਸ ਦਾ ਕੇਅਰਰ ਸੀ ਜਾਣੀ ਕਿ ਉਸ ਨੂੰ ਸੰਭਾਲਣ ਦੇ ਬਾਹੜੇ ਨੂੰ ਹਫਤੇ ਦੇ ਪੰਜਾਹ ਪੌਂਡ ਮਿਲਦੇ ਸਨ, ਇਸ ਲਈ ਉਹ ਉਸ ਨੂੰ ਮਿਲਦਾ ਰਹਿੰਦਾ ਸੀ।

ਕੰਨਾਂ ਵਿੱਚ ਪੈਂਦੀਆਂ ਗੂੰਜਾਂ ਨੂੰ ਤਾਂ ਉਹ ਅਣਗੌਲ ਵੀ ਜਾਂਦਾ ਪਰ ਆਵਾਜ਼ਾਂ ਨਾਲ ਉਸ ਨੂੰ ਦੋ-ਚਾਰ ਹੋਣਾ ਹੀ ਪੈਂਦਾ। ਉਹ ਆਵਾਜ਼ਾਂ ਤੋਂ ਬਚਣ ਲਈ ਸ਼ਰਾਬ ਪੀਂਦਾ। ਸੁਣਦੀਆਂ ਆਵਾਜ਼ਾਂ ਵਿੱਚ ਹੁਣ ਪੁਲੀਸ ਵਾਲੇ ਵੀ ਸ਼ਾਮਲ ਹੋ ਗਏ। ਉਹ ਵੀ ਉਸ ਨੂੰ ਕੈਦ ਕਰ ਦੀਆਂ ਧਮਕੀਆਂ ਦੇਣ ਲੱਗਦੇ ਸਨ। ਬਹੁਤੀ ਵਾਰ ਲੋਕ ਉਸ ਤੋਂ ਪੈਸੇ ਹੀ ਮੰਗ ਰਹੇ ਹੁੰਦੇ ਤੇ ਡਰਾ ਰਹੇ ਹੁੰਦੇ। ਉਸ ਦੇ ਵਹਿਮ ਦੀ ਹੱਦ ਵਧਦੀ ਜਾਂਦੀ ਸੀ। ਕਿਸੇ ਪੁਲੀਸ ਵਾਲੇ ਨੂੰ ਦੇਖ ਲੈਂਦਾ ਤਾਂ ਉਸ ਨੂੰ ਜਾਪਦਾ ਕਿ ਉਸ ਨੂੰ ਹੀ ਫੜਨ ਆ ਰਿਹਾ ਹੈ। ਉਹ ਇੱਕ ਪਾਸੇ ਨੂੰ ਹੋ ਤੁਰਦਾ। ਕਈ ਵਾਰ ਅਜਿਹਾ ਵੀ ਹੋਇਆ ਕਿ ਪੁਲੀਸ ਵਾਲੇ ਉਸ ਨੂੰ ਸ਼ੱਕੀ ਬੰਦਾ ਸਮਝ ਕੇ ਫੜ ਲੈਂਦੇ ਪਰ ਜਦ ਹੋਰ ਇਨਕੁਆਰੀ ਕਰਦੇ ਤਾਂ ਉਸ ਨੂੰ ਛੱਡ ਦਿੰਦੇ।

ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਕਿਸੇ ਔਰਤ ਨਾਲ ਦੋਸਤੀ ਪੈ ਜਾਵੇ ਪਰ ਕੋਈ ਨਾ ਮਿਲੀ। ਉਹ ਕਈਆਂ ਨਾਲ ਗੱਲਬਾਤ ਸ਼ੁਰੂ ਕਰਦਾ, ਉਸ ਦੇ ਸੰਪਰਕ ਵਿੱਚ ਆਉਂਦੀਆਂ ਪਰ ਅਗਲੀਆਂ ਜਲਦੀ ਹੀ ਉਸ ਦੀ ਮਾਨਸਿਕ ਹਾਲਤ ਨੂੰ ਭਾਂਪ ਜਾਂਦੀਆਂ। ਇੱਕ ਵਾਰ ਉਹ ਇੰਡੀਆ ਤੋਂ ਵਾਪਸ ਆ ਰਿਹਾ ਸੀ ਤਾਂ ਇੱਕ ਮਾਰੀਆ ਨਾਂ ਦੀ ਕੁੜੀ ਨਾਲ ਸਾਰੇ ਰਾਹ ਗੱਲਾਂ ਕਰਦਾ ਰਿਹਾ। ਮਾਰੀਆ ਉਸ ਨੂੰ ਫੋਨ ਨੰਬਰ ਵੀ ਦੇ ਗਈ ਸੀ ਪਰ ਉਸ ਤੋਂ ਬਾਅਦ ਉਹ ਇੱਕ ਵਾਰ ਫਿਰ ਹਸਪਤਾਲ ਚਲੇ ਗਿਆ ਸੀ। ਕਈ ਸਾਲਾਂ ਬਾਅਦ ਮਾਰੀਆ ਦਾ ਉਸ ਨੂੰ ਚੇਤਾ ਆਇਆ ਪਰ ਜਦ ਤਕ ਉਸ ਦਾ ਫੋਨ ਨੰਬਰ ਉਹ ਗਵਾ ਚੁੱਕਿਆ ਸੀ।

ਕਈ ਸਾਲ ਤਕ ਉਸ ਦੀ ਮਾਂ ਉਸ ਦੇ ਵਿਆਹ ਦੀ ਗੱਲ ਕਰਦੀ ਰਹੀ ਸੀ ਪਰ ਕੋਈ ਰਿਸ਼ਤਾ ਨਹੀਂ ਸੀ ਉੱਠਿਆ। ਜਿਹੜਾ ਵੀ ਜੱਗੀ ਨੂੰ ਮਿਲਦਾ ਉਹ ਸਹਿਜੇ ਹੀ ਭਾਂਪ



ਲੈਂਦਾ ਸੀ ਕਿ ਕਿਧਰੇ ਕੁਝ ਗੜਬੜ ਜ਼ਰੂਰ ਹੈ। ਉਸ ਦੇ ਨੀਮ ਪਾਗਲ ਹੋਣ ਦੀ ਖ਼ਬਰ ਸਾਰੇ ਵਾਕਫਕਾਰਾਂ ਵਿੱਚ ਫੈਲ ਚੁੱਕੀ ਸੀ ਪਰ ਜੱਗੀ ਨੂੰ ਯਕੀਨ ਸੀ ਕਿ ਇੱਕ ਦਿਨ ਉਹ ਦੁਬਾਰਾ ਵਿਆਹ ਕਰਾਵੇਗਾ ਤੇ ਪਹਿਲਾਂ ਵਾਂਗ ਹੀ ਸੈੱਟ ਹੋ ਜਾਵੇਗਾ।

ਉਹ ਸਵੇਰੇ ਉੱਠ ਸ਼ੇਵ ਕਰਦਾ। ਵਾਲਾਂ ਵਿੱਚ ਚਿੱਟੋਂ ਤਾਂ ਆਉਣ ਹੀ ਨਹੀਂ ਸੀ ਦਿੰਦਾ। ਸੂਟ, ਰੇਸ਼ਮੀ ਟਾਈਆਂ ਤੇ ਬੂਟ ਉਸ ਨੇ ਇੰਡੀਆ ਤੋਂ ਹੀ ਸਮਾ ਲਿਆਂਦੇ ਸਨ। ਪੂਰੀ ਟੌਹਰ ਕੱਢ ਕੇ ਬਾਹਰ ਨਿਕਲਦਾ। ਕਈ ਵਾਰ ਉਹ ਟਿਊਬ ਫੜ ਕੇ ਕੇਂਦਰੀ ਲੰਡਨ ਵੱਲ ਨਿਕਲ ਜਾਂਦਾ ਤੇ ਸਾਰਾ ਦਿਨ ਐਵੇਂ ਹੀ ਫਿਰਦਾ ਰਹਿੰਦਾ।

ਇਹਨਾਂ ਦਿਨਾਂ ਵਿੱਚ ਹੀ ਰੌਕੀ ਨੇ ਕੁਝ ਅਜੀਬ ਜਿਹੀਆਂ ਹਰਕਤਾਂ ਸ਼ੁਰੂ ਕਰ ਦਿੱਤੀਆਂ। ਜਦ ਕਦੇ ਸ਼ਰਾਬ ਪੀ ਲੈਂਦਾ ਤਾਂ ਇਕਦਮ ਬਦਲ ਜਾਂਦਾ, ਸਿਰ ਘੁਮਾਉਣ ਲੱਗਦਾ। ਨਿੱਕ ਦੇਖਦਾ ਪਰ ਕੁਝ ਨਾ ਕਹਿੰਦਾ। ਜੇ ਉਹ ਕਹਿੰਦਾ ਤਾਂ ਪ੍ਰੀਤੀ ਲੜ ਪੈਂਦੀ। ਉਹ ਖੁਸ਼ ਸੀ ਕਿ ਉਸ ਦੇ ਆਪਣੇ ਬੱਚੇ ਸੈਟਲ ਹੋ ਗਏ ਸਨ। ਉਸ ਦੇ ਮੁੰਡੇ ਐਂਡੀ ਨੂੰ ਪੀਟਰ ਨੇ ਲੋਹੇ ਦਾ ਕੰਮ ਸਿਖਾ ਦਿੱਤਾ ਸੀ ਤੇ ਉਹ ਵਾਹਵਾ ਕਮਾਈ ਕਰਨ ਲੱਗਾ ਸੀ। ਉਸ ਦੀ ਕੁੜੀ ਡਿਗਰੀ ਕਰ ਗਈ ਸੀ ਤੇ ਆਪਣੇ ਬੁਆਏ ਫਰੈਂਡ ਨਾਲ ਅਲੱਗ ਰਹਿੰਦੀ ਸੀ। ਰੌਕੀ ਦਾ ਉਸ ਨੇ ਕਦੇ ਫਿਕਰ ਨਹੀਂ ਸੀ ਕੀਤਾ। ਰੌਕੀ ਨੂੰ ਡਾਕਟਰ ਨੂੰ ਦਿਖਾਇਆ ਗਿਆ। ਉਸ ਨੇ ਅੱਗੇ ਵਿਸ਼ੇਸ਼ ਡਾਕਟਰ ਕੋਲ ਭੇਜ ਦਿੱਤਾ। ਰੌਕੀ ਨੂੰ ਜੱਗੀ ਵਾਲੀਆਂ ਹੀ ਅਲਾਮਤਾਂ ਸਨ। ਇਹ ਸੁਣ ਕੇ ਪ੍ਰੀਤੀ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਰੌਕੀ ਦੀ ਦਵਾ-ਦਾਰੂ ਸ਼ੁਰੂ ਹੋ ਗਈ। ਕਦੇ ਕਦੇ ਪ੍ਰੀਤੀ ਰੌਕੀ ਨੂੰ ਜੱਫੀ ਵਿੱਚ ਲੈ ਕੇ ਆਖਦੀ,

-ਫਿਕਰ ਨਾ ਕਰ ਮਾਈ ਸਨ, ਸਭ ਠੀਕ ਹੋ ਜਾਵੇਗਾ। ਇਹ ਤੇਰੇ ਡੈਡ ਕਰਕੇ ਹੀ ਹੋਇਆ। ਉਹਨੇ ਹੀ ਘਰ ਵਿੱਚ ਫਾਈਟ ਲੈਂਦਾ ਸੀ ਨਾ, ਇਸੇ ਕਰਕੇ। ਸਭ ਠੀਕ ਹੋ ਜਾਵੇਗਾ।

ਜੱਗੀ ਨੂੰ ਰੌਕੀ ਬਾਰੇ ਪਤਾ ਚੱਲਿਆ ਤਾਂ ਉਹ ਵੀ ਚਿੰਤਾਵਾਨ ਹੋ ਗਿਆ। ਉਸ ਨੇ ਇਸ ਬਾਰੇ ਪ੍ਰੀਤੀ ਨੂੰ ਫੋਨ ਕੀਤਾ ਤਾਂ ਉਹ ਬੋਲੀ,

-ਜੈਗ, ਇਹ ਸਭ ਤੇਰੇ ਕਰਕੇ ਹੀ ਹੋਇਆ। ਤੂੰ ਘਰ ਵਿੱਚ ਏਨਾ ਕਲੇਸ਼ ਪਾਇਆ ਕਿ ਇਸ ਦਾ ਅਸਰ ਰੌਕੀ 'ਤੇ ਹੋ ਗਿਆ।

-ਨਹੀਂ ਮੈਡਮ, ਮੇਰੇ ਕਰਕੇ ਨਹੀਂ, ਤੇਰੇ ਕਰਕੇ ਹੋਇਆ, ਤੂੰ ਹੀ ਆਪਣੇ ਭਰਾ ਨਾਲ ਰੰਗ ਰਲੀਆਂ ਮਨਾਉਂਦੀ ਸੀ ਉਹਦੇ ਸਾਹਮਣੇ, ਤੇਰੀਆਂ ਉਹਨਾਂ ਹਰਕਤਾਂ ਨਾਲ ਮੁੰਡਾ ਕਨਫਿਊਜ਼ ਹੋ ਜਾਂਦਾ ਸੀ ਕਿ ਉਹਦਾ ਅਸਲੀ ਪਿਓ ਕਿਹੜਾ, ਪੱਗ ਵਾਲਾ ਕਿ ਬਿਨਾਂ ਪੱਗ ਤੋਂ।

ਦੋਵਾਂ ਦੀ ਫੋਨ ਉਪਰ ਹੀ ਲੜਾਈ ਹੋ ਗਈ ਪਰ ਜਲਦੀ ਹੀ ਉਹ ਸਮਝ ਗਏ ਕਿ ਉਹ ਹੁਣ ਪਤੀ-ਪਤਨੀ ਨਹੀਂ ਹਨ। ਜੱਗੀ ਹੁਣ ਰੌਕੀ ਨੂੰ ਦੇਖਣ ਦੇ ਬਹਾਨੇ ਜ਼ਿਆਦਾ ਵਾਰ ਪ੍ਰੀਤੀ ਦੇ ਘਰ ਜਾਣ ਲੱਗ ਪਿਆ। ਨਿੱਕ ਨਾਲ ਵੀ ਉਹ ਦੋਸਤਾਨ ਲਹਿਜ਼ੇ ਵਿੱਚ ਹੀ ਗੱਲਾਂ ਕਰਦਾ। ਉਹ ਚੋਰੀ ਚੋਰੀ ਪ੍ਰੀਤੀ ਵੱਲ ਦੇਖ ਰਿਹਾ ਹੁੰਦਾ, ਪ੍ਰੀਤੀ ਸਭ ਸਮਝਦੀ ਸੀ ਪਰ ਉਹ ਚੁੱਪ ਰਹਿੰਦੀ। ਇੱਕ ਦਿਨ ਜੱਗੀ ਨੇ ਰੌਕੀ ਨੂੰ ਕਿਹਾ,

–ਤੂੰ ਕੋਈ ਕੰਮ ਕਿਉਂ ਨਹੀਂ ਕਰਦਾ ?

–ਕੋਈ ਮਿਲਦਾ ਹੀ ਨਹੀਂ।

–ਬਾਹਰ ਨਿਕਲਿਆ ਕਰ, ਦੋਸਤਾਂ ਵਿੱਚ ਬੈਠਿਆ ਕਰ, ਕੋਈ ਗਰਲ ਫਰੈਂਡ ਲੱਭ।

–ਡੈਡ, ਤੂੰ ਆਪਣੇ ਕੰਮ ਨਾਲ ਕੰਮ ਰੱਖ ਤੇ ਆਪਣਾ ਫਿਕਰ ਕਰ।

–ਜੇ ਤੂੰ ਬਾਹਰ ਨਿਕਲੇਂ, ਲੋਕਾਂ ਨੂੰ ਮਿਲੇਂ ਤਾਂ ਠੀਕ ਵੀ ਹੋ ਜਾਵੇਂ।

ਜੱਗੀ ਦੇ ਇੰਨਾ ਕਹਿਣ ਦੀ ਦੇਰ ਸੀ ਕਿ ਰੌਕੀ ਨੇ ਉਠ ਕੇ ਉਸ ਨੂੰ ਗਲ਼ੋਂ ਫੜ ਲਿਆ ਤੇ ਬੋਲਿਆ,

–ਇਟ'ਜ਼ ਔਲ ਡਿਊ ਟੂ ਯੂ !

ਨਿੱਕ ਨੇ ਬੜੀ ਮੁਸ਼ਕਲ ਨਾਲ ਜੱਗੀ ਦਾ ਗਲ਼ ਛੁਡਵਾਇਆ। ਜੱਗੀ ਕੱਪੜੇ ਠੀਕ ਕਰਦਾ ਤੁਰ ਪਿਆ। ਤੁਰਨ ਲੱਗਾ ਉਹ ਪ੍ਰੀਤੀ ਨੂੰ ਬੋਲਿਆ,

–ਇਹ ਸਭ ਤੇਰੀ ਸਿੱਖਿਆ, ਤੂੰ ਹੀ ਏਹਨੂੰ ਮੇਰੇ ਖਿਲਾਫ ਭੜਕਾਇਆ।

ਆਖਦਾ ਜੱਗੀ ਉੱਥੋਂ ਆ ਗਿਆ ਪਰ ਇਸ ਹਾਦਸੇ ਨੂੰ ਉਹ ਉੱਥੇ ਹੀ ਛੱਡ ਆਇਆ। ਇਸ ਵਿੱਚ ਉਹ ਰੌਕੀ ਦਾ ਕੋਈ ਕਸੂਰ ਨਹੀਂ ਸੀ ਸਮਝਦਾ।

ਇੱਕ ਦਿਨ ਰੌਕੀ ਉਸ ਨੂੰ ਮਿਲਣ ਫਲੈਟ ਵਿੱਚ ਆ ਗਿਆ। ਅਸਲ ਵਿੱਚ ਰੌਕੀ ਨੂੰ ਕੁਝ ਪੈਸੇ ਚਾਹੀਦੇ ਸਨ ਮੁਬਾਈਲ ਲੈਣ ਲਈ। ਜੱਗੀ ਆਪਣੇ ਪੈਸੇ ਬਹੁਤ ਧਿਆਨ ਨਾਲ ਖਰਚਦਾ ਤੇ ਹਰ ਵੇਲੇ ਕੁਝ ਨਾ ਕੁਝ ਹੱਥ ਵਿੱਚ ਰੱਖਦਾ। ਜੱਗੀ ਨੇ ਉਸ ਨੂੰ ਕਿਹਾ,

–ਕਿਉਂ ਨਾ ਤੇਰਾ ਵਿਆਹ ਕਰ ਦੇਈਏ।

–ਵਿਆਹ ? ਨਾ ਮੇਰੇ ਕੋਲ ਜੌਬ ਐ ਤੇ ਨਾ ਹੀ ਘਰ।

–ਜੌਬ ਤਾਂ ਲੱਭਿਆਂ ਹੀ ਲੱਭਣੀ ਆਂ। ਹਾਂ ਘਰ, ਮੰਮੀ ਵਾਲਾ ਘਰ ਤੇਰਾ ਹੀ ਤਾਂ ਐ।

–ਪਰ ਉਹ ਨਿੱਕ ਅੰਕਲ ਦਾ ਵੀ ਤਾਂ ਹੈ।

–ਨਿੱਕ ਨੇ ਪ੍ਰੋਮਿਜ਼ ਕੀਤਾ ਹੋਇਆ ਕਿ ਉਹ ਘਰ ਤੈਨੂੰ ਹੀ ਦੇਵੇਗਾ।

ਜੱਗੀ ਨੂੰ ਹਾਲੇ ਵੀ ਯਾਦ ਸੀ ਕਿ ਘਰ ਦੇ ਪੇਪਰਾਂ 'ਤੇ ਦਸਤਖਤ ਕਰਨ ਤੋਂ ਪਹਿਲਾਂ ਨਿੱਕ ਨੇ ਉਸ ਨੂੰ ਕਿਹਾ ਸੀ ਕਿ ਆਪਣਾ ਹਿੱਸਾ ਉਹ ਰੌਕੀ ਨੂੰ ਹੀ ਦੇਵੇਗਾ ਕਿਉਂਕਿ ਉਸ ਦੇ ਬੱਚਿਆਂ ਕੋਲ ਤਾਂ ਆਪਣਾ ਘਰ ਹੈ ਹੀ ਸੀ। ਰੌਕੀ ਦੇ ਵਿਆਹ ਵਾਲੀ ਸਲਾਹ ਜੱਗੀ ਨੂੰ ਚਰਨਜੀਤ ਨੇ ਦਿੱਤੀ ਸੀ ਕਿ ਸ਼ਾਇਦ ਉਹ ਵਿਆਹ ਕਰਾ ਕੇ ਠੀਕ ਹੋ ਜਾਵੇ। ਕਈ ਵਾਰ ਵਿਆਹ ਤੋਂ ਬਾਅਦ ਉਸ ਦੇ ਮਨ ਦੀ ਗੁੰਝਲ ਸੁਲਝ ਜਾਂਦੀ ਹੈ। ਇਸ ਬਾਰੇ ਉਸ ਨੇ ਪ੍ਰੀਤੀ ਨਾਲ ਗੱਲ ਵੀ ਕੀਤੀ। ਪ੍ਰੀਤੀ ਬੋਲੀ,

–ਕਿਹੜੀ ਕੁੜੀ ਕਰਾਏਗੀ ਇਹਦੇ ਨਾਲ ਵਿਆਹ ? ਅੱਜ ਕੱਲ੍ਹ ਦੀਆਂ ਕੁੜੀਆਂ ਪਹਿਲਾਂ ਮੁੰਡੇ ਨੂੰ ਚੰਗੀ ਤਰ੍ਹਾਂ ਪਰਖਦੀਆਂ।

–ਇੰਡੀਆ ਬਹੁਤ ਮਿਲ ਜਾਣੀਆਂ। ਮੈਂ ਆਪਣੇ ਡੈਡ ਨਾਲ ਗੱਲ ਕੀਤੀ ਸੀ, ਉਹ ਕਹਿੰਦਾ ਕਿ ਰੌਕੀ ਨੂੰ ਲੈ ਕੇ ਆ ਜਾ, ਰਿਸ਼ਤਿਆਂ ਦਾ ਘਾਟਾ ਨਹੀਂ।

ਆਉਂਦੇ ਸਿਆਲ ਜੱਗੀ ਰੌਕੀ ਨੂੰ ਲੈ ਕੇ ਇੰਡੀਆ ਲਈ ਚੜ੍ਹ ਗਿਆ।



# ਸਤਾਈ

ਰੌਕੀ ਨੂੰ ਲੈ ਕੇ ਜੱਗੀ ਇੰਡੀਆ ਪੁੱਜ ਗਿਆ। ਸੋਹਣ ਸਿੰਘ ਨੇ ਪਹਿਲਾਂ ਹੀ ਕੁਝ ਰਿਸ਼ਤਿਆਂ ਦਾ ਇੰਤਜ਼ਾਮ ਕੀਤਾ ਹੋਇਆ ਸੀ। ਉਸ ਦੀ ਵਾਕਫੀ ਵਿੱਚ ਕਈ ਕੁੜੀਆਂ ਸਨ। ਉਸ ਨੂੰ ਯਕੀਨ ਸੀ ਕਿ ਇਹਨਾਂ ਵਿੱਚੋਂ ਕੋਈ ਕੁੜੀ ਰੌਕੀ ਨੂੰ ਪਸੰਦ ਆ ਹੀ ਜਾਣੀ ਸੀ। ਇੰਡੀਆ ਆ ਕੇ ਰੌਕੀ ਬਹੁਤ ਖੁਸ਼ ਸੀ। ਪਹਿਲਾਂ ਵੀ ਕਈ ਵਾਰ ਆ ਚੁੱਕਾ ਸੀ। ਇੱਥੇ ਦੀ ਪਰਾਹੁਣਚਾਰੀ ਉਸ ਨੂੰ ਬਹੁਤ ਚੰਗੀ ਲੱਗਦੀ। ਸਾਰਾ ਟੱਬਰ ਹੀ ਉਸ 'ਤੇ ਜਾਨ ਨਿਛਾਵਰ ਕਰਦਾ। ਰੌਕੀ ਨੂੰ ਇਹ ਗੱਲ ਵੀ ਬਹੁਤ ਚੰਗੀ ਲੱਗਦੀ ਕਿ ਘਰ ਵਿੱਚ ਇੰਗਲੈਂਡ ਨਾਲੋਂ ਵੀ ਵੱਧ ਸਹੂਲਤਾਂ ਸਨ। ਇੰਗਲੈਂਡ ਵਾਲੇ ਹੀ ਸਾਰੇ ਫਾਸਟ ਫੂਡ ਇੱਥੇ ਵੀ ਮਿਲਣ ਲੱਗੇ ਸਨ। ਕੱਪੜੇ ਤੇ ਜੁੱਤੀਆਂ ਦੇ ਇੰਗਲੈਂਡ ਵਾਲੇ ਸਾਰੇ ਬ੍ਰਾਂਡ ਮਿਲਦੇ ਸਨ। ਉਹ ਕਿਸੇ ਵੀ ਚੀਜ਼ 'ਤੇ ਹੱਥ ਰੱਖਦਾ ਤਾਂ ਸੋਹਣ ਸਿੰਘ ਉਸ ਨੂੰ ਲੈ ਦਿੰਦਾ। ਇੱਕ ਡਰਾਈਵਰ ਹਰ ਵੇਲੇ ਕਾਰ ਲੈ ਕੇ ਉਸ ਲਈ ਤਿਆਰ ਖੜ੍ਹਾ ਹੁੰਦਾ। ਉਸ ਦੀ ਆਪਣੀ ਭੂਆ ਦੇ ਮੁੰਡੇ ਸੁੱਖ ਨਾਲ ਵਾਹਵਾ ਬਣਦੀ ਸੀ। ਸੁੱਖ ਹਰ ਵੇਲੇ ਉਸ ਦੇ ਨਾਲ ਹੀ ਰਹਿੰਦਾ ਸੀ। ਕੁੜੀਆਂ ਪਸੰਦ ਕਰਨ ਵਿੱਚ ਵੀ ਸੁੱਖ ਉਸ ਦੀ ਮੱਦਦ ਕਰ ਰਿਹਾ ਸੀ। ਹਰ ਕੁੜੀ ਰੌਕੀ ਨੂੰ ਪਸੰਦ ਕਰਦੀ ਜਾ ਰਹੀ ਸੀ। ਕੁੜੀਆਂ ਰੌਕੀ ਨੂੰ ਘੱਟ ਤੇ ਇੰਗਲੈਂਡ ਨੂੰ ਬਹੁਤ ਪਸੰਦ ਕਰਦੀਆਂ ਸਨ। ਇਵੇਂ ਰੌਕੀ ਨੇ ਕਈ ਕੁੜੀਆਂ ਦੇਖੀਆਂ ਤੇ ਆਖਰ ਸੁਰਜੀਤ ਸਿੰਘ ਦੀ ਧੀ ਨਿੰਮੀ ਪਸੰਦ ਆ ਗਈ।

ਇੰਡੀਆ ਆ ਕੇ ਜੱਗੀ ਰੌਕੀ ਦਾ ਖਾਸ ਧਿਆਨ ਰੱਖਦਾ ਸੀ ਕਿ ਕੋਈ ਅਜਿਹੀ ਹਰਕਤ ਨਾ ਕਰੇ ਜਿਸ ਨਾਲ ਕਿਸੇ ਨੂੰ ਉਸ ਦੀ ਸਿਹਤ ਬਾਰੇ ਪਤਾ ਚੱਲੇ ਕਿਉਂਕਿ ਟੀਕਾ ਹੁਣ ਰੌਕੀ ਦੇ ਵੀ ਲੱਗਣ ਲੱਗ ਪਿਆ ਸੀ। ਭਾਵੇਂ ਇਹ ਟੀਕਾ ਛੇ ਮਹੀਨਿਆਂ ਬਾਅਦ ਲੱਗਦਾ ਪਰ ਇਸ ਦੀ ਜ਼ਰੂਰਤ ਪੈਂਦੀ ਸੀ। ਜੱਗੀ ਤੋਂ ਉਲਟ ਉਹ ਗੁੱਸੇ ਵਿੱਚ ਆ ਜਾਂਦਾ ਤੇ ਚੀਜ਼ਾਂ ਦੀ ਭੰਨ-ਤੋੜ ਵੀ ਕਰਨ ਲੱਗਦਾ। ਨਿੱਕ ਤੋਂ ਉਹ ਕੁਝ ਡਰਦਾ ਸੀ ਪਰ ਗੁੱਸੇ ਵਿੱਚ ਆਇਆ ਜੱਗੀ ਨਾਲ ਫਸ ਪੈਂਦਾ ਸੀ। ਇੱਥੇ ਆ ਕੇ ਜੱਗੀ ਕਈ ਵਾਰ ਇੱਕ ਪਿਓ ਵਾਂਗ ਰੌਕੀ ਉਪਰ ਰੋਅਬ ਵੀ ਪਾਉਣ ਲੱਗਦਾ। ਵਿਆਹ ਤੋਂ ਦੋ ਦਿਨ ਪਹਿਲਾਂ ਜੱਗੀ ਤੇ ਸੋਹਣ ਸਿੰਘ ਬੈਠੇ ਗੱਲਾਂ ਕਰ ਰਹੇ ਸਨ। ਰੌਕੀ ਵੀ ਉਹਨਾਂ ਕੋਲ ਬੈਠਾ ਸੀ। ਅਤੀਤ ਵਿੱਚ ਗੁਆਚਦਾ ਸੋਹਣ ਸਿੰਘ ਬੋਲਿਆ,

–ਕਿੰਨਾ ਚੰਗਾ ਹੁੰਦਾ ਕਿ ਤੁਹਾਡੀ ਆਹ ਗੜਬੜ ਨਾ ਹੋਈ ਹੁੰਦੀ ਤੇ ਪ੍ਰੀਤੀ ਵੀ ਅੱਜ ਇੱਥੇ ਹੁੰਦੀ।

–ਉਹ ਇੱਥੇ ਹੁੰਦੀ ਤਾਂ ਭੈਣ-ਭਰਾ ਦੇ ਰਿਸ਼ਤੇ ਨੂੰ ਕੌਣ ਬਦਨਾਮ ਕਰਦਾ ? ਪ੍ਰੀਤੀ ਹੈਗੀ ਆ ਭੋਲ਼ੀ ਉਹ ਨਿੱਕ ਹਰਾਮੀ ਆਂ। ਇਹ ਰੌਕੀ ਵੀ ਕੁਝ ਨਹੀਂ ਕਰਦਾ, ਮੇਰਾ ਗਲ਼ ਝੱਟ ਫੜ ਲੈਂਦਾ, ਇਹਨੂੰ ਕਈ ਵਾਰ ਕਿਹਾ ਕਿ ਆਪਣਾ ਝੱਲ ਉਹਦੇ 'ਤੇ ਕੱਢਿਆ ਕਰ।

ਰੌਕੀ ਗੱਲ ਨੂੰ ਇਕਦਮ ਨਾ ਸਮਝਿਆ। ਜੱਗੀ ਨੇ ਆਪਣੀ ਗੱਲ ਨੂੰ ਦੁਬਾਰਾ ਕਿਹਾ ਤਾਂ ਉਹ ਸਮਝ ਗਿਆ ਤੇ ਬੋਲਿਆ,

–ਡੈਡ, ਸਾਰਾ ਕਸੂਰ ਤੇਰਾ, ਤੂੰ ਮੈਨੂੰ ਬਿਮਾਰ ਕੀਤਾ, ਤੂੰ ਠੀਕ ਰਹਿੰਦਾ ਤਾਂ ਮੈਂ ਵੀ ਠੀਕ ਹੁੰਦਾ।

–ਮੇਰਾ ਨਹੀਂ, ਤੇਰੀ ਮਾਂ ਦਾ ਕਸੂਰ ਆ ਸਾਰਾ, ਉਹਨੇ ਹੀ ਨਿੱਕ ਨਾਲ ਰਲ਼ ਕੇ ਮੈਨੂੰ ਏਸ ਹਾਲਤ ਵਿੱਚ ਪੁੱਜਦਾ ਕੀਤਾ।

ਗੱਲ ਕਰਦਾ ਜੱਗੀ ਗੁੱਸੇ ਵਿੱਚ ਆ ਗਿਆ। ਉਹਨਾਂ ਵਿਚਕਾਰ ਬਹਿਸ ਹੋਣ ਲੱਗੀ। ਅਚਾਨਕ ਰੌਕੀ ਨੇ ਉੱਠ ਕੇ ਜੱਗੀ ਦਾ ਗਲ ਫੜ ਲਿਆ ਤੇ ਹੇਠਾਂ ਸੁੱਟ ਕੇ ਮੁੱਕੇ ਮਾਰਨ ਲੱਗਾ। ਰੌਲ਼ਾ ਸੁਣ ਕੇ ਘਰ ਦੇ ਸਾਰੇ ਲੋਕ ਇੱਕੱਠੇ ਹੋ ਗਏ ਤੇ ਬੜੀ ਮੁਸ਼ਕਲ ਨਾਲ ਜੱਗੀ ਨੂੰ ਰੌਕੀ ਹੱਥੋਂ ਛੁਡਵਾਇਆ। ਰੌਕੀ ਬੇਕਾਬੂ ਹੋਇਆ ਪਿਆ ਸੀ। ਉਸ ਦੇ ਮੂੰਹ ਵਿੱਚੋਂ ਝੱਗ ਜਾ ਰਹੀ ਸੀ ਤੇ ਸਾਹ ਵੀ ਹੋਰ ਤਰ੍ਹਾਂ ਲੈ ਰਿਹਾ ਸੀ। ਸਭ ਨੂੰ ਰੌਕੀ ਦੀ ਫਿਕਰ ਪੈ ਗਈ। ਡਾਕਟਰ ਬੁਲਾਇਆ ਗਿਆ। ਉਹ ਸੌਣ ਦਾ ਟੀਕਾ ਲਾ ਗਿਆ। ਅਗਲੇ ਦਿਨ ਰੌਕੀ ਠੀਕ ਸੀ।

ਰੌਕੀ ਤਾਂ ਟੀਕੇ ਨਾਲ ਸੌਂ ਗਿਆ ਸੀ, ਜੱਗੀ ਨੂੰ ਵੀ ਸ਼ਰਾਬ ਪੀ ਕੇ ਨੀਂਦ ਆ ਗਈ ਪਰ ਸੋਹਣ ਸਿੰਘ ਦੀਆਂ ਨੀਂਦਾਂ ਖਰਾਬ ਹੋ ਗਈਆਂ। ਇਸੇ ਬਿਮਾਰੀ ਕਰਕੇ ਤਾਂ ਉਹਨੇ ਜੱਗੀ ਦਾ ਦੁਬਾਰਾ ਵਿਆਹ ਨਹੀਂ ਸੀ ਕੀਤਾ। ਕੇਵਲ ਕੌਰ ਪਤੀ ਦਾ ਫਿਕਰ ਸਮਝਦੀ ਸੀ। ਉਸ ਨੇ ਸੋਹਣ ਸਿੰਘ ਦੇ ਮੋਢ੍ਹੇ 'ਤੇ ਹੱਥ ਰੱਖਿਆ ਤੇ ਕਿਹਾ,

–ਜੱਗੀ ਦੇ ਡੈਡੀ, ਫਿਕਰ ਨਾ ਕਰੋ, ਵਾਹਿਗੁਰੂ ਸਭ ਭਲੀ ਕਰੇਗਾ। ਤੁਸੀਂ ਦੇਖਣਾ, ਵਿਆਹ ਤੋਂ ਬਾਅਦ ਰੌਕੀ ਨੇ ਬਿਲਕੁਲ ਠੀਕ ਹੋ ਜਾਣਾਂ।

–ਕੇਵਲ ਕੌਰੇ, ਮੈਨੂੰ ਤਾਂ ਇਹ ਫਿਕਰ ਐ ਕਿ ਸੁਰਜੀਤ ਸਿੰਘ ਨਾਲ ਸਾਡੇ ਬਹੁਤ ਪੁਰਾਣੇ ਸੰਬੰਧ ਐ ਤੇ ਫਿਰ ਭਾਈਚਾਰੇ ਮੁਹਰੇ ਵੀ ਤਾਂ ਆਪਾਂ ਜਵਾਬਦੇਹ ਆਂ।

–ਹੁਣ ਪੈਰ 'ਤੇ ਆ ਕੇ ਆਪਾਂ ਕੀ ਕਰ ਸਕਦੇ ਆਂ। ਹੁਣ ਤਾਂ ਸਾਰੀ ਟੇਕ ਵਾਹਿਗੁਰੂ 'ਤੇ ਹੀ ਐ, ਚਿੰਤਾ ਨਾ ਕਰੋ, ਅਸੀਂ ਕਿਹੜਾ ਕਿਸੇ ਦਾ ਮਾੜਾ ਕਰ ਰਹੇ ਆਂ।

ਫਿਕਰ ਵਿੱਚ ਤਾਂ ਕੇਵਲ ਕੌਰ ਵੀ ਸੀ ਪਰ ਉਹ ਦਿਲ ਨੂੰ ਠੁੰਮਣਾ ਜਿਹਾ ਦੇ ਰਹੀ ਸੀ। ਹੁਣ ਵਿਆਹ ਵੀ ਸਿਰ 'ਤੇ ਸੀ, ਟਾਲਿਆ ਵੀ ਨਹੀਂ ਸੀ ਜਾ ਸਕਦਾ।

ਰੌਕੀ ਦਾ ਵਿਆਹ ਠੀਕ-ਠਾਕ ਹੋ ਗਿਆ। ਕੁੜੀ ਵਾਲਿਆਂ ਨੇ ਬਰਾਤ ਦੀ ਵਾਹਵਾ ਸੇਵਾ ਕੀਤੀ। ਲੈਣ-ਦੇਣ ਸੋਹਣ ਸਿੰਘ ਨੇ ਕੋਈ ਨਹੀਂ ਸੀ ਕੀਤਾ। ਸਾਰੇ ਖੁਸ਼ ਸਨ। ਨਿੰਮੀ ਵੀ ਵਿਆਹ ਦੇ ਜੋੜੇ ਵਿੱਚ ਬਹੁਤ ਸਜ ਰਹੀ ਸੀ। ਰੌਕੀ ਖੁਸ਼-ਖੁਸ਼ ਫਿਰ ਰਿਹਾ ਸੀ। ਵਿਆਹ ਤੋਂ ਬਾਅਦ ਦੂਜੇ ਦਿਨ ਜਦ ਸੋਹਣ ਸਿੰਘ ਦਾ ਪਰਿਵਾਰ ਕੁੜੀ ਵਾਲਿਆਂ ਦੇ ਘਰ ਗਿਆ ਤਾਂ ਸੁਰਜੀਤ ਸਿੰਘ ਬੋਲਿਆ,

–ਭਾਈ ਸਾਬ, ਮੈਂ ਸੋਚਦਾਂ ਕਿ ਕੁੜੀ-ਮੁੰਡੇ ਨੂੰ ਹਨੀਮੂਨ ਲਈ ਗੋਆ ਭੇਜ ਦੇਈਏ। ਜੇ ਕਹੋਂ ਤਾਂ ਮੈਂ ਅੱਜ ਹੀ ਹੋਟਲ ਬੁੱਕ ਕਰਾ ਦਿੰਨਾ।

ਸੋਹਣ ਸਿੰਘ ਤੋਂ ਪਹਿਲਾਂ ਜੱਗੀ ਬੋਲਿਆ,

–ਨਹੀਂ ਜੀ, ਰੌਕੀ ਨੂੰ ਇੱਥੇ ਦੇ ਸਿਸਟਮ ਦਾ ਨਹੀਂ ਪਤਾ। ਤੁਸੀਂ ਫਿਕਰ ਨਾ ਕਰੋ, ਅਸੀਂ ਉੱਥੇ ਇਹਨਾਂ ਨੂੰ ਛੁੱਟੀਆਂ ਲਈ ਸਕੌਟਲੈਂਡ ਭੇਜ ਦੇਵਾਂਗੇ। ਤੁਸੀਂ ਬਸ ਪਾਸਪੋਰਟ ਜਲਦੀ ਬਣਾ ਲਓ ਤਾਂ ਕਿ ਨਿੰਮੀ ਜਲਦੀ ਚਲੇ ਜਾਵੇ।



ਅਸਲ ਵਿੱਚ ਜੱਗੀ ਮਨ ਵਿੱਚ ਕੁਝ ਹੋਰ ਭਰਮ ਵੀ ਪਾਲ਼ੀ ਬੈਠਾ ਸੀ ਕਿ ਕੀ ਰੌਕੀ ਵਿਆਹੁਤਾ ਜੀਵਨ ਨਿਭਾਉਣ ਦੇ ਕਾਬਲ ਵੀ ਹੈ। ਰੌਕੀ ਨੇ ਪਹਿਲੀ ਰਾਤ ਨਿੰਮੀ ਨਾਲ ਗੁਜ਼ਾਰੀ ਤਾਂ ਅਗਲੀ ਸਵੇਰ ਜੱਗੀ ਨੇ ਸਿੱਧਾ ਹੀ ਅੰਗਰੇਜ਼ੀ ਵਿੱਚ ਪੁੱਛਿਆ,

–ਸੈਕਸ ਵੀ ਕੀਤਾ ਸੀ ਕਿ ਨਹੀਂ ?

ਰੌਕੀ ਸ਼ਰਮਾ ਗਿਆ ਤੇ ਨਾਂਹ ਵਿੱਚ ਸਿਰ ਮਾਰਦਿਆਂ ਨੀਵੀਂ ਪਾ ਲਈ। ਜੱਗੀ ਨੂੰ ਡਰ ਪੈ ਗਿਆ। ਉਹ ਉਸੇ ਵੇਲੇ ਕੈਮਿਸਟ ਦੀ ਦੁਕਾਨ 'ਤੇ ਗਿਆ ਤੇ ਵਿਆਗਰਾ ਦੀਆਂ ਗੋਲੀਆਂ ਲੈ ਆਇਆ। ਰੌਕੀ ਨੂੰ ਦਿੰਦਾ ਬੋਲਿਆ,

–ਆਹ ਰੱਖ ਆਪਣੇ ਕੋਲ। ਇੱਕ ਗੋਲੀ ਲੈ ਲਵੀਂ ਬੈੱਡ ਵਿੱਚ ਜਾਣ ਤੋਂ ਵੀਹ ਮਿੰਟ ਪਹਿਲਾਂ। ਇੱਕ ਗੋਲੀ ਬਹੁਤ ਐ। ਲੁਕੋ ਕੇ ਰੱਖੀਂ, ਨਿੰਮੀ ਨਾ ਦੇਖ ਲਵੇ। ਰਾਤ ਨੂੰ ਲੈ ਲਿਆ ਕਰੀਂ।

ਰੌਕੀ ਨੇ ਗੋਲੀਆਂ ਵਾਲਾ ਪੱਤਾ ਜੇਬ੍ਹ ਵਿੱਚ ਪਾ ਲਿਆ। ਅਗਲੀ ਸਵੇਰ ਰੌਕੀ ਖੁਸ਼ ਸੀ।

ਜੱਗੀ ਤੇ ਰੌਕੀ ਦਸ ਕੁ ਦਿਨ ਹੋਰ ਇੰਡੀਆ ਰਹੇ ਤੇ ਵਾਪਸ ਇੰਗਲੈਂਡ ਆ ਗਏ। ਜੱਗੀ ਪ੍ਰੀਤੀ ਨੂੰ ਇੱਕ ਜੇਤੂ ਵਾਂਗ ਮਿਲਿਆ। ਪ੍ਰੀਤੀ ਵੀ ਖੁਸ਼ ਸੀ। ਉਸ ਦਾ ਦਿਲ ਤਾਂ ਬਹੁਤ ਕਰਦਾ ਸੀ ਕਿ ਵਿਆਹ ਵਿੱਚ ਸ਼ਾਮਲ ਹੁੰਦੀ ਪਰ ਉਹ ਸ਼ਰਮ ਦੀ ਮਾਰੀ ਹੀ ਨਹੀਂ ਸੀ ਗਈ।

ਕੁਝ ਮਹੀਨਿਆਂ ਵਿੱਚ ਨਿੰਮੀ ਇੰਗਲੈਂਡ ਆ ਗਈ। ਨਿੰਮੀ ਦੇ ਆਉਣ 'ਤੇ ਸਾਰੇ ਖੁਸ਼ ਸਨ। ਪ੍ਰੀਤੀ ਨੂੰ ਖ਼ੂਬਸੂਰਤ ਨੂੰਹ ਮਿਲ ਗਈ ਸੀ। ਨਿੱਕ ਵੀ ਨਿੰਮੀ ਨੂੰ ਘਰ ਵਿੱਚ ਤੁਰੀ ਫਿਰਦੀ ਦੇਖ ਖੁਸ਼ ਹੁੰਦਾ। ਰੌਕੀ ਤਾਂ ਖੁਸ਼ ਹੈ ਹੀ ਸੀ। ਉਸ ਦੀ ਕਿਸੇ ਕੁੜੀ ਨਾਲ ਕਦੇ ਵੀ ਦੋਸਤੀ ਨਹੀਂ ਸੀ ਪਈ।

ਪਹਿਲੇ ਕੁਝ ਦਿਨ ਤਾਂ ਨਿੰਮੀ ਦੇ ਬਹੁਤ ਵਧੀਆ ਨਿਕਲੇ। ਇਹ ਗੱਲ ਸਮਝਣ ਨੂੰ ਜ਼ਰੂਰ ਕੁਝ ਦੇਰ ਲੱਗੀ ਕਿ ਰੌਕੀ ਦਾ ਪਿਓ ਕੋਈ ਹੋਰ ਤੇ ਘਰ ਵਿੱਚ ਕੋਈ ਹੋਰ ਬੰਦਾ ਰਹਿੰਦਾ ਹੈ। ਫਿਰ ਉਸ ਨੂੰ ਲੱਗਣ ਲੱਗਿਆ ਕਿ ਕਿਧਰੇ ਕੁਝ ਹੋਰ ਵੀ ਗਲਤ ਹੈ। ਇੱਕ ਦਿਨ ਜੱਗੀ ਮਿਲਣ ਆਇਆ ਤਾਂ ਕਿਸੇ ਗੱਲੋਂ ਰੌਕੀ ਉਸ ਨਾਲ ਲੜ ਪਿਆ ਤੇ ਫਿਰ ਗੁੱਸੇ ਵਿੱਚ ਆਇਆ ਘਰ ਦਾ ਸਾਮਾਨ ਭੰਨਣ ਲੱਗਿਆ। ਇੱਕ ਦਿਨ ਹਾਈਪਰ ਹੋ ਕੇ ਰੌਕੀ ਨੇ ਨਿੰਮੀ ਨੂੰ ਵੀ ਕੁੱਟ ਧਰਿਆ। ਜਦ ਰੌਕੀ ਦੇ ਟੀਕਾ ਲੱਗਿਆ ਤਾਂ ਨਿੰਮੀ ਧਾਹਾਂ ਮਾਰ ਕੇ ਰੋਣ ਲੱਗੀ। ਉਸ ਦੇ ਮਾਂਪਿਓ ਦਾ ਫੋਨ ਆਉਂਦਾ ਹੀ ਰਹਿੰਦਾ ਸੀ, ਪਹਿਲਾਂ ਤਾਂ ਕੁਝ ਦੇਰ ਉਹ ਗੱਲ ਨੂੰ ਛੁਪਾਉਂਦੀ ਰਹੀ ਪਰ ਫਿਰ ਸਭ ਦੱਸਣਾ ਹੀ ਪਿਆ। ਸੁਰਜੀਤ ਸਿੰਘ ਤੇ ਉਸ ਦੀ ਪਤਨੀ ਸਿਰ ਫੜ ਕੇ ਬਹਿ ਗਏ। ਸੁਰਜੀਤ ਸਿੰਘ ਨੇ ਭਾਈਚਾਰਾ ਇਕੱਠਾ ਕਰ ਲਿਆ। ਸੋਹਣ ਸਿੰਘ ਨੂੰ ਸਭ ਦੇ ਸਾਹਮਣੇ ਮੁਆਫੀ ਮੰਗਣੀ ਪਈ ਤੇ ਵਿਆਹ ਦਾ ਹੋਇਆ ਸਾਰਾ ਖਰਚਾ ਵੀ ਦੇਣਾ ਪਿਆ। ਸੁਰਜੀਤ ਸਿੰਘ ਨੇ ਆਪਣੇ ਕਿਸੇ ਖਾਸ ਰਿਸ਼ਤੇਦਾਰ ਨੂੰ ਫੋਨ ਕੀਤਾ ਤੇ ਉਹ ਆ ਕੇ ਨਿੰਮੀ ਨੂੰ ਲੈ ਗਿਆ।

ਨਿੰਮੀ ਦੇ ਜਾਣ 'ਤੇ ਰੌਕੀ ਉਦਾਸ ਤਾਂ ਸੀ ਪਰ ਇੱਕ ਕਿਸਮ ਨਾਲ ਉਸ ਨੂੰ ਤਸੱਲੀ ਜਿਹੀ ਵੀ ਸੀ। ਵਿਆਹ ਹੁਣ ਉਸ ਨੂੰ ਬੋਝ ਜਿਹਾ ਲੱਗਣ ਲੱਗ ਪਿਆ ਪਿਆ ਸੀ।

ਪ੍ਰੀਤੀ ਭਾਵੇਂ ਆਪਣੇ ਪੁੱਤਰ ਦੀ ਹਾਲਤ ਸਮਝਦੀ ਸੀ ਪਰ ਉਸ ਦੀ ਕੋਸ਼ਿਸ਼ ਸੀ ਕਿ ਕਿਸੇ ਤਰ੍ਹਾਂ ਨਿੰਮੀ ਟਿਕੀ ਰਹੇ। ਨਿੰਮੀ ਦੇ ਜਾਣ ਦਾ ਸਭ ਤੋਂ ਵੱਧ ਦੁੱਖ ਜੱਗੀ ਨੂੰ ਸੀ। ਉਸ ਨੂੰ ਸੋਹਣ ਸਿੰਘ ਦੀ ਹੋਈ ਬੇਇੱਜ਼ਤੀ ਦਾ ਪਤਾ ਚੱਲਿਆ ਤਾਂ ਉਸ ਦਾ ਮਨ ਹੋਰ ਵੀ ਦੁਖੀ ਹੋ ਗਿਆ। ਇਸ ਦਾ ਕੁਝ ਕੁਝ ਅਸਰ ਜੱਗੀ ਦੀ ਸਿਹਤ ਉਪਰ ਵੀ ਪੈਣ ਲੱਗਾ। ਜਿੰਨਾ ਚਿਰ ਜੱਗੀ ਰੌਕੀ ਦੇ ਵਿਆਹ ਵਿੱਚ ਰੁਝਿਆ ਰਿਹਾ ਤਾਂ ਆਵਾਜ਼ਾਂ ਮੱਧਮ ਸੁਣਦੀਆਂ ਸਨ। ਉਹ ਬਹੁਤਾ ਤੰਗ ਨਹੀਂ ਸੀ ਹੁੰਦਾ। ਫਿਰ ਅਚਾਨਕ ਆਵਾਜ਼ਾਂ ਦਾ ਸ਼ੋਰ ਵੱਧ ਗਿਆ। ਕਈ ਦਿਨ ਉਹ ਬਹੁਤ ਔਖਾ ਰਿਹਾ। ਰਾਤ ਨੂੰ ਨੀਂਦ ਵੀ ਨਾ ਆਉਂਦੀ। ਸ਼ਰਾਬ ਦਾ ਬਹੁਤਾ ਅਸਰ ਨਾ ਹੁੰਦਾ। ਆਵਾਜ਼ਾਂ ਪਹਿਲਾਂ ਵਾਂਗ ਹੀ ਉਸ ਤੋਂ ਪੈਸੇ ਮੰਗਦੀਆਂ। ਇੱਕ ਦਿਨ ਸਵੇਰੇ ਹੀ ਆਵਾਜ਼ਾਂ ਸ਼ੁਰੂ ਹੋ ਗਈਆਂ ਤੇ ਪੂਰਾ ਦਿਨ ਪੈਸੇ ਮੰਗਦੀਆਂ ਰਹੀਆਂ। ਕੋਈ ਕਹਿ ਰਿਹਾ ਸੀ,

–ਜੈਗ, ਸਾਨੂੰ ਪੈਸੇ ਚਾਹੀਦੇ ਨੇ, ਪੰਜ ਹਜ਼ਾਰ ਪੌਂਡ, ਨਹੀਂ ਤਾਂ ਤੇਰੇ 'ਤੇ ਮੁਕੱਦਮਾ ਬਣਾ ਕੇ ਅੰਦਰ ਕਰ ਦੇਵਾਂਗੇ।

–ਮੈਂ ਕਿਹੜਾ ਜੁਰਮ ਕੀਤਾ ? ਮੈਨੂੰ ਤੁਸੀਂ ਕਿਵੇਂ ਅੰਦਰ ਕਰ ਸਕਦੇ ਓ ?

–ਤੂੰ ਆਪਣਾ ਮੁੰਡਾ ਧੋਖੇ ਨਾਲ ਵਿਆਹਿਆ।

–ਕੋਈ ਧੋਖਾ ਨਹੀਂ ਕੀਤਾ। ਇਹ ਕੋਈ ਜੁਰਮ ਨਹੀਂ ਬਣਦਾ।

–ਅਸੀਂ ਪੁਲੀਸ ਹਾਂ, ਕੋਈ ਵੀ ਜੁਰਮ ਲਾ ਕੇ ਅੰਦਰ ਕਰ ਸਕਦੇ ਹਾਂ।

–ਕਿਹੜੇ ਪੁਲੀਸ ਸਟੇਸ਼ਨ ਵਿੱਚ ਹੋ।

–ਤੇਰੇ ਲੋਕਲ ਪੁਲੀਸ ਸਟੇਸ਼ਨ, ਚਿਜ਼ਕ ਵਿੱਚੋਂ। ਜਲਦੀ ਤੋਂ ਜਲਦੀ ਪੰਜ ਹਜ਼ਾਰ ਪੌਂਡ ਦੇ ਸਾਨੂੰ।

ਇਹ ਸਿਲਸਿਲਾ ਪੂਰਾ ਦਿਨ ਚਲਦਾ ਰਿਹਾ। ਅਗਲੇ ਦਿਨ ਵੀ। ਹੁਣ ਪੁਲੀਸ ਵੱਲੋਂ ਉਸ ਨੂੰ ਧਮਕੀਆਂ ਮਿਲਣ ਲੱਗੀਆਂ। ਇੱਕ ਦਿਨ ਚਾਰ ਕੁ ਵਜੇ ਉਹ ਸੂਟ-ਬੂਟ ਪਾ ਤੇ ਟਾਈ ਲਾ ਕੇ ਪੁਲੀਸ ਸਟੇਸ਼ਨ ਜਾ ਪੁੱਜਾ। ਰਿਸੈਪਸ਼ਨ 'ਤੇ ਬੈਠੀ ਪੁਲੀਸ ਵੋਮੈਨ ਨੂੰ ਆਖਣ ਲੱਗਾ,

–ਔਫੀਸਰ, ਤੁਹਾਡੇ ਸਟਾਫ ਦਾ ਕੋਈ ਬੰਦਾ ਮੇਰੇ ਤੋਂ ਪੰਜ ਹਜ਼ਾਰ ਪੌਂਡ ਦੀ ਮੰਗ ਕਰ ਰਿਹੈ, ਕਹਿੰਦਾ ਕਿ ਪੌਂਡ ਦੇ ਨਹੀਂ ਤਾਂ ਤੈਨੂੰ ਜੇਲ੍ਹ ਭਿਜਵਾ ਦੇਣਾ। ਔਫੀਸਰ, ਪਲੀਜ਼, ਇਸ ਬੰਦੇ ਦਾ ਪਤਾ ਕਰੋ ਤੇ ਇਸ ਤੋਂ ਮੇਰਾ ਪਿੱਛਾ ਛੁਡਵਾਓ।

–ਕੀ ਨਾਂ ਹੈ ਉਸ ਬੰਦੇ ਦਾ ?

–ਨਾਂ ਤਾਂ ਮੈਨੂੰ ਨਹੀਂ ਪਤਾ।

–ਕੀ ਪੱਛਾਣ ਐ ਉਹਦੀ ?

–ਮੈਂ ਦੇਖਿਆ ਨਹੀਂ ਉਹਨੂੰ।

–ਕੀ ਉਹ ਤੈਨੂੰ ਫੋਨ 'ਤੇ ਕਹਿੰਦਾ ?

–ਨਹੀਂ, ਮੈਨੂੰ ਉਹਦੀ ਆਵਾਜ਼ ਸਾਫ ਸੁਣਾਈ ਦਿੰਦੀ ਐ।

–ਉਹ !!

ਪੁਲੀਸ ਵੋਮੈਨ ਨੇ ਕਿਹਾ,



–ਮਿਸਟਰ ਸਿੰਘ, ਇੱਕ ਪਾਸੇ ਉੱਥੇ ਕੁਰਸੀ 'ਤੇ ਬਹਿ ਜਾ। ਅਸੀਂ ਜਲਦੀ ਹੀ ਤੇਰੀ ਮੱਦਦ ਲਈ ਕਿਸੇ ਨੂੰ ਬੁਲਾਉਂਦੇ ਆਂ।

ਜੱਗੀ ਇੱਕ ਕੁਰਸੀ 'ਤੇ ਬਹਿ ਗਿਆ। ਉਸ ਦੇ ਕੰਨਾਂ ਦੀਆਂ ਆਵਾਜ਼ਾਂ ਹੋਰ ਉੱਚੀਆਂ ਹੋਣ ਲੱਗੀਆਂ। ਕੁਝ ਦੇਰ ਬਾਅਦ ਇੱਕ ਐਂਬੂਲੈਂਸ ਆਈ ਤੇ ਦੋ ਹੱਟੇ-ਕੱਟੇ ਬੰਦੇ ਜਿਹਨਾਂ ਨੇ ਜੱਗੀ ਨੂੰ ਜ਼ਬਰਦਸਤੀ ਐਂਬੂਲੈਂਸ ਵਿੱਚ ਬੈਠਾ ਲਿਆ ਤੇ ਐਸ਼ਫੋਰਡ ਹਸਪਤਾਲ ਵੱਲ ਲੈ ਤੁਰੇ।

## ਅਠਾਈ

ਅਠਾਰਾਂ ਸਾਲ ਨਿਕਲ ਗਏ। ਇਹਨਾਂ ਅਠਾਰਾਂ ਸਾਲਾਂ ਵਿੱਚ ਬਹੁਤ ਸਾਰੇ ਦਰਿਆ ਪੁਲਾਂ ਹੇਠ ਦੀ ਵਗ ਕੇ ਸਮੁੰਦਰ ਵਿੱਚ ਜਾ ਡਿਗੇ ਤੇ ਭਾਫ ਬਣ ਮੁੜ ਦਰਿਆ ਬਣ ਗਏ। ਇਹਨਾਂ ਅਠਾਰਾਂ ਸਾਲਾਂ ਵਿੱਚ ਬਹੁਤ ਕੁਝ ਬਦਲ ਗਿਆ। ਬਹੁਤ ਕੁਝ ਕੀ ਸਾਰੀ ਦੁਨੀਆ ਹੀ ਬਦਲ ਗਈ। ਬਾਕੀ ਦੁਨੀਆ ਦੇ ਨਾਲ ਨਾਲ ਨਵੀ ਦੀ ਦੁਨੀਆ ਵੀ ਬਦਲ ਗਈ। ਉਸ ਦਾ ਮੁੰਡਾ ਰਾਹੁਲ ਹਾਲੇ ਸਕੂਲ ਵੀ ਨਹੀਂ ਸੀ ਗਿਆ ਕਿ ਪਲਵੀ ਦੀ ਮੌਤ ਹੋ ਗਈ। ਮੌਤ ਦਾ ਬਹਾਨਾ ਸਿਰ ਦੀ ਨਾੜੀ ਦਾ ਫਟਣਾ ਬਣਿਆਂ। ਉਸ ਤੋਂ ਬਾਅਦ ਨਵੀ ਨੂੰ ਆਪਣਾ ਜੀਉਣ ਢੰਗ ਬਦਲਣਾ ਪਿਆ। ਉਸ ਨੇ ਰਾਹੁਲ ਨੂੰ ਮਾਂ ਬਣ ਕੇ ਪਾਲਿਆ। ਆਪਣਾ ਇੱਕ ਇੱਕ ਪਲ ਰਾਹੁਲ ਨੂੰ ਦਿੱਤਾ। ਹੁਣ ਜਦ ਰਾਹੁਲ ਯੂਨੀਵਰਸਟੀ ਚਲੇ ਗਿਆ ਤਾਂ ਉਸ ਨੂੰ ਕੁਝ ਰਾਹਤ ਮਿਲੀ। ਉਹ ਆਪਣੇ ਆਪ ਨੂੰ ਕੁਝ ਵਕਤ ਦੇਣ ਲੱਗਿਆ ਸੀ। ਪਲਵੀ ਦੀ ਮੌਤ ਤੋਂ ਬਾਅਦ ਰਿਸ਼ਤੇਦਾਰਾਂ ਤੇ ਦੋਸਤਾਂ ਨੇ ਬਹੁਤ ਕਿਹਾ ਕਿ ਹੋਰ ਵਿਆਹ ਕਰਾ ਲਵੇ ਪਰ ਉਹ ਸਿਰ ਫੇਰਦਾ ਰਿਹਾ ਸੀ। ਉਹ ਰਾਹੁਲ ਨੂੰ ਮਤਰੇਈ ਮਾਂ ਨਾਲ ਰਹਿੰਦਾ ਨਹੀਂ ਸੀ ਦੇਖ ਸਕਦਾ। ਉਸ ਨੇ ਫੈਸਲਾ ਕਰ ਲਿਆ ਸੀ ਕਿ ਜਦ ਰਾਹੁਲ ਵੱਡਾ ਹੋ ਜਾਵੇਗਾ ਤੇ ਸਭ ਸਮਝਣ ਜੋਗਾ ਹੋ ਜਾਵੇਗਾ ਤਾਂ ਉਹ ਸ਼ਾਇਦ ਵਿਆਹ ਕਰਾ ਵੀ ਲਵੇ।

ਇਹਨਾਂ ਅਠਾਰਾਂ ਸਾਲਾਂ ਵਿੱਚ ਜੱਗੀ ਨਾਲ ਕੀ ਬੀਤੀ, ਨਵੀ ਨੂੰ ਕੁਝ ਨਹੀਂ ਸੀ ਪਤਾ। ਉਸ ਨੂੰ ਨਹੀਂ ਸੀ ਪਤਾ ਕਿ ਐਸ਼ਫੋਰਡ ਦੇ ਮੈਂਟਲ ਹੌਸਪੀਟਲ ਵਿੱਚ ਜੱਗੀ ਦਾ ਨਾਂ ਖਾਸ ਮਰੀਜ਼ਾਂ ਵਿੱਚ ਬੋਲਦਾ ਸੀ। ਦਿਲਬਾਗ ਰਾਹੀਂ ਉਸ ਨੂੰ ਏਨਾ ਪਤਾ ਚੱਲ ਚੁੱਕਾ ਸੀ ਕਿ ਜੱਗੀ ਵਾਪਸ ਇੰਗਲੈਂਡ ਮੁੜ ਆਇਆ ਸੀ ਤੇ ਫਿਰ ਤੋਂ ਪ੍ਰੀਤੀ ਨਾਲ ਰਹਿਣ ਲੱਗਾ ਸੀ। ਉਸ ਨੇ ਜੱਗੀ ਤੇ ਪ੍ਰੀਤੀ ਨੂੰ ਫੋਨ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹਨਾਂ ਦੇ ਫੋਨ ਬਦਲੇ ਹੋਏ ਸਨ। ਫਿਰ ਉਹ ਆਪਣੇ ਜੀਵਨ ਵਿੱਚ ਹੀ ਇਵੇਂ ਉਲਝ ਗਿਆ ਕਿ ਕਿਸੇ ਹੋਰ ਦਾ ਬਹੁਤਾ ਫਿਕਰ ਹੀ ਨਾ ਰਿਹਾ।

ਦੇਵਨ ਨਾਲ ਉਸ ਦੀ ਕਦੇ ਕਦੇ ਗੱਲ ਹੋ ਜਾਇਆ ਕਰਦੀ। ਦੇਵਨ ਆਪ ਹੀ ਫੋਨ ਕਰਿਆ ਕਰਦਾ। ਉਹ ਹੁਣ ਕਈ ਰੈਸਟੋਰੈਂਟਾਂ ਦਾ ਮਾਲਕ ਸੀ। ਉਸ ਦੇ ਦੋਵੇਂ ਬੱਚੇ ਡਿਗਰੀਆਂ ਲੈ ਕੇ ਵੱਡੀਆਂ ਨੌਕਰੀਆਂ 'ਤੇ ਜਾ ਪੁੱਜੇ ਸਨ। ਉਸ ਨੇ ਫੋਨ ਕਰਕੇ ਆਪਣੀਆਂ

ਵਡਿਆਈਆਂ ਹੀ ਮਾਰਨੀਆਂ ਹੁੰਦੀਆਂ ਸਨ ਇਸ ਲਈ ਨਵੀ ਕਈ ਵਾਰ ਉਸ ਦਾ ਫੋਨ ਚੁੱਕਦਾ ਵੀ ਨਹੀਂ ਸੀ, ਜੇ ਚੁੱਕਦਾ ਵੀ ਤਾਂ ਜਲਦੀ ਰੱਖਣ ਦੀ ਕੋਸ਼ਿਸ਼ ਕਰਦਾ। ਜਦ ਦੇਵਨ ਨਾਲ ਗੱਲ ਹੁੰਦੀ ਤਾਂ ਉਹ ਜੱਗੀ ਬਾਰੇ ਵੀ ਗੱਲਾਂ ਕਰਦੇ। ਦੇਵਨ ਨੂੰ ਵੀ ਜੱਗੀ ਬਾਰੇ ਕੁਝ ਨਹੀਂ ਸੀ ਪਤਾ।

ਇੱਕ ਦਿਨ ਦੇਵਨ ਦਾ ਫੋਨ ਆਇਆ ਤਾਂ ਉਹ ਬੋਲਿਆ,

–ਯਾਰ ਨਵੀ, ਮੈਂ ਇੰਡੀਆ ਤੋਂ ਆਇਆਂ ਤਾਂ ਰਾਮਾ ਨੰਦ ਮੇਰੇ ਵਾਲੀ ਫਲਾਈਟ ਵਿੱਚ ਹੀ ਸੀ। ਯਾਦ ਐ ਰੋਮੇ ਵਿੱਚ ਆਪਣੇ ਨਾਲ ਕੰਮ ਕਰਦਾ ਸੀ।

–ਹਾਂ ਯਾਦ ਐ, ਜਿਹੜਾ ਯੂਨੀਅਨ ਵਿੱਚ ਹੁੰਦਾ ਸੀ।

–ਉਹੀ ਉਹੀ, ਉਹਨੇ ਇੱਕ ਬੜੀ ਮਾੜੀ ਖ਼ਬਰ ਸੁਣਾਈ।

–ਅੱਛਾ, ਕੀ ?

–ਕਹਿੰਦਾ ਕਿ ਜੱਗੀ ਮੈਂਟਲ ਹੋ ਗਿਆ। ਕਈ ਸਾਲ ਹਸਪਤਾਲ ਵਿੱਚ ਰਿਹਾ।

ਇਹ ਸੁਣ ਕੇ ਨਵੀ ਇਕਦਮ ਹਿੱਲ ਗਿਆ। ਉਸ ਨੂੰ ਯਾਦ ਆਇਆ ਕਿ ਬਹੁਤ ਸਾਲ ਪਹਿਲਾਂ ਬੇਕਰ ਸਟਰੀਟ ਸਟੇਸ਼ਨ ’ਤੇ ਇੱਕ ਬੰਦਾ ਉਸ ਨੇ ਦੇਖਿਆ ਸੀ। ਜਿਸ ਦੇ ਵਾਲ ਖਿਚੜੀ ਸਨ, ਇੱਕ ਬਾਂਹ ਘੁੰਮ ਕੇ ਪਿੱਛੇ ਲੱਗੀ ਹੋਈ ਸੀ ਜਿਵੇਂ ਕਿਸੇ ਨੇ ਤੋੜ ਦਿੱਤੀ ਹੋਵੇ। ਉਸ ਦੀਆਂ ਅੱਖਾਂ ਜਾਣੀਆਂ ਪਛਾਣੀਆਂ ਲੱਗਦੀਆਂ ਸਨ। ਜਦ ਨਵੀ ਉਸ ਵੱਲ ਵਧਿਆ ਤਾਂ ਉਹ ਬੰਦਾ ਭੱਜ ਕੇ ਲੁਕ ਗਿਆ ਸੀ। ਉਸ ਨੇ ਕਿਹਾ,

–ਦੇਵਨ, ਤੇਰੇ ਕੋਲ ਰਾਮਾ ਨੰਦ ਦਾ ਫੋਨ ਨੰਬਰ ਹੈਗਾ।

–ਨੰਬਰ ਤਾਂ ਮੈਂ ਲੈ ਲਿਆ ਸੀ ਪਰ ਜੱਗੀ ਅਜਿਹੀ ਸਥਿਤੀ ਵਿੱਚ ਐ ਕਿ ਕਿਸੇ ਨੂੰ ਨਹੀਂ ਮਿਲਦਾ ਏਸ ਕਰਕੇ ਉਹਨੂੰ ਵੀ ਉਹਦੇ ਬਾਰੇ ਕੁਝ ਨਹੀਂ ਪਤਾ।

–ਯਾਰ, ਉਹਨੂੰ ਮਿਲਣਾ ਚਾਹੀਦੈ, ਜੇ ਕਿਸੇ ਕਿਸਮ ਦੀ ਮੱਦਦ ਕਰ ਸਕੀਏ ਤਾਂ, ...ਆਖਰ ਦੋਸਤ ਆਂ ਯਾਰ !

–ਨਵੀ, ਮੇਰੇ ਕੋਲ ਤਾਂ ਏਨਾ ਵਕਤ ਹੈ ਨਹੀਂ, ਹਾਂ ਤੈਨੂੰ ਰਾਮਾ ਨੰਦ ਦਾ ਫੋਨ ਲਿਖਵਾ ਦਿੰਨਾਂ। ਨਾਲ਼ੇ ਇੱਕ ਗੱਲ ਹੋਰ ਦੱਸ ਦੇਵਾਂ ਕਿ ਦਿਮਾਗੀ ਬਿਮਾਰ ਲੋਕਾਂ ਨਾਲ ਇੱਕ ਗੈਪ ਰੱਖੀਦਾ ਤੇ ਇਹਨਾਂ ਦੀਆਂ ਬਹੁਤੀਆਂ ਉਮੀਦਾਂ ਨਹੀਂ ਜਗਾਈਦੀਆਂ, ਨਹੀਂ ਤਾਂ ਗਲ਼ ਪੈ ਜਾਇਆ ਕਰਦੇ ਆ, ਬਾਕੀ ਤੂੰ ਸਿਆਣੈ।

ਸਲਾਹ ਦੇ ਨਾਲ ਨਾਲ ਦੇਵਨ ਨੇ ਫੋਨ ਨੰਬਰ ਲਿਖਵਾ ਕੇ ਆਪਣੇ ਨਵੇਂ ਖੋਲ੍ਹੇ ਰੈਸਟੋਰੈਂਟ ਬਾਰੇ ਗੱਲਾਂ ਕਰਨ ਲੱਗਿਆ ਪਰ ਨਵੀ ਦੀ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਸ ਨੇ ਫੋਨ ਰੱਖ ਕੇ ਰਾਮਾ ਨੰਦ ਨੂੰ ਫੋਨ ਕਰ ਲਿਆ। ਰਾਮਾ ਨੰਦ ਘਰ ਹੀ ਸੀ। ਆਪਣੇ ਬਾਰੇ ਦੱਸਦਿਆਂ ਨਵੀ ਨੇ ਪੁੱਛਿਆ,

–ਅੱਜ ਕੱਲ੍ਹ ਕਿਥੇ ਐ ਜੱਗੀ ?

–ਕੁਝ ਨਹੀਂ ਪਤਾ। ਹਰ ਵੇਲੇ ਉਹ ਸ਼ਰਾਬ ਨਾਲ ਡੱਕਿਆ ਰਹਿੰਦਾ ਸੀ ਤੇ ਮੈਂ ਘਰ ਆਉਣੋਂ ਰੋਕ ਦਿੱਤਾ ਸੀ। ਹੁਣ ਕਈ ਸਾਲ ਹੋ ਗਏ ਦੇਖਿਆ ਨਹੀਂ।

–ਰਾਮਾ ਨੰਦ ਜੀ, ਇਹ ਹੋਇਆ ਕਿਵੇਂ ਸਭ ?

–ਨਵੀ, ਤੂੰ ਤਾਂ ਜਾਣਦਾ ਹੀ ਐਂ ਕਿ ਜਦ ਤੁਹਾਡੀ ਤੀਵੀਂ ਤੁਹਾਡੇ ਸਾਹਮਣੇ



ਕਿਸੇ ਹੋਰ ਬੰਦੇ ਨਾਲ ਸੌਂਦੀ ਹੋਵੇ ਤਾਂ ਦਿਮਾਗ ਦਾ ਦਹੀਂ ਤਾਂ ਹੋਣਾ ਹੀ ਹੋਇਆ। ਫੇਰ ਜੱਗੀ ਤਾਂ ਹੈ ਹੀ ਬਹੁਤ ਬੀਬੇ ਜਿਹੇ ਸੁਭਾਅ ਵਾਲਾ ਜਜ਼ਬਾਤੀ ਬੰਦਾ।

–ਚਲੋ ਜੋ ਹੋਇਆ ਸੋ ਹੋਇਆ ਪਰ ਉਸ ਨੂੰ ਮਿਲਣਾ ਬਹੁਤ ਜ਼ਰੂਰੀ ਐ, ਸ਼ਾਇਦ ਅਸੀਂ ਉਸ ਦੀ ਕੋਈ ਮੱਦਦ ਕਰ ਸਕੀਏ। ਤੁਸੀਂ ਮੇਰਾ ਫੋਨ ਨੰਬਰ ਤੇ ਸਿਰਨਾਵਾਂ ਆਪਣੇ ਕੋਲ ਰੱਖ ਲਵੋ, ਜੇ ਕਦੇ ਮਿਲੇ ਤਾਂ ਉਸ ਨੂੰ ਦੇ ਦੇਣਾ ਤੇ ਕਹਿਣਾ ਕਿ ਮੈਨੂੰ ਜਲਦੀ ਤੋਂ ਜਲਦੀ ਮਿਲੇ।

ਨਵੀ ਦਿਲੋਂ ਤੜਫਿਆ ਪਿਆ ਸੀ। ਕੁਝ ਦਿਨ ਤੜਫ ਕੇ ਉਹ ਮੁੜ ਆਪਣੀ ਜ਼ਿੰਦਗੀ ਵਿੱਚ ਉਲਝ ਗਿਆ। ਉਸ ਦਾ ਬਹੁਤਾ ਧਿਆਨ ਤਾਂ ਰਾਹੁਲ ਨੇ ਮੱਲਿਆ ਹੋਇਆ ਸੀ। ਨਵੀ ਸਵੇਰੇ ਕੰਮ ’ਤੇ ਜਾਂਦਾ ਤੇ ਸ਼ਾਮ ਨੂੰ ਆ ਕੇ ਘਰ ਸੰਭਾਲਦਾ। ਬਚਪਨ ਵਿੱਚ ਉਸ ਨੇ ਰਾਹੁਲ ਨੂੰ ਮਾਂ ਵਾਂਗ ਪਾਲਿਆ ਤੇ ਹੁਣ ਉਸ ਨੂੰ ਦੋਸਤਾਂ ਵਾਂਗ ਰੱਖਦਾ ਸੀ। ਉਸ ਨੂੰ ਵਿਆਹ ਦੀਆਂ ਬਹੁਤ ਪੇਸ਼ਕਸ਼ਾਂ ਆਈਆਂ ਪਰ ਉਸ ਨੇ ਠੁਕਰਾ ਦਿੱਤੀਆਂ ਸਨ। ਹਾਂ, ਉਸ ਨੇ ਗਰਲ ਫਰੈਂਡ ਰੱਖੀ ਹੋਈ ਸੀ। ਸੁਮਿਤਰਾ। ਸੁਮਿਤਰਾ ਪਿਛਲੇ ਦਸ ਸਾਲ ਤੋਂ ਉਸ ਨਾਲ ਜੁੜੀ ਹੋਈ ਸੀ। ਸੁਮਿਤਰਾ ਤਲਾਕਸ਼ੁਦਾ ਸੀ। ਰਾਹੁਲ ਕੁ ਦੀ ਉਮਰ ਦੀ ਉਸ ਦੀ ਇੱਕ ਕੁੜੀ ਵੀ ਸੀ, ਪਿੰਕੀ। ਨਵੀ ਤੋਂ ਉਲਟ ਸੁਮਿਤਰਾ ਨੇ ਪਿੰਕੀ ਨੂੰ ਨਵੀ ਨਾਲ ਆਪਣੇ ਸੰਬੰਧਾਂ ਬਾਰੇ ਦੱਸਿਆ ਹੋਇਆ ਸੀ। ਨਵੀ ਡਰਦਾ ਸੀ ਕਿ ਸੁਮਿਤਰਾ ਬਾਰੇ ਜਾਣ ਕੇ ਰਾਹੁਲ ਅਣਸੁਰੱਖਿਅਤ ਮਹਿਸੂਸ ਨਾ ਕਰਨ ਲੱਗੇ। ਉਸ ਨੂੰ ਪਤਾ ਕਿ ਰਾਹੁਲ ਨੇ ਉਸ ਨੂੰ ਕਿਸੇ ਨਾਲ ਵੰਡ ਨਹੀਂ ਸੀ ਸਕਣਾ। ਸੁਮਿਤਰਾ ਉਦੋਂ ਹੀ ਨਵੀ ਦੇ ਘਰ ਆਉਂਦੀ ਜਦ ਰਾਹੁਲ ਯੂਨੀਵਰਸਟੀ ਗਿਆ ਹੁੰਦਾ। ਨਵੀ ਸੁਮਿਤਰਾ ਦੇ ਘਰ ਆਮ ਹੀ ਚਲੇ ਜਾਇਆ ਕਰਦਾ ਸੀ।

ਸੁਮਿਤਰਾ ਨਵੀ ਨਾਲ ਹੀ ਕੌਂਸਲ ਵਿੱਚ ਕੰਮ ਕਰਦੀ ਸੀ। ਬਹੁਤ ਸਾਲ ਪਹਿਲਾਂ ਨਵੀ ਨੇ ਆਪਣਾ ਇਸਟੇਟ ਏਜੰਟੀ ਵਾਲਾ ਕੰਮ ਛੱਡ ਕੇ ਕੌਂਸਲ ਵਿੱਚ ਨੌਕਰੀ ਕਰ ਲਈ ਸੀ। ਕੰਮ ਉਪਰ ਸੁਮਿਤਰਾ ਤੇ ਨਵੀ ਦੇ ਸੰਬੰਧ ਲੁਕਵੇਂ ਨਹੀਂ ਸਨ। ਸਾਰੇ ਦੋਸਤ ਉਹਨਾਂ ਨੂੰ ਵਿਆਹ ਕਰਾ ਲੈਣ ਦੀ ਸਲਾਹ ਦਿੰਦੇ। ਸੁਮਿਤਰਾ ਵੀ ਅਕਸਰ ਵਿਆਹ ਦੀ ਜ਼ਿੱਦ ਕਰਨ ਲੱਗਦੀ ਪਰ ਨਵੀ ਆਪਣੀ ਮਜਬੂਰੀ ਦੱਸਦਾ ਉਸ ਨੂੰ ਟਰਕਾ ਜਾਂਦਾ।

# ਉਣੱਤੀ

ਐਤਵਾਰ ਦਾ ਦਿਨ ਹੈ। ਬਫਰਬਾਰੀ ਹੋ ਰਹੀ ਹੈ। ਐਸ਼ ਗਰੋਵ ਦੇ ਫੁੱਟਪਾਥ ’ਤੇ ਫੁੱਟ-ਫੁੱਟ ਬਰਫ ਚੜ੍ਹੀ ਹੋਈ ਹੈ। ਮੁੱਖ ਸੜਕ ’ਤੇ ਲੰਘਦੀਆਂ ਕਾਰਾਂ ਨੇ ਬਰਫ ਕੁਝ ਕੁ ਖੋਰ ਦਿੱਤੀ ਹੈ ਪਰ ਐਸ਼ ਗਰੋਵ ਖਾਮੋਸ਼ ਜਿਹੀ ਰੋਡ ਹੋਣ ਕਰਕੇ ਸੜਕ ਹਾਲੇ ਵੀ ਸਫੈਦ ਹੈ। ਹਿੰਮਤੀ ਲੋਕ ਉੱਠ ਕੇ ਘਰਾਂ ਅੱਗਿਓਂ ਬਰਫ ਹਟਾਉਣ ਲੱਗੇ ਹਨ ਪਰ ਬਹੁਤੇ ਲੋਕ ਹਾਲੇ ਰਜ਼ਾਈਆਂ-ਕੰਬਲਾਂ ਵਿੱਚ ਦੁਬਕੇ ਪਏ ਹਨ। ਘਰਾਂ ਦੇ ਬੁਆਇਲਰ ਲੋਕਾਈ ਨੂੰ ਗਰਮ ਰੱਖਣ ਦੇ ਯਤਨ ਵਿੱਚ ਹਲਕੀ ਜਿਹੀ ਗੂੰਜ ਪੈਦਾ ਕਰ ਰਹੇ ਹਨ। ਦਰਖਤਾਂ ਦੀਆਂ ਟਹਿਣੀਆਂ ਤੋਂ ਡਿਗਦੇ ਬਰਫ ਦੇ ਫੰਬੇ ਆਸਮਾਨੀ ਫੰਬਿਆਂ ਤੋਂ ਵੱਡੇ ਹਨ, ਜਿਵੇਂ ਚਿੱਟੇ ਫੁੱਲ ਡਿਗ ਰਹੇ

ਹੋਣ। ਕਿਸੇ-ਕਿਸੇ ਘਰ ਦਾ ਪਰਦਾ ਹਿਲਦਾ ਹੈ ਤੇ ਦੋ ਅੱਖਾਂ ਬਾਹਰ ਝਾਕ, ਮੌਸਮ ਦਾ ਅੰਦਾਜ਼ਾ ਲਾਉਂਦੀਆਂ ਮੁੜ ਪਰਦਾ ਖਿੱਚ ਦਿੰਦੀਆਂ ਹਨ।

ਨਵੀ ਨੇ ਦੇਖਿਆ ਕਿ ਉਸ ਦਾ ਬਿਸਤਰ ਖਾਲੀ ਸੀ। ਗੁਸਲਖਾਨੇ ਵਿੱਚ ਚਲਦੀ ਫੁਹਾਰ ਦੀ ਆਵਾਜ਼ ਤੋਂ ਅੰਦਾਜ਼ਾ ਲੱਗਾ ਲਿਆ ਕਿ ਸੁਮੀ ਨਹਾਉਣ ਜਾ ਵੜੀ ਹੈ। ਉਹ ਹੌਲੀ ਜਿਹੀ ਉੱਠਿਆ ਤੇ ਦੂਜੇ ਬਾਥ ਵਿੱਚ ਜਾ ਵੜਿਆ। ਨਹਾਉਣ ਦਾ ਉਸ ਦਾ ਮਨ ਨਹੀਂ ਸੀ। ਬੁਰਸ਼ ਕਰ, ਮੂੰਹ ਹੱਥ ਧੋ ਤੇ ਤਰੋ ਤਾਜ਼ਾ ਹੋ ਕੇ ਉਹ ਹੇਠਾਂ ਉਤਰ ਆਇਆ ਤੇ ਰਸੋਈ ਵਿੱਚ ਜਾ ਕੇ ਚਾਹ ਰੱਖ ਦਿੱਤੀ। ਉਸ ਦੇ ਮਗਰ ਜਲਦੀ ਸੁਮੀ ਵੀ ਆ ਗਈ। ਨਵੀ ਨੇ ਉਸ ਦੀ ਗੱਲ੍ਹ 'ਤੇ ਚੁੰਮਣ ਦਿੰਦਿਆਂ 'ਗੁੱਡ ਮੌਰਨਿੰਗ' ਕਿਹਾ ਤੇ ਚਾਹ ਦਾ ਕੱਪ ਉਸ ਦੇ ਹੱਥ ਵਿੱਚ ਫੜਾ ਦਿੱਤਾ। ਚਾਹ ਦੀਆਂ ਘੁੱਟਾਂ ਭਰਦੇ ਉਹ ਗਾਰਡਨ ਵਿੱਚ ਪੈ ਰਹੀ ਬਰਫ ਦੀ ਖੂਬਸੂਰਤੀ ਮਾਨਣ ਲੱਗੇ। ਕਈ ਸਾਲ ਬਾਅਦ ਏਨੀ ਭਰਪੂਰ ਬਰਫ ਪਈ ਸੀ। ਕੱਲ੍ਹ ਦੀ ਸੁਮੀ ਨਵੀ ਦੇ ਘਰ ਆਈ ਹੋਈ ਸੀ। ਪਿਛਲੇ ਹਫਤੇ ਰਾਹੁਲ ਆਇਆ ਹੋਣ ਕਰਕੇ ਉਹ ਮਿਲ ਨਹੀਂ ਸਨ ਸਕੇ। ਨਵੀ ਨੇ ਟੈਲੀ ਚਲਾ ਲਿਆ ਤੇ ਮੌਸਮ ਦਾ ਹਾਲ ਦੇਖਣ ਲੱਗਿਆ। ਸੁਮੀ ਉਸ ਦੀ ਗੋਦ ਵਿੱਚ ਸਿਰ ਰੱਖਦੀ ਸੋਫੇ 'ਤੇ ਢਹਿ ਜਿਹੀ ਪਈ। ਘੰਟਾ ਕੁ ਉਹ ਉਵੇਂ ਹੀ ਰਹੇ। ਫਿਰ ਸੁਮੀ ਬੋਲੀ,

-ਖਾਣੇ ਦਾ ਕੀ ਪ੍ਰੋਗਰਾਮ ਐ ?

-ਬਰੇਕਫਾਸਟ ਦਾ ਵਕਤ ਤਾਂ ਨਿਕਲ ਗਿਆ, ਹੁਣ ਬਰੰਚ ਹੀ ਹੋਏਗਾ।

-ਪੂਰੀ ਛੋਲੇ ਬਣਾ ਲਵਾਂ ?

-ਠੀਕ ਐ।

ਨਵੀ ਨੇ ਉਸਨੂੰ ਹਾਮੀ ਭਰੀ। ਸੁਮੀ ਨੇ ਘੜੀ ਦੇਖੀ। ਹਾਲੇ ਗਿਆਰਾਂ ਹੀ ਵੱਜੇ ਸਨ। ਉਸ ਨੇ ਸੋਚਿਆ ਕਿ ਬਾਰਾਂ ਕੁ ਵਜੇ ਤਿਆਰੀ ਕਰੇਗੀ। ਉਸੇ ਵੇਲੇ ਹੀ ਉਹਨਾਂ ਦੀ ਡੋਰ-ਬੈੱਲ ਵੱਜੀ। ਨਵੀ ਬੋਲਿਆ,

-ਕੌਣ ਹੋਇਆ ? ਅੱਜ ਤਾਂ ਪੋਸਟ ਵੀ ਨਹੀਂ ਆਉਂਦੀ, ਪਾਰਸਲ ਕਿਸੇ ਦੀ ਉਡੀਕ ਨਹੀਂ। ਸ਼ਾਇਦ ਕੋਈ ਗਵਾਂਢੀ ਹੋਵੇ, ਕਾਰ ਸਟਾਰਟ ਕਰਨ ਵਿੱਚ ਮੱਦਦ ਚਾਹੀਦੀ ਹੋਵੇ।

ਉਹ ਉੱਠਿਆ ਤੇ ਬੂਹਾ ਖੋਲ੍ਹਿਆ। ਬਾਹਰ ਇੱਕ ਓਪਰਾ ਜਿਹਾ ਬੰਦਾ ਖੜਾ ਸੀ। ਸੂਟਡ-ਬੂਟਡ ਬੰਦੇ ਨੇ ਤੇਲ ਲਾ ਕੇ ਵੋਦਾ ਵਾਹਿਆ ਹੋਇਆ ਸੀ। ਵਾਲਾਂ ਵਿੱਚ ਬਰਫ ਫਸੀ ਹੋਈ ਸੀ ਤੇ ਠੰਢ ਨਾਲ ਕੰਬ ਰਿਹਾ ਸੀ। ਨਵੀ ਉਸ ਨੂੰ ਪਛਾਨਣ ਦੀ ਕੋਸ਼ਿਸ਼ ਕਰਨ ਲੱਗਿਆ। ਉਹ ਬੰਦਾ ਆਪਣੇ ਗਲ਼ ਵਾਲਾ ਬੈਗ ਠੀਕ ਕਰਦਾ ਜ਼ਰਾ ਕੁ ਮੁਸਕ੍ਰਾਇਆ ਤੇ ਬੋਲਿਆ,

-ਕਿਵੇਂ ਐਂ ਨਵੀ ਸਿਆਂ ?

-ਓ ਜੱਗੀ, ਮੇਰੇ ਯਾਰ, ਕਿੱਥੇ ਗੁੰਮ ਗਿਆ ਸੈਂ, ਆ ਜਾ ਅੰਦਰ ਆ ਜਾ। ਮੈਂ ਤੇਰੀ ਬਹੁਤ ਭਾਲ ਕੀਤੀ। ਮੈਂ ਰਾਮਾ ਨੰਦ ਕੋਲ ਆਪਣਾ ਫੋਨ ਨੰਬਰ ਤੇ ਪਤਾ ਵੀ ਛੱਡਿਆ ਸੀ ਕਿ ਤੂੰ ਮਿਲੇਂ ਤਾਂ ਤੈਨੂੰ ਦੇ ਦੇਵੇ।

-ਉਹਦੇ ਕੋਲੋਂ ਹੀ ਤੇਰਾ ਪਤਾ ਲਿਆ। ਮੈਂ ਸੋਚਿਆ ਕਿ ਅੱਜ ਸੰਡੇ ਆ ਤੇ ਤੂੰ ਘਰ ਹੀ ਹੋਵੇਂਗਾ।



ਉਸ ਦੇ ਮਗਰ ਤੁਰਦਾ ਜੱਗੀ ਦੱਸਦਾ ਜਾ ਰਿਹਾ ਸੀ। ਲਿਵਿੰਗ ਰੂਮ ਵਿੱਚ ਜਾ ਕੇ ਨਵੀ ਨੇ ਆਵਾਜ਼ ਮਾਰੀ,

-ਸੁਮੀ, ਦੇਖ ਕੌਣ ਆਇਐ !

ਸੁਮੀ ਰਸੋਈ ਵਿੱਚ ਚਲੇ ਗਈ ਸੀ ਕਿ ਕੋਈ ਵਾਕਫ ਹੀ ਨਾ ਆ ਬਹੁੜਿਆ ਹੋਵੇ। ਸੁਮੀ ਆਈ ਤਾਂ ਉਸ ਓਪਰੇ ਜਿਹੇ ਬੰਦੇ ਵੱਲ ਹੈਰਾਨੀ ਨਾਲ ਦੇਖਣ ਲੱਗੀ। ਨਵੀ ਬੱਚਿਆਂ ਵਾਂਗ ਚਾਮਲਿਆ ਪਿਆ ਸੀ। ਉਹ ਬੋਲਿਆ,

-ਇਹ ਜੱਗੀ ਐ, ਮੇਰਾ ਜਿਗਰੀ ਦੋਸਤ, ਜਿਹਦੇ ਬਾਰੇ ਮੈਂ ਤੇਰੇ ਨਾਲ ਕਈ ਵਾਰ ਗੱਲ ਕੀਤੀ ਆ। ਲੈ, ਪਹਿਲਾਂ ਚਾਹ ਬਣਾ। ਬਾਕੀ ਬਾਅਦ ਵਿੱਚ।

ਸੁਮਿਤਰਾ 'ਹੈਲੋ' ਆਖਦੀ ਵਾਪਸ ਰਸੋਈ ਵਿੱਚ ਚਲੇ ਗਈ। ਜੱਗੀ ਉਸ ਔਰਤ ਵੱਲ ਅਚੰਭੇ ਨਾਲ ਤੱਕਦਾ ਆਖਣ ਲੱਗਾ,

-ਪਲਵੀ ਕਿਤੇ ਗਈ ਐ ?

ਪਲਵੀ ਦੇ ਨਾਂ 'ਤੇ ਨਵੀ ਹਿੱਲ ਜਿਹਾ ਗਿਆ ਪਰ ਸੰਭਲਦਾ ਬੋਲਿਆ,

-ਉਹ ਆਪਣੀ ਮਾਂ ਵੱਲ ਗਈ ਹੋਈ ਐ।

-ਤੇ ਰਾਹੁਲ ?

-ਉਹ ਤਾਂ ਯੂਨੀ ਚਲੇ ਗਿਆ। ਉੱਥੇ ਹੀ ਰਹਿੰਦਾ। ਕਦੇ ਕਦੇ ਆਉਂਦਾ ਹੁੰਦਾ।

-ਤੇ ਇਹ ?

ਜੱਗੀ ਨੇ ਗੁੱਝੀ ਰਮਜ਼ ਵਿੱਚ ਪੁੱਛਿਆ। ਨਵੀ ਨੇ ਅੱਖ ਮਾਰਦਿਆਂ ਬੁੱਲ੍ਹਾਂ 'ਤੇ ਉਂਗਲ ਰੱਖ ਦਿੱਤੀ। ਜੱਗੀ ਨੇ ਵੱਡੀ ਸਾਰੀ ਮੁਸਕ੍ਰਾਹਟ ਤੇ ਹੌਲੀ ਜਿਹੇ ਬੋਲਿਆ,

-ਤੂੰ ਤੇ ਯਾਰ ਏਦਾਂ ਦਾ ਹੈ ਨਾ ਸੀ।

-ਵਕਤ ਸਭ ਕੁਝ ਸਿਖਾ ਦਿੰਦਾ ਪਿਆਰੇ !

ਨਵੀ ਨੇ ਬੜੀ ਮੁਸ਼ਕਲ ਨਾਲ ਕਿਹਾ ਤੇ ਫਿਰ ਕੁਝ ਦੇਰ ਬਾਅਦ ਬੋਲਿਆ,

-ਯਾਰ ਜੱਗੀ, ਮੈਂ ਤੈਨੂੰ ਪਛਾਣ ਨਹੀਂ ਸਕਿਆ ਕਿਉਂਕਿ ਤੇਰੇ ਸਿਰ ਤੋਂ ਪੱਗ ਜਿਉਂ ਗਾਇਬ ਸੀ।

-ਹਾਂ ਯਾਰ ਨਵੀ, ਵਕਤ ਨੇ ਪੱਗ ਮੇਰੀ ਲਾਹ ਲਈ।

-ਹਾਂ ਯਾਰ ਜੱਗੀ, ਵਕਤ ਪੱਗਾਂ ਲਾਹ ਦਿੰਦਾ, ਬੰਦੇ ਨੂੰ ਅਰਸ਼ ਤੋਂ ਫਰਸ਼ 'ਤੇ ਲਿਆ ਮਾਰਦਾ।

-ਵਕਤ ਨਿਕਲ ਵੀ ਤਾਂ ਬਹੁਤ ਗਿਆ ਯਾਰ ਨਵੀ !

-ਹਾਂ ਯਾਰ, ਤੂੰ ਦੱਸ ਕਿ ਤੇਰੀ ਸਿਹਤ ਕਿਵੇਂ ਆਂ ?

-ਮੈਂ ਚੜ੍ਹਦੀ ਕਲਾ ਵਿੱਚ ਆਂ ਤੂੰ ਦੱਸ, ਤੂੰ ਕਿਵੇਂ ਆਂ ?

-ਤੇਰੇ ਸਾਹਮਣੇ ਠੀਕ ਆਂ।

ਨਵੀ ਨੇ ਕਿਹਾ। ਉਸੇ ਵਕਤ ਸੁਮੀ ਨੇ ਇਸ਼ਾਰਾ ਕੀਤਾ ਕਿ ਚਾਹ ਤਿਆਰ ਹੈ। ਨਵੀ ਉੱਠ ਕੇ ਚਾਹ ਦੇ ਦੋ ਕੱਪ ਲੈ ਆਇਆ ਪਰ ਜੱਗੀ ਨੇ ਆਪਣੇ ਬੈਗ ਵਿੱਚੋਂ ਵਿਸਕੀ ਦੀ ਬੋਤਲ ਕੱਢ ਲਈ ਤੇ ਆਖਿਆ,

-ਲਿਆ ਬਈ ਨਵੀ ਸਿਆਂ, ਦੋ ਗਲਾਸ ਤੇ ਪਾਣੀ।

-ਨਹੀਂ ਜੱਗੀ, ਆਹ ਵੀ ਵੇਲਾ ਕੋਈ ਪੀਣ ਦਾ ?

-ਸੱਚੀ ਗੱਲ ਦੱਸਾਂ, ਮੈਂ ਤਾਂ ਪੀਤੀ ਹੋਈ ਆ। ਪੀਤੀ ਬਿਨਾਂ ਏਨੀ ਬਰਫ ਵਿੱਚ ਬਾਹਰ ਨਿਕਲ ਹੀ ਨਹੀਂ ਹੁੰਦਾ।

-ਤੂੰ ਪੀਣੀ ਆਂ ਤਾਂ ਪੀ ਲੈ ਪਰ ਮੈਂ ਨਹੀਂ। ਹਾਲੇ ਪੂਰਾ ਦਿਨ ਪਿਆ।

ਆਖਦਾ ਨਵੀ ਉਸ ਲਈ ਪਾਣੀ ਤੇ ਗਲਾਸ ਲੈਣ ਚਲੇ ਗਿਆ। ਰਸੋਈ ਵਿੱਚ ਗਏ ਨੂੰ ਸੁਮਿਤਰਾ ਬੋਲੀ,

-ਨਵੀ, ਤੋਰ ਏਹਨੂੰ, ਦੇਖ ਸਾਰਾ ਘਰ ਮੁਸ਼ਕ ਨਾਲ ਭਰ ਗਿਆ।

-ਏਨੀ ਨਿਰਦੇਈ ਨਾ ਬਣ, ਆਖਰ ਪੁਰਾਣਾ ਯਾਰ ਐ ਮੇਰਾ। ਏਨੇ ਚਿਰ ਬਾਅਦ ਮਿਲਿਆ। ਕੁਝ ਦੇਰ ਬੈਠਣ ਦੇ। ਨਾਲੇ ਉਹਦੇ ਲਈ ਵੀ ਖਾਣਾ ਬਣਾ ਲਵੀਂ।

ਆਖਦਾ ਨਵੀ ਮੁੜ ਜੱਗੀ ਕੋਲ ਆ ਬੈਠਾ ਤੇ ਬੋਲਿਆ,

-ਤੂੰ ਸੁਣਾ, ਏਨੇ ਸਾਲ ਕਿਵੇਂ ਰਿਹਾਂ ? ਮੈਨੂੰ ਤੇਰੀ ਸਿਹਤ ਬਾਰੇ ਦੇਵਨ ਤੋਂ ਪਤਾ ਲੱਗਾ ਸੀ, ਉਹਨੂੰ ਰਾਮਾ ਨੰਦ ਨੇ ਦੱਸਿਆ ਸੀ।

-ਦੇਵਨ ਦਾ ਕੀ ਹਾਲ ਐ ?

-ਉਹ ਠੀਕ ਐ, ਹੁਣ ਮੋਟੀ ਸਾਮੀ ਐ ਉਹ। ਕਈ ਰੈਸਟੋਰੈਂਟਾਂ ਦਾ ਮਾਲਕ ਪਰ ਮੇਰੀ ਉਹਦੇ ਨਾਲ ਬਹੁਤੀ ਗੱਲ-ਬਾਤ ਨਹੀਂ ਹੈਗੀ।

-ਨਹੀਂ ਹੈਗੀ ਤਾਂ ਠੀਕ ਐ, ਮੇਰੀਆਂ ਬੇੜੀਆਂ ਵਿੱਚ ਵੱਟੇ ਪਾਉਣ ਵਿੱਚ ਉਹਦਾ ਵੀ ਘੱਟ ਹੱਥ ਨਹੀਂ। ਏਦਾਂ ਦੇ ਬੰਦੇ ਤੋਂ ਦੂਰ ਹੀ ਠੀਕ ਆਂ।

-ਜੱਗੀ, ਤੂੰ ਦੱਸ ਤੂੰ ਕਿਵੇਂ ਰਿਹਾਂ ? ਤੇਰੀ ਇਹ ਹਾਲਤ ਕਿਵੇਂ ਹੋ ਗਈ ?

-ਪ੍ਰੀਤੀ ਤੇ ਨਿੱਕ ਨੇ ਕਿਸੇ ਨਾ ਕਿਸੇ ਤਰ੍ਹਾਂ ਹਸਪਤਾਲ ਭੇਜ ਦਿੱਤਾ। ਉੱਥੇ ਉਹਨਾਂ ਨੇ ਮੇਰੇ ਨਾਲ ਪਤਾ ਨਹੀਂ ਕੀ ਕੀਤਾ ਕਿ ਮੇਰੀ ਦੁਨੀਆ ਉਪਰ ਦੀ ਹੇਠਾਂ ਹੋ ਗਈ। ਪਤਾ ਨਹੀਂ ਮੇਰੇ ਅੰਦਰ ਕਿਹੜੀ ਚਿੱਪ ਪਾਈ ਆ ਕਿ ਮੇਰੀ ਹਰ ਗੱਲ ਦਾ ਪਤਾ ਉਹਨਾਂ ਨੂੰ ਰਹਿੰਦਾ। ਉਹ ਹਰ ਵੇਲੇ ਮੈਨੂੰ ਕੁਝ ਨਾ ਕੁਝ ਕਹਿੰਦੇ ਰਹਿੰਦੇ ਆ। ਸਾਲ਼ੇ ਪੈਸੇ ਮੰਗਦੇ ਆ। ਉਹਨਾਂ ਨੂੰ ਮੇਰੀ ਪੈਰ-ਪੈਰ ਦੀ ਖ਼ਬਰ ਐ।

-ਜਾਣੀ ਕਿ ਤੈਨੂੰ ਆਵਾਜ਼ਾਂ ਸੁਣਦੀਆਂ।

-ਆਵਾਜ਼ਾਂ ਤਾਂ ਵਹਿਮੀਆਂ ਨੂੰ ਸੁਣਦੀਆਂ, ਇਹ ਤਾਂ ਮੇਰੇ ਨਾਲ ਸਾਫ ਗੱਲਾਂ ਕਰਦੇ ਆ।

-ਕੌਣ ਆਂ ਇਹ ਲੋਕ ? ਆਪਣੇ ਕਿ ਗੋਰੇ ?

-ਆਪਣੇ ਵੀ, ਗੋਰੇ ਵੀ ਤੇ ਕਾਲੇ ਵੀ। ਹਰ ਬੋਲੀ ਬੋਲਦੇ ਆ। ਕਈ ਵਾਰ ਤਾਂ ਚੀਨੀ ਜਿਹੀ ਵੀ ਬੋਲਣ ਲੱਗਦੇ ਆ।

-ਜੱਗੀ, ਆਵਾਜ਼ਾਂ ਸੁਣਨੀਆਂ ਤਾਂ ਆਮ ਜਿਹੀ ਗੱਲ ਐ, ਇੱਕ ਕਿਸਮ ਦੀ ਬਿਮਾਰੀ ਐ।

-ਮੈਨੂੰ ਪਤਾ ਯਾਰ, ਆਵਾਜ਼ਾਂ ਸੁਣਨੀਆਂ ਇੱਕ ਬਿਮਾਰੀ ਐ ਪਰ ਮੇਰੀ ਇਹ ਬਿਮਾਰੀ ਨਹੀਂ, ਸੱਚ ਐ, ਬਿਮਾਰੀ ਵਾਲੀਆਂ ਆਵਾਜ਼ਾਂ ਹੋਰ ਤਰ੍ਹਾਂ ਹੁੰਦੀਆਂ। ਜਿਹਨਾਂ ਨੂੰ ਬਿਮਾਰੀ ਹੋਵੇ ਉਹਨਾਂ ਨੂੰ ਇਹਨਾਂ ਆਵਾਜ਼ਾਂ ਦੇ ਮਕਸਦ ਦਾ ਤੇ ਇਹਨਾਂ ਦੇ ਕਾਰਨ ਦਾ ਨਹੀਂ ਪਤਾ ਹੁੰਦਾ। ਮੈਂ ਤਾਂ ਆਵਾਜ਼ਾਂ ਨੂੰ ਪਛਾਣਦਾਂ, ਮੈਨੂੰ ਇਹਦੇ ਕਾਰਨਾਂ ਦਾ ਵੀ ਪਤਾ। ਮੈਂ ਈਜ਼ੀ ਟਾਰਗੈੱਟ ਆਂ ਇਸ ਲਈ ਮੈਨੂੰ ਚੁਣਿਆਂ ਇਹਨਾਂ ਲੋਕਾਂ ਨੇ।

-ਕਿਹੜੇ ਲੋਕਾਂ ਨੇ।



-ਇਹੀ ਨਿੱਕ ਤੇ ਪ੍ਰੀਤੀ ਦੇ ਏਜੰਟ, ਡਾਕਟਰਾਂ ਦੇ ਏਜੰਟ, ਪੁਲੀਸ ਵਾਲਿਆਂ ਦੇ ਬੰਦੇ ਤੇ ਹੋਰ ਕਰਿਮੀਨਲ ਟਾਈਪ ਬੰਦੇ। ਇਹਨਾਂ ਨੇ ਮੇਰੇ ਘਰ ਦੇ ਬਲਬਾਂ ਵਿੱਚ ਕੈਮਰੇ ਫਿੱਟ ਕੀਤੇ ਹੋਏ ਆ। ਪੈਰ-ਪੈਰ ਦੀ ਮੇਰੀ ਖ਼ਬਰ ਰੱਖਦੇ ਆ। ਮੇਰੇ ਨਹਾਉਂਦੇ ਦੀ ਵੀ ਫੋਟੋ ਲਈ ਜਾਂਦੇ ਆ। ਮੈਂ ਤਾਂ ਫੇਰ ਟਾਵਲ ਲਾਹ ਦਿੰਦਾ ਹੁੰਨਾ !

ਨਵੀ ਕੁਝ ਕੁ ਹੈਰਾਨ ਹੋਇਆ ਉਸ ਵੱਲ ਦੇਖ ਰਿਹਾ ਸੀ। ਜਦ ਤਕ ਸੁਮਿਤਰਾ ਖਾਣਾ ਲਾਉਣ ਲੱਗ ਪਈ। ਖਾਣਾ ਖਾ ਕੇ ਨਵੀ ਨੇ ਪੁੱਛਿਆ,

-ਤੂੰ ਰਹਿੰਦਾ ਕਿੱਥੇ ਐਂ ?

-ਮੇਰੇ ਕੋਲ ਆਪਣਾ ਫਲੈਟ ਐ ਕੌਂਸਲ ਦਾ। ਚੱਲ ਮੇਰੇ ਨਾਲ ਤੈਨੂੰ ਦਿਖਾਉਨਾਂ।

-ਅੱਜ ਤਾਂ ਨਹੀਂ ਜਾ ਹੋਣਾ, ਅੱਜ ਤਾਂ....।

-ਫੇਰ ਕਿਸੇ ਦਿਨ ਆ ਜਾਵੀਂ, ਬੈਠਾਂਗੇ। ਮੈਂ ਹੁਣ ਲੈਂਬ ਬਹੁਤ ਸੁਹਣਾ ਬਣਾਉਨਾਂ, ਦੇਖੀਂ, ਉਂਗਲਾਂ ਚੱਟਦਾ ਰਹਿ ਜਾਵੇਂਗਾ।

-ਜ਼ਰੂਰ ਆਵਾਂਗਾ, ਇਕੱਠੇ ਸ਼ਾਮ ਰੰਗੀਨ ਕਰਾਂਗੇ।

ਨਵੀ ਨੇ ਕਿਹਾ।

ਨਵੀ ਚਾਹ ਦੇ ਘੁੱਟ ਭਰ ਰਿਹਾ ਸੀ ਤੇ ਜੱਗੀ ਵਿਸਕੀ ਦੇ। ਸੁਮੀ ਖਾਣਾ ਲੈ ਆਈ। ਪੂਰੀ-ਛੋਲੇ ਦੇਖ ਕੇ ਜੱਗੀ ਖ਼ੁਸ਼ ਹੋ ਗਿਆ। ਬਹੁਤ ਦੇਰ ਬਾਅਦ ਖਾ ਰਿਹਾ ਸੀ ਇਹ ਸਭ। ਰੋਟੀ ਖਾ ਕੇ ਕੁਝ ਚਿਰ ਉਹ ਹੋਰ ਬੈਠਾ ਤੇ ਫਿਰ ਉੱਠ ਖੜ੍ਹਾ ਹੋਇਆ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਨਵੀ ਇਸ ਵੇਲੇ ਸਹਿਜ ਮਹਿਸੂਸ ਨਹੀਂ ਕਰ ਰਿਹਾ। ਉਸ ਨੇ ਕਿਹਾ,

-ਨਵੀ, ਹੁਣ ਤੇਰੇ ਕੋਲ ਮੇਰਾ ਨੰਬਰ ਤਾਂ ਹੈ ਹੀ, ਜਦ ਵੀ ਵਿਹਲ ਮਿਲਿਆ ਮੈਨੂੰ ਫੋਨ ਕਰੀਂ। ਬਹੁਤ ਸਾਰੀਆਂ ਗੱਲਾਂ ਨੇ ਕਰਨ ਵਾਲੀਆਂ।

-ਹਾਂ ਹਾਂ, ਮੈਂ ਫੋਨ ਕਰਾਂਗਾ, ਤੂੰ ਵੀ ਰੈਗੂਲਰ ਫੋਨ ਕਰੀਂ, ਜਦ ਮਰਜ਼ੀ ਆ ਜਾਇਆ ਕਰੀਂ, ਇਹ ਘਰ ਤੇਰਾ ਹੀ ਐ।

ਨਵੀ ਨੇ ਕਿਹਾ। ਜੱਗੀ ਖ਼ੁਸ਼ ਹੋ ਗਿਆ। ਉਹ ਅਲਵਿਦਾ ਕਹਿੰਦਾ ਬਾਹਰ ਬਰਫ ਮਿੱਧਦਾ ਬੱਸ ਸਟੌਪ ਵੱਲ ਤੁਰ ਗਿਆ।

ਨਵੀ ਸੁਮੀ ਨੂੰ ਜੱਗੀ ਨਾਲ ਆਪਣੀ ਦੋਸਤੀ ਬਾਰੇ ਦੱਸਦਾ ਬੋਲਿਆ,

-ਮਾੜੀ ਕਿਸਮਤ ਕਿ ਇਹਨੂੰ ਆਵਾਜ਼ਾਂ ਸੁਣਦੀਆਂ, ਓਦਾਂ ਸਭ ਠੀਕ ਐ।

-ਆਵਾਜ਼ਾਂ ਸੁਣਦੀਆਂ ! ....ਨਵੀ, ਦੂਰ ਰਹਿ ਇਸ ਪਾਗਲ ਤੋਂ !

# ਤੀਹ

ਇੱਕ ਦਿਨ ਨਵੀ ਦੇ ਫੋਨ ਦੀ ਘੰਟੀ ਵੱਜੀ। ਦੂਜੇ ਪਾਸਿਓਂ ਇੱਕ ਔਰਤ ਦੀ ਆਵਾਜ਼ ਆਈ,

-ਹੈਲੋ ਨਵੀ, ਪਛਾਣਿਆਂ ?

-ਸ਼੍ਰੀਦੇਵੀ ਤੋਂ ਬਿਨਾਂ ਹੋਰ ਕੌਣ ਹੋ ਸਕਦੈ !

-ਜੇ ਏਨਾ ਯਾਦ ਐ ਤਾਂ ਪਲਵੀ ਦੀ ਡੈੱਥ ਬਾਰੇ ਕਿਉਂ ਨਹੀਂ ਦੱਸਿਆ? ਕੀ ਮੈਨੂੰ ਏਨੇ ਜੋਗੀ ਵੀ ਨਹੀਂ ਸਮਝਿਆ ਕਿ ਮੇਰੇ ਨਾਲ ਆਪਣਾ ਦੁੱਖ ਸਾਂਝਾ ਕਰ ਸਕੇਂ?

-ਪ੍ਰੀਤੀ, ਇਹ ਬਹੁਤ ਵੱਡੀ ਹੈਪਨਿੰਗ ਸੀ, ਪਲਵੀ ਦਾ ਜਾਣਾ ਮੇਰੇ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ, ਮੈਂ ਡਿਪਰੈਸ਼ਨ ਵਿੱਚ ਚਲੇ ਗਿਆ ਸਾਂ। ਫਿਰ, ਨਾ ਮੇਰੇ ਕੋਲ ਤੁਹਾਡਾ ਫੋਨ ਨੰਬਰ ਸੀ ਤੇ ਨਾ ਹੀ ਤੁਹਾਡੇ ਕੋਲ ਮੇਰਾ ਹੋਣਾਂ, ਪਰ ਮੈਂ ਬਹੁਤ ਇਕੱਲਾ ਰਹਿ ਗਿਆ ਸਾਂ।

-ਉਹ ਤਾਂ ਮੈਂ ਸਮਝ ਸਕਦੀ ਆਂ, ਤੁਹਾਡਾ ਏਨਾ ਪਿਆਰ ਸੀ ਆਪਸ ਵਿੱਚ...., ਇਹ ਸਭ ਕਰਮ ਐ ਨਵੀ।

-ਕਰਮ ਜਾਂ ਕੁਝ ਹੋਰ ਪਰ ਰਿਐਲਟੀ ਇਹੀ ਐ ਕਿ ਉਹ ਮੈਨੂੰ ਇਕੱਲੇ ਨੂੰ ਛੱਡ ਗਈ।

-ਰਾਹੁਲ ਤਾਂ ਮੈਨੂੰ ਪਤਾ ਲੱਗਾ ਕਿ ਹੁਣ ਯੂਨੀਵਰਸਟੀ ਵਿੱਚ ਐ।

-ਹਾਂ, ਪਰ ਤੈਨੂੰ ਹੁਣ ਕਿਹਨੇ ਦੱਸਿਆ ਇਹ ਸਭ?

-ਜੈਗ ਆਇਆ ਸੀ ਇੱਕ ਦਿਨ, ਰੌਕੀ ਨੂੰ ਮਿਲਣ।

-ਹਾਂ, ਮੈਂ ਜੱਗੀ ਨੂੰ ਵੀ ਇਕਦਮ ਨਹੀਂ ਸੀ ਦੱਸਿਆ ਕਿ ਉਹਦੀ ਤਾਂ ਵਿਚਾਰੇ ਦੀ ਆਪਣੀ ਹਾਲਤ ਹੀ ਬਹੁਤ ਖਰਾਬ ਐ, ਦੇਖੀ ਨਹੀਂ ਜਾਂਦੀ।

-ਹਾਂ ਨਵੀ, ਪੂਅਰ ਜੈਗ!

-ਇਹਨੂੰ ਵੀ ਹੁਣ ਕਰਮਾ ਹੀ ਕਹੇਂਗੀ?

-ਨਵੀ, ਹਾਂ, ਕਰਮ ਹੀ ਐ, ...ਮੈਨੂੰ ਪਤਾ ਕਿ ਤੂੰ ਸਾਰਾ ਬਲੇਮ ਮੈਨੂੰ ਹੀ ਦੇਵੇਂਗਾ ਕਿਉਂਕਿ ਤੇਰੀ ਉਹਦੇ ਨਾਲ ਦੋਸਤੀ ਹੀ ਅਜਿਹੀ ਐ ਕਿ ਤੈਨੂੰ ਉਹਦਾ ਕੋਈ ਨੁਕਸ ਦਿੱਸਣਾ ਹੀ ਨਹੀਂ।

-ਖੈਰ ਪ੍ਰੀਤੀ, ਜੋ ਹੋਣਾ ਸੀ ਹੋ ਗਿਆ, ਹੁਣ ਜੇ ਤੂੰ ਕਰ ਸਕਦੀ ਐਂ ਤਾਂ ਉਹਦਾ ਧਿਆਨ ਰੱਖਿਆ ਕਰ।

-ਨਵੀ, ਇਹ ਗੱਲ ਤਾਂ ਮੈਂ ਤੈਨੂੰ ਕਹਿਣੀ ਸੀ, ਉਹ ਬਹੁਤ ਲੋਨਲੀ ਐ, ਮੈਂ ਹੁਣ ਬਹੁਤਾ ਕੁਝ ਨਹੀਂ ਕਰ ਸਕਦੀ, ਮੇਰੀ ਆਪਣੀ ਲਾਈਫ ਵੀ ਐ, ਇਹ ਤਾਂ ਚੰਗੀ ਗੱਲ ਕਿ ਉਹਦੇ ਘਰ ਆਉਣ ਨੂੰ ਨਿੱਕ ਬਹੁਤਾ ਮਾਈਂਡ ਨਹੀਂ ਕਰਦਾ।

ਪ੍ਰੀਤੀ ਨੇ ਆਖਿਆ। ਉਹ ਕਾਫੀ ਦੇਰ ਤਕ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਦੋਵੇਂ ਹੀ ਇਵੇਂ ਫੋਨ ਉਪਰ ਮਿਲ ਬਹੁਤ ਖੁਸ਼ ਸਨ। ਕੋਈ ਵੀ ਫੋਨ ਰੱਖਣ ਨੂੰ ਤਿਆਰ ਨਹੀਂ ਸੀ।

ਇੱਕ ਦਿਨ ਜੱਗੀ ਫੋਨ ਕਰਕੇ ਆਖਣ ਲੱਗਾ,

-ਨਵੀ, ਏਸ ਸੰਡੇ ਆ ਜਾ ਮੇਰੇ ਘਰ, ਲੈਮ-ਚੋਪ ਬਣਾਵਾਂਗੇ।

ਜੱਗੀ ਹੁਣ ਨਵੀ ਨੂੰ ਆਏ ਦਿਨ ਫੋਨ ਕਰ ਲਿਆ ਕਰਦਾ। ਜੱਗੀ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਉਹਦੇ ਘਰ ਚਲੇ ਜਾਂਦਾ ਪਰ ਨਵੀ ਜੱਗੀ ਦੇ ਫਲੈਟ ਵਿੱਚ ਜਾਣ ਤੋਂ ਝਿਜਕਦਾ ਰਹਿੰਦਾ। ਉਹ ਸੋਚਦਾ ਕਿ ਜੱਗੀ ਆਪਣੇ ਫਲੈਟ ਦੀ ਸਫਾਈ ਵੀ ਕਰਦਾ ਹੋਵੇਗਾ ਕਿ ਨਹੀਂ। ਜਦ ਉਹ ਗਿਆ ਤਾਂ ਇਹ ਦੇਖ ਕੇ ਉਹ ਦੇਖ ਕੇ ਹੈਰਾਨ ਰਹਿ ਗਿਆ ਕਿ



ਜੱਗੀ ਦਾ ਫਲੈਟ ਤਾਂ ਬਹੁਤ ਹੀ ਸਾਫ ਸੀ। ਬੈੱਡਰੂਮ, ਬਾਥਰੂਮ, ਰਸੋਈ ਤੇ ਬਹਿਣ ਕਮਰਾ, ਸਭ ਪੂਰੀ ਤਰ੍ਹਾਂ ਲਿਸ਼ਕ ਰਹੇ ਸਨ। ਉਹ ਹੱਸਦਾ ਹੋਇਆ ਬੋਲਿਆ,

-ਏਨੀ ਸਫਾਈ ਤਾਂ ਕੋਈ ਔਰਤ ਵੀ ਨਹੀਂ ਰੱਖ ਸਕਦੀ।

-ਹੁਣ ਮੈਂ ਔਰਤ ਵੀ ਆਂ ਤੇ ਮਰਦ ਵੀ। ਦੋਵੇਂ ਕੰਮ ਬਲਾਈ ਵਧੀਆ ਕਰ ਲੈਨਾਂ। ਮੈਂ ਦਿਨ ਬੰਨੇ ਹੋਏ ਆ। ਸੋਮਵਾਰ ਤੇ ਵੀਰਵਾਰ ਨੂੰ ਸਾਰੇ ਘਰ ਵਿੱਚ ਹੂਵਰ ਕਰਦਾਂ। ਮੰਗਲਵਾਰ ਨੂੰ ਸਾਰੀਆਂ ਖਿੜਕੀਆਂ ਤੇ ਦਰਵਾਜ਼ੇ ਸਾਫ ਕਰਦਾਂ। ਬੁੱਧਵਾਰ ਨੂੰ ਬਾਥਰੂਮ ਤੇ ਰਸੋਈ ਦੀ ਡੀਪ-ਕਲੀਨਿੰਗ ਕਰਦਾਂ। ਏਵੇਂ ਦਿਨ ਵੰਡੇ ਹੋਏ ਆ। ਸ਼ੁਕਰ-ਸ਼ਨਿਚਰ ਕੱਪੜੇ ਧੋਣਾਂ ਤੇ ਐਤਵਾਰ ਦੀ ਛੁੱਟੀ।

-ਤੈਨੂੰ ਤਾਂ ਫਿਰ, ਵਾਈਫ ਦੀ ਲੋੜ ਹੀ ਨਹੀਂ।

-ਮੈਨੂੰ ਵਾਈਫ ਦੀ ਨਹੀਂ ਔਰਤ ਦੀ ਲੋੜ ਜ਼ਰੂਰ ਹੈਗੀ ਐ, ਕਿਸੇ ਨੇ ਮੈਨੂੰ ਪੁੱਛਿਆ ਕਿ ਆਰ ਯੂ ਮੈਰਿਡ, ਮੈਂ ਕਿਹਾ, ਯੈਸ ਆਏ'ਮ ਮੈਰੀਡ ਟੂ ਮਾਈ ਰਾਈਟ ਹੈਂਡ!

ਜੱਗੀ ਨੇ ਆਖਿਆ ਤੇ ਨਵੀ ਤਾੜੀ ਮਾਰ ਕੇ ਹੱਸਣ ਲੱਗਾ ਤੇ ਉਹ ਦੋਵੇਂ ਕਿੰਨਾ ਚਿਰ ਹੱਸਦੇ ਰਹੇ। ਨਵੀ ਉਸ ਦੀ ਇਸ ਹਾਲਤ ਵਿੱਚ ਵੀ ਜ਼ਿੰਦਾ-ਦਿਲੀ ਦੇਖ ਕੇ ਬਹੁਤ ਹੈਰਾਨ ਸੀ ਤੇ ਖੁਸ਼ ਵੀ। ਫਿਰ ਨਵੀ ਕੌਫੀ ਟੇਬਲ 'ਤੇ ਪਏ ਮੈਗਜ਼ੀਨ 'ਨੇਚਰ' ਨੂੰ ਚੁੱਕ ਕੇ ਦੇਖਣ ਲੱਗਾ। ਜੱਗੀ ਬੋਲਿਆ,

-ਮੈਂ ਹਰ ਚੀਜ਼ ਨਾਲ ਅੱਪ ਟੂ ਡੇਟ ਰਹਿਣ ਦੀ ਕੋਸ਼ਿਸ਼ ਕਰਦਾਂ। ਇਹਦਾ ਹਰ ਈਸ਼ੂ ਮੈਂ ਖਰੀਦਦਾਂ।

-ਚੰਗੀ ਗੱਲ ਐ, ਨਾਲੇ ਜਾਣਕਾਰੀ ਮਿਲਦੀ ਐ ਤੇ ਨਾਲੇ ਟਾਈਮ ਵੀ ਪਾਸ ਹੋ ਜਾਂਦਾ।

-ਟਾਈਮ ਪਾਸ ਕਰਨ ਦਾ ਮੇਰੇ ਕੋਲ ਇੱਕ ਹੋਰ ਬਹੁਤ ਵਧੀਆ ਤਰੀਕਾ ਹੈਗਾ।

ਆਖਦਾ ਉਸ ਨੂੰ ਰਸੋਈ ਵਿੱਚ ਲੈ ਗਿਆ। ਉੱਥੋਂ ਏ ਫੋਰ ਨਾਮੀ ਸੜਕ ਜੋ ਫਲੈਟ ਦੇ ਪਿਛਵਾੜਿਓਂ ਲੰਘਦੀ ਸੀ, ਦਿਖਾਉਂਦਾ ਬੋਲਿਆ,

-ਆਹ ਦੇਖ, ਰੌਣਕਾਂ ਹੀ ਰੌਣਕਾਂ! ਹਜ਼ਾਰਾਂ-ਲੱਖਾਂ ਕਾਰਾਂ ਲੰਘਦੀਆਂ ਇੱਥੋਂ ਦੀ। ਆਹ ਕੁਰਸੀ ਮੈਂ ਕਾਰਾਂ ਦੇਖਣ ਲਈ ਇੱਥੇ ਰੱਖੀ ਹੋਈ ਐ।

-ਕੀ ਮਤਲਬ?

-ਜਦ ਟਾਈਮ ਪਾਸ ਨਾ ਹੋਵੇ ਤਾਂ ਇੱਥੇ ਕੁਰਸੀ 'ਤੇ ਆ ਕੇ ਬਹਿ ਜਾਨਾਂ ਤੇ ਕਾਰਾਂ ਦੇਖਣ ਲੱਗਦਾਂ ਤੇ ਕਈ ਵਾਰ ਤਾਂ ਗਿਣਨ ਵੀ ਲੱਗ ਪੈਨਾਂ। ਕਈ ਵਾਰ ਕਾਰਾਂ ਦੇ ਰੰਗ ਵੀ ਗਿਣਦਾਂ, ਯਾਰ ਨਵੀ, ਹੁਣ ਕਈ ਨਵੇਂ ਨਵੇਂ ਰੰਗਾਂ ਦੀਆਂ ਕਾਰਾਂ ਮਾਰਕੀਟ ਵਿੱਚ ਆ ਗਈਆਂ।

ਜੱਗੀ ਦੀ ਗੱਲ ਸੁਣ ਕੇ ਨਵੀ ਇਕਦਮ ਚੁੱਪ ਹੋ ਗਿਆ। ਜੱਗੀ ਫਿਰ ਬੋਲਿਆ,

-ਯਾਰ ਨਵੀ, ਕਈ ਵਾਰ ਟਾਈਮ ਬੋਝਲ ਹੋ ਜਾਂਦਾ। ਟੈਲੀ ਵੀ ਕਿੰਨਾ ਕੁ ਦੇਖ ਲਵਾਂ। ਮੈਂ ਬਹੁਤ ਸਾਰੀਆਂ ਕਿਤਾਬਾਂ ਲਿਆਂਦੀਆਂ ਹੋਈਆਂ। ਕਦੇ ਕਦੇ ਪੜ੍ਹ ਲੈਨਾਂ। ਡਾਇਰੀ ਵੀ ਲਿਖਣ ਦੀ ਕੋਸ਼ਿਸ਼ ਕਰਦਾਂ ਪਰ ਲਿਖ ਨਹੀਂ ਹੁੰਦੀ।

ਨਵੀ ਉਸ ਕੋਲ ਕਈ ਘੰਟੇ ਬੈਠਾ ਰਿਹਾ। ਖੂਬ ਗੱਲਾਂ ਹੋਈਆਂ। ਸੁਣਦੀਆਂ ਆਵਾਜ਼ਾਂ ਬਾਰੇ, ਰੌਕੀ ਬਾਰੇ, ਉਸ ਦੇ ਵਿਆਹ ਬਾਰੇ ਵੀ ਤੇ ਵਿਆਹ ਟੁੱਟਣ ਬਾਰੇ ਵੀ।

ਰੌਕੀ ਦੀ ਬਿਮਾਰੀ ਬਾਰੇ ਉਸ ਨੇ ਦੱਬਵੀਂ ਜਿਹੀ ਜ਼ੁਬਾਨ ਵਿੱਚ ਹੀ ਦੱਸਿਆ। ਨਵੀ ਨੇ ਪੁੱਛਿਆ,

–ਤੂੰ ਹਾਲੇ ਵੀ ਪ੍ਰੀਤੀ ਨੂੰ ਮਿਲਣ ਜਾਨੈ ?

–ਪ੍ਰੀਤੀ ਨੂੰ ਮਿਲਣ ਕੌਣ ਜਾਂਦੈ, ਮੈਂ ਤਾਂ ਰੌਕੀ ਨੂੰ ਦੇਖਣ ਜਾਨਾ ਹੁੰਨਾ।

–ਨਹੀਂ ਜੱਗੀ, ਮੈਂ ਤੈਨੂੰ ਜਾਣਦਾਂ, ਤੂੰ ਪ੍ਰੀਤੀ ਨੂੰ ਪਿਆਰ ਹੀ ਏਨਾ ਕਰਦਾਂ ਕਿ ਉਹਦੇ ਸਾਰੇ ਗੁਨਾਹ ਮੁਆਫ ਕਰ ਸਕਦਾਂ।

–ਨਹੀਂ ਨਵੀ, ਏਦਾਂ ਦੀ ਕੋਈ ਗੱਲ ਨਹੀਂ।

ਆਖਦਾ ਜੱਗੀ ਵਿਸਕੀ ਦੀ ਬੋਤਲ ਚੁੱਕ ਲਿਆਇਆ। ਉਸ ਦੇ ਬਹੁਤ ਕਹਿਣ ’ਤੇ ਨਵੀ ਨੇ ਵੀ ਇੱਕ ਡਰਿੰਕ ਲੈ ਲਈ। ਨਵੀ ਜਾਣ ਲੱਗਿਆ ਤਾਂ ਜੱਗੀ ਬੋਲਿਆ,

–ਆਹ ਨਾਲ ਹੀ ਦੁਕਾਨ ਐ, ਉੱਥੋਂ ਮੈਂ ਤੈਨੂੰ ਫਲੈਟ ਦੀ ਚਾਬੀ ਬਣਾ ਦਿੰਨਾਂ। ਜਦ ਮਰਜ਼ੀ ਆ ਜਾਇਆ ਕਰ। ਜੇ ਤੈਨੂੰ ਕਦੇ ਆਪਣੇ ਮੁੰਡੇ ਦਾ ਡਰ ਹੋਵੇ ਤਾਂ ਸਹੇਲੀ ਲੈ ਕੇ ਇੱਥੇ ਆ ਜਾਇਆ ਕਰ। ਮੈਨੂੰ ਪਹਿਲਾਂ ਦਸ ਦੇਵੀਂ, ਮੈਂ ਕੁਝ ਘੰਟਿਆਂ ਲਈ ਬਾਹਰ ਚਲੇ ਜਾਇਆ ਕਰਾਂਗਾ।

–ਥੈਂਕਸ ਯਾਰ ਜੱਗੀ, ਇਹਦੀ ਮੈਨੂੰ ਲੋੜ ਨਹੀਂ।

ਇੱਕ ਦਿਨ ਜੱਗੀ ਨਵੀ ਦੇ ਘਰ ਗਿਆ ਤਾਂ ਉਹ ਲੈਪਟੌਪ ਗੋਦੀ ਵਿੱਚ ਲਈ ਬੈਠਾ ਸੀ। ਜੱਗੀ ਆਖਣ ਲੱਗਾ,

–ਯਾਰ, ਆਹ ਇੰਟਰਨੈੱਟ, ਯੂਟਿਊਬ, ਫੇਸਬੁੱਕ, ਗੂਗਲ ਕਿਹੜੀਆਂ ਬਲਾਂਵਾਂ ਹੈਗੀਆਂ ? ਸਮਝਾ ਮੈਨੂੰ ਵੀ।

–ਨਵੀ ਟੈਕਨੌਲੋਜੀ ਨੇ ਇੱਕ ਐਸਾ ਬਿਜਲਈ ਮਕੜਜਾਲ਼ ਬੁਣ ਦਿੱਤਾ ਕਿ ਸਾਰੀ ਦੁਨੀਆ ਇਸੇ ਵਿੱਚ ਵਾੜ ਦਿੱਤੀ ਐ। ਇਹਦੇ ਵਿੱਚ ਹੀ ਇਹ ਸਾਰੀਆਂ ਚੀਜ਼ਾਂ ਹੈਗੀਆਂ।

ਤੇ ਉਹ ਇੰਟਰਨੈੱਟ ਖੋਲ੍ਹ ਕਿ ਇੱਕ ਇੱਕ ਕਰਕੇ ਇਹ ਸਾਰੀਆਂ ਚੀਜ਼ਾਂ ਉਸ ਨੂੰ ਦਿਖਾਉਣ ਲੱਗਾ। ਜੱਗੀ ਹੈਰਾਨ ਹੋਈ ਜਾ ਰਿਹਾ ਸੀ। ਉਹ ਬੋਲਿਆ,

–ਯਾਰ, ਮੈਨੂੰ ਵੀ ਇਹ ਵਾਜਾ ਜਿਹਾ ਲੈ ਦੇ। ਕਿੰਨੇ ਕੁ ਦਾ ਇਹ ?

–ਇਹੀ ਕੋਈ ਢਾਈ ਤਿੰਨ ਸੌ ਪੌਂਡ ਦਾ, ਪਰ ਇਹਦੇ ਇਕੱਲੇ ਨਾਲ ਨਹੀਂ ਸਰਨਾ, ਬਰੌਡਬੈਂਡ ਦਾ ਕਨੈਕਸ਼ਨ ਵੀ ਲੈਣਾ ਪੈਣਾ, ਫੋਨ ਰਾਹੀਂ।

–ਤੂੰ ਫਿਕਰ ਨਾ ਕਰ, ਮੈਂ ਕਰ ਲਊਂ ਏਨੇ ਕੁ ਦਾ ਇੰਤਜ਼ਾਮ।

ਜੱਗੀ ਨੇ ਹੌਂਸਲੇ ਨਾਲ ਕਿਹਾ। ਤੇ ਉਸ ਨੇ ਛੇਤੀ ਹੀ ਇੱਕ ਲੈਪਟੌਪ ਲੈ ਲਿਆ ਤੇ ਬਰੌਡਬੈਂਡ ਦਾ ਕੁਨੈਕਸ਼ਨ ਵੀ। ਨਵੀ ਕੁਝ ਕੁ ਵਾਰ ਉਸ ਦੇ ਫਲੈਟ ਵਿੱਚ ਜਾ ਕੇ ਉਸ ਨੂੰ ਸਭ ਕੁਝ ਚਲਾਉਣਾ ਸਿਖਾ ਆਇਆ। ਈਮੇਲ ਐਡਰਸ ਵੀ ਬਣਾ ਦਿੱਤਾ ਤੇ ਫੇਸਬੁੱਕ ਉਪਰ ਖਾਤਾ ਵੀ ਖੋਲ੍ਹ ਲਿਆ। ਜੱਗੀ ਬਹੁਤ ਖ਼ੁਸ਼ ਸੀ। ਇਹ ਉਸ ਲਈ ਨਵੀਂ ਦੁਨੀਆ ਸੀ।

ਇੱਕ ਦਿਨ ਨਵੀ ਜੱਗੀ ਦੇ ਫਲੈਟ ਵਿੱਚ ਸੁਮਿਤਰਾ ਨੂੰ ਵੀ ਲੈ ਗਿਆ। ਸੁਮਿਤਰਾ ਜਾਣਾ ਤਾਂ ਨਹੀਂ ਸੀ ਚਾਹੁੰਦੀ ਪਰ ਨਵੀ ਨੇ ਜ਼ਿਆਦਾ ਕਿਹਾ ਤਾਂ ਚਲੇ ਗਈ। ਸੁਮਿਤਰਾ ਨੂੰ ਦੇਖ ਕੇ ਜੱਗੀ ਦੀਆਂ ਅੱਖਾਂ ਵਿੱਚ ਅਜੀਬ ਜਿਹੀ ਚਮਕ ਆ ਗਈ। ਸੁਮਿਤਰਾ ਨੇ ਉਸ ਦੀ



ਰਸੋਈ ਵਿੱਚ ਜਾ ਕੇ ਸਭ ਲਈ ਚਾਹ ਬਣਾਈ। ਜੱਗੀ ਵੀ ਬਹਾਨੇ ਨਾਲ ਉੱਠ ਕੇ ਰਸੋਈ ਵਿੱਚ ਚਲੇ ਗਿਆ ਤੇ ਬਹਾਨਾ ਜਿਹਾ ਕਰਕੇ ਸੁਮਿਤਰ ਨੂੰ ਛੋਹਣ ਦੀ ਕੋਸ਼ਿਸ਼ ਕਰਨ ਲੱਗਾ। ਸੁਮਿਤਰਾ ਇਕਦਮ ਬਾਹਰ ਨਿਕਲ ਆਈ ਤੇ ਇਸ਼ਾਰੇ ਨਾਲ ਹੀ ਨਵੀ ਨੂੰ ਸਮਝਾਉਣ ਲੱਗੀ। ਨਵੀ ਨੇ ਚੁੱਪ ਰਹਿਣ ਲਈ ਆਖਿਆ। ਚਾਹ ਪੀਂਦਿਆਂ ਉਹ ਸੁਮਿਤਰਾ ਵੱਲ ਹੀ ਦੇਖੀ ਜਾ ਰਿਹਾ ਸੀ। ਨਵੀ ਹੈਰਾਨ ਵੀ ਸੀ ਤੇ ਪਰੇਸ਼ਾਨ ਵੀ। ਉਸ ਨੂੰ ਜੱਗੀ ਤੋਂ ਇਸ ਗੱਲ ਦੀ ਆਸ ਨਹੀਂ ਸੀ। ਸਮਿਤਰਾ ਵੱਲ ਦੇਖਦਾ ਅਚਾਨਕ ਜੱਗੀ ਬੋਲਿਆ,

–ਸੁਮੀ ਡਾਰਲਿੰਗ, ਮੈਂ ਵੀ ਬਹੁਤ ਰੁਮਾਂਟਿਕ ਆਂ। ਮੈਂ ਵੀ ਗਰਲ ਫ੍ਰੈਂਡ ਬਿਨਾਂ ਨਹੀਂ ਰਹਿ ਸਕਦਾ।

ਉਸ ਦੀ ਗੱਲ ਸੁਣ ਕੇ ਪਹਿਲਾਂ ਤਾਂ ਨਵੀ ਨੂੰ ਗੁੱਸਾ ਆ ਗਿਆ ਪਰ ਫਿਰ ਇਸ ਨੂੰ ਮਜ਼ਾਕ ਵਿੱਚ ਉਡਾਉਂਦਾ ਬੋਲਿਆ,

–ਅੱਛਾ ! ਤੂੰ ਦੱਸਿਆ ਹੀ ਨਹੀਂ ਕਿ ਤੇਰੇ ਕੋਲ ਵੀ ਗਰਲ ਫ੍ਰੈਂਡ ਹੈਗੀ ? ਕਦੇ ਮਿਲਾ, ਮੈਂ ਵੀ ਉਹਨੂੰ ਡਾਰਲਿੰਗ ਕਹਿ ਲਵਾਂ।

–ਜ਼ਰੂਰ ਨਵੀ ਸਿਆਂ। ਆਪਾਂ ਭਰਾ ਆਂ, ਕੁਝ ਵੰਡਿਆ ? ਬਸ ਹੁਣ ਮੈਂ ਉਹਨੂੰ ਫੇਸਬੁੱਕ ਤੋਂ ਲੱਭ ਲੈਣਾ।

–ਨਹੀਂ, ਗਵਾਚੀ ਤਾਂ ਨਹੀਂ ਪਰ ਮੇਰੇ ਤੋਂ ਉਹਦਾ ਫੋਨ ਨੰਬਰ ਗਵਾਚ ਗਿਆ।

–ਕਿੱਥੇ ਮਿਲੀ ਸੀ ?

–ਹਸਪਤਾਲ ਹੀ।

–ਕਦੋਂ ਕੁ ਦੀ ਗੱਲ ਐ ?

–ਹੋ ਗਏ ਪੰਦਰਾਂ ਕੁ ਸਾਲ।

## ਇਕੱਤੀ

ਉਸ ਦਿਨ ਨਵੀ ਨੂੰ ਇੱਕ ਨਵੇਂ ਜੱਗੀ ਦੇ ਦਰਸ਼ਨ ਹੋਏ। ਕੋਈ ਵੀ ਮਾੜੀ ਘਟਨਾ ਵਾਪਰ ਸਕਦੀ ਸੀ। ਉਹ ਸੁਮਿਤਰਾ ਨੂੰ ਕੁਝ ਵੀ ਕਹਿ ਸਕਦਾ ਸੀ। ਇਸ ਬਾਰੇ ਉਸ ਨੇ ਬਹੁਤ ਸੋਚਿਆ ਪਰ ਉਸ ਨੇ ਜੱਗੀ ਨੂੰ ਮੁਆਫ ਕਰ ਦਿੱਤਾ। ਸੁਮਿਤਰਾ ਦਾ ਗੁੱਸਾ ਵੀ ਲਾਡ-ਪਿਆਰ ਨਾਲ ਠੰਢਾ ਕਰ ਲਿਆ। ਏਨਾ ਜ਼ਰੂਰ ਹੋਇਆ ਕਿ ਮੁੜ ਕੇ ਉਸ ਨੇ ਜੱਗੀ ਨੂੰ ਆਪਣੇ ਘਰ ਆਉਣ ਲਈ ਕਦੇ ਵੀ ਉਤਸ਼ਾਹਿਤ ਨਾ ਕੀਤਾ। ਉਹ ਆਉਣਾ ਚਾਹੁੰਦਾ ਹੁੰਦਾ ਤਾਂ ਬਹਾਨਾ ਬਣਾ ਕੇ ਟਰਕਾ ਦਿੰਦਾ। ਉਸ ਨੇ ਜੱਗੀ ਨਾਲ ਹਮਦਰਦੀ ਉਵੇਂ ਹੀ ਰੱਖੀ ਪਰ ਇੱਕ ਫਰਕ ਜਿਹਾ ਪੈਦਾ ਕਰ ਲਿਆ। ਰਾਹੁਲ ਦੇ ਇਕੀਵੇਂ ਜਨਮ ਦਿਨ ਦੀ ਪਾਰਟੀ ਵੱਡੇ ਹਾਲ ਵਿੱਚ ਰੱਖੀ ਪਰ ਜੱਗੀ ਨੂੰ ਉਸ ਨੇ ਨਾ ਸੱਦਿਆ। ਜੱਗੀ ਵੀ ਕੁਝ ਕੁਝ ਸਮਝਣ ਲੱਗਿਆ ਸੀ। ਉਹ ਵੀ ਉਦੋਂ ਹੀ ਨਵੀ ਦੇ ਘਰ ਜਾਂਦਾ ਜਦੋਂ ਉਸ ਦਾ ਸਰਦਾ ਨਹੀਂ ਸੀ। ਖਾਸ ਤੌਰ ’ਤੇ ਹੁਣ ਜਦੋਂ ਤੋਂ ਇੰਡੀਆ ਦਾ ਵੀਜ਼ਾ ਔਨ ਲਾਈਨ ਹੋਇਆ ਸੀ ਤਾਂ ਜੱਗੀ ਵੀਜ਼ੇ ਲਈ ਨਵੀ ਰਾਹੀਂ ਹੀ ਐਪਲਾਈ ਕਰਦਾ ਤੇ ਨਵੀ ਵੱਲ ਜਾਣਾ ਹੀ ਪੈਂਦਾ।

ਜੱਗੀ ਲਈ ਏਨਾ ਹੀ ਬਹੁਤ ਸੀ ਕਿ ਨਵੀ ਹਰ ਸਮੇਂ ਉਸ ਦੀ ਮੱਦਦ ਲਈ ਤਿਆਰ ਰਹਿੰਦਾ ਸੀ। ਨਿੱਕਾ ਜਿਹਾ ਵੀ ਕੰਮ ਹੁੰਦਾ ਤਾਂ ਨਵੀ ਭੱਜਿਆ ਆਉਂਦਾ। ਜੱਗੀ ਨੂੰ ਨਵੀ ਦਾ ਬਹੁਤ ਸਹਾਰਾ ਸੀ। ਨਵੀ ਪਹਿਲੀਆਂ ਵਿੱਚ ਇੰਡੀਆ ਗਿਆ ਇੱਕ ਵਾਰ ਜੱਗੀ ਦੇ ਘਰ ਵੀ ਗਿਆ ਸੀ। ਉਸ ਦੇ ਮਾਂਪਿਓ ਤੇ ਭੈਣ ਭਣੋਈਏ ਨੂੰ ਵੀ ਮਿਲਿਆ ਹੋਇਆ ਸੀ। ਹੁਣ ਜਦ ਜੱਗੀ ਨੇ ਚਰਨਜੀਤ ਨੂੰ ਨਵੀ ਬਾਰੇ ਦੱਸਿਆ ਤਾਂ ਉਹ ਬਹੁਤ ਖੁਸ਼ ਹੋਈ ਕਿ ਕੋਈ ਤਾਂ ਹੈ ਉਸ ਦੇ ਭਰਾ ਨਾਲ ਖੜਨ ਵਾਲਾ। ਇਹੋ ਹੀ ਨਹੀਂ ਹੁਣ ਚਰਨਜੀਤ ਨਵੀ ਨੂੰ ਫੋਨ ਵੀ ਕਰ ਲਿਆ ਕਰਦੀ। ਜੇ ਕਦੇ ਜੱਗੀ ਨਾਲ ਫੋਨ ਨਾ ਲੱਗਦਾ ਤਾਂ ਉਹ ਨਵੀ ਨੂੰ ਕਰ ਲੈਂਦੀ।

ਜੱਗੀ ਹੁਣ ਕਦੇ ਕਦੇ ਇੰਟਰਨੈੱਟ ਵਰਤਿਆ ਕਰਦਾ। ਫਿਲਮਾਂ ਦੇਖਦਾ, ਹੋਰ ਜਾਣਕਾਰੀ ਵੀ ਹਾਸਲ ਕਰਦਾ ਰਹਿੰਦਾ। ਇਹ ਵਕਤ ਲੰਘਾਉਣ ਦਾ ਵਧੀਆ ਤਰੀਕਾ ਸੀ। ਫਿਰ ਦੁਨੀਆ ਭਰ ਦੀ ਖ਼ਬਰ ਵੀ ਰਹਿੰਦੀ ਸੀ। ਇੰਟਰਨੈੱਟ ਉਸ ਨੂੰ ਸੁਣਦੀਆਂ ਆਵਾਜ਼ਾਂ ਨੂੰ ਕੁਝ ਕੁ ਮੱਧਮ ਜ਼ਰੂਰ ਕਰਦਾ ਪਰ ਬਹੁਤਾ ਸਹਾਈ ਨਾ ਹੋਇਆ। ਇੰਟਰਨੈੱਟ ਨੂੰ ਸਮਝਦਿਆਂ ਉਸ ਨੂੰ ਯਕੀਨ ਹੋ ਗਿਆ ਕਿ ਜ਼ਰੂਰ ਉਸ ਦੇ ਸਿਰ ਵਿੱਚ ਕੋਈ ਚਿੱਪ ਫਿੱਟ ਕੀਤੀ ਹੋਈ ਹੈ, ਨਹੀਂ ਤਾਂ ਉਸ ਦੀ ਹਰ ਚਾਲ ਦੀ ਉਹਨਾਂ ਲੋਕਾਂ ਨੂੰ ਕਿਵੇਂ ਸਮਝ ਪੈ ਜਾਂਦੀ ਹੈ। ਉਹ ਰੌਕੀ ਨੂੰ ਮਿਲਣ ਜਾਂਦਾ ਤਾਂ ਆਪਣਾ ਲੈਪਟੌਪ ਵੀ ਨਾਲ ਲੈ ਜਾਂਦਾ। ਇੱਕ ਦਿਨ ਪ੍ਰੀਤੀ ਉਸ ਵੱਲ ਦੇਖਦੀ ਆਪਣੇ ਖਾਸ ਅੰਦਾਜ਼ ਵਿੱਚ ਮੁਸਕ੍ਰਾਈ ਤੇ ਕਹਿਣ ਲੱਗੀ,

–ਜੈਗ, ਰੌਕੀ ਦਾ ਲੈਪਟੌਪ ਖਰਾਬ ਹੋ ਗਿਆ। ਮੇਰੇ ਕੋਲ ਏਨੇ ਪੈਸੇ ਵੀ ਹੈ ਨਹੀਂ ਕਿ ਹੋਰ ਲੈ ਦੇਵਾਂ।

ਜੱਗੀ ਸਮਝ ਗਿਆ। ਉਸ ਨੇ ਆਪਣਾ ਲੈਪਟੌਪ ਉਸੇ ਵੇਲੇ ਰੌਕੀ ਨੂੰ ਦੇ ਦਿੱਤਾ ਤੇ ਆਪ ਸੈਕਿੰਡ ਹੈਂਡ ਹੋਰ ਲੈ ਲਿਆ। ਜੱਗੀ ਨੂੰ ਪੈਸੇ ਤਾਂ ਸਾਵੇਂ ਹੀ ਮਿਲਦੇ ਸਨ ਪਰ ਉਸ ਦੇ ਖਰਚ ਬਹੁਤ ਸੀਮਤ ਸਨ ਇਸ ਲਈ ਕੁਝ ਬਚ ਜਾਂਦੇ ਸਨ।

ਜੱਗੀ ਹੁਣ ਅਕਸਰ ਨਵੀ ਬਾਰੇ ਸੋਚਦਾ ਰਹਿੰਦਾ ਕਿ ਕਿਵੇਂ ਇਸ ਉਮਰ ਵਿੱਚ ਵੀ ਔਰਤ ਰੱਖੀ ਹੋਈ ਸੀ। ਉਸ ਨੂੰ ਨਵੀ ਨੇ ਦੱਸਿਆ ਸੀ ਕਿ ਉਸ ਕੋਲ ਇੱਕ ਨੌਜਵਾਨ ਗਰਲ ਫ੍ਰੈਂਡ ਵੀ ਹੈ ਸੀ, ਪਿੱਛੇ ਜਿਹੇ ਉਸ ਨੂੰ ਲੈ ਕੇ ਯੌਰਪ ਨੂੰ ਗਿਆ ਸੀ। ਕਾਰ ਰਾਹੀਂ ਕਈ ਮੁਲਕਾਂ ਵਿੱਚ ਘੁੰਮ ਕੇ ਆਇਆ। ਉਸ ਸੋਚਦਾ ਕਿ ਏਨੇ ਹਜ਼ਾਰ ਮੀਲ ਕਾਰ ਉਸ ਨੇ ਕਿਵੇਂ ਚਲਾਈ ਹੋਵੇਗੀ, ਉਹ ਉਸ ਦਾ ਹਾਣੀ ਹੀ ਤਾਂ ਹੈ, ਉਹ ਕਿਉਂ ਹੌਸਲਾ ਢਾਅ ਕੇ ਬੈਠਾ ਹੈ, ਉਸ ਨੂੰ ਵੀ ਨਵੀ ਵਾਂਗ ਤੇਜ਼-ਤਰਾਰ ਹੋਣ ਦੀ ਲੋੜ ਹੈ। ਉਸ ਦਾ ਵੀ ਦਿਲ ਕਰਨ ਲੱਗਿਆ ਕਿ ਕਿਉਂ ਨਾ ਉਹ ਵੀ ਇੱਕ ਕਾਰ ਲੈ ਲਵੇ, ਹਲਕੀ ਜਿਹੀ ਹੀ ਸਹੀ। ਬਹੁਤ ਸਾਲ ਹੋ ਗਏ ਸਨ ਉਸ ਨੂੰ ਕਾਰ ਚਲਾਇਆਂ। ਇੰਡੀਆ ਗਿਆ ਜ਼ਰੂਰ ਚਲਾਉਂਦਾ ਸੀ ਪਰ ਇੱਥੇ ਬਹੁਤ ਸਾਲ ਪਹਿਲਾਂ ਡਾਕਟਰ ਨੇ ਮਨ੍ਹਾਂ ਕਰ ਦਿੱਤਾ ਸੀ। ਉਹ ਸਮਝਦਾ ਸੀ ਕਿ ਜਦ ਉਸ ਕੋਲ ਲਾਇਸੰਸ ਹੈ ਤੇ ਉਹ ਠੀਕ-ਠਾਕ ਹੈ ਤਾਂ ਕਿਉਂ ਨਹੀਂ ਕਾਰ ਖਰੀਦ ਲੈਂਦਾ। ਕਾਰ ਬਾਰੇ ਸੋਚਦਿਆਂ ਹੀ ਉਸ ਨੂੰ ਆਪਣੇ ਅੰਦਰ ਇੱਕ ਨਵੀਂ ਸ਼ਕਤੀ ਜਿਹੀ ਆਉਂਦੀ ਮਹਿਸੂਸ ਹੋਈ। ਉਸ ਨੇ ਨਵੀ ਨੂੰ ਫੋਨ ਕਰ ਕਿਹਾ,



–ਯਾਰ, ਇੰਟਰਨੈੱਟ ਤੋਂ ਮੇਰੇ ਲਈ ਕੋਈ ਕਾਰ ਲੱਭ, ਸਸਤੀ ਜਿਹੀ, ਜਿਹੜੀ ਮੇਰਾ ਕੰਮ ਚਲਾ ਦੇਵੇ, ਮੈਨੂੰ ਏਧਰ ਓਧਰ ਦੁੜਾਈ ਫਿਰੇ, ਦੇਖਣ ਨੂੰ ਭਾਵੇਂ ਕਿਹੋ ਜਿਹੀ ਹੋਵੇ।

–ਕਾਰ ? ਤੂੰ ਕੀ ਕਰਨੀ ਆਂ ਕਾਰ ? ਕਿਤੇ ਐਕਸੀਡੈਂਟ ਕਰਾ ਬੈਠੇਂਗਾ।

–ਨਹੀਂ ਯਾਰ, ਪੀ ਕੇ ਤਾਂ ਆਪਾਂ ਚਲਾਉਣੀ ਹੀ ਨਹੀਂ।

–ਜੱਗੀ, ਤੂੰ ਪੀ ਕੇ ਕਾਰ ਚਲਾਉਣ ਤੋਂ ਰਹਿ ਨਹੀਂ ਸਕਣਾ। ਚੇਤਾ ਕਰ ਪੁਰਾਣੇ ਦਿਨ। ਡਰਿੰਕ ਐਂਡ ਡਰਾਈਵ ਨੇ ਹੀ ਸਾਰੇ ਪੰਗੇ ਪਾਏ ਆ।

–ਉਹ ਪੁਰਾਣੇ ਦਿਨ ਸੀ, ਨਵੀ ਸਿਆਂ, ਮੈਂ ਹੁਣ ਬਦਲ ਚੁੱਕਾਂ। ਤੂੰ ਚਿੰਤਾ ਨਾ ਕਰ, ਪਹਿਲਾਂ ਕਾਰ ਲੱਭ ਦੇ ਤੇ ਫੇਰ ਉਹਦੀ ਇੰਨਸ਼ੋਐਰੰਸ ਵੀ ਕਰਾ ਦੇ, ਮਹੀਨੇ ਦੀ ਮਹੀਨੇ ਦੇਈ ਜਾਵਾਂਗਾ।

–ਦੇਖ ਲੈ, ਮਹਿੰਗਾ ਸੌਦਾ ਸਾਰਾ।

–ਨਹੀਂ, ਮੈਂ ਕਾਰ ਜੋਗੇ ਪੈਸੇ ਇੰਡੀਆ ਤੋਂ ਲੈ ਆਇਆ ਸੀ ਤੇ ਇੰਸ਼ੋਐਰੰਸ ਮੈਂ ਕਿਸੇ ਨਾ ਕਿਸੇ ਤਰ੍ਹਾਂ ਦੇਈ ਜਾਵਾਂਗਾ। ਤੈਨੂੰ ਪਤਾ ਕਿ ਸ਼ਰਾਬ ਤੋਂ ਬਿਨਾਂ ਤਾਂ ਮੇਰਾ ਕੋਈ ਖਰਚ ਹੈ ਹੀ ਨਹੀਂ।

ਆਖਦਾ ਜੱਗੀ ਹੱਸਣ ਲੱਗਿਆ ਤੇ ਫਿਰ ਬੋਲਿਆ,

–ਦੱਸ ਕਦ ਆਵਾਂ ਤੇਰੇ ਕੋਲ ?

–ਜਦ ਮਰਜ਼ੀ ਆ ਜਾ ਪਹਿਲਾਂ ਮੈਨੂੰ ਕਾਰ ਲੱਭ ਲੈਣ ਦੇ। ਇਹ ਦੱਸ ਤੇਰਾ ਬੱਜਟ ਕਿੰਨੇ ਕੁ ਦਾ ਐ ?

–ਹਜ਼ਾਰ ਕੁ ਪੌਂਡ ਦਾ। ਏਨੇ ਕੁ ਮੇਰੇ ਕੋਲ ਹੈਗੇ ਆ।

ਨਵੀ ਨੇ ਉਸੇ ਵੇਲੇ ਹੀ ਫੋਨ ਉਪਰ ਕਾਰਾਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ। ਹਜ਼ਾਰ ਪੌਂਡ ਦੀ ਇੱਕ ਪੁਰਾਣੀ ਜਿਹੀ ਮਾਈਕਰਾ ਜਿਹੜੀ ਚੰਗੀ ਹਾਲਤ ਵਿੱਚ ਸੀ, ਮਿਲ ਗਈ। ਉਸ ਨੇ ਜੱਗੀ ਨੂੰ ਫੋਨ ਕਰ ਕੇ ਦੱਸਿਆ। ਜੱਗੀ ਉਸੇ ਵੇਲੇ ਹੀ ਬੱਸ ਫੜ ਕੇ ਆ ਗਿਆ। ਕਾਰ ਨਵੀ ਦੇ ਘਰ ਦੇ ਨਜ਼ਦੀਕ ਹੀ ਸੀ। ਉਹ ਗਏ ਤੇ ਕਾਰ ਪਸੰਦ ਆ ਗਈ ਤੇ ਉਹ ਖਰੀਦ ਲਈ। ਕਾਰ ਲੈ ਕੇ ਨਵੀ ਦੇ ਘਰ ਆਏ ਤੇ ਨਵੀ ਇੰਟਰਨੈੱਟ ਤੋਂ ਉਸ ਦੀ ਇੰਸ਼ੋਰਐਰੰਸ ਕਰਾਉਣ ਲੱਗ ਪਿਆ। ਜੱਗੀ ਉਸ ਨੂੰ ਆਪਣਾ ਡੈਬਿਟ ਕਾਰਡ ਦਿੰਦਾ ਬੋਲਿਆ,

–ਮੈਂ ਆਉਨਾ, ਜਦ ਤਕ ਤੂੰ ਇੰਸ਼ੋਰਐਰੰਸ ਵਾਲਾ ਕੰਮ ਮੁਕਾ ਲੈ।

ਉਸ ਨੇ ਕਾਰ ਸਟਾਰਟ ਕੀਤੀ ਤੇ ਹਵਾ ਹੋ ਗਿਆ। ਸਭ ਤੋਂ ਪਹਿਲਾਂ ਉਹ ਪ੍ਰੀਤੀ ਕੋਲ ਗਿਆ। ਕਾਰ ਦੀਆਂ ਚਾਬੀਆਂ ਦਿਖਾਉਂਦਾ ਰੌਕੀ ਨੂੰ ਬੋਲਿਆ,

–ਤੂੰ ਤੇ ਕਾਰ ਦਾ ਲਾਇਸੰਸ ਵੀ ਨਹੀਂ ਲੈ ਸਕਿਆ। ਚੱਲ ਤੈਨੂੰ ਗੇੜਾ ਦਵਾ ਕੇ ਲਿਆਵਾਂ।

ਰੌਕੀ ਤੋਂ ਪਹਿਲਾਂ ਪ੍ਰੀਤੀ ਬੋਲੀ,

–ਜੈਗ, ਤੂੰ ਆਪ ਤਾਂ ਮਰਨਾ ਹੀ ਹੋਇਆ, ਨਾਲ ਮੁੰਡੇ ਨੂੰ ਵੀ ਮਾਰੇਂਗਾ।

ਇੱਕ ਤਾਂ ਪ੍ਰੀਤੀ ਜੱਗੀ ਦੀ ਸਿਹਤ ਡਰਾਈਵਿੰਗ ਯੋਗ ਨਹੀਂ ਸੀ ਸਮਝਦੀ, ਦੂਜੇ ਜਦ ਵੀ ਜੱਗੀ ਰੌਕੀ ਨੂੰ ਕਿਤੇ ਬਾਹਰ ਲੈ ਕੇ ਜਾਂਦਾ ਤਾਂ ਨਿੱਕ ਦੇ ਖਿਲਾਫ ਚੁੱਕਣ

ਲੱਗਦਾ। ਕਹਿੰਦਾ ਕਿ ਧੱਕੇ ਮਾਰ ਕੇ ਘਰੋਂ ਬਾਹਰ ਕੱਢ ਦੇ। ਰੌਕੀ ਆ ਕੇ ਪ੍ਰੀਤੀ ਨੂੰ ਦੱਸ ਦਿੰਦਾ ਤੇ ਫਿਰ ਪ੍ਰੀਤੀ ਜੱਗੀ ਨਾਲ ਖੂਬ ਲੜਦੀ। ਜੱਗੀ ਨੂੰ ਹਾਲੇ ਵੀ ਪ੍ਰੀਤੀ ਦਾ ਇਵੇਂ ਲੜਨਾ ਚੰਗਾ ਲੱਗਦਾ। ਉਹ ਬੋਲਿਆ,

–ਮੈਡਮ, ਤੁਸੀਂ ਸਾਰੇ ਮੈਨੂੰ ਹਰਾਉਣ ਵਿੱਚ ਲੱਗੇ ਹੋਏ ਓ ਪਰ ਮੈਂ ਨਹੀਂ ਹਾਰਨ ਵਾਲਾ। ਜੱਗੀ ਨੂੰ ਹਰਾ ਸਕਣਾ ਏਨਾ ਸੌਖਾ ਨਹੀਂ। ਤੁਹਾਡੇ ਵੱਲੋਂ ਦਿੱਤੀ ਹਰ ਮੁਸੀਬਤ ਉਪਰ ਮੈਂ ਇੱਕ ਦਿਨ ਕਾਬੂ ਪਾ ਲੈਣਾ, ਆਏ ਵਿਲ ਓਵਰਕਮ। ਆਹ ਦੇਖ ਕਾਰ ਮੇਰੇ ਥੱਲੇ ਹੋਣ ਦਾ ਭਾਵ ਕਿ ਮੇਰੇ ਦਿਨ ਬਦਲਣ ਵਾਲੇ ਆ। ਨਵੀ, ਬਾਹੜੇ ਵਰਗੇ ਮੇਰੇ ਕੋਲ ਦੋਸਤ ਹੈਗੇ ਆ ਜਿਹੜੇ ਹਰ ਵੇਲੇ ਮੇਰਾ ਸਾਥ ਦਿੰਦੇ ਆ। ਮੇਰੀ ਭੈਣ, ਮੇਰੇ ਮਾਂਪਿਓ ਤੇ ਹੋਰ ਬਹੁਤ ਜਾਣੇ, ...ਮੈਂ ਇਕੱਲਾ ਨਹੀਂ, ਸਮਝਦੀ ਐਂ ?

ਪ੍ਰੀਤੀ ਉਸ ਦੀਆਂ ਗੱਲਾਂ ਸੁਣਦੀ ਰਹੀ। ਅਜਿਹੀਆਂ ਗੱਲਾਂ ਉਹ ਪਹਿਲਾਂ ਵੀ ਕਰ ਜਾਇਆ ਕਰਦਾ ਸੀ। ਕੁਝ ਦੇਰ ਬਾਅਦ ਜੱਗੀ ਉੱਥੋਂ ਉੱਠ ਖੜਿਆ ਤੇ ਬਾਹੜੇ ਦੇ ਘਰ ਆ ਗਿਆ। ਉਸ ਨੂੰ ਕਾਰ ਦਿਖਾਉਣ ਲੱਗਿਆ। ਬਾਹੜੇ ਨੇ ਉਸ ਨੂੰ ਦੋ ਪੈੱਗ ਪਿਲਾ ਦਿੱਤੇ। ਉਸ ਨੂੰ ਨਸ਼ਾ ਜਿਹਾ ਹੋ ਗਿਆ। ਬਾਹੜੇ ਦੇ ਘਰੋਂ ਉਸ ਨੇ ਆਪਣੇ ਫਲੈਟ ਵਿੱਚ ਜਾਣਾ ਹੀ ਚੰਗਾ ਸਮਝਿਆ। ਉਸ ਨੇ ਘਰ ਜਾ ਕੇ ਨਵੀ ਨੂੰ ਫੋਨ ਕਰ ਦਿੱਤਾ ਕਿ ਉਹ ਘਰ ਪੁੱਜ ਗਿਆ ਹੈ। ਜਦ ਤਕ ਨਵੀ ਨੇ ਉਸ ਦੀ ਇੰਸ਼ੋਐਰੰਸ ਵੀ ਕਰਾ ਦਿੱਤੀ ਸੀ।

ਕਾਰ ਨੇ ਜੱਗੀ ਨੂੰ ਇੱਕ ਨਵੀਂ ਤਾਕਤ ਦੇ ਦਿੱਤੀ। ਉਸ ਲਈ ਜਿਵੇਂ ਪੁਰਾਣੇ ਦਿਨ ਪਰਤ ਆਏ ਪਰ ਕਾਰ ਨਾਲ ਉਸ ਦੇ ਖਰਚ ਵੀ ਵੱਧ ਗਏ। ਉਸ ਨੇ ਨਵੀ ਨੂੰ ਫੋਨ ਕਰਕੇ ਕਿਹਾ,

–ਯਾਰ, ਕੋਈ ਛੋਟੀ ਮੋਟੀ ਜੌਬ ਹੀ ਦੇਖ ਦੇ ਮੇਰੇ ਲਈ।

ਨਵੀ ਨੇ ਸੋਚਿਆ ਕਿ ਜੇਕਰ ਜੱਗੀ ਕੋਈ ਜੌਬ ਕਰ ਲਵੇ ਤਾਂ ਇਹ ਉਸ ਲਈ ਵਧੀਆ ਗੱਲ ਹੋਵੇਗੀ। ਉਸ ਨੇ ਆਖਿਆ,

–ਜੱਗੀ, ਮੇਰਾ ਇੱਕ ਦੋਸਤ ਰਮਜ਼ਾਨ, ਰੈਸਟੋਰੈਂਟ ਚਲਾਉਂਦਾ। ਉਹਨੇ ਫੂਡ ਡਿਲਿਵਰ ਕਰਨ ਲਈ ਬੰਦੇ ਰੱਖੇ ਹੋਏ ਹੁੰਦੇ ਆ। ਸ਼ਾਮ ਨੂੰ ਪੰਜ ਘੰਟਿਆਂ ਦੇ ਤੀਹ ਪੌਂਡ ਦਿੰਦਾ ਹੁੰਦਾ। ਉਪਰੋਂ ਦੀ ਟਿੱਪ ਵੀ ਮਿਲ ਜਾਂਦੀ ਹੋਏਗੀ। ਮੈਂ ਪੁੱਛ ਕੇ ਦੇਖ ਲੈਨਾ।

–ਪੁੱਛ ਯਾਰ ਪੁੱਛ, ਹੋਰ ਕੀ ਚਾਹੀਦਾ। ਤਿੰਨ ਦਿਨ ਵੀ ਲੱਗ ਜਾਣ ਤਾਂ ਨੱਬੇ ਪੌਂਡ ਹੋ ਜਾਇਆ ਕਰਨੇ ਆਂ।

ਅਗਲੇ ਦਿਨ ਹੀ ਨਵੀ ਨੇ ਰਮਜ਼ਾਨ ਨੂੰ ਫੋਨ ਕੀਤਾ ਤਾਂ ਪਤਾ ਚੱਲਿਆ ਕਿ ਉਸ ਨੂੰ ਬੰਦਾ ਚਾਹੀਦਾ ਸੀ। ਨਵੀ ਨੇ ਜੱਗੀ ਨੂੰ ਭੇਜ ਦਿੱਤਾ।

ਰਮਜ਼ਾਨ ਨੇ ਜੱਗੀ ਨੂੰ ਪਹਿਲੀ ਅੱਖੇ ਹੀ ਤਾੜ ਲਿਆ। ਉਹ ਨਵੀ ਨੂੰ ਫੋਨ ਕਰਦਾ ਬੋਲਿਆ,

–ਯਾਰਾ ਨਵੀ, ਇਹ ਅਲਕੋਹਲਕ ਤੇਰਾ ਦੋਸਤ ਕਿੱਥੋਂ ਹੋ ਗਿਆ ? ਸ਼ਰਾਬ ਦੇ ਨਾਲ ਪਤਾ ਨਹੀਂ ਹੋਰ ਕਿਹੜਾ ਕਿਹੜਾ ਨਸ਼ਾ ਕੀਤਾ ਹੋਇਆ ਸੀ। ਮੈਂ ਇਨਕਾਰ ਕਰ ਛੱਡਿਆ।

ਕ੍ਰਿਸਮਸ ਦੇ ਦਿਨ। ਚਾਰੇ ਪਾਸੇ ਰੌਣਕਾਂ ਸਨ। ਦੋ ਕੁ ਦਿਨ ਬਾਹੜਾ ਜੱਗੀ ਕੋਲ ਆਉਂਦਾ ਰਿਹਾ ਤੇ ਉਹ ਪੀਂਦੇ ਰਹੇ ਪਰ ਕ੍ਰਿਸਮਸ ਵਾਲੇ ਦਿਨ ਜੱਗੀ ਇਕੱਲਾ ਸੀ। ਆਵਾਜ਼ਾਂ



ਨੇ ਉਸ ਦੇ ਸਿਰ ਵਿੱਚ ਖੌਰੂ ਪਾਇਆ ਹੋਇਆ ਸੀ। ਉਸ ਨੇ ਬਾਹੜੇ ਦੇ ਘਰ ਜਾਣਾ ਚਾਹਿਆ ਪਰ ਉਹ ਅੱਗੇ ਆਪਣੀ ਕੁੜੀ ਦੇ ਘਰ ਕ੍ਰਿਸਮਸ ਮਨਾਉਣ ਜਾ ਰਿਹਾ ਸੀ। ਉਸ ਨੇ ਨਵੀ ਨੂੰ ਫੋਨ ਕੀਤਾ ਤਾਂ ਉਸ ਨੇ ਵੀ ਕਿਸੇ ਪਾਸੇ ਜਾਣ ਦਾ ਬਹਾਨਾ ਬਣਾ ਦਿੱਤਾ। ਜਿਵੇਂ ਜਿਵੇਂ ਸ਼ਾਮ ਢਲ਼ ਰਹੀ ਸੀ ਜੱਗੀ ਦੇ ਮਨ ਨੂੰ ਡੋਬਾ ਜਿਹਾ ਪੈਣ ਲੱਗਾ। ਸਿਰ ਵਿੱਚ ਸੁਣਦੀਆਂ ਆਵਾਜ਼ਾਂ ਦਾ ਸ਼ੋਰ ਵਧਦਾ ਜਾ ਰਿਹਾ ਸੀ। ਵਿਸਕੀ ਵੀ ਅਸਰ ਨਹੀਂ ਸੀ ਕਰ ਰਹੀ। ਹਾਰ ਕੇ ਉਸ ਨੇ ਪ੍ਰੀਤੀ ਨੂੰ ਫੋਨ ਕੀਤਾ,

–ਮੈਡਮ, ਮੈਂ ਰੌਕੀ ਨੂੰ ਮਿਲਣਾ ਚਾਹੁੰਨਾ।

–ਕਿਉਂ ਜੈਗ, ਕ੍ਰਿਸਮਸ ਦਾ ਤੋਹਫਾ ਦੇਣਾ ?

–ਤੈਨੂੰ ਪਤਾ ਕਿ ਮੇਰੇ ਕੋਲ ਤਾਂ ਸਾਵੇਂ ਪੈਸੇ ਹੀ ਹੁੰਦੇ ਆ। ਤੋਹਫਾ ਕਿੱਥੋਂ ਦੇਣਾ।

–ਮਿਲੀਅਨੇਅਰ ਪਿਓ ਦਾ ਪੁੱਤ ਐਂ ਤੂੰ !

–ਹਾਂ, ਮੈਡਮ, ਮੈਂ ਵਾਕਿਆ ਹੀ ਮਿਲੀਅਨਏਅਰ ਆਂ ਪਰ ਹਾਲੇ ਨਹੀਂ।

–ਜੈਗ, ਆਉਣਾ ਤਾਂ ਆ ਜਾਵੀਂ ਪਰ ਮਿਸਬਿਹੇਵ ਨਾ ਕਰੀਂ।

–ਨਹੀਂ, ਬਿਲਕੁਲ ਨਹੀਂ। ਏਹਦਾ ਤੂੰ ਫਿਕਰ ਨਾ ਕਰ।

ਪ੍ਰੀਤੀ ਨੇ ਨਿੱਕ ਨੂੰ ਦੱਸਿਆ ਕਿ ਜੱਗੀ ਵੀ ਆ ਰਿਹਾ ਸੀ। ਨਿੱਕ ਨੇ ਕੋਈ ਉਜਰ ਨਾ ਕੀਤਾ। ਹੁਣ ਨਿੱਕ ਆਪਣੀ ਮਸਤੀ ਜਿਹੀ ਵਿੱਚ ਰਹਿੰਦਾ ਸੀ। ਪ੍ਰੀਤੀ ਨਾਲ ਵਿਆਹ ਕਰਾ ਕੇ ਆਪਣੇ ਆਪ ਨੂੰ ਫਸਿਆ ਤਾਂ ਸਮਝਦਾ ਸੀ ਪਰ ਅੰਦਰੋਂ ਉਹ ਆਜ਼ਾਦ ਸੀ। ਉਸ ਦਾ ਜਿਹੜਾ ਫਲੈਟ ਸੀ, ਉਹ ਕੌਂਸਲ ਦਾ ਸੀ ਜਿਸ ਨੂੰ ਉਸ ਨੇ ਬਾਅਦ ਵਿੱਚ ਖਰੀਦ ਲਿਆ ਸੀ ਪਰ ਪ੍ਰੀਤੀ ਨੂੰ ਨਹੀਂ ਸੀ ਦੱਸਿਆ। ਫਲੈਟ ਵਿੱਚ ਉਸ ਨਾਲ ਕੰਮ ਕਰਦੀ ਕਿਰਨਜੀਤ ਰਹਿੰਦੀ ਸੀ ਜੋ ਉਸ ਦੀ ਸਹੇਲੀ ਵੀ ਸੀ। ਕਈ ਵਾਰ ਉਹ ਕੰਮ ’ਤੇ ਜਾਣ ਦਾ ਬਹਾਨਾ ਕਰਕੇ ਕਿਰਨਜੀਤ ਕੋਲ ਚਲੇ ਜਾਇਆ ਕਰਦਾ। ਹੁਣ ਨਿੱਕ ਦੀਆਂ ਰਾਤਾਂ ਦੀ ਸ਼ਿਫਟ ਵੀ ਹੁੰਦੀ ਸੀ ਤੇ ਅੱਧੀਆਂ ਰਾਤਾਂ ਉਹ ਕਿਰਨਜੀਤ ਨਾਲ ਹੀ ਬਿਤਾਉਂਦਾ। ਇਸ ਲਈ ਉਹ ਪ੍ਰੀਤੀ ਦੀਆਂ ਬਹੁਤੀਆਂ ਗੱਲਾਂ ਅਣਗੌਲ਼ ਜਾਂਦਾ। ਉਸ ਨੂੰ ਪਤਾ ਸੀ ਕਿ ਜੇ ਜੱਗੀ ਕੋਈ ਗੜਬੜ ਕਰੇਗਾ ਵੀ ਤਾਂ ਰੌਕੀ ਉਸ ਨੂੰ ਸੰਭਾਲਣ ਲਈ ਕਾਫੀ ਹੈ।

ਜੱਗੀ ਉਹਨਾਂ ਦੇ ਘਰ ਪੁੱਜਾ ਤਾਂ ਨਿੱਕ ਦਾ ਇੱਕ ਦੋਸਤ ਅਮਰੀਕ ਵੀ ਆਇਆ ਹੋਇਆ ਸੀ। ਜੱਗੀ ਨੇ ਉਹਨਾਂ ਨਾਲ ਭਰਵਾਂ ਹੱਥ ਮਿਲਾਇਆ। ਉਹ ਅਮਰੀਕ ਨੂੰ ਪਹਿਲਾਂ ਵੀ ਮਿਲਿਆ ਹੋਇਆ ਸੀ। ਇੱਧਰ ਓਧਰ ਦੀਆਂ ਗੱਲਾਂ ਹੋ ਰਹੀਆਂ ਸਨ ਕਿ ਅਚਾਨਕ ਜੱਗੀ ਨਿੱਕ ਨੂੰ ਕਹਿਣ ਲੱਗਾ,

–ਨਿੱਕ, ਪੀਟਰ ਨੂੰ ਕਹਿ ਕੇ ਰੌਕੀ ਨੂੰ ਕੰਮ ’ਤੇ ਲੁਆ ਦੇ।

ਪੀਟਰ, ਨਿੱਕ ਦੀ ਪਹਿਲੀ ਪਤਨੀ ਨੀਸ਼ਾ ਦਾ ਪਤੀ। ਉਹ ਆਪਸ ਵਿੱਚ ਰਿਸ਼ਤੇਦਾਰਾਂ ਵਾਂਗ ਹੀ ਮਿਲਦੇ ਸਨ। ਰੌਕੀ ਨੇ ਕੁਝ ਦਿਨ ਪੀਟਰ ਨਾਲ ਕੰਮ ਕੀਤਾ ਵੀ ਸੀ ਪਰ ਲੋਹੇ ਦਾ ਕੰਮ ਭਾਰਾ ਸੀ ਤੇ ਦੂਜੇ ਰੌਕੀ ਕੰਮ ਕਰਨ ਵਾਲਾ ਬੰਦਾ ਨਹੀਂ ਸੀ। ਨਿੱਕ ਬੋਲਿਆ,

–ਪੀਟਰ ਨੂੰ ਕਿਹਾ ਤਾਂ ਸੀ ਪਰ ਕੰਮ ਦੀ ਹਾਲੇ ਸਲੈਕ ਚੱਲ ਰਹੀ ਐ।

–ਇਹ ਜਿਵੇਂ ਸੋਫੇ ’ਤੇ ਬੈਠਾ ਰਹਿੰਦਾ ਇਵੇਂ ਇਹਦੇ ਚਿਤੜ ਗਲ਼ ਜਾਣੇ ਆਂ।

ਪਹਿਲਾਂ ਜੱਗੀ ਨੇ ਪੰਜਾਬੀ ਵਿੱਚ ਕਿਹਾ ਤੇ ਫਿਰ ਅੰਗਰੇਜ਼ੀ ਵਿੱਚ ਕਹਿ ਕੇ ਰੌਕੀ ਨੂੰ ਸਮਝਾਉਣ ਲੱਗਾ। ਰੌਕੀ ਮਜ਼ਾਕ ਸਮਝਦਾ ਹੱਸ ਪਿਆ। ਜਿਵੇਂ ਜਿਵੇਂ ਦਾਰੂ ਪੀਂਦੇ ਗਏ ਜੱਗੀ ਦੇ ਮਨ ਵਿੱਚ ਇਹ ਗੱਲ ਸ਼ੋਰ ਪਾਉਂਦੀ ਰਹੀ। ਉਹ ਨੇ ਰੌਕੀ ਨੂੰ ਆਖਿਆ,

–ਰੌਕੀ, ਤੂੰ ਡਾਈਵਿੰਗ ਟੈਸਟ ਪਾਸ ਕਰ ਤੇ ਨਾਲ ਹੀ ਕੋਈ ਕੰਮ ਲੱਭ, ਤੂੰ ਆਪਣੀ ਜ਼ਿੰਦਗੀ ਨਰਕ ਬਣਾਈ ਹੋਈ ਐ।

ਜੱਗੀ ਆਪਣੀ ਗੱਲ ਦੁਹਰਾਉਣ ਲੱਗਾ। ਦੋ ਕੁ ਵਾਰ ਤਾਂ ਰੌਕੀ ਨੇ ਸੁਣਿਆਂ ਪਰ ਫਿਰ ਅਚਾਨਕ ਉੱਠ ਕੇ ਉਸ ਨੇ ਜੱਗੀ ਨੂੰ ਗਲ਼ੋਂ ਫੜ ਲਿਆ ਜਿਵੇਂ ਉਹ ਫੜਿਆ ਹੀ ਕਰਦਾ ਸੀ। ਨਿੱਕ ਤੇ ਅਮਰੀਕ ਉਹਨਾਂ ਨੂੰ ਛੁਡਾਉਣ ਲੱਗੇ ਪਰ ਨਾਲ ਹੀ ਨਿੱਕ ਨੇ ਰੌਕੀ ਨੂੰ ਇਸ਼ਾਰਾ ਕਰ ਦਿੱਤਾ ਕਿ ਇਹ ਨੂੰ ਚੁੱਕ ਕੇ ਬਾਹਰ ਸੁੱਟ ਦੇਵੇ। ਰੌਕੀ ਨੇ ਇਵੇਂ ਹੀ ਕੀਤਾ। ਉਹ ਜੱਗੀ ਨੂੰ ਉਠਾ ਕੇ ਬਹਾਰ ਸੜਕ ’ਤੇ ਸੁੱਟ ਆਇਆ। ਜੱਗੀ ਕਪੜੇ ਠੀਕ ਕਰਦਾ ਉੱਠਿਆ ਤੇ ਲੜਖੜਾਂਦਾ ਆਪਣੀ ਕਾਰ ਵਿੱਚ ਬਹਿ ਗਿਆ। ਉਸ ਨੇ ਕਾਰ ਸਟਾਰਟ ਕਰ ਲਈ ਪਰ ਏਨਾ ਸ਼ਰਾਬੀ ਸੀ ਕਿ ਸਾਹਮਣੇ ਕੁਝ ਵੀ ਨਹੀਂ ਸੀ ਦਿੱਸ ਰਿਹਾ। ਉਸ ਨੇ ਕਾਰ ਤੋਰ ਲਈ। ਕਿਧਰ ਨੂੰ ਮੁੜ ਰਿਹਾ ਸੀ ਉਸ ਨੂੰ ਕੁਝ ਨਹੀਂ ਸੀ ਪਤਾ। ਕ੍ਰਿਸਮਸ ਦੇ ਦਿਨਾਂ ਵਿੱਚ ਤਾਂ ਪੁਲੀਸ ਸ਼ਰਾਬੀਆਂ ਨੂੰ ਉਵੇਂ ਹੀ ਲੱਭਦੀ ਫਿਰਦੀ ਹੈ ਸੋ ਛੇਤੀ ਹੀ ਨੀਲੀਆਂ ਲਾਈਟਾਂ ਉਸ ਦਾ ਪਿੱਛਾ ਕਰਨ ਲੱਗੀਆਂ।

# ਬੱਤੀ

ਬੌਕਸਿੰਡ ਡੇ ਦੀ ਛੁੱਟੀ ਸੀ। ਨਵੀ ਹਾਲੇ ਬੈੱਡ ਵਿੱਚ ਹੀ ਸੀ ਕਿ ਉਸ ਦੇ ਫੋਨ ਦੀ ਘੰਟੀ ਵੱਜੀ। ਜੱਗੀ ਦਾ ਫੋਨ ਸੀ,

–ਕਿੱਦਾਂ ਬਈ ਨਵੀ ਸਿਆਂ, ਛੁੱਟੀ ਮਨਾ ਹੋ ਰਹੀ ਐ ?

–ਹਾਂ ਜੱਗੀ, ਰਾਤੀਂ ਲੇਟ ਸੌਂ ਹੋਇਆ। ਤੂੰ ਸੁਣਾ ਕੀ ਹਾਲ ਐ ? ਕਿਵੇਂ ਰਹੀ ਕ੍ਰਿਸਮਸ ?

–ਕ੍ਰਿਸਮਸ ਫਸਟ ਕਲਾਸ ਰਹੀ। ਹੋਰ ਨਵੀਂ ਤਾਜ਼ੀ ?

–ਨਵੀਂ ਤਾਜ਼ੀ ਤੂੰ ਸੁਣਾ, ਪ੍ਰੀਤੀ ਨਾਲ ਕ੍ਰਿਸਮਸ ਮਨਾ ਕੇ ਆਇਆਂ ?

–ਅੱਜ ਕੀ ਕਰਨਾਂ ?

ਨਵੀ ਦੀ ਗੱਲ ਦਾ ਉੱਤਰ ਦਿੱਤੇ ਬਿਨਾਂ ਜੱਗੀ ਨੇ ਪੁੱਛਿਆ। ਨਵੀ ਬੋਲਿਆ,

–ਹਾਲੇ ਤਾਂ ਬੈੱਡ ਵਿੱਚ ਹੀ ਆਂ। ਤੂੰ ਦੱਸ ?

–ਜੇ ਆ ਸਕਦਾਂ ਤਾਂ ਆ ਕੇ ਮੈਨੂੰ ਸਟੇਨਜ਼ ਪੁਲੀਸ ਸਟੇਸ਼ਨ ਤੋਂ ਹੀ ਲੈ ਜਾਹ।

ਜੱਗੀ ਨੇ ਬੜੇ ਸਹਿਜ ਨਾਲ ਕਿਹਾ। ਨਵੀ ਹੈਰਾਨ ਹੁੰਦਾ ਬੋਲਿਆ,

–ਸਟੇਨਜ਼ ਪੁਲੀਸ ਸਟੇਸ਼ਨ ? ਉੱਥੇ ਕੀ ਕਰਦਾਂ ?

–ਡਾਕੇ ਵਿੱਚ ਤਾਂ ਮੈਂ ਫੜਿਆ ਨਹੀਂ ਜਾ ਸਕਦਾ। ਲਾ ਪਾ ਕੇ ਇੱਕੋ ਕਰਾਈਮ ਹੀ ਮੇਰੇ ਹਿੱਸੇ ਆਉਂਦਾ, ਡਰਿੰਕ ਐਂਡ ਡਰਾਈਵ।

ਆਖਦਾ ਜੱਗੀ ਹੱਸਿਆ। ਨਵੀ ਉਸੇ ਵੇਲੇ ਉੱਠਿਆ ਤੇ ਤਿਆਰ ਹੋਣ ਲੱਗਿਆ।

ਉਸ ਦੇ ਪੁਲੀਸ ਸਟੇਸ਼ਨ ਪੁੱਜਦੇ ਨੂੰ ਜੱਗੀ ਬਾਹਰ ਖੜਾ ਉਸ ਦੀ ਉਡੀਕ ਕਰ ਰਿਹਾ ਸੀ। ਕਾਰ ਵਿੱਚ ਬੈਠਦੇ ਹੀ ਜੱਗੀ ਨੇ ਆਖਿਆ,



–ਰਾਤੀਂ ਮੈਂ ਰੌਕੀ ਵੱਲ ਚਲੇ ਗਿਆ ਸੀ।

–ਸਿੱਧਾ ਕਹਿ ਕਿ ਪ੍ਰੀਤੀ ਵੱਲ ਚਲੇ ਗਿਆ ਸੀ, ਰੌਕੀ ਦਾ ਤਾਂ ਇੱਕ ਬਹਾਨਾ ਹੀ ਬਣਾਉਨਾ।

–ਕੀ ਕਰਾਂ ਯਾਰ, ਇਕੱਲਾ ਸੀ। ਇਕੱਲ ਤੋਂ ਡਰ ਲੱਗਦਾ ਮੈਨੂੰ, ਫੇਰ ਸਾਲ਼ੇ ਇਹਨਾਂ ਲੋਕਾਂ ਦੀਆਂ ਧਮਕੀਆਂ, ...ਮੈਡਮ ਨੂੰ ਫੋਨ ਕੀਤਾ ਤਾਂ ਕਹਿੰਦੀ ਕਿ ਆ ਜਾ।

–ਫੇਰ ?

–ਫੇਰ ਕੀ, ਉੱਥੇ ਜਾ ਕੇ ਪੰਗਾ ਪੈ ਗਿਆ। ਲੜਾਈ ਹੋ ਗਈ। ਮੈਂ ਸ਼ਰਾਬੀ ਸੀ ਤੇ ਉੱਠ ਕੇ ਤੁਰ ਆਇਆ। ਰਾਹ ਵਿੱਚ ਆਹ ਰਿਸ਼ਤੇਦਾਰ ਮਿਲ ਪਏ ਤੇ ਹੁਣ ਤੇਰੇ ਨਾਲ ਕਾਰ ਵਿੱਚ ਬੈਠਾਂ।

–ਕਾਰ ਤੇਰੀ ਕਿੱਥੇ ਆ ?

ਨਵੀ ਨੇ ਪੁੱਛਿਆ। ਜੱਗੀ ਚੇਤੇ ਕਰਨ ਲੱਗਿਆ। ਉਸ ਨੂੰ ਕੁਝ ਵੀ ਯਾਦ ਨਹੀਂ ਸੀ। ਕੁਝ ਸੋਚ ਕੇ ਬੋਲਿਆ,

–ਚੱਲ ਆਪਾਂ ਪ੍ਰੀਤੀ ਦੀ ਰੋਡ ਵੱਲ ਚਲਦੇ ਆਂ, ਕਿਤੇ ਰਾਹ ਵਿੱਚ ਖੜੀ ਹੋਣੀ ਆਂ।

ਉਹਨਾਂ ਨੇ ਕਈ ਸੜਕਾਂ ’ਤੇ ਚੱਕਰ ਮਾਰੇ ਪਰ ਕਾਰ ਕਿਧਰੇ ਨਾ ਦਿੱਸੀ। ਜੱਗੀ ਨੇ ਕਿਹਾ,

–ਓ ਫਿਕਰ ਨਾ ਕਰ। ਪੁਲੀਸ ਨੇ ਕਿਤੇ ਠੀਕ ਹੀ ਖੜੀ ਕੀਤੀ ਹੋਣੀ ਆਂ। ਮੈਂ ਕੱਲ੍ਹ ਨੂੰ ਫੋਨ ਕਰਕੇ ਪੁੱਛ ਲਵਾਂਗਾ। ਚੱਲ ਹੁਣ ਘਰ ਨੂੰ ਚਲਦੇ ਆਂ, ਹਾਲੇ ਕ੍ਰਿਸਮਸ ਖਤਮ ਨਹੀਂ ਹੋਈ।

ਨਵੀ ਨੇ ਕਾਰ ਜੱਗੀ ਦੇ ਫਲੈਟ ਵੱਲ ਤੋਰ ਲਈ। ਕਰੋਅ ਕਲੋਜ਼ ’ਤੇ ਜਾ ਕੇ ਨਵੀ ਬੋਲਿਆ,

–ਲੈ ਬਈ, ਤੂੰ ਕਰ ਐਸ਼ਾਂ, ਮੈਂ ਚਲਦਾਂ।

–ਆ ਜਾ ਯਾਰ ਨਵੀ, ਕ੍ਰਿਸਮਸ ਐ !

–ਦੇਖ ਲੈ, ਤੇਰਾ ਲਾਇਸੰਸ ਤਾਂ ਗਿਆ ਹੁਣ, ਮੈਨੂੰ ਤਾਂ ਆਪਣਾ ਸਾਂਭ ਲੈਣ ਦੇ। ...ਨਾਲੇ ਘਰ ਪ੍ਰਾਹੁਣੇ ਆਏ ਹੋਏ ਆ।

ਜੱਗੀ ਵੀ ਸਮਝ ਗਿਆ ਕਿ ਨਵੀ ਹੁਣ ਕਾਰ ਵਿੱਚੋਂ ਨਹੀਂ ਨਿਕਲੇਗਾ। ਉਹ ਕਾਰ ਵਿੱਚੋਂ ਉਤਰਦਾ ਬੋਲਿਆ,

–ਚੰਗਾ ਨਵੀ ਸਿਆਂ, ਆਪਣਾ ਧਿਆਨ ਰੱਖੀਂ।

ਅਗਲੇ ਦਿਨ ਨਵੀ ਤੇ ਜੱਗੀ ਪੁਲੀਸ ਸਟੇਸ਼ਨ ਗਏ ਤਾਂ ਜੋ ਕਾਰ ਦਾ ਅਤਾ-ਪਤਾ ਪੁੱਛ ਸਕਣ। ਉਹ ਪੁਲੀਸ ਦੀ ਦੱਸੀ ਜਗ੍ਹਾ ਗਏ ਤਾਂ ਕਾਰ ਉੱਥੇ ਹੈ ਨਾ ਸੀ। ਉਹ ਸੋਚਣ ਲੱਗੇ ਕਿ ਸ਼ਾਇਦ ਕਾਰ ਚੋਰੀ ਹੋ ਗਈ ਹੋਵੇਗੀ। ਜੱਗੀ ਨੇ ਪੁਲੀਸ ਕੋਲ ਕਾਰ ਦੇ ਚੋਰੀ ਹੋਣ ਦੀ ਰਿਪੋਰਟ ਲਿਖਾ ਦਿੱਤੀ।

ਜੱਗੀ ਦਾ ਦੋ ਸਾਲ ਲਈ ਲਾਇਸੰਸ ਚਲੇ ਗਿਆ ਤੇ ਨਾਲ ਹੀ ਤਿੰਨ ਸੌ ਪੌਂਡ ਜੁਰਮਾਨਾ। ਉਸ ਨੇ ਫੋਨ ਕਰਕੇ ਨਵੀ ਨੂੰ ਦੱਸਿਆ ਤਾਂ ਨਵੀ ਅੱਗਿਓਂ ਅਫਸੋਸ ਕਰਨ ਲੱਗਿਆ। ਜੱਗੀ ਬੋਲਿਆ,

–ਯਾਰ, ਲਾਇਸੰਸ ਦਾ ਤਾਂ ਕੋਈ ਅਫਸੋਸ ਨਹੀਂ, ਗੌਰਮਿੰਟ ਦਾ ਸੀ ਤੇ ਗੌਰਮਿੰਟ ਨੇ ਲੈ ਲਿਆ ਪਰ ਸਾਲ਼ਿਆਂ ਨੇ ਜਿਹੜਾ ਜੁਰਮਾਨਾ ਠੋਕ ਦਿੱਤਾ ਇਹ ਵਾਧੂ ਕੀਤਾ।

ਸੱਚ ਹੀ ਜੱਗੀ ਲਈ ਜੁਰਮਾਨਾ ਦੇਣਾ ਔਖਾ ਹੋ ਜਾਣਾ ਸੀ। ਉਵੇਂ ਤਾਂ ਉਸ ਨੇ ਜੁਰਮਾਨੇ ਦੀਆਂ ਕਿਸ਼ਤਾਂ ਕਰਵਾ ਲਈਆਂ ਸਨ ਪਰ ਹਰ ਮਹੀਨੇ ਦੇਣੇ ਔਖੇ ਹੋ ਜਾਣੇ ਸਨ। ਉਸ ਨੇ ਸਾਰੀ ਗੱਲ ਪ੍ਰੀਤੀ ਨੂੰ ਦੱਸੀ। ਪਹਿਲਾਂ ਤਾਂ ਪ੍ਰੀਤੀ ਉਸ ਨਾਲ ਗੁੱਸੇ ਵਿੱਚ ਸੀ ਪਰ ਜਦ ਪਤਾ ਚੱਲਿਆ ਕਿ ਉਸ ਦਾ ਲਾਇਸੰਸ ਚਲੇ ਗਿਆ ਹੈ ਤਾਂ ਉਹ ਨਰਮ ਪੈ ਗਈ ਤੇ ਉਸ ਨੂੰ ਦੋ ਸੌ ਪੌਂਡ ਵੀ ਦੇ ਦਿੱਤਾ।

ਲਾਇਸੰਸ ਜਾਣ ਦੇ ਦੁੱਖ ਵਿੱਚੋਂ ਉਹ ਜਲਦੀ ਹੀ ਉਭਰ ਆਇਆ। ਉਸ ਨੇ ਕਾਰ ਦੀ ਚੋਰੀ ਹੋਣ ’ਤੇ ਬੀਮਾ ਕੰਪਨੀ ਤੋਂ ਪੈਸੇ ਕਲੇਮ ਕਰਨੇ ਚਾਹੇ ਤਾਂ ਪਤਾ ਚੱਲਿਆ ਕਿ ਕਾਰ ਤਾਂ ਟਰੈਫਿਕ ਵਾਲਿਆਂ ਕੋਲ ਖੜ੍ਹੀ ਹੈ। ਗਲਤ ਪਾਰਕ ਕਰਨ ਕਰਕੇ ਉਹ ਚੁੱਕ ਲੈ ਗਏ ਸਨ। ਹੁਣ ਉਹ ਪੁਲੀਸ–ਪੌਂਡ ਵਿੱਚ ਕਾਰ ਖੜੀ ਕਰਨ ਦੇ ਪੈਸੇ ਮੰਗ ਰਹੇ ਸਨ, ਪੈਸੇ ਵੀ ਏਨੇ ਕਿ ਕਾਰ ਦੀ ਕੀਮਤ ਤੋਂ ਵੀ ਵੱਧ। ਉਹ ਉਹਨਾਂ ਦੇ ਦਫਤਰ ਗਿਆ ਤੇ ਕਾਰ ਦੀਆਂ ਚਾਬੀਆਂ ਹੀ ਉਹਨਾਂ ਨੂੰ ਦੇ ਆਇਆ।

ਜੱਗੀ ਦੀ ਰੋਜ਼ ਮਰਾਹ ਦੇ ਜੀਵਨ ਦਾ ਤਰੀਕਾ ਇੱਕੋ ਜਿਹਾ ਸੀ। ਸਿਹਤ ਹੇਠ–ਉੱਤੇ ਹੁੰਦੀ ਹੀ ਰਹਿੰਦੀ ਸੀ। ਉਸ ਨੂੰ ਨੀਂਦ ਬਹੁਤ ਘੱਟ ਆਉਂਦੀ। ਤੜਕ ਸਾਰ ਸੌਂਦਾ ਤੇ ਜਲਦੀ ਹੀ ਉੱਠ ਖੜਦਾ, ਕਈ ਵਾਰ ਉਹ ਦਿਨ ਨੂੰ ਵੀ ਝਪਕੀ ਲਾ ਲੈਂਦਾ ਪਰ ਸੰਖੇਪ ਜਿਹੀ। ਉਸ ਨੇ ਡਾਕਟਰ ਦੇ ਜਾਣਾ ਹੁੰਦਾ ਤਾਂ ਵਕਤ ਸਿਰ ਜਾਂਦਾ। ਹਸਪਤਾਲ ਦੀ ਐਪੁਆਇੰਟਮੈਂਟ ਹੁੰਦੀ ਤਾਂ ਕਦੇ ਉਕਦਾ ਨਾ। ਦਵਾਈ ਵੀ ਉਹ ਧਿਆਨ ਨਾਲ ਖਾਂਦਾ। ਕਈ ਕਿਸਮ ਦੀਆਂ ਗੋਲੀਆਂ ਸਨ। ਕੋਈ ਨਰਵਸ ਸਿਸਟਮ ਕਾਬੂ ਰੱਖਣ ਦੀ, ਕੋਈ ਬਲੱਡ ਪ੍ਰੈਸ਼ਰ ਦੀ, ਕੋਈ ਕਲੈਸਟਰੋਲ ਦੀ, ਕੋਈ ਨੀਂਦ ਦੀ। ਇੱਕ ਗੋਲੀ ਉਹ ਫਿਟਸ ਦੀ ਵੀ ਖਾਂਦਾ। ਦਵਾਈਆਂ ਉਹ ਫਿਕਰ ਨਾਲ ਖਾਂਦਾ। ਉਹ ਸਿਰਫ ਉਸ ਟੀਕੇ ਤੋਂ ਡਰਦਾ ਸੀ ਜਿਹੜਾ ਉਸ ਨੂੰ ਤਿੰਨ ਮਹੀਨੇ ਬਾਅਦ ਲਵਾਉਣਾ ਪੈਂਦਾ ਸੀ। ਦਵਾਈਆਂ ਖਾ–ਖਾ ਕੇ ਉਸ ਦਾ ਚਿਹਰਾ ਬਦਲ ਗਿਆ ਹੋਇਆ ਸੀ। ਚਿਹਰੇ ਦੀ ਚਮੜੀ ਵਿੱਚ ਅਜੀਬ ਕਿਸਮ ਦੀ ਖੁਸ਼ਕੀ ਸੀ। ਉਸ ਦੀਆਂ ਅੱਖਾਂ ਖਾਲੀ–ਖਾਲੀ ਸਨ। ਉਸ ਦੀ ਤੱਕਣੀ ਵਿੱਚ ਕੋਈ ਵੀ ਸੁਨੇਹਾ ਨਹੀਂ ਸੀ ਹੁੰਦਾ। ਦੇਖਣ ਵਾਲਾ ਸਹਿਜ ਦੀ ਉਸ ਦੀ ਸਿਹਤ ਦਾ ਅੰਦਾਜ਼ਾ ਲਾ ਲੈਂਦਾ।

ਆਵਾਜ਼ਾਂ ਉਸ ਨੂੰ ਪਿਛਲੇ ਵੀਹ–ਬਾਈ ਸਾਲ ਤੋਂ ਸੁਣ ਰਹੀਆਂ ਸਨ। ਪਰ ਹਾਲੇ ਵੀ ਇਹਨਾਂ ਦਾ ਆਦੀ ਨਹੀਂ ਸੀ ਹੋਇਆ। ਕਈ ਵਾਰ ਉਹ ਸਿਰ ਝਟਕ–ਝਟਕ ਮਾਰਦਾ। ਆਵਾਜ਼ਾਂ ਦਾ ਸ਼ੋਰ ਵੱਧ ਜਾਂਦਾ ਤੇ ਉੱਚੀ ਉੱਚੀ ਬੋਲ ਕੇ ਆਵਾਜ਼ਾਂ ਦਾ ਸਾਹਮਣਾ ਕਰਦਾ। ਉਹਨਾਂ ਨੂੰ ਬਰਾਬਰ ਗਾਲ੍ਹਾਂ ਕੱਢ ਰਿਹਾ ਹੁੰਦਾ। ਕਈ ਵਾਰ ਉਹ ਹਵਾ ਵਿੱਚ ਮੁੱਕੇ ਚਲਾਉਣ ਲੱਗਦਾ। ਕਈ ਵਾਰ ਕੰਧਾਂ ਵਿੱਚ ਵੀ ਘਸੁੰਨ ਮਾਰਦਾ। ਸੜਕ ’ਤੇ ਤੁਰਿਆ ਜਾਂਦਾ ਵੀ ਕਈ ਵਾਰ ਖਿਆਲੀ ਲੜਾਈ ਲੜਨ ਲੱਗ ਪੈਂਦਾ। ਘਰ ਹੁੰਦਾ ਤਾਂ ਆਪਣੇ ਆਪ ਨਾਲ ਗੱਲਾਂ ਕਰਦਾ ਰਹਿੰਦਾ। ਕਈ ਵਾਰ ਸੜਕ ’ਤੇ ਤੁਰਿਆ ਜਾਂਦਾ ਵੀ ਆਵਾਜ਼ਾਂ ਨਾਲ ਗੱਲਾਂ ਕਰਦਾ ਜਾਂਦਾ। ਘਰ ਹੁੰਦਾ ਤਾਂ ਉਸ ਨੂੰ ਕੋਈ ਪਰਵਾਹ ਨਾ ਹੁੰਦੀ ਪਰ ਘਰੋਂ ਬਾਹਰ ਹੁੰਦਾ ਤਾਂ ਠੀਕ ਦਿੱਸਣ ਦੀ ਕੋਸ਼ਿਸ਼ ਕਰਦਾ। ਖਾਣਾ ਉਸ ਤੋਂ ਬਹੁਤਾ ਨਹੀਂ ਸੀ ਖਾ ਹੁੰਦਾ ਪਰ ਫਿਰ ਵੀ ਉਹ ਘਰੇ ਹੀ ਦਾਲ਼ਾਂ, ਸਬਜੀਆਂ ਤੇ ਮੀਟ ਬਣਾ ਲਿਆ ਕਰਦਾ। ਜਿਸ ਦਿਨ ਬਾਹੜੇ ਨੇ ਆਉਣਾ



ਹੁੰਦਾ ਤਾਂ ਉਹ ਜ਼ਰੂਰ ਮੀਟ ਬਣਾਉਂਦਾ। ਨਵੀ ਨੂੰ ਉਹ ਆਪਣੇ ਘਰ ਆਉਣ ਦੇ ਸੱਦੇ ਦਿੰਦਾ ਪਰ ਉਹ ਬਹੁਤ ਘੱਟ ਆਉਂਦਾ।

ਜੱਗੀ ਸਫਾਈ ਪਸੰਦ ਸੀ। ਉਹ ਹਰ ਰੋਜ਼ ਨਹਾਉਂਦਾ। ਕੱਪੜੇ ਵੀ ਲਗਾਤਾਰ ਧੋਂਦਾ। ਵਾਲ ਰੰਗ ਕੇ ਰੱਖਦਾ। ਬਾਹਰ ਪੂਰਾ ਤਿਆਰ ਹੋ ਕੇ ਨਿਕਲਦਾ। ਡਾਕਟਰ ਜਾਂ ਹਸਪਤਾਲ ਜਾਣਾ ਹੁੰਦਾ ਤਾਂ ਟਾਈ–ਸ਼ਾਈ ਲਾ ਕੇ ਜਾਂਦਾ। ਹੁਣ ਕੁਝ ਦੇਰ ਤੋਂ ਉਸ ਦੀਆਂ ਮੁਸ਼ਕਲਾਂ ਵਿੱਚ ਵਾਧਾ ਹੋਣ ਲੱਗਿਆ ਸੀ। ਇੱਕ ਤਾਂ ਉਸ ਦਾ ਪੇਟ ਬਹੁਤ ਜਲਦੀ ਖਰਾਬ ਹੋਣ ਲੱਗਿਆ ਸੀ। ਦਿਨ ਵਿੱਚ ਕਈ ਕਈ ਵਾਰ ਉਸ ਨੂੰ ਟੁਆਇਲਟ ਜਾਣਾ ਪੈਂਦਾ। ਦੂਜੇ ਕਦੇ–ਕਦੇ ਪਿਸ਼ਾਬ ਉਪਰ ਉਸ ਦਾ ਕਾਬੂ ਨਹੀਂ ਸੀ ਰਹਿੰਦਾ, ਖਾਸ ਤੌਰ ’ਤੇ ਜਦ ਸ਼ਰਾਬ ਪੀਤੀ ਹੁੰਦੀ। ਹੁਣ ਉਹ ਸੁੱਤਾ ਪਿਆ ਬੈੱਡ ਗਿੱਲਾ ਕਰਨ ਲੱਗ ਪਿਆ ਸੀ। ਉਹ ਜਲਦੀ ਨਾਲ ਉੱਠ ਕੇ ਆਪਣੇ ਕੱਪੜੇ ਤੇ ਬਿਸਤਰ ਧੋਣ ਲੱਗਦਾ। ਬਿਸਤਰ ਲਈ ਉਸ ਨੇ ਪਲਾਸਟਕ ਦੀ ਛੀਟ ਲੈ ਆਂਦੀ ਸੀ। ਡਾਕਟਰ ਨੂੰ ਉਸ ਨੇ ਇਹ ਗੱਲ ਦੱਸੀ ਤਾਂ ਉਸ ਦਾ ਕਹਿਣਾ ਸੀ ਕਿ ਸ਼ਰਾਬ ਛੱਡ ਦੇਵੇ ਪਰ ਸ਼ਰਾਬ ਉਸ ਤੋਂ ਛੁੱਟਦੀ ਨਹੀਂ ਸੀ।

ਇੱਕ ਦਿਨ ਉਹ ਜਾਗਿਆ ਤਾਂ ਦੇਖਿਆ ਕਿ ਅਜੀਬ ਜਿਹਾ ਮੁਸ਼ਕ ਆ ਰਿਹਾ ਸੀ। ਉਹ ਜਲਦੀ ਹੀ ਸਮਝ ਗਿਆ ਕਿ ਸੁੱਤੇ ਪਏ ਨੇ ਟੁਆਇਲਟ ਕਰ ਲਈ ਹੈ। ਉਹ ਬੋਲਿਆ,

–ਇਹ ਸਾਲ਼ੀ ਨਵੀਂ ਪ੍ਰੌਬਲਮ!

# ਤੇਤੀ

ਇੱਕ ਦਿਨ ਜੱਗੀ ਨੇ ਪ੍ਰੀਤੀ ਨੂੰ ਫੋਨ ਕੀਤਾ ਤੇ ਕਿਹਾ,

–ਮੈਡਮ, ਮੇਰੀ ਮਦਰ ਬਹੁਤ ਬਿਮਾਰ ਐ, ਮੈਂ ਇੰਡੀਆ ਜਾਣਾ, ਥੋੜ੍ਹੀ ਜਿਹੀ ਹੈਲਪ ਕਰ ਦੇ।

–ਜੈਗ, ਮੇਰੇ ਕੋਲ ਪੈਸੇ ਕਿੱਥੋਂ ਆ ਗਏ ? ਜੌਬ ਮੈਂ ਕੋਈ ਕਰਦੀ ਨਹੀਂ, ਜਿੰਨੇ ਕੁ ਮਿਲਦੇ ਆ ਖਰਚ ਹੋ ਜਾਂਦੇ ਆ।

–ਦੋ ਸੌ ਪੌਂਡ ਕਰ ਦੇ, ਦੋ ਸੌ ਮੈਂ ਨਵੀ ਤੋਂ ਫੜ ਲੈਣੇ ਆਂ, ਆਉਂਦਾ ਹੀ ਮੋੜ ਦੇਵਾਂਗਾ।

ਪ੍ਰੀਤੀ ਨੇ ਪਲ ਕੁ ਸੋਚਿਆ ਤੇ ਬੋਲੀ,

–ਨਿੱਕ ਤੋਂ ਪੁੱਛਦੀ ਆਂ ਪਰ ਐਤਕੀਂ ਜਾ ਕੇ ਤੂੰ ਆਪਣੇ ਡੈਡ ਤੋਂ ਵਸੀਅਤ ਜ਼ਰੂਰ ਕਰਾ ਲਵੀਂ।

–ਉਹ ਤਾਂ ਡੈਡ ਨੇ ਵਿੱਲ ਬਣਾਈ ਹੀ ਹੋਣੀ ਆਂ।

–ਜੈਗ, ਜੇ ਡੈਡ ਨੇ ਕੀਤੀ ਹੋਈ ਐ ਤਾਂ ਵਸੀਅਤ ਨੂੰ ਆਪਣੇ ਕਾਬੂ ਵਿੱਚ ਕਰ। ਤੈਨੂੰ ਪਤਾ ਹੀ ਐ ਸ਼ਿਵਚਰਨ ਭਾ ਜੀ ਕਿੰਨਾ ਚਾਲੂ ਬੰਦਾ। ਉਹਨੇ ਵਸੀਅਤ ਤੇਰੇ ਹੱਥ ਨਹੀਂ ਲੱਗਣ ਦੇਣੀ ਤੇ ਅੱਧ ਲੈ ਜਾਣਾਂ।

–ਚੱਲ ਉਹ ਵੀ ਤਾਂ ਮੇਰੀ ਭੈਣ ਦੇ ਘਰ ਹੀ ਜਾਣਾਂ।

–ਭੈਣ ਦਾ ਤੇਰੇ ਡੈਡ ਨੇ ਸਾਰੀ ਉਮਰ ਕੀਤਾ। ਘਰ ਲੈ ਕੇ ਦਿੱਤਾ। ਹੋਰ ਵੀ ਕਿੰਨੇ ਖਰਚੇ ਚੁੱਕੇ ਆ ਪਰ ਜਾਇਦਾਦ ਤੇ ਬੈਂਕ ਵਿੱਚ ਜਮ੍ਹਾਂ ਕੈਸ਼ ’ਤੇ ਹੁਣ ਤੇਰਾ ਹੱਕ ਐ। ਡੈਡ ਨਾਲ ਬੈਂਕ ਵਿੱਚ ਆਪਣਾ ਨਾਂ ਵੀ ਪੁਆ ਲਵੀਂ।

–ਹਾਂ, ਇਵੇਂ ਹੀ ਕਰਾਂਗਾ।

ਜੱਗੀ ਬੋਲਿਆ। ਉਸ ਨੂੰ ਪ੍ਰੀਤੀ ਦੀ ਗੱਲ ਸਹੀ ਜਾਪ ਰਹੀ ਸੀ। ਪ੍ਰੀਤੀ ਨੇ ਫਿਰ ਆਖਿਆ,

–ਜੈਗ, ਤੂੰ ਸਾਡੀ ਗੱਲ ਛੱਡ ਦੇ ਪਰ ਆਪਣੇ ਵੱਲ ਦੇਖ, ਕਿੰਨੀ ਬੈਡ ਲਾਈਫ ਜੀ ਰਿਹਾਂ। ਜੇ ਤੇਰੇ ਕੋਲ ਪੈਸੇ ਹੋਣ ਤਾਂ ਤੇਰੀ ਲਾਈਫ ਹੀ ਹੋਰ ਹੋਵੇ। ਕੌਂਸਲ ਦੇ ਫਲੈਟ ਦੀ ਥਾਂ ਆਪਣੇ ਘਰ ਵਿੱਚ ਰਹੇਂ। ਵਧੀਆ ਖਾਵੇਂ, ਵਧੀਆ ਪਹਿਨੇਂ।

ਪ੍ਰੀਤੀ ਨੇ ਆਪਣਾ ਜਾਂ ਰੌਕੀ ਦਾ ਨਾਂ ਜਾਣ-ਬੁਝ ਕੇ ਨਹੀਂ ਲਿਆ। ਉਸ ਨੇ ਪਹਿਲਾਂ ਵੀ ਇੱਕ ਦੋ ਵਾਰ ਇਹ ਗੱਲਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਜੱਗੀ ਨੇ ਏਨੇ ਧਿਆਨ ਨਾਲ ਉਸ ਦੀ ਗੱਲ ਨਹੀਂ ਸੀ ਸੁਣੀ। ਕੁਝ ਦੇਰ ਬਾਅਦ ਜੱਗੀ ਆਪ ਹੀ ਬੋਲਿਆ,

–ਸ਼ਿਵਚਰਨ ਤਾਂ ਬਹੁਤ ਕਾਂਟਾ ਬੰਦਾ, ਚੰਗੀ ਭਲੀ ਆਪਣੀ ਜੌਬ ਛੱਡ ਦਿਤੀ ਕਿ ਦੁਕਾਨਾਂ ਦਾ ਕਿਰਾਇਆ ਲੈਣ ਦਿੱਲੀ ਜਾਣਾ ਪੈਂਦਾ।

–ਜੈਗ, ਮੈਨੂੰ ਪਤਾ ਉਸ ਬੰਦੇ ਦਾ, ਤਾਂ ਹੀ ਮੈਂ ਕਹਿ ਰਹੀ ਹਾਂ ਕਿ ਵਿੱਲ ਬਹੁਤ ਜ਼ਰੂਰੀ ਐ ਤੇ ਵਿੱਲ ਬਣਾ ਕੇ ਆਪਣੇ ਕਾਬੂ ਵਿੱਚ ਕਰ ਲਵੀਂ।

ਪ੍ਰੀਤੀ ਨਸੀਅਤਾਂ ਦਿੰਦੀ ਜਾ ਰਹੀ ਸੀ।

ਦੋ ਸੌ ਪੌਂਡ ਉਸ ਨੇ ਨਵੀ ਤੋਂ ਉਧਾਰਾ ਲੈ ਲਿਆ। ਜੱਗੀ ਨੂੰ ਏਅਰਪੋਰਟ ’ਤੇ ਵੀ ਉਹੀ ਛੱਡ ਕੇ ਆਇਆ। ਰਾਤ ਨੌਂ ਵਜੇ ਦੀ ਫਲਾਈਟ ਸੀ। ਛੇ ਕੁ ਵਜੇ ਏਅਰਪੋਰਟ ’ਤੇ ਪੁੱਜਣਾ ਸੀ। ਨਵੀ ਨੇ ਜੱਗੀ ਨੂੰ ਉਸ ਦੇ ਘਰੋਂ ਪੰਜ ਵਜੇ ਚੁੱਕ ਲਿਆ।

ਨਵੀ ਉਸ ਨੂੰ ਡਿਪਾਰਚਰ ’ਤੇ ਉਤਾਰ ਆਇਆ। ਜੱਗੀ ਨੇ ਆਪਣਾ ਸਾਮਾਨ ਤੁਲਵਾਇਆ ਤੇ ਇਮੀਗਰੇਸ਼ਨ ਕਰਾ ਕੇ ਅੰਦਰ ਜਾ ਵੜਿਆ। ਉਸ ਦੇ ਸਿਰ ਵਿੱਚ ਆ ਰਹੀਆਂ ਆਵਾਜ਼ਾਂ ਉਸ ਦੇ ਪਿਓ ਦੀ ਕਰੋੜਾਂ ਪੌਂਡਾਂ ਦੀ ਜਾਇਦਾਦ ਬਾਰੇ ਕੁਝ ਕਹਿ ਰਹੀਆਂ ਸਨ ਪਰ ਅਣਸੁਣਿਆਂ ਕਰਦਾ ਕਾਹਲੀ ਨਾਲ ਡਿਊਟੀ ਫਰੀ ਦੁਕਾਨ ਵਿੱਚ ਜਾ ਵੜਿਆ। ਉਸ ਨੇ ਇੰਡੀਆ ਲਈ ਵਿਸਕੀ ਤਾਂ ਦਿੱਲੀ ਤੋਂ ਹੀ ਲੈਣੀ ਸੀ ਕਿਉਂਕਿ ਉੱਥੋਂ ਸਸਤੀ ਪੈਂਦੀ ਸੀ ਪਰ ਆਪਣੇ ਪੀਣ ਲਈ ਇੱਕ ਬੋਤਲ ਖਰੀਦ ਲਈ ਤੇ ਨਾਲ ਹੀ ਪਾਣੀ ਦੀ ਇੱਕ ਬੋਤਲ ਵੀ। ਗਲਾਸ ਉਹ ਆਪਣੇ ਬੈਂਗ ਵਿੱਚ ਲਿਆਇਆ ਹੀ ਹੋਇਆ ਸੀ। ਉਸ ਨੇ ਉਹਲੇ ਜਿਹੇ ਹੋ ਕੇ ਇੱਕ ਪੈੱਗ ਬਣਾਇਆ ਤੇ ਇੱਕੋ ਸਾਹੇ ਪੀ ਗਿਆ। ਮੂੰਹ ਸਵਾਰਦਾ ਹੋਇਆ ਆਲਾ-ਦੁਆਲਾ ਦੇਖਣ ਲੱਗਿਆ ਕਿ ਕਿਤੇ ਕਿਸੇ ਨੇ ਦੇਖਿਆ ਤਾਂ ਨਹੀਂ। ਉਸ ਨੇ ਘੜੀ ਦੇਖੀ। ਹਾਲੇ ਢਾਈ ਘੰਟੇ ਪਏ ਸਨ ਉਸ ਦੀ ਉਡਾਨ ਵਿੱਚ। ਉਸ ਨੇ ਇੱਕ ਹੋਰ ਪੈੱਗ ਪੀਤਾ ਤੇ ਬੈਂਗ ਖੋਲ੍ਹ ਕੇ ਦੇਖਣ ਲੱਗਿਆ ਕਿ ਸਾਰੀਆਂ ਦਵਾਈਆਂ ਨਾਲ ਲਿਆਂਦੀਆਂ ਵੀ ਹਨ ਕਿ ਨਹੀਂ। ਕਈ ਵਾਰ ਉਹ ਦਵਾਈਆਂ ਨਾਲ ਲੈ ਜਾਣੀਆਂ ਭੁੱਲ ਜਾਇਆ ਕਰਦਾ, ਉੱਥੇ ਇੰਡੀਆ ਜਾ ਕੇ ਦਵਾਈ ਲੈਣੀ ਪੈਂਦੀ ਜਿਹੜੀ ਕਿ ਇੱਥੋਂ ਦੀ ਦਵਾਈ ਤੋਂ ਕਾਫੀ ਵੱਖਰੀ ਹੁੰਦੀ। ਉਹਨਾਂ ਡਾਕਟਰਾਂ ਕੋਲ ਉਸ ਦਾ ਪੂਰਾ ਰਿਕਾਰਡ ਨਾ



ਹੋਣ ਕਰਕੇ ਦਵਾਈ ਸਹੀ ਵੀ ਨਹੀਂ ਸੀ ਮਿਲਦੀ। ਉਸ ਦੇ ਦੇਖਿਆ ਕਿ ਤਿੰਨ ਹਫਤੇ ਦੀ ਦਵਾਈ ਪੂਰੀ ਹੈ ਸੀ ਤੇ ਤਿੰਨ ਹਫਤੇ ਹੀ ਉਸ ਨੇ ਰਹਿਣਾ ਸੀ। ਉਹ ਉੱਠ ਕੇ ਲੌਂਜ ਵਿੱਚ ਘੁੰਮਦਾ ਲੋਕਾਂ ਨੂੰ ਦੇਖਣ ਲੱਗਿਆ। ਸਭ ਨੂੰ ਖੁਸ਼ ਦੇਖ ਕੇ ਉਹ ਵੀ ਖੁਸ਼ ਹੋ ਰਿਹਾ ਸੀ। ਥੋੜ੍ਹੀ ਦੇਰ ਘੁੰਮ ਕੇ ਉਸ ਨੇ ਇੱਕ ਹੋਰ ਪੈੱਗ ਲਾ ਲਿਆ। ਪੈੱਗ ਲਾ ਕੇ ਉਹ ਪੱਬ ਵਿੱਚ ਜਾ ਬੈਠਾ। ਉਸ ਨੇ ਬੀਅਰ ਦਾ ਇੱਕ ਗਲਾਸ ਤੇ ਚਿਪਸਾਂ ਦਾ ਇੱਕ ਪੋਰਸ਼ਨ ਲੈ ਲਿਆ। ਉਹ ਦੇਖਣ ਲੱਗਾ ਕਿ ਕਿਧਰੇ ਕੋਈ ਇਕੱਲੀ ਔਰਤ ਬੈਠੀ ਹੋਵੇ। ਉਹ ਪੱਬ ਵਿੱਚ ਬੈਠਾ ਦੋ ਗਲਾਸ ਬੀਅਰ ਦੇ ਪੀ ਗਿਆ। ਹੁਣ ਉਹ ਪੂਰਾ ਸ਼ਰਾਬੀ ਸੀ। ਉਸ ਨੇ ਜਾਣਕਾਰੀ ਵਾਲਾ ਬੋਰਡ ਦੇਖਿਆ, ਉਸ ਦਾ ਜਹਾਜ਼ ਤਿਆਰ ਸੀ। ਛੇਤੀ ਹੀ ਸਵਾਰੀਆਂ ਨੂੰ ਹਾਕਾਂ ਪੈਣ ਲੱਗ ਪਈਆਂ। ਉਹ ਹੌਲੀ ਹੌਲੀ ਆਪਣੇ ਜਹਾਜ਼ ਵੱਲ ਚੱਲ ਪਿਆ। ਸਵਾਰੀਆਂ ਦੌੜੀਆਂ ਜਾ ਰਹੀਆਂ ਸਨ ਪਰ ਉਸ ਤੋਂ ਤੇਜ਼ ਨਹੀਂ ਸੀ ਤੁਰ ਹੋ ਰਿਹਾ। ਉਹ ਡਰਦਾ ਸੀ ਕਿ ਕਿਤੇ ਡਿਗ ਹੀ ਨਾ ਪਵੇ। ਬੜੀ ਮੁਸ਼ਕਲ ਨਾਲ ਉਹ ਜਹਾਜ਼ ਤਕ ਪੁੱਜਾ। ਆਪਣਾ ਪਾਸਪੋਰਟ ਤੇ ਟਿਕਟ ਉੱਥੇ ਬੈਠੇ ਅਧਿਕਾਰੀਆਂ ਨੂੰ ਦਿਖਾਇਆ। ਮੂੰਹ ਵਿੱਚ ਉਸ ਨੇ ਮਿੰਟ ਪਾਏ ਹੋਏ ਸਨ ਕਿ ਕਿਸੇ ਨੂੰ ਮੁਸ਼ਕ ਨਾ ਆਵੇ। ਉਹ ਗਲ਼ ਵਿੱਚ ਬੈਂਗ ਪਾਈ ਜਹਾਜ਼ ਦੇ ਦਰਵਾਜ਼ੇ ਤਕ ਪੁੱਜ ਗਿਆ। ਜਹਾਜ਼ ਦੇ ਅੰਦਰ ਵੜਨ ਲੱਗਿਆ ਤਾਂ ਗੇੜਾ ਖਾ ਕੇ ਡਿਗ ਪਿਆ। ਦੋ ਏਅਰ ਹੋਸਟਸ ਭੱਜੀਆਂ ਆਈਆਂ। ਇੱਕ ਬੋਲੀ,

–ਇਹਨੇ ਤਾਂ ਸ਼ਰਾਬ ਪੀ ਰੱਖੀ ਐ।

–ਨਹੀਂ ਨਹੀਂ, ਮੈਂ ਸ਼ਰਾਬ ਨਹੀਂ ਪੀਤੀ, ਇਹ ਤਾਂ ਮੇਰੇ ਸਿਰ ਵਿੱਚ ਸਖਤ ਦਰਦ ਐ। ਮੇਰੀਆਂ ਲੱਤਾਂ ਕਮਜ਼ੋਰ ਐ।

ਜੱਗੀ ਨੇ ਕਿਹਾ। ਜਦ ਤਕ ਕੁਝ ਸਕਿਉਰਟੀ ਅਧਿਕਾਰੀ ਵੀ ਪੁੱਜ ਗਏ। ਕਿਸੇ ਨੇ ਉਸ ਦਾ ਮੂੰਹ ਸੁੰਘ ਕੇ ਦੇਖਿਆ ਤੇ ਬੋਲਿਆ,

–ਬਲੱਡੀ ਸਮੈੱਲ!

ਏਅਰ ਹੋਸਟਸ ਨੇ ਫੜ ਕੇ ਉਸ ਨੂੰ ਖੜਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਤੋਂ ਖੜਿਆ ਨਹੀਂ ਸੀ ਜਾ ਰਿਹਾ। ਕਿਸੇ ਨੇ ਕਿਹਾ,

–ਇਹ ਸਫਰ ਕਰਨ ਦੇ ਕਾਬਲ ਨਹੀਂ, ਇਸ ਨੂੰ ਜਹਾਜ਼ ਵਿੱਚੋਂ ਲਾਹੋ।

ਇਹ ਸੁਣ ਕੇ ਜੱਗੀ ਗੁੱਸੇ ਵਿੱਚ ਆ ਗਿਆ ਤੇ ਉਹਨਾਂ ਨਾਲ ਲੜਨ ਦੀ ਕੋਸ਼ਿਸ਼ ਕਰਨ ਲੱਗਿਆ। ਆਵਾਜ਼ ਉਸ ਦੀ ਨਿਕਲ ਨਹੀਂ ਸੀ ਰਹੀ ਤੇ ਨਾ ਹੀ ਢੰਗ ਨਾਲ ਖੜਿਆ ਜਾ ਰਿਹਾ ਸੀ। ਸਕਿਉਰਟੀ ਵਾਲੇ ਉਸ ਨੂੰ ਆਸਰਾ ਦਿੰਦੇ ਬਾਹਰ ਲੈ ਗਏ।

# ਚੌਂਤੀ

ਜੱਗੀ ਦੁਬਾਰਾ ਇੰਡੀਆ ਲਈ ਚੜ੍ਹ ਗਿਆ। ਇਸ ਵਾਰ ਉਸ ਨੇ ਧਿਆਨ ਰੱਖਿਆ ਕਿ ਸ਼ਰਾਬ ਥੋੜ੍ਹੀ ਪੀਵੇ। ਪਹਿਲਾਂ ਹੀ ਫਲਾਈਟ ਮਿੱਸ ਕਰਕੇ ਉਸ ਨੇ ਸਾਰਿਆਂ ਨੂੰ ਚੱਕਰ ਵਿੱਚ ਪਾ ਰੱਖਿਆ ਸੀ। ਦੋ ਦਿਨ ਤਕ ਤਾਂ ਕਿਸੇ ਨੂੰ ਪਤਾ ਹੀ ਨਾ ਚੱਲਿਆ ਕਿ

ਜੱਗੀ ਗਿਆ ਕਿੱਥੇ। ਦੋ ਦਿਨ ਬਾਅਦ ਉਸ ਨੇ ਨਵੀ ਨੂੰ ਫੋਨ ਕੀਤਾ ਸੀ। ਦੁਬਾਰਾ ਫਲਾਈਟ ਬੁੱਕ ਕਰਾਉਣ ਵਿੱਚ ਦੱਸ ਦਿਨ ਹੋਰ ਨਿਕਲ ਗਏ ਸਨ।

ਸ਼ਿਵਚਰਨ ਤੇ ਚਰਨਜੀਤ ਉਸ ਨੂੰ ਲੈਣ ਆਏ ਹੋਏ ਸਨ। ਦਿੱਲੀ ਵਿੱਚ ਦੁਕਾਨਾਂ ਦਾ ਕਿਰਾਇਆ ਲੈਣ ਸ਼ਿਵਚਰਨ ਆਮ ਤੌਰ 'ਤੇ ਆਉਂਦਾ ਹੀ ਰਹਿੰਦਾ ਸੀ, ਇਸ ਲਈ ਉਸ ਨੇ ਇੱਕ ਰਿਸ਼ਤੇਦਾਰ ਦੇ ਘਰ ਪੱਕੀ ਹੀ ਠਾਹਰ ਬਣਾਈ ਹੋਈ ਸੀ। ਦੁਕਾਨਾਂ ਨੂੰ ਹੁਣ ਉਹ ਆਪਣੀਆਂ ਹੀ ਸਮਝਦਾ ਸੀ। ਕਈ ਵਾਰ ਦੁਕਾਨਾਂ ਨੂੰ ਤੇ ਹੋਰ ਜਾਇਦਾਦ ਨੂੰ ਲੈ ਕੇ ਉਸ ਦਾ ਚਰਨਜੀਤ ਨਾਲ ਝਗੜਾ ਵੀ ਹੋ ਜਾਂਦਾ ਸੀ। ਜੱਗੀ ਵੀ ਸ਼ਿਵਚਰਨ ਦੇ ਇਰਾਦਿਆਂ ਨੂੰ ਸਮਝਦਾ ਸੀ ਇਸ ਕਰਕੇ ਉਸ ਨੂੰ ਬਹੁਤਾ ਪਸੰਦ ਨਹੀਂ ਸੀ ਕਰਦਾ।

ਇਸ ਵਾਰ ਜੱਗੀ ਨੇ ਹੀਥਰੋ 'ਤੇ ਤਾਂ ਸ਼ਰਾਬ ਨਾ ਪੀਤੀ ਪਰ ਪਰਦੇ ਜਿਹੇ ਨਾਲ ਜਹਾਜ਼ ਵਿੱਚ ਹੀ ਬੋਤਲ ਖੋਲ੍ਹ ਲਈ। ਉਹ ਦਿੱਲੀ ਪੁੱਜਾ ਤਾਂ ਟੱਲੀ ਸੀ। ਕਰਮਚਾਰੀਆਂ ਨੇ ਬੜੀ ਮੁਸ਼ਕਲ ਨਾਲ ਫੜ ਕੇ ਉਸ ਨੂੰ ਬਾਹਰ ਕੱਢਿਆ ਤੇ ਅੱਗੋਂ ਸ਼ਿਵਚਰਨ ਨੇ ਸੰਭਾਲਿਆ। ਉਸ ਦੀ ਹਾਲਤ ਦੇਖ ਕੇ ਚਰਨਜੀਤ ਤਾਂ ਰੋਣ ਹੀ ਲੱਗ ਪਈ। ਉਸ ਕੋਲ ਬੈਗ ਹੀ ਸੀ। ਆਪਣਾ ਅਟੈਚੀ ਉਹ ਕਿਤੇ ਗਵਾ ਆਇਆ ਸੀ। ਸ਼ਿਵਚਰਨ ਨੇ ਬਹੁਤ ਪਤਾ ਕੀਤਾ ਪਰ ਏਅਰਪੋਰਟ ਵਾਲਿਆਂ ਨੂੰ ਨਾ ਲੱਭਿਆ ਤੇ ਉਹਨਾਂ ਨੇ ਮੁੜ ਕੇ ਪਤਾ ਕਰਨ ਲਈ ਕਹਿ ਦਿੱਤਾ।

ਜੱਗੀ ਦੀ ਮਾਂ ਹਸਪਤਾਲ ਵਿੱਚ ਸੀ। ਉਹ ਜਿਵੇਂ ਜੱਗੀ ਨੂੰ ਉਡੀਕ ਰਹੀ ਸੀ। ਉਸ ਦੇ ਜਾਣ ਤੋਂ ਅਗਲੇ ਦਿਨ ਹੀ ਉਹ ਪੂਰੀ ਹੋ ਗਈ। ਉਸ ਦੇ ਪਿਤਾ ਸੋਹਣ ਸਿੰਘ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਜੱਗੀ ਨੇ ਵਕਤ ਸਿਰ ਪੁੱਜ ਕੇ ਸਾਰੀਆਂ ਅੰਤਿਮ ਰਸਮਾਂ ਆਪਣੇ ਹੱਥੀਂ ਕਰ ਦਿੱਤੀਆਂ ਸਨ। ਇੱਕ ਦਿਨ ਗੱਲਾਂ ਗੱਲਾਂ ਵਿੱਚ ਸ਼ਿਵਚਰਨ ਕਹਿਣ ਲੱਗਾ,

-ਜੱਗੀ, ਮਾਤਾ ਦੀ ਬਿਮਾਰੀ 'ਤੇ ਸੱਤ ਲੱਖ ਖਰਚਾ ਹੋ ਗਿਆ।

-ਡੈਡ ਨੇ ਨਹੀਂ ਖਰਚੇ ?

-ਖਰਚੇ ਤਾਂ ਡੈਡ ਨੇ ਹੀ ਪਰ ਖਰਚਾ ਤਾਂ ਹੋ ਗਿਆ ਨਾ।

-ਸ਼ਿਵਚਰਨ ਸਿਆਂ, ਤੂੰ ਕਿਉਂ ਫਿਕਰ ਕਰਦਾਂ। ਡੈਡ ਦੇ ਪੈਸੇ, ਡੈਡ ਨੇ ਖਰਚੇ। ...ਬਹੁਤਾ ਫਿਕਰ ਨਹੀਂ ਕਰੀਦਾ, ਦੇਖ ਲੈ ਮੇਰੇ ਵੱਲ। ਮੈਂ ਫਿਕਰ ਕਰਦਾ ਹੁੰਦਾ ਸੀ ਤਾਂ ਸੀ ਆਹ ਹਾਲਤ ਹੋ ਗਈ।

ਜੱਗੀ ਨੇ ਹੱਸਦੇ ਹੋਏ ਕਿਹਾ ਤੇ ਸ਼ਿਵਚਰਨ ਅੰਦਰੋਂ ਅੰਦਰ ਜ਼ਹਿਰ ਘੋਲਦਾ ਰਹਿ ਗਿਆ।

ਜੱਗੀ ਦੀ ਸ਼ਰਾਬ ਉਵੇਂ ਹੀ ਸੀ। ਉਹ ਸੋਹਣ ਸਿੰਘ ਦੇ ਸਾਹਮਣੇ ਥੋੜ੍ਹੀ ਜਿਹੀ ਹੀ ਪੀਂਦਾ ਪਰ ਆਸੇ ਪਾਸੇ ਹੋ ਕੇ ਆਪਣਾ ਘਰ ਪੂਰਾ ਕਰ ਲੈਂਦਾ ਸੀ। ਉਸ ਦੀ ਸ਼ਰਾਬ 'ਤੇ ਸੋਹਣ ਸਿੰਘ ਵੀ ਤੜਫਦਾ ਤੇ ਚਰਨਜੀਤ ਵੀ। ਉਸ ਨੂੰ ਸ਼ਰਾਬ ਪੀਣ ਤੋਂ ਸਾਰੇ ਰੋਕਦੇ, ਖਾਸ ਤੌਰ 'ਤੇ ਉਸ ਦੀ ਭਾਣਜੀ ਆਨੰਦੀ। ਆਨੰਦੀ ਨਾਲ ਉਸ ਨੂੰ ਬਹੁਤ ਪਿਆਰ ਸੀ। ਉਹ ਸੋਚਦਾ ਕਿ ਆਪਣਾ ਸਭ ਕੁਝ ਆਨੰਦੀ ਦੇ ਨਾਂ ਕਰਾ ਜਾਵੇਗਾ। ਇੱਕ ਦਿਨ ਜੱਗੀ ਨੇ ਸੋਹਣ ਸਿੰਘ ਨੂੰ ਪੁੱਛਿਆ,

-ਇਹ ਸ਼ਿਵਚਰਨ ਮਾਤਾ 'ਤੇ ਹੋਏ ਖਰਚ ਦਾ ਬਹੁਤਾ ਹੀ ਫਿਕਰ ਕਰਦਾ।

-ਲਾਲਚੀ ਐ ਥੋੜ੍ਹਾ ਪਰ ਆਪਣਾ ਜਵਾਈ ਭਾਈ ਐ, ਕਿਰਾਇਆ ਲੈ ਕੇ ਆਉਂਦਾ, ਭਾਵੇਂ ਅੱਧੋ-ਡੂੜ ਕਰ ਦਿੰਦਾ ਪਰ ਦੌੜਾ ਤਾਂ ਫਿਰਦਾ। ਮੈਂ ਜਿਹੜੇ ਦੋ ਪਲਾਟ



ਲਏ ਸੀ, ਉਹਨਾਂ ਵਿੱਚੋਂ ਇੱਕ ਇਹਨੂੰ ਦੇ ਦਿੱਤਾ। ਜੱਗੀ ਪੁੱਤ, ਤੂੰ ਆਪਣੀ ਸਿਹਤ ਦਾ ਧਿਆਨ ਰੱਖ, ਤੇਰੇ ਕੋਲ ਬੜਾ ਕੁਝ ਐ। ਭਾਵੇਂ ਬਹਿ ਕੇ ਖਾਵੀਂ। ਮੈਂ ਤੇਰੇ ਨਾਂ ਦੀ ਪੱਕੀ ਵਸੀਅਤ ਕਰਾਈ ਹੋਈ ਐ। ਅਲਮਾਰੀ ਵਿੱਚ ਪਈ ਐ, ਆਪਣੇ ਨਾਲ ਲੈ ਜਾਵੀਂ, ਜੇ ਗੁੰਮ ਵੀ ਜਾਵੇ ਤਾਂ ਕਚਹਿਰੀ ਵਿੱਚੋਂ ਨਕਲ ਵੀ ਮਿਲ ਜਾਂਦੀ ਐ। ...ਤੇਰੀ ਮਾਂ ਤੁਰ ਗਈ ਮੇਰਾ ਵੀ ਕੀ ਪਤਾ!

ਆਖਦਾ ਸੋਹਣ ਸਿੰਘ ਭਾਵੁਕ ਹੋ ਗਿਆ। ਜੱਗੀ ਦੀਆਂ ਅੱਖਾਂ ਵੀ ਭਰ ਆਈਆਂ। ਸੋਹਣ ਸਿੰਘ ਫਿਰ ਬੋਲਿਆ,

-ਬੈਂਕ ਵਿੱਚ ਬਹੁਤਾ ਤਾਂ ਨਹੀਂ, ਵੀਹ ਕੁ ਲੱਖ ਹੈਗਾ। ਕੱਲ੍ਹ ਨੂੰ ਹੀ ਅਕਾਊਂਟ ਵਿੱਚ ਤੇਰਾ ਨਾਂ ਪੁਆ ਲੈਨੇ ਆਂ। ਬਾਅਦ ਵਿੱਚ ਮੁਸ਼ਕਲ ਨਹੀਂ ਆਏਗੀ।

ਹੁਣ ਜੱਗੀ ਹੋਰ ਵੀ ਜਜ਼ਬਾਤੀ ਹੋ ਗਿਆ। ਪਹਿਲਾਂ ਉਹ ਸੋਚਦਾ ਸੀ ਕਿ ਪਿਤਾ ਤੋਂ ਕੁਝ ਪੈਸੇ ਮੰਗੇਗਾ ਪਰ ਹੁਣ ਉਸ ਸੋਚ ਲਿਆ ਕਿ ਜਿਉਂਦੇ ਜੀ ਪਿਓ ਤੋਂ ਕੁਝ ਵੀ ਨਹੀਂ ਲਵੇਗਾ, ਭਾਵੇਂ ਆਪ ਉਹ ਕਿੰਨੀ ਵੀ ਔਖੀ ਜ਼ਿੰਦਗੀ ਜੀਊ ਰਿਹਾ ਹੋਵੇ।

ਅਗਲੇ ਦਿਨ ਉਹ ਉੱਠਿਆ ਤਾਂ ਉਸ ਦਾ ਸਿਰ ਦਰਦ ਕਰਨ ਲੱਗਿਆ। ਨਾਲ ਹੀ ਆਵਾਜ਼ਾਂ ਵੀ ਉੱਚੀਆਂ ਹੋ ਗਈਆਂ। ਹੁਣ ਉਹਨਾਂ ਨੂੰ ਵੀ ਵੀਹ ਲੱਖ ਰੁਪਏ ਬਾਰੇ ਪਤਾ ਚੱਲ ਗਿਆ ਹੋਇਆ ਸੀ ਤੇ ਇਹਦੇ ਵਿੱਚੋਂ ਹਿੱਸਾ ਮੰਗਣ ਲੱਗੀਆਂ। ਜੱਗੀ ਸੋਚ ਰਿਹਾ ਸੀ ਕਿ ਹੁਣ ਇਹ ਨਵਾਂ ਪੰਗਾ ਸ਼ੁਰੂ ਹੋ ਗਿਆ। ਆਵਾਜ਼ਾਂ ਵਸੀਅਤ ਬਾਰੇ ਵੀ ਗੱਲਾਂ ਕਰਦੀਆਂ ਤੇ ਕਹਿੰਦੀਆਂ ਕਿ ਵੀਹ ਲੱਖ ਲੈ ਕੇ ਹੀ ਇੰਗਲੈਂਡ ਵਾਪਸ ਜਾਵੇ।

ਇੱਕ ਦਿਨ ਚਰਨਜੀਤ ਉਸ ਨੂੰ ਬੋਲੀ,

-ਵੀਰੇ, ਤੇਰੀਆਂ ਅੱਖਾਂ ਏਨੀਆਂ ਪੀਲੀਆਂ ਕਿਉਂ ਐਂ ?

-ਨਹੀਂ ਤਾਂ।

ਜੱਗੀ ਨੇ ਕਿਹਾ। ਚਰਨਜੀਤ ਨੇ ਸੋਹਣ ਸਿੰਘ ਨੂੰ ਦੱਸਿਆ। ਉਸ ਨੇ ਧਿਆਨ ਨਾਲ ਦੇਖਿਆ ਤਾਂ ਉਸ ਨੂੰ ਵੀ ਫਿਕਰ ਪੈ ਗਿਆ। ਉਹ ਉਸੇ ਵੇਲੇ ਉਸ ਨੂੰ ਡਾਕਟਰ ਦੇ ਲੈ ਗਏ। ਡਾਕਟਰ ਨੇ ਖ਼ੂਨ ਟੈੱਸਟ ਕਰਕੇ ਕਿਹਾ,

-ਇਹ ਤਾਂ ਲਿਵਰ ਦੀ ਬਿਮਾਰੀ ਐ। ਲਿਵਰ ਠੀਕ ਨਹੀਂ। ਸ਼ਰਾਬ ਬਿਲਕੁਲ ਛੱਡਣੀ ਹੋਵੇਗੀ।

ਜੱਗੀ ਵੀ ਫਿਕਰਵੰਦ ਹੋ ਗਿਆ। ਲਿਵਰ ਦੀ ਬਿਮਾਰੀ ਤਾਂ ਜਾਨ-ਲੇਵਾ ਹੋ ਸਕਦੀ ਹੈ। ਉਸ ਨੇ ਮਨ ਹੀ ਮਨ ਸੋਚ ਲਿਆ ਕਿ ਹੁਣ ਉਹ ਸ਼ਰਾਬ ਨਹੀਂ ਪੀਵੇਗਾ। ਡਾਕਟਰ ਨੇ ਉਸ ਨੂੰ ਦਵਾਈ ਦੇ ਦਿੱਤੀ। ਜਿੰਨੇ ਦਿਨ ਜੱਗੀ ਇੰਡੀਆ ਰਿਹਾ ਉਹ ਦਵਾਈ ਖਾਂਦਾ ਰਿਹਾ ਤੇ ਸ਼ਰਾਬ ਬਿਲਕੁਲ ਨਾ ਪੀਤੀ। ਸੋਹਣ ਸਿੰਘ ਤੇ ਚਰਨਜੀਤ ਉਸ ਉਪਰ ਨਜ਼ਰ ਵੀ ਰੱਖਦੇ। ਘਰ ਵਿੱਚ ਆਨੰਦੀ ਹਰ ਵੇਲੇ ਉਸ ਦੇ ਕੋਲ ਬੈਠੀ ਰਹਿੰਦੀ। ਜਿਸ ਦਿਨ ਉਸ ਨੇ ਵਾਪਸ ਆਉਣਾ ਸੀ, ਉਸ ਦਿਨ ਲੁਕ ਕੇ ਪੀ ਆਇਆ।

ਇੰਗਲੈਂਡ ਵਾਪਸ ਆ ਕੇ ਜੱਗੀ ਆਪਣੇ ਡਾਕਟਰ ਨੂੰ ਮਿਲਿਆ ਤੇ ਇੰਡੀਆ ਵਾਲੀਆਂ ਸਾਰੀਆਂ ਰਿਪੋਰਟਾਂ ਉਸ ਨੂੰ ਦਿਖਾ ਦਿੱਤੀਆਂ। ਡਾਕਟਰ ਨੇ ਅਗਲੇਰੇ ਨਰੀਖਣਾਂ ਲਈ ਉਸ ਨੂੰ ਹਸਪਤਾਲ ਭੇਜ ਦਿੱਤਾ। ਨਰੀਖਣ ਲਈ ਉਸ ਨੂੰ ਇੱਕ ਰਾਤ ਹਸਪਤਾਲ ਵੀ ਰਹਿਣਾ ਪਿਆ। ਹੁਣ ਉਸ ਨੂੰ ਲਿਵਰ ਦੀ ਦਵਾਈ ਵੀ ਖਾਣੀ ਪੈਂਦੀ।

ਉਸ ਨੇ ਪ੍ਰੀਤੀ ਨੂੰ ਫੋਨ ਕਰਕੇ ਆਪਣੇ ਨਾਂ ਵਸੀਅਤ ਹੋਣ ਬਾਰੇ ਦੱਸਿਆ ਤਾਂ ਉਹ ਬਹੁਤ ਖੁਸ਼ ਹੋਈ ਤੇ ਬੋਲੀ,

–ਇੱਕ ਘਰ ਤੂੰ ਆਪਣੇ ਲਈ ਲੈ ਲਵੀਂ ਤੇ ਇੱਕ ਰੌਕੀ ਨੂੰ ਲੈ ਦੇਵੀਂ।

–ਤੈਨੂੰ ਘਰ ਤੋਂ ਅੱਗੇ ਕੁਝ ਨਹੀਂ ਦਿੱਸਦਾ ?

–ਮੈਂ ਤਾਂ ਕੁਝ ਨਹੀਂ ਮੰਗਿਆ ਤੇਰੇ ਤੋਂ, ਰੌਕੀ ਤਾਂ ਤੇਰਾ ਹੀ ਪੁੱਤ ਐ, ਉਹਦੇ ਬਾਰੇ ਵੀ ਤਾਂ ਤੇਰੇ ਕੁਝ ਫਰਜ਼ ਹੈਗੇ ਆ ਕਿ ਨਹੀਂ ?

ਪ੍ਰੀਤੀ ਨੇ ਕਿਹਾ। ਜੱਗੀ ਸੋਚ ਰਿਹਾ ਸੀ ਕਿ ਸ਼ਾਇਦ ਪ੍ਰੀਤੀ ਠੀਕ ਕਹਿੰਦੀ ਹੋਵੇ। ਆਖਿਰ ਰੌਕੀ ਉਸ ਦਾ ਹੀ ਤਾਂ ਵਾਰਸ ਹੈ। ਉਸੇ ਪਲ ਹੀ ਉਹ ਸੋਚਣ ਲੱਗਾ ਕਿ ਪਿਤਾ ਤੋਂ ਬਾਅਦ ਉਸ ਦੀ ਕੋਈ ਵੀ ਜਾਇਦਾਦ ਨਹੀਂ ਵੇਚੇਗਾ। ਇਹ ਜਾਇਦਾਦ ਉਸ ਦੇ ਪਿਤਾ ਦੀ ਨਿਸ਼ਾਨੀ ਹੋਵੇਗੀ।

ਨਵੀ ਨੂੰ ਉਸ ਦੀ ਬਿਮਾਰੀ ਦਾ ਪਤਾ ਚੱਲਿਆ ਤਾਂ ਉਹ ਨੇ ਫਿਕਰ ਵਿੱਚ ਪੈਂਦੇ ਆਖਿਆ,

–ਜੱਗੀ, ਤੂੰ ਕਿਸੇ ਦੀ ਮੰਨਦਾ ਤਾਂ ਹੁੰਦਾ ਨਹੀਂ ਪਰ ਜੇ ਬਚਣਾ ਤਾਂ ਸ਼ਰਾਬ ਤੋਂ ਦੂਰ ਰਹਿ। ਨਹੀਂ ਤਾਂ ਸਮਝ ਟਿਕਟ ਆ ਗਿਆ ਤੇਰਾ।

–ਨਵੀ, ਮੈਨੂੰ ਪੂਰਾ ਯਕੀਨ ਆਂ ਕਿ ਮੇਰਾ ਲਿਵਰ ਬਿਲਕੁਲ ਠੀਕ ਆ, ਮੈਂ ਕਿਤੇ ਅੱਜ ਦਾ ਸ਼ਰਾਬ ਤਾਂ ਨਹੀਂ ਪੀਨਾਂ ! ਉਹਨਾਂ ਸਾਲ਼ਿਆਂ ਨੇ ਮੇਰੇ ਅੰਦਰ ਏਦਾਂ ਦੀ ਸਿਮ ਪਾਈ ਹੋਈ ਐ ਕਿ ਮੈਨੂੰ ਕੋਈ ਬਿਮਾਰੀ ਲੱਗ ਹੀ ਨਹੀਂ ਸਕਦੀ। ਇਹੋ ਗੱਲ ਅੱਜ ਸਵੇਰੇ ਵੀ ਮੈਨੂੰ ਉਹ ਕਹਿੰਦੇ ਸੀ। ਮੈਂ ਕਿਹਾ ਕਿ ਮੈਨੂੰ ਵੀ ਪਤਾ ਡਾਕਟਰਾਂ ਨੂੰ ਭੁਲੇਖਾ ਲੱਗਦਾ।

–ਨਹੀਂ ਜੱਗੀ, ਆਪਣੇ ਆਪ ਨੂੰ ਧੋਖਾ ਨਾ ਦੇਹ।

–ਬਿਮਾਰੀ ਬਿਮੁਰੀ ਮੈਨੂੰ ਕੋਈ ਨਹੀਂ, ਇਹ ਤਾਂ ਇਕੱਲਤਾ ਐ, ਲੋਨਲੀਨੈੱਸ। ਮੈਂ ਜਦ ਇਕੱਲਤਾ ਵਿੱਚ ਘਿਰ ਜਾਨਾਂ ਤਾਂ ਬਹੁਤ ਤੰਗ ਹੁੰਨਾ। ਸਾਰੀ ਬਿਮਾਰੀਆਂ ਉਸੇ ਵਿੱਚੋਂ ਹੀ ਨਿਕਲਦੀਆਂ।

–ਤੇਰੇ ਕੋਲ ਦੋ ਕਮਰੇ ਆ ਇਹ। ਕਿਸੇ ਨੂੰ ਰੱਖ ਲੈ, ਬਥੇਰੇ ਸਟੂਡੈਂਟ ਤੁਰੇ ਫਿਰਦੇ ਆ।

–ਗੱਲ ਤਾਂ ਤੇਰੀ ਠੀਕ ਐ, ਮੈਂ ਤਾਂ ਬੈੱਡ ਤੇ ਸੌਂਦਾ ਹੀ ਘੱਟ ਆਂ, ਇਹਨੂੰ ਕਿਰਾਏ ’ਤੇ ਦੇ ਦਿੰਨਾਂ। ਆਹ ਹੇਠਾਂ ਭਾਪੇ ਬਸੰਤ ਸਿੰਘ ਦੀ ਦੁਕਾਨ ਐ ਇੱਕ, ਉੱਥੇ ਨੋਟਿਸ ਲਾ ਕੇ ਆਉਨਾ ਕਿ ਜੇ ਕਿਸੇ ਨੂੰ ਕਮਰਾ ਚਾਹੀਦਾ ਹੋਵੇ ਤਾਂ।

ਜੱਗੀ ਅਗਲੇ ਦਿਨ ਹੀ ਦੁਕਾਨ ’ਤੇ ਗਿਆ। ਦੁਕਾਨ ਵਿੱਚ ਵੀ ਇੱਕ ਪਾਕਿਸਤਾਨੀ ਮੁੰਡਾ ਸੁਹੇਲ ਕੰਮ ਕਰਦਾ ਸੀ। ਸੁਹੇਲ ਵਿਦਿਆਰਥੀ ਸੀ ਤੇ ਨਾਲ ਦੀ ਨਾਲ ਕੰਮ ਕਰ ਰਿਹਾ ਸੀ। ਉਸ ਨੂੰ ਵੀ ਕਮਰਾ ਚਾਹੀਦਾ ਸੀ। ਜੱਗੀ ਦਾ ਕਮਰਾ ਉਸ ਲਈ ਬਹੁਤ ਢੁੱਕਵਾਂ ਸੀ। ਸੁਹੇਲ ਨੇ ਪੰਜਾਹ ਪੌਂਡ ਹਫਤੇ ਦੇ ਦੇਣੇ ਕਰ ਲਏ ਤੇ ਉਹ ਅਗਲੇ ਦਿਨ ਹੀ ਸਾਮਾਨ ਚੁੱਕ ਲਿਆਇਆ ਤੇ ਉਸ ਨਾਲ ਰਹਿਣ ਲੱਗ ਪਿਆ। ਸੁਹੇਲ ਨੂੰ ਜੱਗੀ ਦੀ ਹਾਲਤ ਸਮਝਣ ਵਿੱਚ ਦੇਰ ਨਾ ਲੱਗੀ। ਜਦ ਜੱਗੀ ਨੂੰ ਆਵਾਜ਼ਾਂ ਸੁਣਨ ਲੱਗਦੀਆਂ ਤਾਂ ਉਹ ਉਹਨਾਂ ਨੂੰ ਗਾਲ੍ਹਾਂ ਕੱਢ ਰਿਹਾ ਹੁੰਦਾ। ਕਈ ਵਾਰ ਫਰਜ਼ੀ ਲੜਾਈ ਕਰਦਾ ਹਵਾ ਵਿੱਚ ਹੀ ਮੁੱਕੇ ਬਾਜ਼ੀ ਕਰਨ ਲੱਗਦਾ। ਕਈ ਵਾਰ ਜੱਗੀ ਕੰਧਾਂ ਵਿੱਚ ਮੁੱਕੇ ਮਾਰਦਾ ਹੱਥ ਜ਼ਖ਼ਮੀ ਕਰ ਲੈਂਦਾ। ਇੱਕ ਦਿਨ ਸੁਹੇਲ ਆਪਣਾ ਬੈਗ ਲੈ ਕੇ ਗਾਇਬ ਹੋ ਗਿਆ।



# ਪੈਂਤੀ

ਇੱਕ ਦਿਨ ਚਰਨਜੀਤ ਦਾ ਨਵੀ ਨੂੰ ਫੋਨ ਆਇਆ,

–ਭਾਜੀ, ਜੱਗੀ ਵੀਰੇ ਦਾ ਕੁਝ ਪਤਾ ਨਹੀਂ ਲੱਗ ਰਿਹਾ। ਪੰਜ ਦਿਨ ਹੋ ਗਏ ਫੋਨ ਨਹੀਂ ਚੁੱਕ ਰਿਹਾ। ਮੈਂ ਵੀ ਕਰੀ ਜਾਨੀ ਆਂ ਤੇ ਆਨੰਦੀ ਵੀ।

ਜੱਗੀ ਦੀ ਭਾਣਜੀ ਆਨੰਦੀ ਵਿਆਹ ਕਰਾ ਕੇ ਕਨੇਡਾ ਚਲੇ ਗਈ ਸੀ ਪਰ ਉੱਥੇ ਜਾ ਕੇ ਉਸ ਦਾ ਜਲਦੀ ਹੀ ਤਲਾਕ ਵੀ ਹੋ ਗਿਆ ਸੀ। ਉਹ ਜੱਗੀ ਨੂੰ ਲਗਾਤਾਰ ਫੋਨ ਕਰਦੀ ਰਹਿੰਦੀ ਸੀ। ਨਵੀ ਬੋਲਿਆ,

–ਅੱਛਾ ! ਮੈਨੂੰ ਵੀ ਨਹੀਂ ਆਇਆ ਪਰ ਮੈਂ ਉਸ ਨੂੰ ਕੀਤਾ ਵੀ ਨਹੀਂ।

–ਭਾਜੀ, ਮੈਨੂੰ ਬਹੁਤ ਫਿਕਰ ਐ ਉਹਦਾ ! ਪਤਾ ਕਰੋ ਕਿ ਕਿਸੇ ਹਸਪਤਾਲ ਨਾ ਪਿਆ ਹੋਵੇ, ਉਹਦੀ ਸਿਹਤ ਦਾ ਤਾਂ ਤੁਹਾਨੂੰ ਪਤਾ ਹੀ ਐ।

–ਭੈਣ ਜੀ, ਮੈਂ ਹੁਣੇ ਹੀ ਪਤਾ ਕਰਦਾਂ। ਮੈਂ ਉਸ ਦੇ ਫਲੈਟ ਵਿੱਚ ਜਾ ਕੇ ਦੇਖਦਾਂ, ਉਸ ਦੇ ਨੇੜਲੀ ਦੁਕਾਨ ਤੋਂ ਪੁੱਛਦਾਂ ਨਹੀਂ ਤਾਂ ਹਸਪਤਾਲ ਫੋਨ ਕਰਕੇ ਦੇਖਾਂਗਾ।

–ਆਨੰਦੀ ਹਸਪਤਾਲ ਫੋਨ ਕਰਕੇ ਦੇਖ ਚੁੱਕੀ ਐ, ਐਸ਼ਫੌਰਡ ਹੌਸਪੀਟਲ ਵੀ ਤੇ ਲੋਕਲ ਹੌਸਪੀਟਲ ਵੀ ਪਰ ਕੁਝ ਪਤਾ ਨਹੀਂ ਲੱਗਿਆ।

–ਕਈ ਵਾਰ ਉਹ ਫੋਨ ਉਪਰ ਨਹੀਂ ਦੱਸਿਆ ਕਰਦੇ, ਮੈਂ ਆਪ ਜਾਵਾਂਗਾ ਕੱਲ੍ਹ ਨੂੰ। ਤੁਸੀਂ ਫਿਕਰ ਨਾ ਕਰੋ।

ਨਵੀ ਚਰਨਜੀਤ ਨੂੰ ਹੌਸਲਾ ਦਿੰਦਾ ਬੋਲਿਆ ਪਰ ਸੋਚਣ ਲੱਗਿਆ ਕਿ ਕੰਮ ਤੋਂ ਛੁੱਟੀ ਕਰਕੇ ਕਿਵੇਂ ਜਾਵੇਗਾ। ਕੰਮ ਤੋਂ ਮੁੜਦਾ ਉਹ ਥਕਿਆ ਜਿਹਾ ਹੁੰਦਾ ਸੀ ਤੇ ਕਿਸੇ ਪਾਸੇ ਨਿਕਲਣ ਜੋਗਾ ਨਹੀਂ ਸੀ ਹੁੰਦਾ। ਉਹ ਕੰਮ ਤੋਂ ਹੀ ਵੱਖ ਵੱਖ ਹਸਪਤਾਲਾਂ ਵਿੱਚ ਫੋਨ ਕਰਦਾ ਰਿਹਾ ਪਰ ਕੁਝ ਪਤਾ ਨਾ ਚੱਲਿਆ। ਤਿੰਨ ਦਿਨ ਬਾਅਦ ਉਸ ਦੀ ਛੁੱਟੀ ਸੀ। ਉਹ ਸਿੱਧਾ ਜੱਗੀ ਦੇ ਫਲੈਟ ਵਿੱਚ ਚਲੇ ਗਿਆ। ਜੱਗੀ ਉੱਥੇ ਨਹੀਂ ਨਹੀਂ। ਭਾਪੇ ਬਸੰਤ ਸਿੰਘ ਦੀ ਦੁਕਾਨ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਇਹਨਾਂ ਫਲੈਟਾਂ ਵਿੱਚ ਇੱਕ ਦਿਨ ਐਂਬੂਲੈਂਸ ਆਈ ਸੀ, ਸ਼ਾਇਦ ਜੱਗੀ ਲਈ ਹੀ ਹੋਵੇ। ਉਸੇ ਸ਼ਾਮ ਨੂੰ ਉਸ ਨੂੰ ਜੱਗੀ ਦਾ ਫੋਨ ਆ ਗਿਆ। ਬੋਲਿਆ,

–ਸੁਣਾ ਬਈ ਨਵੀ ਸਿਆਂ, ਕੀ ਹਾਲ ਐ ਤੇਰਾ ?

–ਤੂੰ ਕਿੱਥੇ ਐਂ ? ਸਾਰੇ ਤੈਨੂੰ ਲੱਭ–ਲੱਭ ਕੇ ਕਮਲ਼ੇ ਹੋਏ ਫਿਰਦੇ ਆ।

–ਮੈਂ ਚੈਰਿੰਗ ਕਰੌਸ ਆਂ। ਵੈਸੇ ਮੈਂ ਠੀਕ ਆਂ। ਬਿਲਕੁਲ ਠੀਕ, ਚੜ੍ਹਦੀ ਕਲਾ ਵਿੱਚ। ਮੇਰੇ ਕੋਲ ਫੋਨ ਹੈ ਨਾ ਸੀ ਇਸ ਕਰਕੇ ਕਿਸੇ ਨੂੰ ਦੱਸ ਨਾ ਸਕਿਆ। ਅੱਜ ਹੀ ਪ੍ਰੀਤੀ ਫੋਨ ਦੇ ਕੇ ਗਈ ਐ। ਹੁਣ ਆਨੰਦੀ ਤੇ ਚਰਨਜੀਤ ਨੂੰ ਵੀ ਫੋਨ ਕਰਕੇ ਹਟਿਆਂ।

–ਕੀ ਪ੍ਰੌਬਲਮ ਐ ਹੁਣ ? ਚੈਰਿੰਗ ਕਰੌਸ ਤਾਂ ਕੰਪਲੀਕੇਟਿਡ ਬਿਮਾਰੀਆਂ ਵਾਲੇ ਜਾਂਦੇ ਆ !

-ਮੈਨੂੰ ਬਿਮਾਰੀ ਕੋਈ ਨਹੀਂ ਪਰ ਡਾਕਟਰ ਲਿਵਰ-ਲਿਵਰ ਗਾਈ ਜਾਂਦੇ ਆ। ਇਹ ਤਾਂ ਉਹਨਾਂ ਸਾਲਿਆਂ ਨੇ ਮੇਰੇ ਅੰਦਰ ਹਵਾ ਭਰੀ ਹੋਈ ਐ ਜਿਹੜੀ ਤੰਗ ਕਰਦੀ ਐ।

-ਮੈਂ ਤੈਨੂੰ ਕੱਲ੍ਹ ਨੂੰ ਮਿਲਣ ਹੌਸਪੀਟਲ ਆਉਣੈ, ਕੁਝ ਚਾਹੀਦਾ ਤਾਂ ਨਹੀਂ?

-ਕੋਈ ਗਰਮ ਜਿਹਾ ਫੂਡ ਲਿਆ ਦੇਵੀਂ। ਇਹ ਤਾਂ ਸਾਲ਼ੇ ਕੁਝ ਦਿੰਦੇ ਹੀ ਨਹੀਂ।

ਜੱਗੀ ਦੀ ਆਵਾਜ਼ ਵਿੱਚ ਬਿਲਕੁਲ ਦਮ ਨਹੀਂ ਸੀ। ਸਾਫ ਜਾਪਦਾ ਸੀ ਕਿ ਕਾਫੀ ਬਿਮਾਰ ਸੀ ਪਰ ਸਦਾ ਵਾਂਗ ਉਹ ਹੌਸਲੇ ਵਿੱਚ। ਅਗਲੇ ਦਿਨ ਹੀ ਨਵੀ ਉਸ ਨੂੰ ਮਿਲਣ ਚਲੇ ਗਿਆ। ਉਹ ਥਰਮੋਸ ਵਿੱਚ ਪਾ ਕੇ ਚਿਕਨ-ਬਰਿਆਨੀ ਲੈ ਗਿਆ। ਜੱਗੀ ਨੂੰ ਇੱਕ ਵੱਖਰਾ ਕਮਰਾ ਮਿਲਿਆ ਹੋਇਆ ਸੀ। ਉਸ ਦੇ ਜਾਂਦਿਆਂ ਨੂੰ ਜੱਗੀ ਦੇ ਕਈ ਕਿਸਮ ਦੇ ਪਾਈਪ ਲੱਗੇ ਹੋਏ ਸਨ ਤੇ ਉਹ ਸੁੱਤਾ ਪਿਆ ਸੀ। ਨਰਸ ਨੂੰ ਪੁੱਛ ਕੇ ਨਵੀ ਨੇ ਜੱਗੀ ਨੂੰ ਜਗਾ ਲਿਆ। ਉਸ ਨੇ ਨਵੀ ਵੱਲ ਦੇਖਿਆ ਤੇ ਇਕਦਮ ਉਸ ਵੱਲ ਹੱਥ ਵਧਾਉਂਦਾ ਬੋਲਿਆ,

-ਕੀ ਹਾਲ ਐ ਬਈ ਤੇਰਾ?

-ਤੂੰ ਦੱਸ, ਆਹ ਕੀ ਜੰਗ-ਪਲ੍ਹੰਗਾ ਜਿਹਾ ਪਾਇਆ ਹੋਇਆ?

-ਬਈ ਇਹ ਡਾਹਢੇ ਲੋਕ ਐ, ਮਰਜ਼ੀਆਂ ਕਰਦੇ ਆ ਪਰ ਫਿਕਰ ਨਾ ਕਰ, ਆਪਾਂ ਵੀ ਘੱਟ ਨਹੀਂ।

-ਕੀ ਦੁਖਦਾ ਤੇਰਾ?

-ਕੁਝ ਨਹੀਂ। ਆਹ ਪੇਟ ਵਿੱਚ ਪਾਣੀ ਭਰ ਗਿਆ, ਹੋਰ ਕੁਝ ਨਹੀਂ, ਸਭ ਠੀਕ ਐ।

ਆਖਦੇ ਜੱਗੀ ਨੇ ਕੰਬਲ ਚੁੱਕ ਦਿੱਤਾ। ਉਸ ਦਾ ਪੇਟ ਇਵੇਂ ਸੀ ਜਿਵੇਂ ਗਰਭਵਤੀ ਔਰਤ ਦਾ ਹੁੰਦਾ ਹੈ। ਪੇਟ ਨੂੰ ਪਾਈਪ ਰਾਹੀਂ ਇੱਕ ਬੈਗ ਲੱਗਿਆ ਹੋਇਆ ਸੀ। ਜੱਗੀ ਇਸ਼ਾਰਾ ਕਰਦਾ ਬੋਲਿਆ,

-ਆਹ ਫਲਿਊਡ ਕੱਢਦੇ ਆ ਪਰ ਹੌਲੀ ਹੌਲੀ ਨਿਕਲਦਾ। ਬਸ ਇੱਕ-ਦੋ ਦਿਨ ਵਿੱਚ ਸਭ ਠੀਕ ਹੋ ਜਾਣਾ।

-ਇਹ ਲਿਵਰ ਦੀ ਪ੍ਰੌਬਲਮ ਹੀ ਐ ਜੱਗੀ। ਲਿਵਰ ਹਜ਼ਮ ਨਹੀਂ ਕਰ ਰਿਹਾ ਇਹ ਖਾਣਾ।

-ਨਹੀਂ ਓ ਗੁਰੂ, ਤੂੰ ਵੀ ਡਾਕਟਰਾਂ ਵਾਲੀ ਬੋਲੀ ਨਾ ਬੋਲ। ਫਲਿਊਡ ਨਿਕਲ ਗਿਆ ਤਾਂ ਮੈਂ ਠੀਕ ਹੋ ਜਾਣਾਂ। ਹੋਰ ਦੋ ਦਿਨਾਂ ਵਿੱਚ ਘਰ ਆਇਆ ਲੈ।

ਹੁਣ ਤਕ ਜੱਗੀ ਦੀ ਆਵਾਜ਼ ਵਿੱਚ ਪਹਿਲਾਂ ਵਾਲਾ ਗੜਕਾ ਪਰਤ ਚੁੱਕਿਆ ਸੀ। ਨਵੀ ਨੂੰ ਉਸ ਦੀਆਂ ਪੀਲੀਆਂ ਅੱਖਾਂ ਦੇਖ ਕੇ ਡਰ ਲੱਗ ਰਿਹਾ ਸੀ। ਉਹ ਬੋਲਿਆ,

-ਜੱਗੀ, ਜੋ ਵੀ ਹੈ ਪਰ ਹਸਪਤਾਲ ਰਹਿ ਕੇ ਆਪਣਾ ਪੂਰਾ ਇਲਾਜ ਕਰਾ ਲੈ, ਫੇਰ ਘਰ ਆਵੀਂ।

-ਨਹੀਂ ਨਵੀ, ਮੈਂ ਬਿਲਕੁਲ ਠੀਕ ਆਂ, ਇਹ ਤਾਂ ਮੇਰੇ ਦੁਸ਼ਮਣਾਂ ਦਾ ਸਭ ਕੀਤਾ-ਧਰਿਆ।



ਨਵੀ ਨੂੰ ਪਤਾ ਸੀ ਕਿ ਜੱਗੀ ਨੇ ਉਸ ਦੀ ਕੋਈ ਗੱਲ ਨਹੀਂ ਸਮਝਣੀ ਤੇ ਨਾ ਹੀ ਮੰਨਣੀ ਹੈ। ਉਸ ਨੇ ਪੁੱਛਿਆ,

-ਪ੍ਰੀਤੀ ਆਈ ਸੀ ਫੇਰ!

-ਆਈ ਨਹੀਂ, ਮੈਂ ਹੀ ਉਸ ਨੂੰ ਦੱਸਿਆ ਸੀ ਕਿ ਮੈਂ ਇੱਥੇ ਆਂ। ਮੈਨੂੰ ਫੋਨ ਚਾਹੀਦਾ ਸੀ।

ਜੱਗੀ ਇੱਕ ਪਲ ਲਈ ਰੁਕਿਆ ਤੇ ਫਿਰ ਬੋਲਿਆ,

-ਕਹਿੰਦੇ ਹੁੰਦੇ ਆ ਨਾ ਕਿ ਇੱਕੋ ਹੱਟੀ ਉਹੋ ਕੁਪੱਤੀ! ਹੁਣ ਇੱਕੋ ਪ੍ਰੀਤੀ ਹੀ ਐ ਜਿਹੜੀ ਮੇਰੇ ਕੰਮ ਆ ਜਾਂਦੀ ਐ। ਰੌਕੀ ਤਾਂ ਬਿਲਕੁਲ ਨਿਕੰਮਾ ਸਾਲ਼ਾ। ਮੇਰੇ ਡੈਡ ਨੇ ਛੇ-ਸੱਤ ਲੱਖ ਰੁਪਏ ਖਰਚ ਦਿੱਤੇ ਉਹਦੇ ਵਿਆਹ 'ਤੇ, ਕਦੇ ਸਾਲ਼ੇ ਨੇ ਉਹਨੂੰ ਫੋਨ ਤਕ ਨਹੀਂ ਕੀਤਾ। ਮੇਰੀ ਮਦਰ ਦੀ ਡੈੱਥ ਦਾ ਅਫਸੋਸ ਤਕ ਨਹੀਂ ਕੀਤਾ ਏਸ ਮੁੰਡੇ ਨੇ। ਪਿੱਛੇ ਜਿਹੇ ਡੈਡੀ ਬਿਮਾਰੀ ਰਹੇ ਆ ਪਰ ਇਹਨੇ ਉਹਦੀ ਖ਼ਬਰ ਤਕ ਨਹੀਂ ਪੁੱਛੀ, ਓਦਾਂ ਸਾਲ਼ਾ ਹਿੱਸਾ ਮੰਗਦਾ।

ਨਵੀ ਵੀ ਸਮਝਦਾ ਸੀ ਕਿ ਪ੍ਰੀਤੀ ਬਿਨਾਂ ਉਸ ਦੀ ਹੋਰ ਕੋਈ ਮੱਦਦ ਲਈ ਵੀ ਨਹੀਂ ਸੀ ਬਹੁੜਦਾ। ਨਵੀ ਨੂੰ ਸੋਚਾਂ ਵਿੱਚ ਡੁੱਬੇ ਦੇਖ ਜੱਗੀ ਬੋਲਿਆ,

-ਤੂੰ ਫਿਕਰ ਨਾ ਕਰ, ਇੱਕ ਦਿਨ ਸਭ ਠੀਕ ਹੋ ਜਾਣਾਂ, ਨਹੀਂ ਤਾਂ ਮੈਂ ਠੀਕ ਕਰ ਦੇਣਾ।

ਨਵੀ ਫਿਕਰਾਂ ਨਾਲ ਭਰਿਆ ਹਸਪਤਾਲ ਤੋਂ ਮੁੜਿਆ ਸੀ। ਪੇਟ ਵਿੱਚ ਇਵੇਂ ਪਾਣੀ ਭਰਨਾ ਜਿਗਰ ਦੀ ਬਿਮਾਰੀ ਦੀ ਅਗਲੀ ਅਵਸਥਾ ਦੀ ਨਿਸ਼ਾਨੀ ਸੀ। ਪਹਿਲਾਂ ਤਾਂ ਉਸ ਨੇ ਸੋਚਿਆ ਕਿ ਫੋਨ ਕਰਕੇ ਚਰਨਜੀਤ ਨੂੰ ਦੱਸ ਦੇਵੇ ਪਰ ਫਿਰ ਉਹ ਸੋਚਣ ਲੱਗਿਆ ਕਿ ਉਹ ਐਵੇਂ ਫਿਕਰ ਕਰਦੀ ਫਿਰੇਗੀ।

ਚਰਨਜੀਤ ਨਵੀ ਨੂੰ ਹਰ ਰੋਜ਼ ਹੀ ਫੋਨ ਕਰਦੀ ਤੇ ਹਰ ਵੇਲੇ ਉਸ ਦਾ ਫੋਨ ਵੀ ਉਡੀਕਦੀ ਰਹਿੰਦੀ ਕਿ ਜੱਗੀ ਦੀ ਕੋਈ ਖ਼ਬਰ ਦੇਵੇਗਾ ਪਰ ਨਵੀ ਏਨਾ ਵਿਹਲਾ ਨਹੀਂ ਸੀ। ਹਫਤੇ ਵਿੱਚ ਉਹ ਇੱਕ ਦਿਨ ਹੀ ਜੱਗੀ ਨੂੰ ਦੇਖਣ ਜਾ ਸਕਦਾ ਸੀ। ਚਰਨਜੀਤ ਵੀ ਸਮਝ ਗਈ ਤੇ ਉਸ ਨੇ ਪ੍ਰੀਤੀ ਰਾਹੀਂ ਜੱਗੀ ਦੀ ਖ਼ਬਰਸਾਰ ਲੈਣੀ ਸ਼ੁਰੂ ਕਰ ਦਿੱਤੀ। ਕਿਸੇ ਵੇਲੇ ਉਹ ਪ੍ਰੀਤੀ ਨਾਲ ਫੋਨ ਉਪਰ ਬਹੁਤ ਲੜਾਈਆਂ ਕਰ ਚੁੱਕੀ ਸੀ ਇਸ ਲਈ ਉਹ ਆਪ ਫੋਨ ਨਾ ਕਰਦੀ, ਸ਼ਿਵਚਰਨ ਤੋਂ ਕਰਾ ਲੈਂਦੀ। ਪ੍ਰੀਤੀ ਨੇ ਵੀ ਜੱਗੀ ਬਾਰੇ ਕੋਈ ਸੁਨੇਹਾ ਦੇਣਾ ਹੁੰਦਾ ਤਾਂ ਸ਼ਿਵਚਰਨ ਨੂੰ ਹੀ ਦੱਸਦੀ। ਹਸਪਤਾਲ ਤੋਂ ਆ ਕੇ ਉਸ ਨੇ ਸ਼ਿਵਚਰਨ ਨੂੰ ਜੱਗੀ ਦੀ ਸਾਰੀ ਹਾਲਤ ਦੱਸ ਦਿੱਤੀ ਸੀ। ਉਹ ਵੀ ਡਰਦੀ ਸੀ ਕਿ ਜੱਗੀ ਹੁਣ ਬਹੁਤੀ ਦੇਰ ਨਹੀਂ ਕੱਢੇਗਾ। ਉਸ ਦਾ ਇੱਕੋ ਫਿਕਰ ਸੀ ਕਿ ਕਿਤੇ ਉਹ ਆਪਣੇ ਪਿਓ ਤੋਂ ਪਹਿਲਾਂ ਨਾ ਮਰ ਜਾਵੇ, ਇਵੇਂ ਰੌਕੀ ਨੂੰ ਕੁਝ ਵੀ ਨਹੀਂ ਮਿਲਣਾ। ਸੋਹਣ ਸਿੰਘ ਦੀ ਸਾਰੀ ਜਾਇਦਾਦ ਚਰਨਜੀਤ ਨੂੰ ਮਿਲ ਜਾਣੀ ਸੀ। ਉਹ ਹਰ ਹਾਲਤ ਵਿੱਚ ਜੱਗੀ ਨੂੰ ਠੀਕ ਹੁੰਦਿਆਂ ਦੇਖਣਾ ਚਾਹੁੰਦੀ ਸੀ। ਪ੍ਰੀਤੀ ਚਰਨਜੀਤ ਨਾਲ ਬਿਲਕੁਲ ਵੀ ਗੱਲ ਨਹੀਂ ਸੀ ਕਰਨਾ ਚਾਹੁੰਦੀ ਪਰ ਦਿਲ ਕਰੜਾ ਕਰਕੇ ਉਸ ਨੇ ਇੱਕ ਦਿਨ ਫੋਨ ਕਰ ਹੀ ਲਿਆ,

–ਚਰਨਜੀਤ, ਜੈਗ ਦੀ ਸਿਹਤ ਬਿਲਕੁਲ ਠੀਕ ਨਹੀਂ, ਸ਼ਰਾਬ ਕਾਰਨ ਉਸ ਦਾ ਲਿਵਰ ਜਾ ਚੁੱਕਿਐ। ਉਸ ਨੂੰ ਕਿਸੇ ਤਰ੍ਹਾਂ ਸਮਝਾਓ, ਜੇ ਉਹਨੂੰ ਬਚਾਉਣਾ ਤਾਂ ਸ਼ਰਾਬ ਤੋਂ ਰੋਕੋ।

–ਪ੍ਰੀਤੀ, ਕਿਸੇ ਤਰ੍ਹਾਂ ਤੂੰ ਉਹਨੂੰ ਇੱਥੇ ਇੰਡੀਆ ਭੇਜ ਦੇ। ਮੈਂ ਆਪਣੇ ਭਰਾ ਦੀ ਪੂਰੀ ਸੇਵਾ ਕਰਾਂਗੀ ਤੇ ਠੀਕ ਕਰ ਦੇਵਾਂਗੀ।

ਚਰਨਜੀਤ ਨੇ ਇਵੇਂ ਕਿਹਾ ਕਿ ਜੱਗੀ ਦੀ ਸੇਵਾ ਕਰਨ ਦਾ ਜਿਹੜਾ ਕੰਮ ਤੈਨੂੰ ਕਰਨਾ ਚਾਹੀਦਾ ਸੀ, ਉਹ ਮੈਂ ਕਰ ਦਿਖਾਵਾਂਗੀ।

ਦੋ ਕੁ ਦਿਨਾਂ ਬਾਅਦ ਜੱਗੀ ਡਾਕਟਰਾਂ ਨੂੰ ਕਹਿ ਕੇ ਘਰ ਆ ਗਿਆ। ਡਾਕਟਰ ਉਸ ਨੂੰ ਰੋਕਦੇ ਰਹੇ ਪਰ ਉਹ ਹੋਰ ਰਹਿਣਾ ਨਾ ਮੰਨਿਆਂ। ਇੱਕ ਗੱਲ ਜ਼ਰੂਰ ਸੀ ਕਿ ਹਸਪਤਾਲ ਤੋਂ ਘਰ ਆ ਜਾਣ ਨਾਲ ਉਹ ਆਪਣੇ ਆਪ ਨੂੰ ਵਧੇਰੇ ਸਿਹਤਯਾਬ ਸਮਝ ਰਿਹਾ ਸੀ। ਉਸ ਨੇ ਨਵੀ ਰਾਹੀਂ ਇੰਡੀਆ ਦਾ ਵੀਜ਼ਾ ਅਪਲਾਈ ਕਰਕੇ ਜਹਾਜ਼ ਦੀ ਟਿਕਟ ਲੈ ਲਈ।

ਇੰਡੀਆ ਜਾਣ ਵੇਲੇ ਜੱਗੀ ਨੇ ਸਿਰਫ ਆਨੰਦੀ ਨੂੰ ਹੀ ਦੱਸਿਆ ਕਿ ਉਹ ਜਾ ਰਿਹਾ ਹੈ। ਚਰਨਜੀਤ ਨੂੰ ਉਹ ਸਰਪਰਾਈਜ਼ ਦੇਣਾ ਚਾਹੁੰਦਾ ਸੀ। ਆਨੰਦੀ ਨੂੰ ਵੀ ਇੱਕ ਦਿਨ ਪਹਿਲਾਂ ਹੀ ਦੱਸਿਆ ਸੀ। ਦਿੱਲੀ ਉਹਨਾਂ ਦੇ ਰਿਸ਼ਤੇਦਾਰ ਰਹਿੰਦੇ ਸਨ। ਏਅਰਪੋਰਟ ਤੋਂ ਉਤਰ ਕੇ ਉਸ ਨੇ ਟੈਕਸੀ ਫੜੀ ਤੇ ਰਿਸ਼ਤੇਦਾਰਾਂ ਦੇ ਘਰ ਚਲੇ ਗਿਆ। ਰਿਸ਼ਤੇਦਾਰ ਉਸ ਨੂੰ ਮਿਲ ਕੇ ਬਹੁਤੇ ਖੁਸ਼ ਨਹੀਂ ਸਨ। ਉਹ ਸਮਝਦੇ ਸਨ ਕਿ ਜੱਗੀ ਹੁਣ ਨੀਮ ਪਾਗਲ ਹੋ ਚੁੱਕਿਆ ਹੈ, ਇਸ ਨਾਲ ਰਿਸ਼ਤੇਦਾਰੀ ਰੱਖਣੀ ਬਹੁਤੀ ਲਾਹੇਵੰਦ ਨਹੀਂ। ਜੱਗੀ ਨੇ ਆਮ ਵਾਂਗ ਸ਼ਰਾਬ ਪੀਤੀ ਹੋਈ ਸੀ। ਬਾਥਰੂਮ ਗਿਆ ਤਾਂ ਧੜੰਮ ਕਰਕੇ ਡਿਗ ਪਿਆ। ਸਭ ਨੇ ਖੜਕਾ ਸੁਣਿਆਂ। ਕਿਸੇ ਨਾ ਕਿਸੇ ਤਰ੍ਹਾਂ ਬਾਥਰੂਮ ਦਾ ਦਰਵਾਜ਼ਾ ਖੋਲ੍ਹ ਕੇ ਉਸ ਨੂੰ ਬਾਹਰ ਕੱਢਿਆ ਤੇ ਅਗਲੀ ਸਵੇਰ ਹੀ ਰਿਸ਼ਤੇਦਾਰਾਂ ਨੇ ਉਸ ਨੂੰ ਜਲੰਧਰ ਦੀ ਟੈਕਸੀ ਕਰਵਾ ਦਿੱਤੀ।

ਚਰਨਜੀਤ ਜਿੱਥੇ ਭਰਾ ਦੀ ਹਾਲਤ ਦੇਖ ਕੇ ਪਰੇਸ਼ਾਨ ਸੀ, ਉੱਥੇ ਉਸ ਨੂੰ ਕੁਝ ਤਸੱਲੀ ਵੀ ਸੀ ਕਿ ਆਪਣੇ ਹੱਥੀਂ ਭਰਾ ਦਾ ਇਲਾਜ ਕਰਾਵੇਗੀ। ਉਸ ਨੇ ਅਗਲੇ ਦਿਨ ਹੀ ਜੱਗੀ ਨੂੰ ਹਸਪਤਾਲ ਭਰਤੀ ਕਰਵਾ ਦਿੱਤਾ। ਡਾਕਟਰਾਂ ਨੇ ਇੱਥੇ ਵੀ ਲਿਵਰ ਦੀ ਬਿਮਾਰੀ ਹੀ ਦੱਸੀ ਪਰ ਨਾਲ ਇਹ ਵੀ ਦੱਸ ਦਿੱਤਾ ਕਿ ਜੇ ਬਚਣਾ ਹੈ ਤਾਂ ਸ਼ਰਾਬ ਛੱਡਣੀ ਹੋਵੇਗੀ। ਸੋਹਣ ਸਿੰਘ ਤਾਂ ਆਪ ਵੀ ਕਾਫੀ ਬਿਮਾਰ ਸੀ ਇਸ ਲਈ ਉਸ ਦੀ ਸਾਰੀ ਸੰਭਾਲ ਚਰਨਜੀਤ ਨੂੰ ਹੀ ਕਰਨੀ ਪੈਂਦੀ। ਉਹ ਉਸ ਨੂੰ ਵੇਲੇ ਸਿਰ ਵਧੀਆ ਖਾਣਾ ਦਿੰਦੀ, ਦਵਾਈ ਦਿੰਦੀ। ਦੋ ਕੁ ਹਫਤੇ ਹਸਪਤਾਲ ਰਹਿ ਕੇ ਜੱਗੀ ਘਰ ਆ ਗਿਆ। ਘਰ ਵਿੱਚ ਵੀ ਉਸ ਲਈ ਇੱਕ ਵਿਸ਼ੇਸ਼ ਨਰਸ ਦਾ ਇੰਤਜ਼ਾਮ ਕਰ ਦਿੱਤਾ ਗਿਆ। ਜੱਗੀ ਠੀਕ ਹੋਣ ਲੱਗਿਆ ਪਰ ਕਦੇ ਕਦੇ ਟਪਲ਼ੀਆਂ ਜਿਹੀਆਂ ਵੀ ਮਾਰਨ ਲੱਗਦਾ ਸੀ। ਇਸ ਨਵੀਂ ਸਥਿਤੀ ਵਿੱਚ ਰਹਿੰਦਿਆਂ ਉਸ ਨੂੰ ਇੱਕ ਵੱਖਰੀ ਕੈਦ ਜਿਹੀ ਦਾ ਅਹਿਸਾਸ ਵੀ ਹੋਣ ਲੱਗਦਾ। ਇੱਕ ਦਿਨ ਉਸ ਦੀ ਹਾਲਤ ਬਹੁਤ ਪਤਲੀ ਸੀ, ਉਸ ਨੇ ਨਵੀ ਨੂੰ ਫੋਨ ਕਰਕੇ ਕਿਹਾ,

–ਯਾਰ ਨਵੀ, ਮੇਰੇ ਲਈ ਟਿਕਟ ਭੇਜ, ਮੈਂ ਨਹੀਂ ਰਹਿਣਾ ਇੱਥੇ।



# ਛੱਤੀ

ਜੱਗੀ ਲਈ ਜ਼ਿੰਦਗੀ ਇੱਕ ਵਾਰ ਪਹਿਲਾਂ ਜਿਹੀ ਹੋ ਗਈ। ਉਹ ਸਵੇਰੇ ਲੇਟ ਜਿਹੇ ਉੱਠਦਾ। ਚਾਹ, ਟੋਸਟ, ਆਮਲੇਟ ਬਣਾਉਂਦਾ। ਖਾ ਕੇ ਬਾਥਰੂਮ ਜਾਂਦਾ। ਨਹਾਉਂਦਾ–ਧੋਂਦਾ। ਜੇ ਕਦੇ ਰਾਤੀਂ ਪਿਸ਼ਾਬ ਜਾਂ ਟੁਆਇਲਟ ਨਿਕਲ ਗਈ ਹੁੰਦੀ ਤਾਂ ਉੱਠ ਕੇ ਕੱਪੜੇ ਧੋ ਦਿੰਦਾ, ਖੁਸ਼ਬੂਦਾਰ ਸਪਰੇਅ ਛਿੜਕ ਦਿੰਦਾ। ਆਪਣੀਆਂ ਖਾਣ ਵਾਲੀਆਂ ਦਵਾਈਆਂ ਖਾਂਦਾ। ਦਿਨ ਦੇ ਹਿਸਾਬ ਨਾਲ ਫਲੈਟ ਦੀ ਸਫਾਈ ਕਰਦਾ। ਟਰਾਊਜ਼ਰ–ਕਮੀਜ਼ ਪਾ ਕੇ ਤਿਆਰ ਹੋ ਜਾਂਦਾ। ਲੰਡਨ ਦੇ ਬਾਬੂਆਂ ਵਾਂਗ ਕਮੀਜ਼ ਹਰ ਵੇਲੇ ਟਰਾਊਜ਼ਰ ਵਿੱਚ ਦੇ ਕੇ ਰੱਖਦਾ ਸੀ। ਸੂਟ ਤੇ ਟਾਈ ਵੀ ਉਸ ਦੇ ਸਦਾ ਤਿਆਰ ਹੀ ਪਏ ਹੁੰਦੇ ਕਿ ਪਤਾ ਨਹੀਂ ਕਿਹੜੇ ਵੇਲੇ ਬਾਹਰ ਜਾਣਾ ਪਵੇ। ਬੂਟ ਚਮਕ ਰਹੇ ਹੁੰਦੇ। ਵਾਲਾਂ ਦਾ ਵੀ ਧਿਆਨ ਰੱਖਦਾ ਕਿ ਇਹਨਾਂ ਦੀਆਂ ਜੜ੍ਹਾਂ ਵਿੱਚ ਚਿੱਟੋਂ ਨਾ ਫਿਰ ਜਾਵੇ। ਨਿੱਕੇ ਨਿੱਕੇ ਕੰਮਾਂ ਤੋਂ ਵਿਹਲਾ ਹੁੰਦਾ ਤਾਂ ਆਵਾਜ਼ਾਂ ਦਾ ਸ਼ੋਰ ਉੱਚਾ ਹੋ ਜਾਂਦਾ। ਉਹ ਟੈਲੀ ਲਾ ਲੈਂਦਾ। ਕਈ ਵਾਰ ਟੈਲੀ ਏਨੀ ਉੱਚੀ ਆਵਾਜ਼ ਵਿੱਚ ਲਾਉਂਦਾ ਕਿ ਸੁਣਦੀਆਂ ਆਵਾਜ਼ਾਂ ਮੱਧਮ ਪੈ ਜਾਣ। ਦੁਪਹਿਰ ਜਿਹੇ ਨੂੰ ਉਹ ਤਿਆਰ ਹੋ ਕੇ ਬਾਹਰ ਨਿਕਲ ਜਾਂਦਾ। ਕਈ ਵਾਰ ਤਾਂ ਉਹ ਕੇਂਦਰੀ ਲੰਡਨ ਲਈ ਟਿਊਬ ਫੜ ਲੈਂਦਾ ਜਾਂ ਏਅਰਪੋਰਟ ’ਤੇ ਚਲੇ ਜਾਂਦਾ। ਉੱਥੇ ਬੈਠਾ ਆਉਂਦੀਆਂ ਜਾਂਦੀਆਂ ਸਵਾਰੀਆਂ ਨੂੰ ਦੇਖਦਾ ਰਹਿੰਦਾ। ਕਦੇ ਕਦੇ ਉਹ ਪੱਬ ‘ਏਅਰਪੋਰਟ ਸਪੌਟ’ ਵਿੱਚ ਜਾ ਬਹਿੰਦਾ ਜਿੱਥੋਂ ਸਿਰ ਉਪਰ ਦੀ ਉਤਰਦੇ ਜਹਾਜ਼ ਦਿੱਸਦੇ। ਇਹਨਾਂ ਉਤਰਦੇ ਜਹਾਜ਼ਾਂ ਵਿੱਚ ਉਸ ਨੂੰ ਅਜੀਬ ਜਿਹਾ ਰੁਮਾਂਸ ਦਿੱਸਦਾ। ਉਸ ਦਾ ਦਿਲ ਕਰਦਾ ਕਿ ਨਵੀ ਦੇ ਘਰ ਜਾਵੇ ਪਰ ਨਵੀ ਹਰ ਵੇਲੇ ਕੰਮ ’ਤੇ ਹੀ ਹੁੰਦਾ ਜਾਂ ਘਰ ਵਿੱਚ ਵੀ ਕਿਸੇ ਨਾ ਕਿਸੇ ਕਾਰਨ ਰੁਝਿਆ ਹੁੰਦਾ। ਬਾਹੜਾ ਵੀ ਬਹੁਤ ਘੱਟ ਵਿਹਲਾ ਮਿਲਦਾ। ਉਹ ਰੌਕੀ ਨੂੰ ਮਿਲਣ ਚਲੇ ਜਾਂਦਾ। ਜੇ ਨਿੱਕ ਘਰ ਹੁੰਦਾ ਤਾਂ ਛੇਤੀ ਮੁੜ ਆਉਂਦਾ ਨਹੀਂ ਤਾਂ ਉੱਥੇ ਬਹਿ ਕੇ ਕੁਝ ਦੇਰ ਟੈਲੀ ਦੇਖ ਲੈਂਦਾ। ਪ੍ਰੀਤੀ ਉਸ ਨੂੰ ਕਿਸੇ ਗੱਲੋਂ ਦਬਕ ਵੀ ਦਿੰਦੀ, ਇਸ ਝਿੜਕ ਨੂੰ ਉਹ ਚੁੱਪ ਕਰਕੇ ਸੁਣ ਲੈਂਦਾ। ਰੌਕੀ ਵੀ ਉਸ ਨੂੰ ਝਹੀਆਂ ਲੈ ਕੇ ਪੈਂਦਾ, ਉਹ ਸੋਚਦਾ ਕਿ ਮੁੜ ਕੇ ਇੱਥੇ ਨਹੀਂ ਆਉਣਾ ਪਰ ਫਿਰ ਚਲੇ ਜਾਂਦਾ।

ਚਰਨਜੀਤ ਤੇ ਆਨੰਦੀ ਨਾਲ ਉਸ ਦਾ ਤਕਰੀਬਨ ਹਰ ਰੋਜ਼ ਹੀ ਫੋਨ ਹੁੰਦਾ ਸੀ। ਉਹਨਾਂ ਨਾਲ ਗੱਲਾਂ ਕਰਕੇ ਉਸ ਨੂੰ ਅਜੀਬ ਜਿਹਾ ਧਰਵਾਸ ਮਿਲਦਾ। ਉਹ ਦੋਵੇਂ ਵੀ ਜੱਗੀ ਦੀ ਸਿਹਤ ਬਾਰੇ ਫਿਕਰਵੰਦ ਰਹਿੰਦੀਆਂ ਸਨ। ਆਨੰਦੀ ਕੈਨੇਡਾ ਵਿੱਚ ਇਕੱਲੀ ਹੋਣ ਕਰਕੇ ਵੀ ਇਵੇਂ ਜੱਗੀ ਨੂੰ ਫੋਨ ਕਰਨਾ ਉਸ ਨੂੰ ਚੰਗਾ ਲੱਗਦਾ ਸੀ। ਇਹਨਾਂ ਦਿਨਾਂ ਵਿੱਚ ਸੋਹਣ ਸਿੰਘ ਦੀ ਸਿਹਤ ਬਹੁਤੀ ਵਧੀਆ ਨਹੀਂ ਸੀ ਚੱਲ ਰਹੀ, ਉਮਰ ਵੀ ਤਾਂ ਪੱਚਾਸੀ ਸਾਲ ਦੀ ਹੋ ਗਈ ਸੀ, ਫਿਰ ਉਪਰੋਂ ਸ਼ੂਗਰ ਦੀ ਪੁਰਾਣੀ ਬਿਮਾਰੀ। ਇੱਕ ਦਿਨ ਚਰਨਜੀਤ ਨੇ ਕਿਹਾ,

-ਜੱਗੀ ਵੀਰੇ, ਡੈਡੀ ਨੂੰ ਹਸਪਤਾਲ ਭਰਤੀ ਕਰਾਉਣਾ ਪਿਐ, ਜੇ ਹੋ ਸਕੇ ਤਾਂ ਤੂੰ ਵੀ ਆ ਜਾਹ। ਮਿਲ ਜਾਹ।

-ਚਰਨਜੀਤ, ਮੈਂ ਬਹੁਤਾ ਠੀਕ ਨਹੀਂ। ਪੇਟ ਵਿੱਚ ਹਵਾ ਬਹੁਤ ਭਰਦੀ ਐ, ਡਾਕਟਰ ਨੇ ਦਵਾਈ ਬਦਲੀ ਐ। ਮੇਰੀ ਹਸਪਤਾਲ ਦੀ ਐਪੁਆਇੰਟਮਿੰਟ ਵੀ ਐ।

ਜੱਗੀ ਦੇ ਕਹਿਣ 'ਤੇ ਚਰਨਜੀਤ ਕੁਝ ਨਾ ਬੋਲੀ। ਕੁਝ ਦਿਨਾਂ ਬਾਅਦ ਸੋਹਣ ਸਿੰਘ ਦੀ ਸਿਹਤ ਹੋਰ ਖਰਾਬ ਹੋ ਗਈ। ਸ਼ੂਗਰ ਤੇ ਬਲੱਡ ਪ੍ਰੈਸ਼ਰ ਕਾਬੂ ਵਿੱਚ ਨਹੀਂ ਸਨ ਆ ਰਹੇ। ਚਰਨਜੀਤ ਦਾ ਫੋਨ ਆਇਆ,

-ਜੱਗੀ ਵੀਰੇ, ਜਲਦੀ ਆ ਜਾਹ, ਡੈਡੀ ਦਾ ਕੁਝ ਨਹੀਂ ਪਤਾ।

ਜੱਗੀ ਸੋਚਾਂ ਵਿੱਚ ਪੈ ਗਿਆ ਕਿ ਹੁਣ ਕੀ ਕਰੇ। ਉਸ ਕੋਲ ਕਿਰਾਏ ਜੋਗੇ ਪੈਸੇ ਵੀ ਨਹੀਂ ਸਨ। ਟਿਕਟ ਲਈ ਦੋ ਸੌ ਪੌਂਡ ਥੁੜਦਾ ਸੀ। ਨਵੀ ਤੋਂ ਉਸ ਨੇ ਪਹਿਲਾਂ ਹੀ ਥੋੜ੍ਹੇ ਥੋੜ੍ਹੇ ਕਰਕੇ ਪੰਜ ਸੌ ਫੜੇ ਹੋਏ ਸਨ। ਬਾਹੜਾ ਪਹਿਲਾਂ ਹੀ ਪੈਸੇ ਵੱਲੋਂ ਬਹੁਤ ਚੀੜ੍ਹਾ ਸੀ। ਇੱਕ ਵਾਰ ਫਿਰ ਪ੍ਰੀਤੀ ਦਾ ਹੀ ਖਿਆਲ ਆਇਆ। ਪ੍ਰੀਤੀ ਨੇ ਉਸ ਨੂੰ ਘਰ ਸੱਦਿਆ ਤੇ ਕਹਿਣ ਲੱਗੀ,

-ਜੈਗ, ਜਦ ਤੂੰ ਰੌਕੀ ਬਾਰੇ ਕੁਝ ਸੋਚਦਾ ਹੀ ਨਹੀਂ ਤਾਂ ਮੈਂ ਤੇਰੀ ਮੱਦਦ ਕਿਉਂ ਕਰਾਂ ?

-ਰੌਕੀ ਬਾਰੇ ਮੈਂ ਕੀ ਸੋਚਾਂ ? ਮੇਰੇ ਕੋਲ ਕੁਝ ਹੈ ਹੀ ਨਹੀਂ !

-ਜਿੱਦਾਂ ਤੇਰੇ ਡੈਡੀ ਨੇ ਤੇਰੇ ਨਾਂ ਦੀ ਵਿੱਲ ਬਣਾਈ ਐ, ਤੂੰ ਰੌਕੀ ਦੇ ਨਾਂ ਦੀ ਵਿੱਲ ਬਣਾ।

-ਮੈਡਮ, ਰੌਕੀ ਮੇਰਾ ਪੁੱਤ ਐ, ਐਟੋਮੈਟਿਕ ਇਹਨੂੰ ਹੀ ਮਿਲਣਾ ਸਭ।

-ਔਹ ਜਿਹੜੀ ਤੇਰੀ ਭੈਣ ਬੈਠੀ ਐ ?

-ਚਰਨਜੀਤ ਦਾ ਕੀ ਰੌਲ਼ਾ ਜਦ ਡੈਡ ਨੇ ਮੇਰੇ ਨਾਂ ਦੀ ਵਸੀਅਤ ਬਣਾਈ ਹੋਈ ਐ ?

-ਇਕੱਲੀ ਵਿੱਲ ਨਾਲ ਕੁਝ ਨਹੀਂ ਹੋਣਾ, ਫਿਰ ਪਤਾ ਨਹੀਂ ਵਸੀਅਤ ਤੇਰੇ ਹੱਥ ਵੀ ਲੱਗਣ ਦੇਣੀ ਆਂ ਕਿ ਨਹੀਂ, ਸ਼ਿਵਚਰਨ ਭਾਜੀ ਬਹੁਤ ਤੇਜ਼ ਆਦਮੀ ਆਂ।

-ਇਹਦਾ ਫਿਕਰ ਨਾ ਕਰ। ਮੇਰੇ ਮੂਹਰੇ ਉਹਦੀ ਤੇਜ਼ੀ ਨਹੀਂ ਚੱਲਣੀ। ਤੂੰ ਇੱਕ ਵਾਰ ਮੈਨੂੰ ਜਾਣ ਤਾਂ ਦੇ।

-ਜੈਗ, ਮੈਂ ਤੈਨੂੰ ਬਹੁਤ ਵਾਰ ਕਿਹਾ ਤੇ ਹੁਣ ਇੱਕ ਵਾਰ ਫਿਰ ਕਹਿੰਨੀ ਆਂ। ਆਹ ਜਿਹੜੀ ਜ਼ਿੰਦਗੀ ਤੂੰ ਜੀ ਰਿਹਾਂ ਇਹ ਬਹੁਤ ਭੈੜੀ ਐ। ਤੂੰ ਇਹਦਾ ਹੱਕਦਾਰ ਨਹੀਂ। ਏਨਾ ਕੁਝ ਹੁੰਦਿਆਂ-ਸੁੰਦਿਆਂ ਤੂੰ ਏਸ ਹਾਲਤ ਵਿੱਚ ਰਹਿੰਨਾਂ ?

ਪ੍ਰੀਤੀ ਆਖਦੀ ਹੋਈ ਉਸ ਵੱਲ ਧਿਆਨ ਨਾਲ ਦੇਖ ਰਹੀ ਸੀ। ਉਸ ਨੇ ਫਿਰ ਆਖਿਆ,

-ਤੈਨੂੰ ਚਾਹੀਦਾ ਕਿ ਆਪਣੇ ਹਿੱਸੇ ਦੀਆਂ ਦੋ ਦੁਕਾਨਾਂ ਵੇਚ ਦੇਵੇਂ ਤੇ ਇੱਕ ਘਰ ਆਪ ਲੈ ਲਵੇਂ ਤੇ ਇੱਕ ਰੌਕੀ ਨੂੰ ਲੈ ਦੇਵੇਂ।

-ਮੈਡਮ, ਫਿਰ ਉਹੀ ਗੱਲ ! ਹਾਲੇ ਡੈਡੀ ਬੈਠਾ। ਤੂੰ ਏਹੋ ਜਿਹੀਆਂ ਗੱਲਾਂ ਨਾ ਕਰ। ਹਾਲੇ ਮੇਰੇ ਡੈਡੀ ਨੂੰ ਕੁਝ ਨਹੀਂ ਹੋਣਾ। ਤੈਨੂੰ ਮੈਂ ਦੱਸਿਆ ਸੀ ਨਾ ਕਿ ਸਾਡੀ ਫੈਮਿਲੀ ਵਿੱਚ ਸਾਰੇ ਮਰਦ ਸੌ ਸਾਲ ਦੇ ਹੋ ਕੇ ਮਰਦੇ ਆ।



# ਸੈਂਤੀ

ਜਲੰਧਰ ਸ਼ਹਿਰ ਵਿੱਚ ਸੋਹਣ ਸਿੰਘ ਦਾ ਦੋ ਮੰਜ਼ਿਲਾ ਘਰ ਸੀ। ਉਪਰਲੀ ਮੰਜ਼ਿਲ ਕਿਰਾਏ 'ਤੇ ਦਿੱਤੀ ਹੋਈ ਸੀ ਤੇ ਹੇਠਾਂ ਉਹ ਆਪ ਰਹਿੰਦਾ ਸੀ। ਕਿਰਾਏਦਾਰਾਂ ਦੇ ਰਹਿਣ ਕਾਰਨ ਸੋਹਣ ਸਿੰਘ ਨੂੰ ਇਕੱਲਤਾ ਘੱਟ ਮਹਿਸੂਸ ਹੁੰਦੀ। ਕੇਵਲ ਕੌਰ ਦੀ ਮੌਤ ਤੋਂ ਬਾਅਦ ਸੋਹਣ ਸਿੰਘ ਨੇ ਆਪਣੇ ਆਪ ਨੂੰ ਡਿਗਣ ਨਹੀਂ ਸੀ ਦਿੱਤਾ। ਜੀਪ ਰੱਖੀ ਹੋਈ ਸੀ ਜਿਸ ਨੂੰ ਉਹ ਬਹੁਤੀ ਵਾਰ ਆਪ ਹੀ ਚਲਾਉਂਦਾ। ਚਰਨਜੀਤ ਦਾ ਘਰ ਨਾਲ ਦੀ ਗਲੀ ਵਿੱਚ ਹੀ ਸੀ। ਚਰਨਜੀਤ ਦਾ ਬਹੁਤਾ ਵਕਤ ਆਪਣੇ ਪਿਓ ਦੇ ਘਰ ਹੀ ਬੀਤਦਾ। ਉਸ ਦੇ ਪਤੀ ਸ਼ਿਵਚਰਨ ਨੂੰ ਇਹ ਗੱਲ ਬਹੁਤੀ ਪਸੰਦ ਤਾਂ ਨਹੀਂ ਸੀ ਪਰ ਉਹ ਉਸ ਨੂੰ ਰੋਕਦਾ ਨਹੀਂ ਸੀ। ਸੋਹਣ ਸਿੰਘ ਦੀਆਂ ਦੁਕਾਨਾਂ ਦਾ ਕਿਰਾਇਆ ਆਪ ਇਕੱਠਾ ਕਰਦਾ ਤੇ ਵਿੱਚੋਂ ਤਨਖਾਹ ਜੋਗੇ ਪੈਸੇ ਰੱਖ ਜਾਂਦਾ ਸੀ। ਦੋ ਦੁਕਾਨਾਂ ਦੇ ਕਿਰਾਏ ਉਸ ਨੇ ਵਧਾ ਦਿੱਤੇ ਸਨ ਜਿਹਨਾਂ ਬਾਰੇ ਸੋਹਣ ਸਿੰਘ ਨੂੰ ਕੁਝ ਨਹੀਂ ਸੀ ਦੱਸਿਆ। ਉਹ ਸੋਹਣ ਸਿੰਘ ਦੀ ਸਾਰੀ ਜਾਇਦਾਦ ਉਪਰ ਅੱਖ ਰੱਖੀ ਬੈਠਾ ਸੀ। ਉਹ ਸੋਚਦਾ ਕਿ ਮੌਕਾ ਲੱਗਦੇ ਹੀ ਉਹ ਸੋਹਣ ਸਿੰਘ ਦੀ ਬਣਾਈ ਵਸੀਅਤ ਨੂੰ ਪਾੜ ਸੁਟੇਗਾ। ਉਸ ਨੂੰ ਪਤਾ ਸੀ ਕਿ ਵਸੀਅਤ ਚਰਨਜੀਤ ਕੋਲ ਹੀ ਪਈ ਹੈ। ਉਸ ਨੂੰ ਯਕੀਨ ਸੀ ਕਿ ਜੱਗੀ ਵੀ ਬਹੁਤੀ ਦੇਰ ਨਹੀਂ ਕੱਢਣ ਲੱਗਾ ਇਹ ਸਭ ਕੁਝ ਇੱਕ ਦਿਨ ਉਸ ਦਾ ਹੀ ਹੋਣਾ ਸੀ, ਇਸ ਲਈ ਉਹ ਚਰਨਜੀਤ ਨੂੰ ਪਿਓ ਦੇ ਘਰ ਜਾਣੋ ਨਹੀਂ ਸੀ ਰੋਕਦਾ। ਜੱਗੀ ਕਿਹਾ ਕਰਦਾ ਕਿ ਆਨੰਦੀ ਹੀ ਉਸ ਦੀ ਅਸਲੀ ਵਾਰਿਸ ਹੈ ਤੇ ਉਹ ਉਸ ਦੇ ਨਾਂ ਦੀ ਵਸੀਅਤ ਕਰਾਵੇਗਾ।

ਜੱਗੀ ਕਿਸੇ ਨਾ ਕਿਸੇ ਤਰ੍ਹਾਂ ਇੰਡੀਆ ਘਰ ਪੁੱਜ ਗਿਆ ਪਰ ਉਸ ਦੀ ਸਿਹਤ ਬਹੁਤ ਖਰਾਬ ਸੀ। ਚਰਨਜੀਤ ਨੇ ਇਕਦਮ ਡਾਕਟਰ ਬੁਲਾ ਲਿਆ। ਉਸ ਦੀਆਂ ਪੀਲੀਆਂ ਅੱਖਾਂ ਦੇਖ ਕੇ ਡਾਕਟਰ ਵੀ ਡਰ ਗਿਆ ਤੇ ਉਸ ਨੂੰ ਇਕ ਦਮ ਹਸਪਤਾਲ ਭਰਤੀ ਕਰਾਉਣ ਲਈ ਆਖ ਦਿੱਤਾ। ਲਿਵਰ ਦੀ ਬਿਮਾਰੀ ਬਾਰੇ ਡਾਕਟਰਾਂ ਨੂੰ ਪਹਿਲਾਂ ਹੀ ਪਤਾ ਸੀ। ਹੋਰ ਐਕਸਰੇ ਤੇ ਹੋਰ ਚੈਕ-ਅੱਪ ਹੋਣ ਲੱਗੇ। ਹੁਣ ਚਰਨਜੀਤ ਨੂੰ ਦੋ ਮਰੀਜ਼ ਦੇਖਣੇ ਪੈ ਰਹੇ ਸਨ। ਸੋਹਣ ਸਿੰਘ ਜੈਨ ਹਸਪਤਾਲ ਵਿੱਚ ਸੀ ਤੇ ਜੱਗੀ ਲਿਵਰ ਦੇ ਵਿਸ਼ੇਸ਼ ਸੰਘਾ ਹਸਪਤਾਲ ਵਿੱਚ। ਹੁਣ ਖਰਚੇ ਵੀ ਦੁੱਗਣੇ ਹੋ ਗਏ। ਇਹ ਖਰਚੇ ਲੱਖਾਂ ਰੁਪਈਆਂ ਵਿੱਚ ਹੋ ਰਹੇ ਸਨ। ਪੈਸੇ ਪਾਣੀ ਵਾਂਗ ਵਹਿੰਦੇ। ਇਸ ਨੂੰ ਲੈ ਕੇ ਚਰਨਜੀਤ ਬਹੁਤ ਪਰੇਸ਼ਾਨ ਰਹਿੰਦੀ। ਸ਼ਿਵਚਰਨ ਵੀ ਪਰੇਸ਼ਾਨ ਸੀ। ਇੱਕ ਦਿਨ ਉਹ ਬੋਲਿਆ,

-ਸਾਡੇ ਤੋਂ ਤਾਂ ਇੱਕ ਹੀ ਨਹੀਂ ਸਾਂਭਿਆ ਜਾਂਦਾ ਤੇ ਇਹ ਇੱਕ ਹੋਰ ਆ ਗਿਆ ! ਭਲਾ ਕੀ ਲੋੜ ਸੀ ਇਹਨੂੰ ਫੋਨ ਕਰਕੇ ਸੱਦਣ ਦੀ ?

-ਮੈਂ ਸੋਚਿਆ ਕਿ ਡੈਡੀ ਨੂੰ ਦੇਖ ਲਵੇ, ਫੇਰ ਕਹੇਗਾ ਕਿ ਜਾਂਦੇ ਪਿਓ ਨੂੰ ਮਿਲ ਵੀ ਨਹੀਂ ਸਕਿਆ।

–ਇਹ ਵੀ ਤਾਂ ਸੋਚਦੀ ਕਿ ਇਹਦੀ ਬਿਮਾਰੀ ਦਾ ਖਰਚਾ ਕੌਣ ਚੁੱਕੇਗਾ?

–ਮੈਂ ਸੋਚਦੀ ਆਂ ਕਿ ਆਪਣੇ ਵਾਲਾ ਪਲਾਟ ਵੇਚ ਦੇਈਏ।

–ਕਿਉਂ ਵੇਚ ਦੇਈਏ ਪਲਾਟ? ਆਪਣਾ ਪਲਾਟ ਅਸੀਂ ਕਿਉਂ ਵੇਚੀਏ? ਏਨੀ ਜਾਇਦਾਦ ਵਿੱਚੋਂ ਸਾਨੂੰ ਇੱਕ ਪਲਾਟ ਦਿੱਤਾ ਸਾਰਾ, ਉਹ ਵੀ ਵੇਚ ਦੇਈਏ? ਸੰਭਾਲ ਬੁੜ੍ਹੇ ਦੀ ਅਸੀਂ ਕਰਦੇ ਆਂ ਤੇ ਸਾਰੀ ਜਾਇਦਾਦ ਦੀ ਵਸੀਅਤ ਜੱਗੀ ਦੇ ਨਾਂ ਕੀਤੀ ਐ, ਭਲਾ ਇਹ ਕਿੱਥੋਂ ਦਾ ਇਨਸਾਫ ਐ?

ਸ਼ਿਵਚਰਨ ਦਾ ਗੁੱਸਾ ਸੱਤਵੇਂ ਅਸਮਾਨ ’ਤੇ ਸੀ। ਚਰਨਜੀਤ ਉਸ ਦੇ ਗੁੱਸੇ ਨੂੰ ਵੀ ਸਮਝਦੀ ਸੀ। ਇੱਕ ਪਲੜੇ ਵਿੱਚ ਪਤੀ ਤੇ ਦੂਜੇ ਪਲੜੇ ਵਿੱਚ ਪਿਓ ਤੇ ਭਰਾ ਸਨ। ਉਸ ਲਈ ਪਿਓ ਤੇ ਭਰਾ ਵਾਲਾ ਪਲੜਾ ਸਦਾ ਭਾਰੀ ਰਹਿੰਦਾ। ਜੱਗੀ ਕੁਝ ਦਿਨ ਹਸਪਤਾਲ ਰਹਿ ਕੇ ਘਰ ਆ ਗਿਆ। ਡਾਕਟਰਾਂ ਨੇ ਉਸ ਨੂੰ ਸ਼ਰਾਬ ਤਾਂ ਕੀ ਜੂਸ ਤਕ ਪੀਣ ਦੀ ਮਨਾਹੀ ਕਰ ਦਿੱਤੀ ਸੀ। ਚਰਨਜੀਤ ਹਰ ਵੇਲੇ ਉਸ ਦੇ ਸਿਰ ’ਤੇ ਰਹਿੰਦੀ। ਜੱਗੀ ਵੀ ਗੰਭੀਰਤਾ ਨੂੰ ਸਮਝਦਾ ਦਵਾਈ ਚੰਗੀ ਤਰ੍ਹਾਂ ਖਾਂਦਾ।

ਹਫਤੇ ਕੁ ਬਾਅਦ ਸੋਹਣ ਸਿੰਘ ਪੂਰਾ ਹੋ ਗਿਆ। ਜੱਗੀ ਨੇ ਸਸਕਾਰ ਤੇ ਹੋਰ ਸਾਰੀਆਂ ਰਸਮਾਂ ਕੀਤੀਆਂ ਤੇ ਵਾਪਸ ਚੜ੍ਹ ਗਿਆ। ਸੋਹਣ ਸਿੰਘ ਦੇ ਤੇ ਉਸ ਦੇ ਨਾਂ ’ਤੇ ਕੁਝ ਸਾਂਝੇ ਪੈਸੇ ਪਏ ਸਨ, ਉਹ ਉਸ ਨੇ ਕਢਵਾ ਲਏ। ਕੁਝ ਉਸ ਨੇ ਚਰਨਜੀਤ ਨੂੰ ਦੇ ਦਿੱਤੇ ਤੇ ਕੁਝ ਕੁ ਦੇ ਉਸ ਨੇ ਪੰਜ ਹਜ਼ਾਰ ਪੌਂਡ ਬਣਵਾ ਲਏ। ਸੋਹਣ ਸਿੰਘ ਦੀਆਂ ਕੁਝ ਐਫ ਡੀਜ਼ ਵੀ ਸਨ, ਉਹਨਾਂ ਨੇ ਹਾਲੇ ਮੈਚਿਓਰ ਹੋਣਾ ਸੀ। ਉਸ ਨੇ ਉਹਨਾਂ ਦਾ ਮੁਖਤਿਆਰਨਾਮਾ ਚਰਨਜੀਤ ਨੂੰ ਦੇ ਦਿੱਤਾ। ਬਾਕੀ ਦੀ ਜਾਇਦਾਦ ਹਾਲੇ ਉਸ ਦੇ ਨਾਂ ਹੋਣੀ ਸੀ ਪਰ ਉਹ ਵਾਪਸ ਆ ਗਿਆ। ਉਸ ਨੂੰ ਆਪਣੀ ਸਿਹਤ ਦਾ ਵੀ ਫਿਕਰ ਸੀ ਤੇ ਉਸ ਦੀ ਹਸਪਤਾਲ ਦੀ ਐਪੁਆਇੰਟਮਿੰਟ ਵੀ ਸੀ। ਜਾਇਦਾਦ ਤਾਂ ਹੁਣ ਕਦੇ ਵੀ ਆਪਣੇ ਨਾਂ ਕਰਾਈ ਜਾ ਸਕਦੀ ਸੀ।

## ਅਠੱਤੀ

ਜੱਗੀ ਵਾਪਸ ਇੰਗਲੈਂਡ ਆਇਆ ਤਾਂ ਉਹ ਬਹੁਤ ਖੁਸ਼ ਸੀ। ਹੁਣ ਉਹ ਸਾਧਾਰਨ ਬੰਦਾ ਨਹੀਂ ਸੀ ਸਗੋਂ ਕਰੋੜਪਤੀ ਸੀ। ਹਰ ਵੇਲੇ ਉਹ ਤਰ੍ਹਾਂ ਤਰ੍ਹਾਂ ਦੀਆਂ ਸਕੀਮਾਂ ਬਣਾਉਣ ਲੱਗਦਾ। ਵਾਪਸ ਆ ਕੇ ਸਭ ਤੋਂ ਪਹਿਲਾਂ ਉਹ ਆਪਣੇ ਡਾਕਟਰ ਨੂੰ ਮਿਲਿਆ ਤੇ ਇੰਡੀਆ ਦੇ ਡਾਕਟਰਾਂ ਦੀਆਂ ਸਾਰੀਆਂ ਰਿਪੋਰਟਾਂ ਦਿਖਾਈਆਂ। ਉਸ ਦੇ ਡਾਕਟਰ ਨੂੰ ਉਸ ਦੀ ਬਿਮਾਰੀ ਬਾਰੇ ਪਤਾ ਹੀ ਸੀ, ਫਿਰ ਵੀ ਉਸ ਨੇ ਇੱਕ ਵਾਰ ਫਿਰ ਉਸ ਨੂੰ ਅਗਲੇ ਨਰੀਖਣਾਂ ਲਈ ਹਸਪਤਾਲ ਭੇਜ ਦਿੱਤਾ। ਹਸਪਤਾਲ ਵਿੱਚ ਉਸ ਦਾ ਰਿਕਾਰਡ ਤਾਂ ਪਹਿਲਾਂ ਹੈ ਹੀ ਸੀ। ਉਹਨਾਂ ਨੇ ਉਸ ਨੂੰ ਹਸਪਤਾਲ ਵਿੱਚ ਭਰਤੀ ਕਰ ਲਿਆ। ਹਸਪਤਾਲ ਵਿੱਚ ਰਹਿਣ ਲਈ ਉਹ ਤਿਆਰ ਨਹੀਂ ਸੀ। ਉਹ ਦੋ ਕੁ ਦਿਨ ਹਸਪਤਾਲ ਰਹਿ ਕੇ ਵਾਪਸ ਆ ਗਿਆ।

ਭਾਵੇਂ ਉਹਨੇ ਵਾਪਸ ਪੁੱਜ ਕੇ ਹੀ ਨਵੀ, ਬਾਹੜੇ ਤੇ ਪ੍ਰੀਤੀ ਨੂੰ ਫੋਨ ਕਰਕੇ ਆਪਣੇ ਆਉਣ ਬਾਰੇ ਦੱਸ ਦਿੱਤਾ ਸੀ ਪਰ ਕਿਸੇ ਨੂੰ ਮਿਲ ਨਹੀਂ ਸੀ ਸਕਿਆ। ਹੁਣ ਉਹ



ਸਭ ਤੋਂ ਪਹਿਲਾਂ ਤਾਂ ਪ੍ਰੀਤੀ ਨੂੰ ਮਿਲਣ ਗਿਆ। ਉਸ ਨੇ ਪ੍ਰੀਤੀ ਨੂੰ ਉਸ ਦੇ ਦੋ ਸੌ ਪੌਂਡ ਵਾਪਸ ਕੀਤੇ ਤਾਂ ਉਹ ਬੋਲੀ,

–ਬਸ, ਏਨੇ ਹੀ? ਹੁਣ ਤਾਂ ਤੂੰ ਮਿਲੀਅਨਏਅਰ ਐਂ, ਸਿਰਫ ਦੋ ਸੌ ਪੌਂਡ ਹੀ ਦੇ ਰਿਹਾਂ?

–ਮੈਡਮ, ਕੈਸ਼ ਪੈਸੇ ਹੈ ਨਹੀਂ ਡੈਡ ਕੋਲ।

–ਕਿਉਂ? ਕਿਰਾਇਆ ਆਉਂਦਾ ਦੁਕਾਨਾਂ ਦਾ, ਘਰ ਕਿਰਾਏ ’ਤੇ ਐ, ਕਿੱਥੇ ਗਏ ਸਾਰੇ ਪੈਸੇ?

–ਡੈਡੀ ਹਸਪਤਾਲ ਰਹੇ, ਫੇਰ ਮੈਂ ਵੀ।

–ਜੈਗ, ਹਸਪਤਾਲ ਵਿੱਚ ਏਨੇ ਪੈਸੇ ਤਾਂ ਨਹੀਂ ਲੱਗਦੇ, ਸਿੱਧਾ ਕਹਿ ਕਿ ਤੂੰ ਸਾਨੂੰ ਕੁਝ ਦੇਣਾ ਨਹੀਂ ਚਾਹੁੰਦਾ?

–ਮੈਨੂੰ ਕੁਝ ਮਿਲੇਗਾ ਤਾਂ ਹੀ ਦੇਵਾਂਗਾ ਨਾ। ਹਾਲੇ ਮੇਰੇ ਨਾਂ ਕੁਝ ਨਹੀਂ ਹੋਇਆ। ਮੈਂ ਜਲਦੀ ਹੀ ਵਾਪਸ ਜਾਣਾ, ਫਿਰ ਦੇਖਾਂਗਾ।

–ਜੈਗ, ਇਹ ਤੇਰੇ ਸਾਰੇ ਬਹਾਨੇ ਆਂ। ਅਸਲ ਵਿੱਚ ਤੂੰ ਰੌਕੀ ਨੂੰ ਕੁਝ ਦੇਣਾ ਹੀ ਨਹੀਂ ਚਾਹੁੰਦਾ।

ਪ੍ਰੀਤੀ ਨੇ ਨਹੋਰਾ ਮਾਰਿਆ। ਰੌਕੀ ਵੀ ਪਾਸ ਹੀ ਬੈਠਾ ਸੀ। ਉਹ ਜੱਗੀ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖਣ ਲੱਗਾ। ਜੱਗੀ ਬੋਲਿਆ,

–ਮੈਡਮ, ਦੁਕਾਨਾਂ ਤਾਂ ਮੈਂ ਵੇਚਣੀਆਂ ਨਹੀਂ ਚਾਹੁੰਦਾ। ਡੈਡੀ ਦੀ ਨਿਸ਼ਾਨੀ ਐ। ਕੁਝ ਐਫ ਡੀਜ਼ ਮੈਚਿਓਰ ਹੋਣਗੀਆਂ ਤਾਂ ਪੈਸੇ ਜ਼ਰੂਰ ਲਿਆਵਾਂਗਾ।

–ਹੁਣ ਕੁਝ ਨਹੀਂ ਲਿਆਇਆ? ਖਾਲੀ ਹੱਥ ਆ ਗਿਐਂ? ਜੇ ਏਦਾਂ ਹੀ ਆਉਣਾ ਸੀ ਤਾਂ ਫੇਰ ਸਾਨੂੰ ਕਿਉਂ ਮਿਲਣ ਆਇਆਂ?

ਇਸ ਤੋਂ ਪਹਿਲਾਂ ਕਿ ਜੱਗੀ ਕੁਝ ਕਹਿੰਦਾ, ਰੌਕੀ ਉੱਠਿਆ ਤੇ ਉਸ ਨੇ ਇੱਕ ਹੱਥ ਨਾਲ ਜੱਗੀ ਦਾ ਗਲ਼ ਫੜ ਲਿਆ ਤੇ ਦੂਜੇ ਹੱਥ ਨਾਲ ਉਸ ਦੀਆਂ ਜੇਬ੍ਹਾਂ ਦੀ ਤਲਾਸ਼ੀ ਲੈਣ ਲੱਗਿਆ। ਜੱਗੀ ਦੇ ਬਟੂਏ ਵਿੱਚ ਪੰਜ ਸੌ ਪੌਂਡ ਸਨ। ਰੌਕੀ ਨੇ ਇਹ ਪੌਂਡ ਕੱਢ ਲੱਏ ਤੇ ਉਸ ਨੂੰ ਘੜੀਸਦਾ ਹੋਇਆ ਬਾਹਰ ਲੈ ਗਿਆ ਤੇ ਘਰੋਂ ਬਾਹਰ ਸੁੱਟ ਦਿੱਤਾ। ਪ੍ਰੀਤੀ ਉਸ ਨੂੰ ਰੋਕਦੀ ਵੀ ਰਹੀ ਪਰ ਰੌਕੀ ਨੇ ਉਸ ਦੀ ਇੱਕ ਨਾ ਸੁਣੀ।

ਜੱਗੀ ਕੱਪੜੇ ਝਾੜਦਾ ਉੱਠ ਖੜਿਆ। ਆਲਾ–ਦੁਆਲਾ ਦੇਖਦਾ ਉਹ ਤੁਰ ਪਿਆ। ਉਹ ਸੋਚ ਰਿਹਾ ਸੀ ਕਿ ਸ਼ੁਕਰ ਹੈ ਕਿਤੇ ਸਾਰੇ ਪੈਸੇ ਜੇਬ੍ਹ ਵਿੱਚ ਨਹੀਂ ਲੈ ਆਇਆ। ਕੁਦਰਤੀ ਉਹ ਪੰਜ ਸੌ ਪੌਂਡ ਹੀ ਕੋਲ ਲੈ ਕੇ ਗਿਆ ਸੀ। ਇਹ ਪੌਂਡ ਵੀ ਉਸ ਨੇ ਨਵਾਂ ਟੈਲੀਵੀਯਨ ਖਰੀਦਣ ਵਾਸਤੇ ਜੇਬ੍ਹ ਵਿੱਚ ਪਾਏ ਸਨ। ਘਰ ਆ ਕੇ ਉਸ ਨੇ ਪ੍ਰੀਤੀ ਨੂੰ ਫੋਨ ਕਰ ਲਿਆ,

–ਮੈਡਮ, ਮੇਰੇ ਕੋਲ ਬਹੁਤ ਕੁਝ ਐ, ਮੇਰੀਆਂ ਦੁਕਾਨਾਂ ਦੀਆਂ ਕੀਮਤਾਂ ਦੁੱਗਣੀਆਂ–ਚੌਗਣੀਆਂ ਹੋ ਗਈਆਂ। ਪਲਾਟਾਂ ਦੀਆਂ ਕੀਮਤਾਂ ਵੀ ਪਰ ਤੁਹਾਨੂੰ ਮੈਂ ਕੁਝ ਨਹੀਂ ਦੇਣਾ। ਮੈਂ ਆਪਣੀ ਵਸੀਅਤ ਵੀ ਆਨੰਦੀ ਦੇ ਨਾਂ ਕਰਾ ਦੇਣੀ ਆਂ।

# ਉਨਤਾਲੀ

ਹੁਣ ਜੱਗੀ ਦੇ ਮਨ ਨੂੰ ਟਿਕਾਅ ਜਿਹਾ ਨਹੀਂ ਸੀ। ਜਿਹੜੇ ਪੈਸੇ ਉਹ ਲਿਆਇਆ ਸੀ, ਉਸ ਨੇ ਜਲਦੀ ਹੀ ਖਰਚ ਲਏ। ਆਪਣੇ ਫਲੈਟ ਲਈ ਨਵਾਂ ਸੋਫਾ ਤੇ ਟੈਲੀ ਲੈ ਲਏ। ਨਵੇਂ ਸੂਟ ਬਗੈਰਾ ਵੀ ਖਰੀਦੇ। ਨਵੀ ਦੇ ਪੰਜ ਸੌ ਵੀ ਮੋੜ ਦਿੱਤੇ। ਕੁਝ ਦੇਰ ਲਈ ਸੁਣਦੀਆਂ ਆਵਾਜ਼ਾਂ ਵੀ ਮੱਧਮ ਪੈ ਗਈਆਂ ਪਰ ਉਸ ਦੇ ਪੇਟ ਵਿੱਚ ਹਵਾ ਪਹਿਲਾਂ ਵਾਂਗ ਹੀ ਭਰ ਰਹੀ ਸੀ। ਹਾਲੇ ਵੀ ਉਸ ਦਾ ਯਕੀਨ ਸੀ ਕਿ ਉਸ ਦੀ ਅਜਿਹੀ ਸਿਹਤ ਉਸ ਦੇ ਜਿਸਮ ਵਿੱਚ ਫਿੱਟ ਕੀਤੀ ਚਿੱਪ ਕਰਕੇ ਹੈ ਨਹੀਂ ਤਾਂ ਉਸ ਦਾ ਲਿਵਰ ਬਿਲਕੁਲ ਠੀਕ ਹੈ।

ਉਸ ਦੇ ਬਦਲਦੇ ਰਵੱਈਏ ਤੋਂ ਉਸ ਦੇ ਡਾਕਟਰ ਨੂੰ ਸ਼ੱਕ ਹੋਇਆ ਕਿ ਸ਼ਾਇਦ ਉਸ ਦਾ ਵਿਸ਼ੇਸ਼ ਟੀਕਾ ਲੱਗਣ ਵਾਲਾ ਹੈ। ਉਸ ਨੇ ਸੰਬੰਧਿਤ ਮੈਂਟਲ ਹੈਲਥ ਮਹਿਕਮੇ ਨੂੰ ਚਿੱਠੀ ਲਿਖ ਦਿੱਤੀ ਤੇ ਇੱਕ ਵਾਰ ਫਿਰ ਕੁਝ ਲੋਕ ਆਏ ਤੇ ਜ਼ਬਰਦਸਤੀ ਉਸ ਦੇ ਟੀਕਾ ਲਾ ਗਏ। ਦੋ ਕੁ ਦਿਨ ਉਹ ਨਿਢਾਲ ਰਹਿ ਕੇ ਠੀਕ ਹੋ ਗਿਆ। ਇਸ ਵਾਰ ਇਸ ਗੱਲ ਦਾ ਜ਼ਿਕਰ ਉਸ ਨੇ ਕਿਸੇ ਕੋਲ ਨਾ ਕੀਤਾ। ਚਰਨਜੀਤ ਦਾ ਫੋਨ ਵੀ ਆਇਆ ਤਾਂ ਇਹ ਹੀ ਕਹਿ ਦਿੱਤਾ ਕਿ ਉਸ ਦਾ ਫੋਨ ਖਰਾਬ ਸੀ। ਪ੍ਰੀਤੀ ਨੂੰ ਵੀ ਹੁਣ ਬਹੁਤ ਦਿਨਾਂ ਤੋਂ ਫੋਨ ਨਹੀਂ ਸੀ ਕੀਤਾ। ਰੌਕੀ ਨਾਲ ਉਸ ਨੂੰ ਹਾਲੇ ਵੀ ਗੁੱਸਾ ਸੀ, ਨਹੀਂ ਤਾਂ ਉਸ ਦਾ ਗੁੱਸਾ ਏਨੇ ਦਿਨ ਨਹੀਂ ਸੀ ਚੱਲਿਆ ਕਰਦਾ।

ਇੱਕ ਵਾਰ ਉਹ ਫਿਰ ਇੰਡੀਆ ਲਈ ਚੜ੍ਹ ਗਿਆ। ਸਦਾ ਵਾਂਗ ਰਾਹ ਵਿੱਚ ਉਹ ਸ਼ਰਾਬ ਪੀਂਦਾ ਹੀ ਗਿਆ। ਜਲੰਧਰ ਪੁੱਜਦੇ ਸਾਰ ਹੀ ਇੱਕ ਵਾਰ ਫਿਰ ਉਸ ਨੂੰ ਹਸਪਤਾਲ ਵਿੱਚ ਭਰਤੀ ਹੋਣਾ ਪਿਆ। ਉਸੇ ਸੰਘਾ ਹਸਪਤਾਲ ਵਿੱਚ ਜਿਹੜਾ ਲਿਵਰ ਦੀਆਂ ਬਿਮਾਰੀਆਂ ਲਈ ਪੰਜਾਬ ਭਰ ਵਿੱਚ ਮਸ਼ਹੂਰ ਸੀ। ਡਾਕਟਰਾਂ ਦੀ ਇੱਕ ਟੀਮ ਨੇ ਉਸ ਦਾ ਮੁਆਇਨਾ ਕੀਤਾ। ਉਹਨਾਂ ਚਰਨਜੀਤ ਤੇ ਸ਼ਿਵਚਰਨ ਨੂੰ ਸੱਦਿਆ ਤੇ ਕਹਿਣ ਲੱਗੇ,

–ਇਹ ਲਿਵਰ ਹੁਣ ਰਿਕਵਰ ਨਹੀਂ ਹੋ ਸਕਣਾ, ਇਹ ਤਾਂ ਹੁਣ ਟਰਾਂਸਪਲਾਂਟ ਹੀ ਹੋਵੇਗਾ।

ਚਰਨਜੀਤ ਤੇ ਸ਼ਿਵਚਰਨ ਇੱਕ ਦੂਜੇ ਵੱਲ ਦੇਖਣ ਲੱਗੇ। ਚਰਨਜੀਤ ਨੇ ਪੁੱਛਿਆ,

–ਡਾਕਟਰ ਸਾਬ, ਕਿੰਨੇ ਕੁ ਦਾ ਖਰਚ ਹੋਵੇਗਾ ?

–ਖਰਚ ਤਾਂ ਬਾਅਦ ਦੀ ਗੱਲ ਏ ਪਹਿਲਾਂ ਤਾਂ ਇਹ ਹੀ ਜ਼ਰੂਰੀ ਏ ਕਿ ਨਵਾਂ ਲਿਵਰ ਮਿਲੇਗਾ ਕਿੱਥੋਂ। ਪੰਜਾਬ ਵਿੱਚ ਤਾਂ ਸ਼ਾਇਦ ਨਾ ਮਿਲ ਸਕੇ। ਉੱਧਰ ਚੈਨਈ ਵੱਲ ਸੌਖਾ ਹੁੰਦਾ ਏ। ਪੰਦਰਾਂ-ਵੀਹ ਲੱਖ ਤਾਂ ਸਹਿਜੇ ਹੀ ਖਰਚ ਹੋ ਜਾਵੇਗਾ।

ਡਾਕਟਰ ਦੀ ਗੱਲ ਚਰਨਜੀਤ ਦੇ ਸਿਰ ਵਿੱਚ ਸੋਟੇ ਵਾਂਗ ਵੱਜੀ। ਸ਼ਿਵਚਰਨ ਵੀ ਫਿਕਰਾਂ ਵਿੱਚ ਪੈ ਗਿਆ ਪਰ ਉਸ ਦੇ ਫਿਕਰ ਹੋਰ ਸਨ। ਪੰਦਰਾਂ-ਵੀਹ ਲੱਖ ਖਰਚ ਕੇ ਜੱਗੀ ਨੂੰ ਬਚਾਉਣ ਦੀ ਕੀ ਲੋੜ ਸੀ। ਜੱਗੀ ਤੋਂ ਬਾਅਦ ਅੱਧ ਤਾਂ ਉਹਨਾਂ ਦਾ ਓਦਾਂ ਹੀ



ਬਣਦਾ ਸੀ। ਸੋਹਣ ਸਿੰਘ ਦੀ ਵਸੀਅਤ ਉਹ ਹੁਣ ਕਾਬੂ ਕਰ ਚੁੱਕਾ ਸੀ, ਚਰਨਜੀਤ ਤੋਂ ਖੋਹ ਲਈ ਸੀ। ਚਰਨਜੀਤ ਬਥੇਰਾ ਰੋਈ ਸੀ ਪਰ ਉਸ ਨੇ ਇੱਕ ਨਹੀਂ ਸੀ ਸੁਣੀ। ਚਰਨਜੀਤ ਤੋਂ ਪਹਿਲਾਂ ਸ਼ਿਵਚਰਨ ਨੇ ਹੀ ਕਿਹਾ,

–ਡਾਕਟਰ ਸਾਬ, ਤੁਸੀਂ ਜਿਵੇਂ ਵੀ ਹੋ ਸਕਦਾ ਇਹਦਾ ਇਲਾਜ ਕਰੋ, ਟਰਾਂਸਪਲਾਂਟ ਵਾਲੀ ਗੱਲ ਅਸੀਂ ਘਰ ਜਾ ਕੇ ਸੋਚਾਂਗੇ ਤੇ ਦੱਸਾਂਗੇ।

–ਠੀਕ ਏ ਪਰ ਟਰਾਂਸਪਲਾਂਟ ਇੱਥੇ ਨਹੀਂ ਹੋ ਸਕਣਾ। ਤੁਹਾਨੂੰ ਕਿਸੇ ਹੋਰ ਹਸਪਤਾਲ ਜਾਣਾ ਹੋਵੇਗਾ। ਅਸੀਂ ਰਿਕਮੈਂਡ ਕਰ ਦੇਵਾਂਗੇ।

ਡਾਕਟਰ ਨੇ ਜੱਗੀ ਦੀਆਂ ਸਾਰੀਆਂ ਟੈਸਟ ਰਿਪੋਰਟਾਂ ਉਹਨਾਂ ਨੂੰ ਸੌਂਪ ਦਿੱਤੀਆਂ।

ਜੱਗੀ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਸ ਨੇ ਕਿਹਾ,

–ਇਹ ਬਕਵਾਸ ਐ, ਮੇਰੇ ਲਿਵਰ ਨੂੰ ਕੁਝ ਨਹੀਂ ਹੋਇਆ। ਮੈਂ ਵਾਪਸ ਇੰਗਲੈਂਡ ਜਾਨਾਂ, ਉੱਥੇ ਜਾ ਕੇ ਮੈਂ ਬਿਲਕੁਲ ਠੀਕ ਹੋ ਜਾਨਾਂ।

ਜੱਗੀ ਹੁਣ ਹਸਪਤਾਲ ਵਿੱਚ ਹੋਰ ਨਹੀਂ ਸੀ ਰਹਿਣਾ ਚਾਹੁੰਦਾ। ਉਸ ਨੂੰ ਲੱਗਦਾ ਕਿ ਇੱਥੇ ਕੋਈ ਹੋਰ ਹੀ ਬਿਮਾਰੀ ਨਾ ਲਾ ਦੇਣ। ਉਸ ਨੇ ਸੁਣਿਆ ਹੋਇਆ ਸੀ ਕਿ ਇੰਡੀਆ ਵਿੱਚ ਪੈਸੇ ਲੈਣ ਖਾਤਰ ਹੀ ਬਿਮਾਰੀਆਂ ਨੂੰ ਭਿਆਨਕ ਬਣਾ ਕੇ ਦੱਸਣ ਲੱਗਦੇ ਹਨ। ਜੱਗੀ ਹਫਤਾ ਕੁ ਹਸਪਤਾਲ ਰਹਿ ਕੇ ਘਰ ਆ ਗਿਆ। ਹੁਣ ਉਹ ਪਹਿਲਾਂ ਨਾਲੋਂ ਕੁਝ ਠੀਕ ਸੀ।

ਇੱਕ ਦਿਨ ਚਰਨਜੀਤ ਨੇ ਨਵੀ ਨੂੰ ਫੋਨ ਕੀਤਾ। ਜੱਗੀ ਦੀ ਬਿਮਾਰੀ ਬਾਰੇ ਗੱਲ ਕੀਤੀ ਤੇ ਫਿਰ ਤੇ ਕਹਿਣ ਲੱਗੀ,

–ਭਾਜੀ, ਤੁਹਾਡੇ ਨਾਲ ਇੱਕ ਜ਼ਰੂਰੀ ਗੱਲ ਕਰਨੀ ਆਂ।

–ਦੱਸੋ ਭੈਣ ਜੀ ਕੀ ਗੱਲ ਐ ?

–ਜੱਗੀ ਵੀਰਾ ਜਦੋਂ ਦਾ ਇੱਥੇ ਆਇਆ, ਇਹੀ ਕਹੀ ਜਾਂਦਾ ਕਿ ਮੈਂ ਆਪਣੀ ਵਸੀਅਤ ਆਨੰਦੀ ਦੇ ਨਾਂ ਕਰਨੀ ਆਂ ਕਿਉਂਕਿ ਰੌਕੀ ਤਾਂ ਏਹਨੂੰ ਕੁੱਟ ਧਰਦੈ। ਕਹਿੰਦਾ ਉਹਨੂੰ ਕੁਝ ਨਹੀਂ ਦੇਣਾ ਤੇ ਆਨੰਦੀ ਨੂੰ ਹੀ ਦੇਣਾ ਸਭ।

–ਇਹ ਤਾਂ ਚੰਗੀ ਗੱਲ ਐ। ਰੌਕੀ ਨੂੰ ਦਿੱਤਾ ਤਾਂ ਇੱਕ ਕਿਸਮ ਦਾ ਪ੍ਰੀਤੀ ਨੂੰ ਦਿੱਤਾ ਹੀ ਹੋਇਆ ਨਾ।

–ਇਹੀ ਗੱਲ ਮੈਂ ਵੀ ਕਹਿੰਨੀ ਆਂ। ਇਹ ਕਹੀ ਤਾਂ ਜਾਂਦਾ ਕਿ ਸਭ ਕੁਝ ਆਨੰਦੀ ਨੂੰ ਦੇਣਾ ਪਰ ਕਰਦਾ ਕਰੌਂਦਾ ਕੁਝ ਨਹੀਂ। ਬਸ ਗੱਲਾਂ ਨਾਲ ਘਰ ਪੂਰਾ ਕਰੀ ਜਾਂਦਾ। ਮੈਂ ਚਾਹੁੰਨੀ ਆਂ ਕਿ ਇੱਕ ਵਾਰ ਤੁਸੀਂ ਕਹੋ ਇਹਨੂੰ।

–ਭੈਣ ਜੀ, ਤੁਸੀਂ ਫਿਕਰ ਨਾ ਕਰੋ, ਵਾਪਸ ਆਉਣ ਦਿਓ, ਮੈਂ ਉਹਦੇ ਨਾਲ ਗੱਲ ਕਰਦਾਂ।

–ਜਲਦੀ ਕਰਿਓ। ਹੁਣ ਉਹ ਵਾਪਸ ਮੁੜਨ ਲਈ ਕਾਹਲਾ ਪੈ ਰਿਹਾ।

ਚਰਨਜੀਤ ਵੀ ਜੱਗੀ ਦੇ ਭਵਿੱਖ ਨੂੰ ਲੈ ਕੇ ਸੱਚ ਦੇ ਨੇੜੇ ਰਹਿੰਦੀ ਸੋਚਣ ਲੱਗੀ ਸੀ। ਉਸ ਦੀ ਬਿਮਾਰੀ ਜਾਨਲੇਵਾ ਸੀ ਤੇ ਉਸ ਤੋਂ ਬਾਅਦ ਜਾਇਦਾਦ ਉਸਨੂੰ ਜਾਂ ਉਸ ਦੇ ਬੱਚਿਆਂ ਨੂੰ ਹੀ ਮਿਲਣੀ ਚਾਹੀਦੀ ਸੀ।

ਇੱਕ ਦਿਨ ਜੱਗੀ ਚਰਨਜੀਤ ਤੇ ਸ਼ਿਵਚਰਨ ਦੋਵਾਂ ਨੂੰ ਬੋਲਿਆ,

–ਮੈਂ ਹੁਣ ਵਾਪਸ ਜਾਣਾਂ। ਮੈਨੂੰ ਵੀਹ ਕੁ ਲੱਖ ਰੁਪਏ ਦਾ ਇੰਤਜ਼ਾਮ ਕਰ ਦਿਓ।

–ਵੀਹ ਲੱਖ ਦਾ ਇੰਤਜ਼ਾਮ ਕਿੱਥੋਂ ਕਰ ਦੇਈਏ ਵੀਰੇ ?

–ਕਿਰਾਇਆ ਨਹੀਂ ਆਉਂਦਾ ਦੁਕਾਨਾਂ ਦਾ ?

ਆਖ ਕੇ ਉਸ ਨੇ ਸ਼ਿਵਚਰਨ ਵੱਲ ਦੇਖਿਆ। ਸ਼ਿਵਚਰਨ ਇਸ ਲਈ ਤਿਆਰ ਬੈਠਾ ਸੀ। ਉਹ ਬੋਲਿਆ,

–ਪਹਿਲਾਂ ਦਾ ਪੈਸੇ–ਪੈਸੇ ਦਾ ਹਿਸਾਬ ਮੈਂ ਡੈਡੀ ਨੂੰ ਦਿੰਦਾ ਰਿਹਾਂ ਪਰ ਹੁਣ ਮੈਂ ਸਾਰਾ ਹਿਸਾਬ ਕਰ ਦਿੰਨਾਂ। ਆਹ ਜਿਹੜਾ ਤੇਰਾ ਇਲਾਜ ਚੱਲ ਰਿਹਾ ਇਹ ਪੈਸੇ ਕਿੱਥੋਂ ਆ ਰਹੇ ਆ, ਕਦੇ ਸੋਚਿਆ ? ਤੇਰੇ ਸਾਰੇ ਘਰ ਦੀ ਮੁਰੰਮਤ ਕਰਾਈ। ਮੈਂ ਤਾਂ ਇੱਕ ਇੱਕ ਪੈਸਾ ਲਿਖਿਆ ਹੋਇਆ।

–ਪੂਰਾ ਕਿਰਾਇਆ ਕਿੰਨਾ ਆਉਂਦਾ ?

–ਪੂਰਾ ਕਿਰਾਇਆ ਕਦੇ ਵੀ ਨਹੀਂ ਆਉਂਦਾ। ਕਦੇ ਕੋਈ ਦੁਕਾਨਦਾਰ ਮਾਰ ਜਾਂਦਾ, ਕਦੇ ਕੋਈ। ਕਿਰਾਏ ਪੁਰਾਣੇ ਫਿਕਸ ਕੀਤੇ ਹੋਏ ਆ, ਦੁਕਾਨਦਾਰ ਵਧਾਉਂਦੇ ਹੀ ਨਹੀਂ।

–ਉਹਨਾਂ ਨੂੰ ਕੋਰਟ ਵਿੱਚ ਲੈ ਜਾਓ।

–ਕੋਰਟਾਂ ਵਿੱਚ ਲਿਜਾਣ ਲਈ ਤੈਨੂੰ ਇੱਥੇ ਹੋਣਾ ਪੈਣਾਂ। ਦੁਕਾਨਾਂ ਦੇ ਮਾਲਕ ਬਣਨਾ ਸੌਖਾ ਨਹੀਂ, ਉਹਨਾਂ ਦੀ ਸੰਭਾਲ ਵੀ ਕਰਨੀ ਪੈਂਦੀ ਐ।

ਸ਼ਿਵਚਰਨ ਦੀ ਆਵਾਜ਼ ਵਿੱਚ ਤਲਖੀ ਸੀ। ਜੱਗੀ ਨੇ ਕਿਹਾ,

–ਸ਼ਿਵਚਰਨ, ਇਹ ਸਾਰੀ ਜ਼ਿੰਮੇਵਾਰੀ ਤਾਂ ਤੈਨੂੰ ਦਿੱਤੀ ਹੀ ਹੋਈ ਐ।

–ਮੈਂ ਤੁਹਾਡਾ ਜਵਾਈ ਆਂ ਕੋਈ ਤਨਖਾਹੀਆ ਨਹੀਂ। ਤੂੰ ਸਾਂਭ ਆਪਣੀਆਂ ਦੁਕਾਨਾਂ। ਆਪੇ ਕਰ ਕਿਰਾਇਆ ਇਕੱਠਾ। ਬਾਜ਼ ਆਇਆ ਮੈਂ ਏਦਾਂ ਦੀਆਂ ਦੁਕਾਨਾਂ ਤੋਂ। ਦਿੱਲੀ ਦੇ ਚੱਕਰ ਮਾਰਦਿਆਂ ਮੈਂ ਕਮਲ਼ਾ ਹੋ ਗਿਆਂ ਤੇ ਇਹ ਆ ਕੇ ਹਿਸਾਬ ਮੰਗਦਾ !

ਸ਼ਿਵਚਰਨ ਗੁੱਸੇ ਵਿੱਚ ਸੀ। ਜੱਗੀ ਵੀ ਸੋਚ ਰਿਹਾ ਸੀ ਕਿ ਇਹ ਬੰਦਾ ਨਾਲੇ ਚੋਰ ਐ ਤੇ ਨਾਲੇ ਚਤਰ ਵੀ। ਉਸ ਨੇ ਕਿਹਾ,

–ਬਸ, ਮੈਂ ਹੁਣ ਆ ਜਾਣਾ ਇੱਥੇ ਪੱਕਾ ਹੀ। ਆਪੇ ਸਾਂਭਾਂਗਾ ਆਪਣੀਆਂ ਦੁਕਾਨਾਂ ਤੇ ਹੋਰ ਸਭ ਵੀ।

ਚਰਨਜੀਤ ਨੇ ਮੌਕੇ ਦੀ ਨਜ਼ਾਕਤ ਸਮਝੀ ਤੇ ਸ਼ਿਵਚਰਨ ਨੂੰ ਇਸ਼ਾਰੇ ਨਾਲ ਘਰ ਨੂੰ ਭੇਜ ਦਿੱਤਾ ਤੇ ਬੋਲੀ,

–ਜੱਗੀ ਵੀਰੇ, ਇਹ ਸਭ ਕੁਝ ਤੇਰਾ ਹੀ ਐ। ਤੇਰੀਆਂ ਦੁਕਾਨਾਂ, ਘਰ, ਪਲਾਟ ਤੇ ਬੈਂਕ ਬੈਲੈਂਸ। ਸਾਨੂੰ ਕੁਝ ਨਹੀਂ ਚਾਹੀਦਾ। ਸਾਨੂੰ ਤੇਰੀ ਲੋੜ ਐ। ਤੂੰ ਯੁੱਗ–ਯੁੱਗ ਜੀ। ਬਸ, ਆਪਣੀ ਸਿਹਤ ਦਾ ਧਿਆਨ ਰੱਖ।

–ਚਰਨਜੀਤ, ਤੂੰ ਬੈਂਕ ਮੈਨੇਜਰ ਤੋਂ ਪਤਾ ਕਰ ਕਿ ਕੋਈ ਅਜਿਹਾ ਅਕਾਊਂਟ ਹੈ ਕਿ ਤੂੰ ਕਿਰਾਏ ਦੇ ਪੈਸੇ ਇੱਥੇ ਜਮ੍ਹਾਂ ਕਰਾਈ ਜਾਵੇਂ ਤੇ ਮੈਂ ਉੱਥੋਂ ਚੁੱਕੀ ਜਾਵਾਂ।



# ਚਾਲੀ

ਪ੍ਰੀਤੀ ਸਾਰੇ ਹਾਲਾਤ ਉਪਰ ਨਜ਼ਰ ਰੱਖ ਰਹੀ ਸੀ। ਜੱਗੀ ਇੰਡੀਆ ਗਿਆ ਤਾਂ ਉਹ ਸ਼ਿਵਚਰਨ ਨੂੰ ਫੋਨ ਕਰਕੇ ਜੱਗੀ ਦੀ ਸਿਹਤ ਦਾ ਪਤਾ ਕਰਦੀ ਰਹਿੰਦੀ ਸੀ। ਜਦ ਉਸ ਨੂੰ ਪਤਾ ਚੱਲਿਆ ਕਿ ਜੱਗੀ ਦੇ ਲਿਵਰ–ਟਰਾਂਸਪਲਾਂਟ ਦੀ ਗੱਲ ਹੋ ਰਹੀ ਹੈ ਤਾਂ ਉਸ ਦਾ ਫਿਕਰ ਵੱਧ ਗਿਆ ਕਿ ਕਿਤੇ ਜੱਗੀ ਉੱਥੇ ਹੀ ਨਾ ਚੱਲ ਵਸੇ। ਜਦ ਜੱਗੀ ਜਿਉਂਦਾ ਵਾਪਸ ਮੁੜ ਆਇਆ ਤਾਂ ਉਹ ਬਹੁਤ ਖੁਸ਼ ਹੋਈ। ਉਸ ਨੇ ਇੱਕ ਦਿਨ ਨਵੀ ਨੂੰ ਫੋਨ ਕੀਤਾ,

–ਹੈਲੋ ਨਵੀ, ਸ਼੍ਰੀਦੇਵੀ ਹੇਅਰ।

–ਹੈਲੋ ਪ੍ਰੀਤੀ ! ਕੀ ਹਾਲ ਐ ?

–ਠੀਕ ਐ, ਤੂੰ ਸੁਣਾ, ਕਿਹੜੇ ਭਾਅ ਵਿਕਦੀ ਐ ? ਅੱਜ ਕੱਲ੍ਹ ਕਿੰਨੀਆਂ ਗਰਲ ਫਰੈਂਡਜ਼ ਨੇ ?

–ਪ੍ਰੀਤੀ, ਹੁਣ ਉਹ ਗੱਲਾਂ ਨਹੀਂ ਰਹੀਆਂ। ਹੁਣ ਗਰਲ ਫਰੈਂਡ ਦੀ ਲੋੜ ਨਹੀਂ ਰਹੀ। ਹੁਣ ਤਾਂ ਇਹ ਹੱਡੀਆਂ ਕੀਰਤਨ ਕਰਨ ਲੱਗੀਆਂ, ਗਰਲ ਫਰੈਂਡ ਕਿੱਥੋਂ ਸਾਂਭ ਹੁੰਦੀਆਂ !

ਕਹਿੰਦਾ ਨਵੀ ਹੱਸਣ ਲੱਗਿਆ ਤੇ ਫਿਰ ਬੋਲਿਆ,

–ਤੂੰ ਸੁਣਾ, ਤੇਰੀ ਲਾਈਫ ਕਿਵੇਂ ਗੁਜ਼ਰ ਰਹੀ ਐ ?

–ਮੇਰੀ ਲਾਈਫ ਉਹੀ, ਅੱਪ ਐਂਡ ਡਾਊਨ ਪਰ ਤੇਰੇ ਤਾਈਂ ਕੰਮ ਐ ਇੱਕ।

–ਮੈਂ ਕਿਹਾ ਨਾ ਪ੍ਰੀਤੀ ਕਿ ਇਹ ਹੱਡੀਆਂ ਹੁਣ ਕੀਰਤਨ ਕਰਦੀਆਂ....।

–ਚਲਾਕੀਆਂ ਛੱਡ ਦੇ ਨਵੀ। ...ਮੈਂ ਤੈਨੂੰ ਮਿਲਣਾ ਚਾਹੁੰਨੀ ਆਂ। ਦੱਸ ਕਦੋਂ ਮਿਲ ਸਕਦਾਂ ?

–ਮੈਂ ਤਾਂ ਅੱਜ ਵੀ ਵਿਹਲਾ ਹੀ ਆਂ। ਕੰਮ ਤੋਂ ਆ ਗਿਆਂ ਤੇ ਕੱਲ੍ਹ ਦੀ ਛੁੱਟੀ ਐ।

–ਫਿਰ ਸੱਤ ਕੁ ਵਜੇ ਹੈਨਲੇ ਰਾਊਂਡ ਅਬਾਊਟ ਤੋਂ ਮੈਨੂੰ ਪਿੱਕ ਕਰ ਲਵੀਂ।

ਫੋਨ ਰੱਖਦਾ ਨਵੀ ਮਨ ਵਿੱਚ ਹੀ ਬੋਲਿਆ, 'ਸ਼੍ਰੀ ਦੇਵੀ, ਤੂੰ ਵੀ ਚਰਨਜੀਤ ਵਾਲੀ ਗੇਮ ਹੀ ਖੇਡ ਰਹੀ ਹੈਂ।'

ਚਰਨਜੀਤ ਉਸ ਨੂੰ ਕਈ ਵਾਰ ਫੋਨ ਕਰ ਕੇ ਕਹਿ ਚੁੱਕੀ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਜੱਗੀ ਤੋਂ ਆਨੰਦੀ ਦੇ ਨਾਂ ਤੇ ਵਸੀਅਤ ਕਰਵਾ ਦੇਵੇ। ਜਦ ਜੱਗੀ ਵਾਪਸ ਇੰਗਲੈਂਡ ਆਇਆ ਤਾਂ ਨਵੀ ਨੇ ਤਰੀਕੇ ਨਾਲ ਉਸ ਨੂੰ ਕਿਹਾ,

–ਜੱਗੀ, ਮੈਂ ਤਾਂ ਹੁਣ ਸਭ ਕੁਝ ਸਮੇਟਣਾ ਸ਼ੁਰੂ ਕਰ ਦਿੱਤਾ, ਵਸੀਅਤ ਕਰਵਾ ਦਿੱਤੀ ਐ ਰਾਹੁਲ ਦੇ ਨਾਂ। ਕੀ ਪਤਾ ਕਿਹੜੇ ਵੇਲੇ ਪਟਾਕਾ ਪੈ ਜਾਣਾ।

–ਮੈਂ ਵੀ ਵਿੱਲ ਬਣਾਉਣੀ ਆਂ, ਮੈਂ ਆਪਣੀ ਭਾਣਜੀ ਦੇ ਨਾਂ 'ਤੇ।

–ਵਕੀਲ ਦੀ ਐਪੁਆਏਂਟਮਿੰਟ ਬਣਾਵਾਂ?

–ਨਹੀਂ ਨਹੀਂ, ਹਾਲੇ ਤਾਂ ਬਹੁਤ ਕੰਮ ਨੇ ਕਰਨ ਵਾਲੇ। ਮੈਂ ਹਾਲੇ ਚਰਨਜੀਤ ਤੇ ਆਨੰਦੀ ਨੂੰ ਇੱਥੇ ਇੰਗਲੈਂਡ ਸੱਦਣਾ।

ਨਵੀ ਨੇ ਫੋਨ ਕਰਕੇ ਚਰਨਜੀਤ ਨੂੰ ਇਹ ਗੱਲ ਦੱਸੀ ਤਾਂ ਚਰਨਜੀਤ ਬੋਲੀ,

–ਭਾਜੀ, ਤੁਸੀਂ ਇੱਕ ਵਾਰ ਫੇਰ ਕਹਿ ਕੇ ਦੇਖੋ, ਕਿਤੇ ਏਦਾਂ ਨਾ ਹੋਵੇ ਕਿ....।

ਉਹ ਕਹਿੰਦੀ ਕਹਿੰਦੀ ਰੁਕ ਗਈ ਸੀ ਕਿ ਜੱਗੀ ਵਸੀਅਤ ਕਰਨ ਤੋਂ ਪਹਿਲਾਂ ਹੀ ਤੁਰ ਜਾਵੇ।

ਸੱਤ ਵਜੇ ਉਹ ਹੈਨਲੇ ਰਾਊਂਡ ਅਬਾਊਟ 'ਤੇ ਪੁੱਜਾ ਤਾਂ ਉਸ ਨੇ ਦੂਰੋਂ ਹੀ ਦੇਖ ਲਿਆ ਕਿ ਪ੍ਰੀਤੀ ਖੜੀ ਉਸ ਦਾ ਇੰਤਜ਼ਾਰ ਕਰ ਰਹੀ ਸੀ। ਉਸ ਨੇ ਨੀਲੇ ਤੇ ਲਾਲ ਫੁੱਲਾਂ ਵਾਲੀ ਸਕਰਟ ਪਾਈ ਹੋਈ ਸੀ। ਉਸੇ ਰੰਗ ਦਾ ਸਕਾਰਫ ਗਲ਼ੇ ਵਿੱਚ ਪਰ ਸ਼੍ਰੀਦੇਵੀ ਵਾਲੀ ਦਿੱਖ ਹੁਣ ਲੁੜਕ ਚੁੱਕੀ ਸੀ। ਜੇ ਉਸ ਨੇ ਵਾਲ ਨਾ ਰੰਗੇ ਹੁੰਦੇ ਤਾਂ ਸੱਤਰ ਸਾਲ ਦੀ ਬੁੱਢੀ ਦਿੱਸਣਾ ਸੀ। ਉਸ ਨੂੰ ਪਛਾਣਦਿਆਂ ਪ੍ਰੀਤੀ ਨੇ ਉਹੀ ਪੁਰਾਣੀ ਮੁਸਕ੍ਰਾਹਟ ਦਿੱਤੀ ਤੇ ਕਾਰ ਦਾ ਬੂਹਾ ਖੋਲ੍ਹ ਕੇ ਉਸ ਦੇ ਬਰਾਬਰ ਸੀਟ 'ਤੇ ਬਹਿ ਗਈ। ਕਾਰ ਤੋਰਦਿਆਂ ਨਵੀ ਨੇ ਕਿਹਾ,

–ਕੀ ਹਾਲ ਐ ਸ਼੍ਰੀਦੇਵੀ ਦਾ?

–ਤੇਰੇ ਸਾਹਮਣੇ ਹੀ ਐ, ਉਮਰਾਂ ਨੇ ਖਾ ਲਈ ਸ਼੍ਰੀਦੇਵੀ।

ਆਖਦੀ ਉਹ ਹੱਸਣ ਲੱਗੀ। ਨਵੀ ਨੇ ਪੁੱਛਿਆ,

–ਪ੍ਰੀਤੀ, ਤੇਰੀ ਗੱਲ ਕਿੱਡੀ ਕੁ ਲੰਮੀ ਐ, ਮੇਰਾ ਮਤਲਬ ਕਾਰ ਵਿੱਚ ਬੈਠ ਕੇ ਕਰਨ ਜੋਗੀ ਜਾਂ ਕਿਸੇ ਪੱਬ ਜਾਂ ਰੈਸਟੋਰੈਂਟ ਵਿੱਚ ਬਹਿ ਕੇ....।

–ਪੱਬ ਵਿੱਚ ਚਲਦੇ ਆਂ।

ਪ੍ਰੀਤੀ ਨੇ ਸਹਿਜੇ ਹੀ ਫੈਸਲਾ ਕਰ ਲਿਆ। ਨਵੀ ਨੇ ਕਾਰ ਗਰੇਅ ਹਾਊਂਡ ਪੱਬ ਵੱਲ ਤੋਰ ਲਈ। ਪ੍ਰੀਤੀ ਉਸ ਨੂੰ ਉਸ ਬਾਰੇ ਛੋਟੇ ਛੋਟੇ ਸਵਾਲ ਕਰਨ ਲੱਗੀ। ਰਾਹੁਲ ਹੁਣ ਗੋਰੀ ਨਾਲ ਬਾਹਰ ਰਹਿਣ ਲੱਗਿਆ ਸੀ। ਨਵੀ ਇਕੱਲਾ ਹੀ ਰਹਿੰਦਾ ਸੀ। ਰਾਹੁਲ ਕਿਸੇ ਕਿਸੇ ਵੀਕ ਐਂਡ 'ਤੇ ਹੀ ਉਸ ਨੂੰ ਮਿਲਣ ਆਉਂਦਾ, ਨਹੀਂ ਤਾਂ ਉਹ ਇਕੱਲਾ ਹੀ ਹੁੰਦਾ। ਉਸ ਨੇ ਕਈ ਕਲੱਬਾਂ ਵਿੱਚ ਦਾਖਲਾ ਲਿਆ ਹੋਇਆ ਸੀ, ਉਸ ਦਾ ਵਿਹਲਾ ਵਕਤ ਉੱਥੇ ਹੀ ਬੀਤਦਾ। ਵਕਤ ਲੰਘਾਉਣ ਲਈ ਉਹ ਕੁਝ ਕੁ ਚੈਰਿਟੀ ਦਾ ਕੰਮ ਵੀ ਕਰਦਾ ਸੀ।

ਪੱਬ ਵਿੱਚ ਪੁੱਜ ਕੇ ਨਵੀ ਨੇ ਆਪਣੇ ਲਈ ਬੀਅਰ ਦਾ ਗਲਾਸ ਭਰਾ ਲਿਆ ਤੇ ਪ੍ਰੀਤੀ ਨੇ ਉਹੀ ਆਪਣਾ ਪੁਰਾਣਾ ਬ੍ਰਾਂਡ ਬਕਾਰਡੀ ਤੇ ਕੋਕ। ਦੋਵਾਂ ਨੇ ਚੀਅਰਜ਼ ਆਖਦਿਆਂ ਗਲਾਸ ਟਕਰਾਏ। ਪ੍ਰੀਤੀ ਨਿੱਕਾ ਜਿਹਾ ਘੁੱਟ ਭਰ ਕੇ ਡਰਿੰਕ ਇੱਕ ਪਾਸੇ ਰੱਖਦੀ ਕਹਿਣ ਲੱਗੀ,

–ਨਵੀ, ਇੱਕ ਪੂਰੀ ਜ਼ਿੰਦਗੀ ਨਿਕਲ ਗਈ ਪਰ ਤੇਰੇ ਨਾਲ ਦੋਸਤੀ ਮੈਨੂੰ ਹਾਲੇ ਵੀ ਤਾਜ਼ੀ ਤਾਜ਼ੀ ਲੱਗਦੀ ਐ। ਮੈਂ ਤੇਰੇ ਨਾਲ ਗੱਲ ਕਰ ਰਹੀ ਹੋਵਾਂ ਤਾਂ ਏਦਾਂ ਕਰਦੀ ਆਂ ਜਿੱਦਾਂ ਮੈਂ ਆਪਣੇ ਆਪ ਨਾਲ ਕਰ ਰਹੀ ਹੋਵਾਂ, ਹੁਣ ਵੀ ਮੈਂ ਏਦਾਂ ਦੀਆਂ ਕੁਝ ਗੱਲਾਂ ਕਰਨੀਆਂ ਚਾਹੁੰਨੀ ਆਂ।

–ਪ੍ਰੀਤੀ, ਮੇਰੇ 'ਤੇ ਏਨਾ ਯਕੀਨ ਕਰਨ ਲਈ ਸ਼ੁਕਰੀਆ। ਕਹਿ ਜੋ ਵੀ ਕਹਿਣਾ, ਦੋਸਤੀ ਦਾ ਮਾਣ ਰੱਖਾਂਗਾ।



–ਨਵੀ, ਤੈਨੂੰ ਜੈਗ ਦੀ ਹਾਲਤ ਦਾ ਤਾਂ ਪਤਾ ਹੀ ਐ।

–ਦਿੱਸ ਹੀ ਰਿਹਾ।

–ਮੈਂ ਚਾਹੁੰਦੀ ਆਂ ਕਿ ਉਸ ਦੀ ਸਾਰੀ ਜਾਇਦਾਦ ਮੈਨੂੰ ਮਿਲੇ।

–ਪ੍ਰੀਤੀ, ਤੈਨੂੰ ਤਾਂ ਨਹੀਂ ਹਾਂ ਰੌਕੀ ਨੂੰ ਤਾਂ ਮਿਲੇਗੀ ਹੀ।

–ਰੌਕੀ ਨੂੰ ਨਹੀਂ, ਮੈਨੂੰ ਚਾਹੀਦੀ ਐ।

–ਰੌਕੀ ਨੂੰ ਕਿਉਂ ਨਹੀਂ?

–ਨਵੀ, ਰੌਕੀ ਦੀ ਹਾਲਤ ਵੀ ਬਹੁਤੀ ਵਧੀਆ ਨਹੀਂ। ਉਹ ਦੇ ਵੀ ਉਹੀ ਟੀਕਾ ਲੱਗਦਾ ਜਿਹੜਾ ਜੈਗ ਦੇ।

–ਪ੍ਰੀਤੀ, ਬਹੁਤ ਵੱਡੀ ਤਮੰਨਾ ਐ ਤੇਰੀ ਪਰ ਕਿਹੜੇ ਮੂੰਹ ਨਾਲ ਇਹ ਤਮੰਨਾ ਜ਼ਾਹਰ ਕਰ ਰਹੀ ਐਂ? ਤੂੰ ਤਾਂ ਉਹਨੂੰ ਸੜਕਾਂ 'ਤੇ ਰੁਲਦਾ ਛੱਡ ਦਿੱਤਾ ਸੀ। ਬਲਕਿ ਉਹਦੀ ਇਹ ਹਾਲਤ ਤੇਰੇ ਕਰਕੇ ਹੀ ਐ। ਹੁਣ ਉਹਦੀ ਜਾਇਦਾਦ ਹਾਸਲ ਕਰਨ ਵਾਸਤੇ ਤੂੰ ਕਿਵੇਂ ਸੋਚ ਸਕਦੀ ਐਂ?

–ਨਵੀ, ਤੂੰ ਇੱਕ ਮਰਦ ਐਂ ਤੇ ਮਰਦ ਬਣ ਕੇ ਹੀ ਸੋਚ ਰਿਹੈਂ ਤੇ ਜੱਗੀ ਤੇਰਾ ਦੋਸਤ ਏ ਇਸ ਲਈ ਵੀ ਵਨ-ਸਾਈਡਡ ਹੋ ਰਿਹੈਂ। ਜ਼ਰਾ ਮੇਰੇ ਥਾਵੇਂ ਖੜ ਕੇ ਸੋਚ। ਜੇ ਜੱਗੀ ਵਿੱਚ ਇੱਕ ਪਤੀ ਵਾਲੇ ਅੱਧੇ ਗੁਣ ਵੀ ਹੁੰਦੇ ਤਾਂ ਮੈਂ ਉਹਨੂੰ ਕਦੇ ਨਾ ਛੱਡਦੀ।

–ਕੀ ਨੁਕਸ ਸੀ ਉਹਦੇ ਵਿੱਚ? ਇੱਕ ਸ਼ਰਾਬ ਹੀ ਪੀਂਦਾ ਸੀ, ਹੋਰ ਕੀ....?

–ਸ਼ਰਾਬ ਤਾਂ ਤੂੰ ਵੀ ਪੀਂਦਾ ਸੀ, ਦੇਵਨ ਵੀ ਪੀਂਦਾ ਸੀ ਪਰ ਤੁਸੀਂ ਆਪਣੇ ਘਰ ਦਾ, ਆਪਣੀ ਪਤਨੀ ਦਾ ਧਿਆਨ ਵੀ ਪੂਰਾ ਰੱਖਦੇ ਸੀ। ਲੋਕੀਂ ਆਪਣੀਆਂ ਪਤਨੀਆਂ ਦੀ ਖੁਸ਼ੀ ਨੂੰ ਪਹਿਲ ਦਿੰਦੇ ਆ ਪਰ ਇਹ ਮੈਨੂੰ ਖੁਸ਼ ਦੇਖ ਕੇ ਮੇਰੇ ਨਾਲ ਈਰਖਾ ਕਰਨ ਲੱਗਦਾ ਸੀ।

–ਨਹੀਂ, ਨਹੀਂ, ਪ੍ਰੀਤੀ, ਉਹ ਤਾਂ ਤੈਨੂੰ ਬਹੁਤ ਪਿਆਰ ਕਰਦਾ ਸੀ, ਹਾਲੇ ਵੀ ਕਰਦਾ। ਤੈਨੂੰ ਕੀ ਲੱਗਦਾ ਕਿ ਉਹ ਵਾਰ ਵਾਰ ਤੇਰੇ ਦਰ 'ਤੇ ਕਿਉਂ ਆਉਂਦਾ?

–ਮੈਂ ਨਿਆਣੀ ਨਹੀਂ, ਸਭ ਸਮਝਦੀ ਆਂ ਇਸ ਲਈ ਮੈਂ ਉਸ ਨੂੰ ਆ ਲੈਣ ਦਿੰਨੀ ਆਂ।

–ਅਸਲੀ ਗੱਲ ਇਹ ਐ ਪ੍ਰੀਤੀ ਕਿ ਪਤੀ ਪਤਨੀ ਦੇ ਵਿਚਕਾਰ ਕੋਈ ਵਾਧੂ ਸਪੇਸ ਨਹੀਂ ਹੁੰਦੀ ਜਿੱਥੇ ਕੋਈ ਹੋਰ ਵੜ ਸਕੇ ਪਰ ਤੂੰ ਨਿੱਕ ਨੂੰ ਵਾੜ ਲਿਆ।

–ਮੈਂ ਨਹੀਂ, ਨਿੱਕ ਨੂੰ ਇਹਨੇ ਹੀ ਘਰ ਵਾੜਿਆ। ਇਹਨੇ ਹੀ ਹਾਲਾਤ ਪੈਦਾ ਕੀਤੇ ਕਿ ਮੈਂ ਨਿੱਕ ਵੱਲ ਝੁਕਾਂ। ਇਹਨੇ ਮੈਨੂੰ ਕੰਫ੍ਰਟ ਹੋਣ ਲਈ ਨਿੱਕ ਦਾ ਮੋਢ੍ਹਾ ਲੈਣ ਤੋਂ ਵੀ ਨਹੀਂ ਰੋਕਿਆ।

–ਪ੍ਰੀਤੀ, ਇੱਥੇ ਮੈਂ ਤੇਰੇ ਨਾਲ ਐਗਰੀ ਨਹੀਂ ਕਰਦਾ। ਜੇ ਤੂੰ ਮਜ਼ਬੂਤ ਹੁੰਦੀ ਤਾਂ ਨਿੱਕ ਦੀ ਕੀ ਮਜਾਲ ਸੀ।

–ਨਵੀ, ਤੂੰ ਔਰਤ ਨੂੰ ਨਹੀਂ ਸਮਝਦਾ। ਉਸ ਨੂੰ ਸਦਾ ਆਸਰਾ ਚਾਹੀਦਾ ਹੁੰਦੈ, ....ਸਰੀਰਕ ਨਹੀਂ, ਜਜ਼ਬਾਤੀ ਆਸਰਾ। ਇਹ ਜੇਲ੍ਹ ਵਿੱਚ ਬੈਠਾ, ਨਿੱਕ ਬਿਨਾਂ ਮੇਰਾ ਹੋਰ ਕੋਈ ਹੈ ਨਾ ਸੀ ਤੇ ਇਹੀ ਕੁਝ ਹੋਣਾ ਸੀ।

–ਤੂੰ ਨਿੱਕ ਨਾਲ ਰਲ਼ ਕੇ ਇਹਨੂੰ ਘਰੋਂ ਕੱਢ ਦਿੱਤਾ ਤਾਂ ਫਿਰ ਇਹ ਪਾਗਲ ਹੋ ਗਿਆ। ਇਹੀ ਹੋਇਆ ਨਾ ?

–ਨਹੀਂ ਨਵੀ, ਇਹ ਇਹਦੀ ਡਿਸਟੈਨੀ ਐ, ਹੋਣੀ ! ਲੱਖਾਂ ਲੋਕਾਂ ਦੇ ਛੱਡ ਛੱਡਾਈਏ ਹੁੰਦੇ ਆ, ਕੀ ਸਾਰੇ ਮੈਂਟਲ ਹੋ ਜਾਂਦੇ ਆ ? ਇਹ ਤਾਂ ਕਿਧਰੇ ਇਹਦੇ ਜੀਨ ਵਿੱਚ ਹੀ ਸੀ, ...ਸ਼ਾਇਦ ਇਹਦੀ ਮਾਂ ਵੱਲੋਂ ਅਜਿਹਾ ਕੁਝ ਸੀ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਇਹਦਾ ਇੱਕ ਮਾਮਾ ਪਾਗਲ ਸੀ। ਨਹੀਂ ਤਾਂ ਦੇਖ ਹੁਣ ਰੌਕੀ ਵੱਲ। ਇਹ ਜੀਨ ਦੀ ਹੀ ਤਾਂ ਸਾਰੀ ਗੱਲ ਐ।

ਨਵੀ ਚੁੱਪ ਰਿਹਾ। ਪ੍ਰੀਤੀ ਨੇ ਫਿਰ ਆਖਿਆ,

–ਨਵੀ, ਤੈਨੂੰ ਪੂਰੀ ਗੱਲ ਦਾ ਸ਼ਾਇਦ ਪਤਾ ਹੀ ਨਾ ਹੋਵੇ, ਕਿਉਂਕਿ ਆਪਾਂ ਤਾਂ ਬਹਿ ਕੇ ਕਦੇ ਕੋਈ ਗੱਲ ਕੀਤੀ ਹੀ ਨਹੀਂ। ਨਿੱਕ ਨੇ ਮੈਨੂੰ ਕਿਹਾ ਵੀ ਸੀ ਕਿ ਨਵੀ ਨੂੰ ਘਰ ਖਾਣੇ 'ਤੇ ਬੁਲਾ ਤੇ ਬਹਿ ਕੇ ਸਾਰੀ ਗੱਲ ਕਰਾਂਗੇ, ਉਹ ਕਿਤੇ ਸਾਨੂੰ ਹੀ ਕਸੂਰਵਾਰ ਨਾ ਸਮਝੀ ਜਾਵੇ ਪਰ ਪਹਿਲਾਂ ਸਾਡੇ ਕੋਲ ਤੇਰਾ ਨੰਬਰ ਹੈ ਨਾ ਸੀ, ਫਿਰ ਬਹੁਤ ਕੁਝ ਵਾਪਰ ਚੁੱਕਾ ਸੀ।

–ਪ੍ਰੀਤੀ, ਮੈਂ ਹਾਲੇ ਵੀ ਇਹੋ ਸੋਚਦਾਂ ਕਿ ਜੇ ਸ਼ਾਇਦ ਤੁਸੀਂ ਇਕੱਠੇ ਹੁੰਦੇ ਤਾਂ ਉਹ ਇਸ ਹਾਲਤ ਵਿੱਚ ਨਾ ਹੁੰਦਾ।

–ਨਵੀ, ਮੈਂ ਕਿਹਾ ਨਾ ਕਿ ਇਹ ਉਸ ਦੀ ਡਿਸਟੈਨੀ ਸੀ। ਨਵੀ ਸੱਚੀ ਗੱਲ ਤਾਂ ਇਹ ਕਿ ਮੈਂ ਜੈਗ ਦੀ ਬਹੁਤ ਮੱਦਦ ਕੀਤੀ। ਹੁਣ ਮੇਰਾ ਹਸਬੈਂਡ ਨਿੱਕ ਸੀ, ਜੈਗ ਨਹੀਂ ਪਰ ਜੈਗ ਦੀ ਮੱਦਦ ਮੈਂ ਏਨੀ ਕੀਤੀ ਕਿ ਇੱਕ ਪਤਨੀ ਵੀ ਨਹੀਂ ਕਰ ਸਕਦੀ। ਮੈਂ ਕਿੰਨੀ ਵਾਰ ਤਾਂ ਉਸ ਨੂੰ ਮੈਂਟਲ ਹਸਪਤਾਲਾਂ ਵਿੱਚੋਂ ਕੱਢਵਾਇਆ। ਇਹਦੀ ਖਾਤਰ ਮੈਂ ਐਸ਼ਫੋਰਡ ਹਸਪਤਾਲ ਦੇ ਏਨੇ ਗੇੜੇ ਮਾਰੇ ਕਿ ਉਸ ਦੀ ਇੱਕ-ਇੱਕ ਕੰਧ ਦੀ ਵਾਕਫ ਹੋ ਗਈ ਆਂ। ਉਸ ਦਾ ਵਾਰ-ਵਾਰ ਪਿੱਛਾ ਕਰਕੇ ਉਸ ਦੀ ਮੱਦਦ ਕੀਤੀ। ਉਸ ਦੀ ਇਮੋਸ਼ਨਲ ਹੈਲਪ ਵੀ ਕੀਤੀ। ਹਸਪਤਾਲੀਂ ਰੋਟੀ ਤੇ ਹੋਰ ਸਾਮਾਨ ਪੁੱਜਦੀ ਕਰਦੀ ਰਹੀ ਆਂ, ਉਹਨੂੰ ਫਲੈਟ ਮੈਂ ਦਵਾਇਆ। ਸਾਰੀ ਉਮਰ ਉਹਦਾ ਧਿਆਨ ਰੱਖਿਆ, ਜਦ ਮਰਜ਼ੀ ਉਹ ਸਾਡੇ ਘਰ ਆਵੇ-ਜਾਵੇ। ਪੈਸੇ ਵੱਲੋਂ ਮੈਂ ਉਸ ਦੀ ਪੰਜਾਹ ਵਾਰੀ ਮੱਦਦ ਕੀਤੀ। ਉਹਨੂੰ ਕਦੇ ਪੁੱਛ ਕੇ ਤਾਂ ਦੇਖੀਂ। ਇਹ ਤਾਂ ਨਿੱਕ ਦਾ ਭਲਾ ਹੋਵੇ ਕਿ ਉਹਨੇ ਮੈਨੂੰ ਕਦੇ ਨਹੀਂ ਰੋਕਿਆ।

–ਚਲੋ ਜੋ ਵੀ ਹੈ ਹੁਣ ਤਾਂ ਇਹ ਸਭ ਬੀਤ ਗਿਆ, ਪਾਸਟ ਇਜ਼ ਪਾਸਟ, ਪਰ ਹੁਣ ਤੂੰ ਕਿਵੇਂ ਉਸ ਤੋਂ ਉਸ ਦੀ ਜਾਇਦਾਦ ਦਾ ਹੱਕ ਮੰਗਦੀ ਐਂ ?

–ਜਿਵੇਂ ਇੱਕ ਔਰਤ ਆਪਣੇ ਆਦਮੀ ਦੀ ਜਾਇਦਾਦ ਦਾ ਰੱਖਦੀ ਹੀ ਐ। ਮੈਂ ਕਾਨੂੰਨੀ ਪਤਨੀ ਨਾ ਹੋ ਕੇ ਵੀ ਸਾਰੇ ਫਰਜ਼ ਪਤਨੀ ਵਾਲੇ ਹੀ ਨਿਭਾਏ ਆ।

ਨਵੀ ਜ਼ਰਾ ਕੁ ਹੱਸਿਆ ਤੇ ਫਿਰ ਬੋਲਿਆ,

–ਗੁੱਡ ਲੱਕ ਟੂ ਯੋਅਰ ਫੀਲਿੰਗਜ਼ ਐਂਡ ਥਿੰਕਿੰਗ ਪਰ ਮੈਨੂੰ ਨਹੀਂ ਪਤਾ ਕਿ ਇਹ ਗੱਲ ਕਿੰਨੀ ਕੁ ਪਰੈਕਟੀਕਲ ਐ। ਹਾਂ, ਰੌਕੀ ਦਾ ਹੱਕ ਤਾਂ ਬਣਦਾ ਹੀ ਐ।

–ਨਹੀਂ ਨਵੀ, ਰੌਕੀ ਲਈ ਵੀ ਉਹਨੇ ਨਹੀਂ ਛੱਡਣਾ। ਇਹ ਗੱਲ ਉਹ ਕਈ ਵਾਰ ਕਹਿ ਚੁੱਕਾ। ਉਹਦੀ ਭੈਣ ਚਰਨਜੀਤ ਨੇ ਆਪਣੀ ਕੁੜੀ ਆਨੰਦੀ ਇਹਦੇ ਮਗਰ



ਪਾਈ ਹੋਈ ਐ। ਉਹ ਮਾਮਾ ਜੀ, ਮਾਮਾ ਜੀ ਕਰਦੀ ਮਿੱਠੀਆਂ ਮਿੱਠੀਆਂ ਗੱਲਾਂ ਕਰਦੀ ਰਹਿੰਦੀ ਐ। ਰੋਜ਼ ਫੋਨ ਕਰਦੀਆਂ ਮਾਂਵਾਂ-ਧੀਆਂ। ਇਹ ਵੀ ਉਹਨਾਂ ਦੀ ਸੁਣਦਾ ਜ਼ਿਆਦਾ।

–ਚੱਲ ਪ੍ਰੀਤੀ, ਇਹ ਸਾਰੀ ਗੱਲ ਤਾਂ ਹੋ ਗਈ। ਤੂੰ ਮੇਰੇ ਤੋਂ ਕੀ ਚਾਹੁੰਦੀ ਐਂ ਕਿ ਮੈਂ ਕੀ ਕਰਾਂ ?

–ਨਵੀ, ਜੈਗ ਤੇਰੇ 'ਤੇ ਪੂਰਾ ਯਕੀਨ ਕਰਦਾ। ਮੈਨੂੰ ਪੂਰਾ ਪਤਾ ਕਿ ਤੇਰੀ ਹਰ ਗੱਲ ਧਿਆਨ ਨਾਲ ਸੁਣਦਾ। ਤੇਰੇ ਕਹੇ 'ਤੇ ਉਹ ਮੇਰੇ ਨਾਂ ਵਸੀਅਤ ਕਰਾ ਸਕਦਾ।

–ਪ੍ਰੀਤੀ, ਮੈਂ ਫਿਰ ਕਹਿੰਨਾ ਕਿ ਇਹ ਗੱਲ ਪ੍ਰੈਕਟੀਕਲ ਨਹੀਂ, ਹਾਂ ਰੌਕੀ ਦੀ ਗੱਲ ਕਰੇਂ ਤਾਂ....।

–ਚੱਲ, ਇਵੇਂ ਕਰਾ ਦੇ ਕਿ ਵਸੀਅਤ ਸਾਰੀ ਰੌਕੀ ਦੇ ਨਾਂ 'ਤੇ ਤੇ ਮੈਂ ਗਾਰਡੀਅਨ।

–ਜੱਗੀ ਤੋਂ ਬਾਅਦ ਰੌਕੀ ਦੇ ਨਾਂ 'ਤੇ ਤਾਂ ਐਟੋਮੈਟਿਕ ਚੜ੍ਹ ਜਾਣੀ ਆਂ ਸਾਰੀ ਜਾਇਦਾਦ।

–ਪਰ ਜੇ ਉਹਨੇ ਵਸੀਅਤ ਆਨੰਦੀ ਦੇ ਨਾਂ ਦੀ ਬਣਾ ਦਿੱਤੀ ਹੋਈ ਤਾਂ।

–ਫੇਰ ਮੈਂ ਕੀ ਕਰ ਸਕਦਾਂ ?

–ਓਸ ਵਸੀਅਤ ਨੂੰ ਕੈਂਸਲ ਕਰਾ ਸਕਦਾਂ।

ਆਖਦਿਆਂ ਪ੍ਰੀਤੀ ਨੇ ਆਪਣਾ ਪੈੱਗ ਖਤਮ ਕਰ ਦਿੱਤਾ।

ਨਵੀ ਮਨ ਹੀ ਮਨ ਹੱਸ ਵੀ ਰਿਹਾ ਸੀ ਤੇ ਸੋਚ ਵੀ ਰਿਹਾ ਸੀ। ਉਸੇ ਵਕਤ ਉਸ ਦੇ ਫੋਨ ਦੀ ਘੰਟੀ ਵੱਜੀ। ਇੰਡੀਆ ਤੋਂ ਚਰਨਜੀਤ ਦਾ ਫੋਨ ਆ ਰਿਹਾ ਸੀ।

## ਇਕਤਾਲੀ

ਜੱਗੀ ਆਪਣੀ ਸਿਹਤ ਨੂੰ ਲੈ ਕੇ ਏਨਾ ਪਰੇਸ਼ਾਨ ਨਹੀਂ ਸੀ ਜਿੰਨੇ ਬਾਕੀ ਸਭ ਸਨ। ਉਸ ਨੂੰ ਪਰੇਸ਼ਾਨੀ ਸੀ ਤਾਂ ਸਿਰਫ ਆਵਾਜ਼ਾਂ ਦੀ। ਹੁਣ ਆਵਾਜ਼ਾਂ ਵਿੱਚ ਹੋਰ ਕਿੰਨਾ ਕੁਝ ਹੋਰ ਜਮ੍ਹਾਂ ਹੋ ਗਿਆ। ਉਸ ਨੂੰ ਪਹਿਲਾਂ ਨਾਲੋਂ ਵਧੇਰੇ ਤੰਗ ਕਰਨ ਲੱਗੀਆਂ। ਉਹਨਾਂ ਨੂੰ ਉਸ ਦੀਆਂ ਦੁਕਾਨਾਂ ਦੇ ਸਿਰਨਾਵੇਂ ਵੀ ਪਤਾ ਸਨ। ਕਦੇ ਕਹਿੰਦੀਆਂ ਕਿ ਰੌਸ਼ਨਆਰਾ ਰੋਡ ਵਾਲੀ ਦੁਕਾਨ ਵੇਚ ਕੇ ਸਾਨੂੰ ਦੇ, ਕਦੇ ਕਹਿੰਦੀਆਂ ਕਿ ਪਹਾੜ ਗੰਜ ਵਾਲੀ ਦੁਕਾਨ ਸਾਡੇ ਹਵਾਲੇ ਕਰ ਦੇ। ਹੁਣ ਉਹਨਾਂ ਨੂੰ ਉਹਦੇ ਬੈਂਕ ਅਕਾਊਂਟਾਂ ਬਾਰੇ ਵੀ ਪਤਾ ਸੀ, ਐਫ ਡੀਜ਼ ਬਾਰੇ ਤੇ ਚਲਦੇ ਖਾਤਿਆਂ ਬਾਰੇ ਵੀ। ਪਲਾਟਾਂ ਦੇ ਨੰਬਰਾਂ ਦਾ ਵੀ ਇਲਮ ਸੀ। ਕਦੇ ਕਦੇ ਤਾਂ ਜੱਗੀ ਰੋਣ ਹਾਕਾ ਹੋ ਜਾਂਦਾ। ਉਹਨਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢਦਾ। ਗਾਲ੍ਹਾਂ ਕੱਢਦਾ ਉਹ ਉਹਨਾਂ ਬਲਬਾਂ ਵੱਲ ਦੇਖਦਾ ਜਿਹਨਾਂ ਵਿੱਚ ਉਹਨੂੰ ਲੱਗਦਾ ਸੀ ਕਿ ਕੈਮਰੇ ਫਿੱਟ ਕੀਤੇ ਹੋਏ ਹਨ। ਅਜਿਹੇ ਵੇਲੇ ਆਪਣੇ ਵਾਲ ਪੁੱਟਣ ਤਕ ਜਾਂਦਾ।

ਇੱਕ ਗੱਲ ਦੀ ਉਸ ਨੂੰ ਹੋਰ ਤਕਲੀਫ ਵੀ ਸੀ ਕਿ ਉਸ ਦਾ ਇੰਡੀਆ ਵਿੱਚ ਵੀ ਕੋਈ ਕੰਮ ਸਿੱਧਾ ਨਹੀਂ ਸੀ ਹੋ ਰਿਹਾ। ਪਿਓ ਤੋਂ ਬਾਅਦ ਹਾਲੇ ਤਕ ਕੁਝ ਵੀ ਉਸ ਦੇ ਨਾਵੇਂ ਨਹੀਂ ਸੀ ਹੋਇਆ। ਸ਼ਿਵਚਰਨ ਉਸ ਦੇ ਬੈਂਕਾਂ ਜਾਂ ਦੁਕਾਨਾਂ ਦੇ ਕੰਮ ਕਰਾਉਣ ਲਈ ਉਸ

ਕੋਲੋਂ ਮੁਖਤਿਆਰ ਨਾਮਾ ਮੰਗਦਾ ਸੀ। ਕਦੇ ਉਹ ਵਸੀਅਤ ਗੁੰਮ ਹੋ ਜਾਣ ਬਾਰੇ ਕਹਿਣ ਲੱਗਦਾ। ਹਾਲੇ ਉਸ ਦਾ ਉਹ ਅਕਾਊਂਟ ਵੀ ਨਹੀਂ ਸੀ ਖੁੱਲ੍ਹਿਆ ਜਿਸ ਵਿੱਚ ਇੰਡੀਆ ਵਿੱਚ ਪੈਸੇ ਰੱਖੇ ਜਾਣ ਤੇ ਇੰਗਲੈਂਡ ਵਿੱਚ ਕਢਾ ਲਏ ਜਾਣ। ਉਸ ਨੂੰ ਇੰਡੀਆ ਦੇ ਸਿਸਟਮ ਉਪਰ ਯਕੀਨ ਨਹੀਂ ਰਿਹਾ। ਡਾਕਟਰ ਹੀ ਪੈਸੇ ਬਣਾਉਣ ਦੀ ਖਾਤਰ ਉਸ ਦਾ ਲਿਵਰ ਟਰਾਂਸਪਲਾਂਟ ਕਰਨ ਦੀ ਗੱਲ ਕਰ ਰਹੇ ਸਨ ਪਰ ਇੱਥੇ ਦੇ ਡਾਕਟਰਾਂ ਨੇ ਅਜਿਹਾ ਕੁਝ ਵੀ ਨਹੀਂ ਸੀ ਕਿਹਾ। ਹਾਂ, ਉਸ ਦੀ ਦਵਾਈ ਕਈ ਵਾਰ ਬਦਲ ਚੁੱਕੇ ਸਨ। ਵਿੱਚ-ਵਿੱਚ ਉਹ ਹਸਪਤਾਲ ਵੀ ਰਹਿ ਆਉਂਦਾ ਸੀ। ਸ਼ਰਾਬ ਉਹ ਹਾਲੇ ਵੀ ਪੀਂਦਾ ਸੀ। ਕਦੇ-ਕਦੇ ਬਾਹੜਾ ਉਸ ਨੂੰ ਮਿਲਣ ਆ ਜਾਂਦਾ। ਉਹ ਆਪਣੀ ਬੋਤਲ ਕੋਲ ਲੈ ਆਉਂਦਾ। ਨਵੀ ਨਾਲ ਉਸ ਦੀ ਫੋਨ ਉਪਰ ਹੀ ਗੱਲਬਾਤ ਹੁੰਦੀ ਸੀ। ਜੇ ਜੱਗੀ ਨੂੰ ਕੋਈ ਬਹੁਤੀ ਹੀ ਲੋੜ ਹੁੰਦੀ ਤਾਂ ਨਵੀ ਆ ਵੀ ਜਾਂਦਾ।

ਇੱਕ ਦਿਨ ਜੱਗੀ ਨੂੰ ਅਫਾਰਾ ਜਿਹਾ ਪੈ ਗਿਆ। ਹਵਾ ਦਾ ਇੱਕ ਗੁਬਾਰ ਜਿਹਾ ਸਿਰ ਨੂੰ ਚੜ੍ਹਨ ਲੱਗਾ। ਪਹਿਲਾਂ ਵੀ ਅਕਸਰ ਅਜਿਹਾ ਹੁੰਦਾ ਰਹਿੰਦਾ ਸੀ। ਉਸ ਦਾ ਸਾਹ ਉਖੜਨ ਲੱਗ ਪਿਆ। ਸੱਜੀ ਵੱਖੀ ਵਿੱਚ ਅਜਿਹਾ ਦਰਦ ਉੱਠਿਆ ਕਿ ਉਸ ਤੋਂ ਸਿਹਾ ਨਹੀਂ ਸੀ ਜਾ ਰਿਹਾ। ਉਸ ਨੇ ਇਕਦਮ ਐਂਬੂਲੈਂਸ ਨੂੰ ਫੋਨ ਕਰ ਦਿੱਤਾ। ਕੁਝ ਮਿੰਟਾਂ ਵਿੱਚ ਹੀ ਐਂਬੂਲੈਂਸ ਆ ਗਈ। ਐਂਬੂਲੈਂਸ ਵਾਲਿਆਂ ਨੇ ਆਉਂਦੇ ਆਉਂਦੇ ਉਸ ਦੇ ਰਿਕਾਰਡ 'ਤੇ ਨਜ਼ਰ ਮਾਰੀ ਤਾਂ ਉਹਨਾਂ ਨੂੰ ਉਸ ਦੀ ਮੈਡੀਕਲ ਹਿਸਟਰੀ ਬਾਰੇ ਪਤਾ ਚੱਲਿਆ। ਉਹ ਉਸ ਨੂੰ ਐਮਰਜੈਂਸੀ ਵਾਰਡ ਵਿੱਚ ਲੈ ਜਾਣ ਦੀ ਥਾਂ ਦਿਮਾਗੀ ਪਰੇਸ਼ਾਨੀ ਵਾਲੇ ਮਰੀਜ਼ਾਂ ਦੀ ਵਾਰਡ ਵਿੱਚ ਛੱਡ ਗਏ।

ਜਦੋਂ ਉਹ ਦਵਾਈਆਂ ਦੇ ਨਸ਼ੇ ਵਿੱਚੋਂ ਨਿਕਲਿਆ ਤਾਂ ਉਸ ਨੇ ਨਵੀ ਨੂੰ ਫੋਨ ਕੀਤਾ। ਨਵੀ ਉਸ ਨੂੰ ਨਾ ਮਿਲਿਆ। ਉਸ ਨੇ ਪ੍ਰੀਤੀ ਨੂੰ ਫੋਨ ਕਰ ਲਿਆ। ਪ੍ਰੀਤੀ ਬੋਲੀ,

-ਮੈਂ ਸਾਰੀ ਉਮਰ ਤੇਰੀ ਸੰਭਾਲ ਕੀਤੀ ਐ ਪਰ ਮੈਨੂੰ ਮਿਲਿਆ ਕੀ ? ਵਸੀਅਤ ਤੂੰ ਆਪਣੀ ਭਾਣਜੀ ਦੇ ਨਾਂ ਕਰ ਦਿੱਤੀ ਐ, ਮੈਨੂੰ ਤੂੰ ਕੁਝ ਵੀ ਦੇ ਕੇ ਖੁਸ਼ ਨਹੀਂ, ਜੇ ਮੈਨੂੰ ਕੁਝ ਦੇਣਾ ਹੀ ਨਹੀਂ ਤਾਂ ਮੈਂ ਤੈਨੂੰ ਦੇਖਣ ਹਸਪਤਾਲ ਵੀ ਕਿਉਂ ਆਵਾਂ ? ਉਹਨੂੰ ਫੋਨ ਕਰ ਜਿਹਨਾਂ ਨੂੰ ਤੂੰ ਆਪਣੇ ਵਾਰਸ ਬਣਾਇਆ ਹੋਇਐ।

ਪ੍ਰੀਤੀ ਨੇ ਇਵੇਂ ਤੋੜ ਕੇ ਕਦੇ ਜਵਾਬ ਨਹੀਂ ਸੀ ਦਿੱਤਾ। ਵੈਸੇ ਭਾਵੇਂ ਲੜ ਲਿਆ ਕਰਦੀ ਸੀ ਪਰ ਇਵੇਂ ਇਨਕਾਰ ਨਹੀਂ ਸੀ ਕਰਿਆ ਕਰਦੀ। ਉਸ ਨੇ ਬਾਹੜੇ ਨੂੰ ਫੋਨ ਕੀਤਾ ਤਾਂ ਉਹ ਵੀ ਨਾ ਮਿਲਿਆ। ਪਰ ਅਗਲੇ ਦਿਨ ਨਵੀ ਦਾ ਫੋਨ ਮਿਲ ਗਿਆ। ਨਵੀ ਦੇ ਹੈਲੋ ਕਹਿੰਦਿਆਂ ਹੀ ਜੱਗੀ ਨੇ ਕਿਹਾ,

-ਕਿਵੇਂ ਬਈ ਨਵੀ ਸਿਆਂ, ਠੀਕ ਐਂ ?

-ਮੈਂ ਤਾਂ ਠੀਕ ਆਂ, ਤੂੰ ਕਿਵੇਂ ਐਂ ? ਘਰੇ ਹੀ ਐਂ ?

-ਨਹੀਂ, ਮੈਂ ਘਰ ਨਹੀਂ।

-ਹੋਰ ਕਿੱਥੇ ਐਂ ?

-ਮੈਂ ਆਪਣੇ ਟਿਕਾਣੇ 'ਤੇ, ਹੌਸਪੀਟਲ ਪਰ ਇਸ ਵਾਰ ਮਿਡਲਸੈਕਸ ਹੌਸਪੀਟਲ। ਮੈਂ ਐਬੂਲੈਂਸ ਕਿਸੇ ਹੋਰ ਗੱਲ ਲਈ ਬੁਲਾਈ ਸੀ, ਸਾਲ਼ੇ ਛੱਡ ਗਏ ਇੱਥੇ। ਹੁਣ ਜੇ ਤੂੰ ਆਵੇਂ ਤਾਂ ਇਹਨਾਂ ਨੇ ਮੈਨੂੰ ਜਾਣ ਦੇਣਾ।



-ਮੈਂ ਕੰਮ ਤੋਂ ਮੁੜਦਾ ਹੋਇਆ ਆਊਂ।

-ਜ਼ਰੂਰ ਆਈਂ ਯਾਰ, ਇਹਨਾਂ ਨੇ ਤਾਂ ਮੈਨੂੰ ਪਾਗਲਾਂ ਨਾਲ ਰੱਖਿਆ ਹੋਇਆ। ਸਾਲ਼ੀ ਨਿਰੀ ਜੇਲ੍ਹ ਐ, ਆ ਕੇ ਦੇਖ ਜ਼ਰਾ। ...ਪਰ ਓਦਾਂ ਮੈਂ ਠੀਕ ਆਂ, ਤੂੰ ਫਿਕਰ ਨਾ ਕਰੀਂ। ਚਰਨਜੀਤ ਦਾ ਫੋਨ ਆਇਆ ਤਾਂ ਦੱਸ ਦੇਵੀਂ ਕਿ ਮੈਂ ਸਭ ਠੀਕ ਐ।

ਬਿਮਾਰ ਆਵਾਜ਼ ਵਿੱਚ ਗੱਲ ਕਰਦਾ ਜੱਗੀ ਜਿਵੇਂ ਸਿਹਤਯਾਬ ਹੋ ਗਿਆ ਹੋਵੇ।

ਸ਼ਾਮ ਨੂੰ ਨਵੀ ਕੰਮ ਤੋਂ ਮੁੜਿਆ ਤਾਂ ਸਿੱਧਾ ਹਸਪਤਾਲ ਹੀ ਚਲੇ ਗਿਆ। ਉਸ ਨੇ ਰਾਹ ਵਿੱਚੋਂ ਮੈਕਡੌਨਲਡ ਵੀ ਲੈ ਲਿਆ। ਉਸ ਨੂੰ ਪਤਾ ਸੀ ਕਿ ਜੱਗੀ ਨੂੰ ਹਸਪਤਾਲ ਦਾ ਖਾਣਾ ਪਸੰਦ ਨਹੀਂ। ਮਿਡਲਸੈਕਸ ਹੌਸਪੀਟਲ ਵਿੱਚ ਨਵੀ ਬਹੁਤ ਵਾਰ ਆਇਆ ਹੋਇਆ ਸੀ। ਉਸ ਦੀ ਪਤਨੀ ਪਲਵੀ ਵੀ ਇਸੇ ਹਸਪਤਾਲ ਵਿੱਚ ਰਹੀ ਸੀ ਤੇ ਇੱਥੇ ਹੀ ਆਖਰੀ ਸਾਹ ਲਿਆ ਸੀ ਪਰ ਇਸ ਵਾਰਡ ਵਿੱਚ ਉਹ ਕਦੇ ਨਹੀਂ ਸੀ ਆਇਆ। ਇਹ ਹਸਪਤਾਲ ਤੋਂ ਬਿਲਕੁਲ ਅਲੱਗ ਸੀ। ਵੱਡਾ ਸਾਰਾ ਦਰਵਾਜ਼ਾ ਲੰਘਦਿਆਂ ਸਕਿਉਰਟੀ ਚੈੱਕ ਰਾਹੀਂ ਗੁਜ਼ਰਨਾ ਪੈਂਦਾ ਸੀ। ਤੁਹਾਡੇ ਬਾਰੇ ਪੂਰੀ ਜਾਣਕਾਰੀ ਲਈ ਜਾਂਦੀ ਕਿ ਕੌਣ ਹੋ ਤੇ ਕਿਸ ਨੂੰ ਮਿਲਣਾ ਹੈ। ਇੱਕ ਦਰਵਾਜ਼ਾ ਲੰਘਦੇ ਤਾਂ ਅਗਲਾ ਦਰਵਾਜ਼ਾ ਓਨੀ ਦੇਰ ਤਕ ਨਾ ਖੁੱਲ੍ਹਦਾ ਜਦ ਤਕ ਪਿਛਲਾ ਬੰਦ ਨਾ ਹੋ ਜਾਂਦਾ। ਇਵੇਂ ਤਿੰਨ ਦਰਵਾਜ਼ੇ ਲੰਘ ਕੇ ਜੱਗੀ ਦੀ ਵਾਰਡ ਆਈ। ਵਾਰਡ ਦਾ ਦਰਵਾਜ਼ਾ ਵੀ ਉਸ ਨੂੰ ਪੂਰੀ ਤਰ੍ਹਾਂ ਨਰੀਖ ਕੇ ਖੁੱਲ੍ਹਿਆ। ਵਾਰਡਨ ਕੋਈ ਅਫਰੀਕੀ ਸੀ। ਨਵੀ ਆਪਣੇ ਆਉਣ ਦਾ ਮਕਸਦ ਦੱਸ ਕੇ ਆਖਣ ਲੱਗਾ,

-ਏਨੀ ਸਕਿਉਰਟੀ ਤਾਂ ਕਿਸੇ ਜੇਲ੍ਹ ਵਿੱਚ ਵੀ ਨਹੀਂ ਹੋਣੀ !

-ਜੇਲ੍ਹ ਵਿੱਚ ਤਾਂ ਕਈ ਨਿਰਦੋਸ਼ ਵੀ ਹੁੰਦੇ ਹੋਣਗੇ ਪਰ ਇੱਥੇ ਇਹ ਸਾਰੇ ਖਤਰਨਾਕ ਲੋਕ ਨੇ।

-ਨਹੀਂ, ਮੇਰਾ ਦੋਸਤ ਇੱਥੇ ਐ, ਜੈਗ, ਉਹ ਬਿਲਕੁਲ ਖਤਰਨਾਕ ਨਹੀਂ।

-ਇਹ ਤਾਂ ਤੇਰੀ ਸੋਚ ਐ, ਸਾਡੀ ਨਹੀਂ।

ਕਹਿ ਕੇ ਵਾਰਡਨ ਨੇ ਉਸ ਨੂੰ ਜੱਗੀ ਦੇ ਕਮਰੇ ਵੱਲ ਇਸ਼ਾਰਾ ਕਰ ਦਿੱਤਾ। ਏਨੇ ਵਿੱਚ ਹੀ ਇੱਕ ਇੰਡੀਅਨ ਬੰਦਾ ਉਸ ਕੋਲ ਆ ਕੇ ਪੁੱਛਣ ਲੱਗਾ,

-ਕੌਣ ਆਂ ਇੱਥੇ, ਤੇਰਾ ਮੁੰਡਾ ਜਾਂ ਭਰਾ ?

-ਭਰਾ।

ਆਖਦਿਆਂ ਨਵੀ ਜੱਗੀ ਦੇ ਕਮਰੇ ਵਿੱਚ ਜਾ ਵੜਿਆ। ਜੱਗੀ ਉਸ ਨਾਲ ਭਰਵਾਂ ਹੱਥ ਮਿਲਾਉਂਦਾ ਬੋਲਿਆ,

-ਹੋਰ ਸੁਣਾ ਬਈ ਨਵੀ ਸਿਆਂ, ਕੀ ਹਾਲ ਐ ?

-ਮੈਂ ਠੀਕ ਆਂ ਪਰ ਇਹ ਚੱਕਰ ਮੈਨੂੰ ਸਮਝ ਨਹੀਂ ਆਇਆ।

-ਮੈਨੂੰ ਵੀਹ ਸਾਲ ਹੋ ਚੱਲੇ ਸਮਝਦੇ ਨੂੰ, ਮੈਨੂੰ ਕੁਝ ਸਮਝ ਨਹੀਂ ਆਇਆ, ਤੈਨੂੰ ਇੱਕ ਦਿਨ ਵਿੱਚ ਕਿਵੇਂ ਸਮਝ ਆ ਜਾਏਗਾ ?

ਆਖਦਾ ਜੱਗੀ ਹੱਸਣ ਲੱਗਾ। ਜੱਗੀ ਨਵੀ ਦਾ ਲਿਆਂਦਾ ਮੈਕਡਾਲਨਡ ਖਾਣ ਲੱਗਿਆ ਤੇ ਨਵੀ ਡਾਕਟਰ ਨਾਲ ਗੱਲ ਕਰਨ ਚਲੇ ਗਿਆ। ਡਾਕਟਰ ਨਾਲ ਆਪਣੀ ਪਛਾਣ ਕਰਵਾ ਕੇ ਕਹਿਣ ਲੱਗਾ,

-ਡੌਕ, ਮੇਰੇ ਹਿਸਾਬ ਨਾਲ ਤਾਂ ਜੈਗ ਬਿਲਕੁਲ ਠੀਕ ਐ, ਮੈਨੂੰ ਯਕੀਨ ਐਂ ਕਿ ਇਹ ਕਿਸੇ ਲਈ ਖਤਰਨਾਕ ਨਹੀਂ।

-ਮਿਸਟਰ, ਇਹ ਐਂਬੂਲੈਂਸ ਸਟਾਫ ਨੂੰ ਕੁੱਟਣ ਪੈ ਗਿਆ ਸੀ, ਤਾਂ ਹੀ ਇੱਥੇ ਲਿਆਂਦਾ।

## ਬਤਾਲੀ

ਦੋ ਕੁ ਦਿਨ ਓਸ ਵਾਰਡ ਵਿੱਚ ਰੱਖ ਕੇ ਉਸ ਨੂੰ ਮੁਖ ਵਾਰਡ ਵਿੱਚ ਭੇਜ ਦਿੱਤਾ ਤੇ ਉੱਥੋਂ ਤਿੰਨ ਦਿਨਾਂ ਬਾਅਦ ਉਸ ਨੂੰ ਘਰ ਜਾ ਲੈਣ ਦਿੱਤਾ। ਘਰ ਆ ਕੇ ਉਸ ਨੇ ਚਰਨਜੀਤ ਨੂੰ ਫੋਨ ਕੀਤਾ। ਚਰਨਜੀਤ ਨੂੰ ਨਵੀ ਰਾਹੀਂ ਉਸ ਦੇ ਹਸਪਤਾਲ ਹੋਣ ਦਾ ਪਤਾ ਚੱਲ ਚੁੱਕਾ ਸੀ। ਹੁਣ ਚਰਨਜੀਤ ਦਾ ਦਿਮਾਗ ਕਾਹਲੀ ਨਾਲ ਕੰਮ ਕਰਨ ਲੱਗਿਆ। ਉਸ ਨੂੰ ਕਿਸੇ ਨਾਲ ਸਲਾਹ ਕਰਨ ਦੀ ਲੋੜ ਨਾ ਪਈ, ਹੁਣ ਸਾਰੇ ਫੈਸਲੇ ਉਸ ਨੇ ਆਪ ਹੀ ਕਰ ਲਏ। ਉਸ ਨੇ ਜੱਗੀ ਨੂੰ ਫੋਨ ਕਰ ਕੇ ਕਿਹਾ,

-ਵੀਰੇ, ਜੇ ਮੈਂ ਤੇਰੇ ਕੋਲ ਹੋਵਾਂ ਤਾਂ ਤੇਰੀ ਸੇਵਾ ਕਰਾਂ ਤੇ ਤੈਨੂੰ ਨੌਂ ਬਰ ਨੌਂ ਕਰ ਦੇਵਾਂ।

-ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਤੂੰ ਆ ਜਾ, ਸ਼ਿਵਚਰਨ ਨੂੰ ਪੁੱਛ ਲੈ, ਜੇ ਮੰਨਦਾ ਤਾਂ ਆ ਜਾ ਦੋ ਤਿੰਨ ਮਹੀਨੇ ਲਈ।

-ਮੈਂ ਕਰ ਲਈ ਸਾਰੀ ਗੱਲ। ਮੈਂ ਤਾਂ ਆਨੰਦੀ ਨੂੰ ਵੀ ਕਹਿ ਦਿੱਤਾ ਕਿ ਉਹ ਵੀ ਆ ਜਾਵੇ। ਆਪਾਂ ਸਾਰੇ ਇਕੱਠੇ ਰਹਾਂਗੇ।

-ਮੈਂ ਵੀ ਕੀਤਾ ਸੀ ਆਨੰਦੀ ਨੂੰ ਫੋਨ।

ਆਨੰਦੀ ਦੇ ਨਾਂ 'ਤੇ ਉਸ ਦੇ ਮਨ ਵਿੱਚ ਠੰਢ ਜਿਹੀ ਪੈ ਜਾਂਦੀ। ਉਸ ਨੇ ਚਰਨਜੀਤ ਨੂੰ ਕਿਹਾ,

-ਜਲਦੀ ਤੋਂ ਜਲਦੀ ਕਰ। ਮੈਂ ਇੱਥੋਂ ਪੇਪਰ ਪਵਾ ਦਿੰਨਾਂ। ਬਸ ਤੂੰ ਤਿਆਰੀ ਕਰ ਤੇ ਆ ਜਾਹ। ਮੇਰੀ ਭੈਣ ਮੇਰੇ ਕੋਲ ਹੋਵੇ, ਮੇਰੀ ਭਾਣਜੀ ਮੇਰੇ ਕੋਲ ਹੋਵੇ, ਇਸ ਤੋਂ ਵੱਧ ਮੈਨੂੰ ਕੀ ਚਾਹੀਦਾ!

ਬੋਲਦਾ ਹੋਇਆ ਜੱਗੀ ਜਜ਼ਬਾਤੀ ਹੋ ਗਿਆ।

ਉਸ ਨੇ ਅਗਲੇ ਦਿਨ ਹੀ ਨਵੀ ਨੂੰ ਫੋਨ ਕਰਕੇ ਕਿਹਾ,

-ਨਵੀ ਯਾਰ, ਚਰਨਜੀਤ ਨੇ ਆਉਣਾ, ਨਾਲੇ ਆਨੰਦੀ ਨੇ ਵੀ। ਚਰਨਜੀਤ ਦੀ ਰਾਹਦਾਰੀ ਭੇਜਣੀ ਆਂ। ਮੇਰੇ ਕੋਲ ਤਾਂ ਜੌਬ ਹੈ ਨਹੀਂ, ਉਹ ਸ਼ਾਇਦ ਵੀਜ਼ਾ ਨਾ ਦੇਣ।

-ਕੋਈ ਗੱਲ ਨਹੀਂ। ਮੈਂ ਭੇਜ ਦੇਵਾਂਗਾ। ਇਹਦਾ ਫਿਕਰ ਨਾ ਕਰ।

ਨਵੀ ਨੇ ਕਿਹਾ ਤੇ ਉਹ ਅਗਲੇ ਦਿਨ ਹੀ ਵਕੀਲ ਦੇ ਗਿਆ ਤੇ ਸਾਰੇ ਪੇਪਰ



ਤਿਆਰ ਕਰਵਾ ਕੇ ਸਿੱਧੇ ਹੀ ਚਰਨਜੀਤ ਨੂੰ ਭੇਜ ਦਿੱਤੇ। ਪੇਪਰ ਭੇਜ ਕੇ ਨਵੀ ਸੋਚਾਂ ਵਿੱਚ ਪੈ ਗਿਆ ਕਿ ਕਿਤੇ ਉਹ ਕਿਸੇ ਚਰਕਵਿਊ ਵਿੱਚ ਤਾਂ ਨਹੀਂ ਫਸਦਾ ਜਾ ਰਿਹਾ। ਉਸ ਦੀ ਜ਼ਿੰਦਗੀ ਬੜੀ ਸਿੱਧੀ ਜਿਹੀ ਚਲਦੀ ਸੀ। ਰਾਹੁਲ ਵੱਡਾ ਹੋ ਕੇ ਆਪਣੇ ਰਾਹ ਪੈ ਗਿਆ। ਉਹ ਇੱਕ ਸਮੇਂ ਇੱਕ ਔਰਤ ਨਾਲ ਸੀਮਤ ਜਿਹੇ ਸੰਬੰਧ ਰੱਖਿਆ ਕਰਦਾ ਸੀ ਤੇ ਰਿਸ਼ਤੇਦਾਰਾਂ ਨੂੰ ਬਹੁਤਾ ਨਹੀਂ ਸੀ ਮਿਲਦਾ। ਉਸ ਦਾ ਬਹੁਤਾ ਸਮਾਂ ਕਲੱਬਾਂ ਤੇ ਚੈਰਿਟੀ ਦੇ ਕੰਮ ਕਰਦਿਆਂ ਹੀ ਬੀਤਦਾ। ਚਰਨਜੀਤ ਆਵੇਗੀ ਤਾਂ ਉਸ ਕੋਲ ਹੀ ਰਹੇਗੀ। ਇੱਕ ਓਪਰੀ ਔਰਤ ਦਾ ਘਰ ਵਿੱਚ ਰਹਿਣਾ ਕਿੰਨਾ ਕੁ ਠੀਕ ਹੋਵੇਗਾ। ਉਸ ਦੀ ਨਿੱਜਤਾ ਵਿੱਚ ਵੀ ਖਲਲ ਪਵੇਗਾ। ਚਰਨਜੀਤ ਘਰ ਵਿੱਚ ਹੋਈ ਤਾਂ ਉਸ ਦੀਆਂ ਜ਼ਿੰਮੇਵਾਰੀਆਂ ਵੀ ਵੱਧ ਜਾਣਗੀਆਂ। ਉਸ ਨੂੰ ਹਰ ਰੋਜ਼ ਹਸਪਤਾਲ ਲੈ ਕੇ ਜਾਣਾ ਤੇ ਹੋਰ ਵੀ ਕਿੰਨਾ ਕੁਝ। ਪਹਿਲਾਂ ਹੀ ਉਹ ਜੱਗੀ ਮਗਰ ਕਾਫੀ ਦੌੜ-ਭੱਜ ਕਰਦਾ ਆ ਰਿਹਾ ਸੀ। ਹਸਪਤਾਲ ਜਾ ਕੇ ਕਾਰ ਖੜੀ ਕਰਨ ਤੋਂ ਲੈ ਕੇ ਜੱਗੀ ਲਈ ਖਾਣਾ ਲੈ ਕੇ ਜਾਣ ਤਕ ਦਾ ਸਾਰਾ ਖਰਚਾ ਉਸ ਨੂੰ ਝੱਲਣਾ ਪੈਂਦਾ ਸੀ। ਉਸ ਨੇ ਫੈਸਲਾ ਕਰ ਲਿਆ ਕਿ ਚਰਨਜੀਤ ਨੂੰ ਆਪਣੇ ਘਰ ਨਹੀਂ ਰੱਖੇਗਾ ਤੇ ਆਪਣੀ ਸਥਿਤੀ ਸਾਫ ਕਰ ਦੇਵੇਗਾ।

ਇਹਨਾਂ ਦਿਨਾਂ ਵਿੱਚ ਹੀ ਜੱਗੀ ਦੇ ਪੇਟ ਵਿੱਚ ਇੱਕ ਵਾਰ ਫਿਰ ਪਾਣੀ ਭਰ ਗਿਆ। ਲਿਵਰ ਨੇ ਖਾਣਾ ਹਜ਼ਮ ਕਰਨ ਤੋਂ ਇਨਕਾਰ ਕਰ ਦਿੱਤਾ। ਜੱਗੀ ਨੂੰ ਹਸਪਤਾਲ ਭਰਤੀ ਹੋਣਾ ਪਿਆ। ਚਰਨਜੀਤ ਦਾ ਫੋਨ ਆਇਆ ਤਾਂ ਨਵੀ ਨੇ ਕਿਹਾ,

-ਜੱਗੀ ਦੀ ਲਿਵਰ ਦੀ ਪ੍ਰੌਬਲਮ ਖਤਮ ਨਹੀਂ ਹੋਈ। ਹੁਣ ਉਹ ਫਿਰ ਵੱਡੇ ਹਸਪਤਾਲ ਐ।

-ਭਾਜੀ, ਤਾਹੀਂ ਮੈਂ ਚਾਹੁੰਦੀ ਸੀ ਕਿ ਜਲਦੀ ਤੋਂ ਜਲਦੀ ਆਵਾਂ, ਉਹਨੂੰ ਦੇਖਾਂ। ਉਹਨੂੰ ਮਿਲਣ ਹਸਪਤਾਲ ਜਾਇਆ ਕਰਾਂ। ਮੈਂ ਫਲਾਈਟ ਬੁੱਕ ਕਰਾ ਕੇ ਤੁਹਾਨੂੰ ਫੋਨ ਕਰ ਦੇਵਾਂਗੀ।

ਨਵੀ ਕੁਝ ਕੁ ਝਿਜਕਿਆ ਤੇ ਫਿਰ ਆਖਣ ਲੱਗਾ,

-ਭੈਣ ਜੀ, ਕੁਝ ਗੱਲਾਂ ਮੈਂ ਕਲੀਅਰ ਕਰ ਦੇਵਾਂ, ਹਸਪਤਾਲ ਕੇਂਦਰੀ ਲੰਡਨ ਵਿੱਚ ਐ, ਜੱਗੀ ਦੇ ਫਲੈਟ ਤੋਂ ਦਸ ਮੀਲ ਦੂਰ। ਕੋਈ ਸਿੱਧੀ ਬੱਸ-ਟਰੇਨ ਵੀ ਨਹੀਂ ਜਾਂਦੀ। ਮੈਂ ਉਤਰੀ ਲੰਡਨ ਵਿੱਚ ਕਾਫੀ ਦੂਰ ਰਹਿਨਾ, ਮੈਂ ਕੰਮ 'ਤੇ ਵੀ ਜਾਨਾਂ, ਮੈਂ ਤੁਹਾਡੀ ਬਹੁਤੀ ਹੈਲਪ ਨਹੀਂ ਕਰ ਸਕਣੀ।

-ਭਾਜੀ, ਮੈਂ ਤੁਹਾਡੀ ਸਿਚੂਏਸ਼ਨ ਸਮਝਦੀ ਆਂ, ਰਹਿਣਾ ਅਸੀਂ ਜੱਗੀ ਦੇ ਫਲੈਟ ਵਿੱਚ ਹੀ ਐ, ਮੈਨੂੰ ਇੰਗਲੈਂਡ ਦੇ ਸਿਸਟਮ ਦਾ ਨਹੀਂ ਪਤਾ ਪਰ ਆਨੰਦੀ ਨੇ ਆ ਜਾਣਾ। ਉਹ ਕਨੇਡਾ ਰਹਿੰਦੀ ਐ ਤੇ ਸਾਰੇ ਸਿਸਟਮ ਨੂੰ ਸਮਝਦੀ ਐ, ਉਹੀ ਤਾਂ ਉੱਥੋਂ ਬੈਠੀ ਹਸਪਤਾਲਾਂ ਨੂੰ ਫੋਨ ਕਰ ਕਰ ਕੇ ਵੀਰੇ ਦੀ ਖ਼ਬਰ ਲੈਂਦੀ ਰਹਿੰਦੈ ਐ।

-ਹਾਂ, ਜੇ ਬਿਟੀਆ ਆ ਗਈ ਫਿਰ ਤਾਂ ਗੱਲ ਹੀ ਕਿਹੜੀ ਐ, ਤੁਹਾਨੂੰ ਸੌਖ ਰਹੇਗੀ।

ਨਵੀ ਨੇ ਕਿਹਾ। ਉਹ ਖੁਸ਼ ਸੀ ਕਿ ਉਸ ਨੇ ਆਪਣਾ ਸੁਨੇਹਾ ਦੇ ਦਿੱਤਾ ਸੀ। ਉਹ ਸੋਚ ਰਿਹਾ ਸੀ ਕਿ ਜੱਗੀ ਦੇ ਝੰਜਟ ਤੋਂ ਦੂਰ ਹੀ ਰਹੇ।

ਚਰਨਜੀਤ ਵੀ ਤੇਜ਼ ਸੀ ਤੇ ਨਵੀ ਦੀ ਗੱਲ ਸਮਝਣ ਵਿੱਚ ਉਸ ਨੂੰ ਦੇਰ ਨਾ ਲੱਗੀ। ਉਹ ਨਵੀ ਉਪਰ ਸਹਿੰਦਾ-ਸਹਿੰਦਾ ਬੋਝ ਹੀ ਪਾਉਣਾ ਚਾਹੁੰਦੀ ਸੀ। ਉਸ ਨੇ ਹਾਲੇ ਨਵੀ ਨੂੰ ਆਨੰਦੀ ਦੇ ਨਾਂ ਦੀ ਵਸੀਅਤ ਕਰਾਉਣ ਵਿੱਚ ਵੀ ਵਰਤਣਾ ਸੀ।

ਇਸ ਵਾਰ ਜੱਗੀ ਹਸਪਤਾਲ ਦੋ ਹਫਤੇ ਤਕ ਰਿਹਾ। ਉਸ ਦੇ ਪੇਟ ਵਿੱਚੋਂ ਤਰਲ ਮਾਦਾ ਨਿਕਲ ਨਹੀਂ ਸੀ ਰਿਹਾ। ਇੱਕ ਵਾਰ ਜ਼ਿੱਦ ਕਰਕੇ ਉਹ ਘਰ ਆ ਵੀ ਗਿਆ ਸੀ। ਤਰਲ ਮਾਦਾ ਬਾਹਰ ਕੱਢਣ ਲਈ ਉਸ ਦੇ ਪੇਟ ਵਿੱਚ ਟਿਊਬ ਲਾਈ ਹੋਈ ਸੀ, ਘਰੇ ਸੁੱਤੇ ਪਿਆਂ ਟਿਊਬ ਨਿਕਲ ਗਈ ਤੇ ਉਸ ਦਾ ਸਾਰਾ ਬਿਸਤਰ ਤਰਲ ਮਾਦੇ ਨਾਲ ਭਰ ਗਿਆ ਸੀ। ਉਸ ਨੂੰ ਅਗਲੇ ਦਿਨ ਹੀ ਮੁੜ ਹਸਪਤਾਲ ਜਾਣਾ ਪਿਆ। ਹਸਪਤਾਲ ਜਾ ਕੇ ਜੱਗੀ ਦੋ ਦਿਨ ਤਕ ਬੇਹੋਸ਼ ਰਿਹਾ ਸੀ। ਹੁਣ ਲਿਵਰ ਦੇ ਨਾਲ ਨਾਲ ਉਸ ਦੀਆਂ ਕਿਡਨੀਆਂ ਵੀ ਤਕਲੀਫ ਦੇਣ ਲੱਗੀਆਂ ਸਨ। ਡਾਕਟਰਾਂ ਲਈ ਇਹ ਇੱਕ ਹੋਰ ਮੁਸੀਬਤ ਆ ਪਈ ਸੀ। ਇੱਕ ਦਿਨ ਨਵੀ ਉਸ ਨੂੰ ਦੇਖਣ ਗਿਆ ਤਾਂ ਉਸ ਨੂੰ ਜਾਪਿਆ ਕਿ ਇਹ ਤਾਂ ਗਿਆ ਕੰਮ ਤੋਂ।

ਜੱਗੀ ਨੂੰ ਦੇਖ ਕੇ ਆ ਕੇ ਨਵੀ ਨੇ ਪ੍ਰੀਤੀ ਨੂੰ ਫੋਨ ਕੀਤਾ ਤੇ ਕਿਹਾ,

-ਪ੍ਰੀਤੀ, ਤੂੰ ਤਾਂ ਪੱਥਰ ਦੀ ਹੀ ਬਣ ਗਈ ਐਂ!

-ਕੀ ਹੋਇਆ?

-ਤੂੰ ਮੁੜ ਕੇ ਜੱਗੀ ਨੂੰ ਦੇਖਣ ਹੀ ਨਹੀਂ ਗਈ, ਕਿਉਂ? ਪੈਸੇ ਨਾਲ ਹੀ ਵਾਹ ਸੀ ਤੇਰਾ?

-ਇਹ ਗੱਲ ਨਹੀਂ ਪਰ ਤੂੰ ਆਪਣੇ ਦੋਸਤ ਵੱਲ ਵੀ ਤਾਂ ਦੇਖ, ਉਹਨੇ ਤਾਂ ਸਾਨੂੰ ਇਵੇਂ ਇਗਨੋਅਰ ਕੀਤੈ ਜਿਵੇਂ ਅਸੀਂ ਹੁੰਦੇ ਹੀ ਨਹੀਂ, ਮੈਂ ਨਹੀਂ ਤਾਂ ਰੌਕੀ ਬਾਰੇ ਤਾਂ ਕੁਝ ਕਰ ਹੀ ਸਕਦਾ।

-ਪ੍ਰੀਤੀ, ਉਹਦਾ ਸਭ ਕੁਝ ਰੌਕੀ ਨੂੰ ਹੀ ਮਿਲਣਾ।

-ਨਹੀਂ, ਉਹਨੇ ਆਨੰਦੀ ਦੇ ਨਾਂ 'ਤੇ ਵਿੱਲ ਬਣਾ ਦਿੱਤੀ ਐ।

-ਨਹੀਂ ਪ੍ਰੀਤੀ, ਮੇਰਾ ਨਹੀਂ ਖਿਆਲ ਕਿ ਉਹਨੇ ਕੋਈ ਵਿੱਲ ਬਣਾਈ ਐ।

-ਨਹੀਂ ਬਣਾਈ ਤਾਂ ਬਣਾ ਦੇਵੇਗਾ, ਇਹੋ ਕੰਮ ਤਾਂ ਚਰਨਜੀਤ ਆ ਰਹੀ ਐ।

-ਜੇ ਤੂੰ ਉਹਦੇ ਆਲੇ ਦੁਆਲੇ ਰਹੇਂ ਤਾਂ ਉਹ ਵਿੱਲ ਨਹੀਂ ਬਣਾਏਗਾ, ਉਹ ਬਹੁਤ ਇਕੱਲਾ ਵਿਚਾਰਾ।

-ਇਕੱਲਾ ਕਾਹਨੂੰ, ਮੈਂ ਇੰਡੀਆ ਫੋਨ ਕੀਤਾ ਸੀ, ਸ਼ਿਵਚਰਨ ਭਾਜੀ ਨੂੰ। ਓਦਾਂ ਤਾਂ ਉਹ ਸਿੱਧੇ ਮੂੰਹ ਗੱਲ ਨਹੀਂ ਸੀ ਕਰ ਰਿਹਾ ਪਰ ਏਨਾ ਜ਼ਰੂਰ ਦੱਸਿਆ ਕਿ ਚਰਨਜੀਤ ਆ ਰਹੀ ਐ। ਵੀਜ਼ਾ ਮਿਲ ਗਿਆ ਉਹਨੂੰ।

-ਇਹ ਤਾਂ ਠੀਕ ਐ, ਜੱਗੀ ਨੂੰ ਹੈਲਪ ਹੋਵੇਗੀ।

-ਪਰ ਉਹ ਹੈਲਪ ਕਰਨ ਨਹੀਂ ਆ ਰਹੀ, ਉਹ ਤਾਂ ਆਪਣੀ ਮਾਰ 'ਤੇ ਆ ਰਹੀ ਐ। ਨਵੀ, ਮੈਂ ਤੈਨੂੰ ਜ਼ਿੰਦਗੀ ਵਿੱਚ ਇੱਕ ਕੰਮ ਕਿਹਾ ਸੀ, ਤੂੰ ਉਹ ਵੀ ਨਹੀਂ ਕੀਤਾ।

-ਪ੍ਰੀਤੀ, ਮੈਂ ਤੈਨੂੰ ਦੱਸ ਦਿੱਤਾ ਸੀ ਕਿ ਮੈਂ ਇਹ ਕੰਮ ਨਹੀਂ ਕਰ ਸਕਦਾ।

-ਨਵੀ, ਤੂੰ ਚਾਹੁੰਦਾ ਹੀ ਨਹੀਂ ਕਿ ਮੈਨੂੰ ਕੁਝ ਮਿਲੇ।

-ਮੈਂ ਚਾਹੁੰਨਾ ਕਿ ਰੌਕੀ ਨੂੰ ਮਿਲੇ।



-ਕਿਵੇਂ ਮਿਲੇ? ਕੋਈ ਰਾਹ ਦੱਸ?

-ਪ੍ਰੀਤੀ, ਇੱਕ ਸਲਾਹ ਮੰਨੇਗੀ?

-ਦੱਸ।

-ਪੰਜਾਬੀ ਵਿੱਚ ਕਹਾਵਤ ਐ ਕਿ ਸਾਰਾ ਜਾਂਦਾ ਦੇਖ ਕੇ ਅੱਧਾ ਦੇਈਏ ਗਵਾ। ਦੇਖ, ਜੱਗੀ ਨੇ ਵਿੱਲ ਬਣਾਈ ਜਾਂ ਨਾ ਬਣਾਈ ਪਰ ਸ਼ਿਵਚਰਨ ਨੇ ਤੁਹਾਨੂੰ ਉਸ ਜਾਇਦਾਦ ਦੇ ਨੇੜੇ ਨਹੀਂ ਲੱਗਣ ਦੇਣਾ। ਬਘਿਆੜ ਐ ਉਹ। ਵਧੀਆ ਗੱਲ ਇਹ ਐ ਸ਼ਿਵਚਰਨ ਤੇ ਚਰਨਜੀਤ ਨਾਲ ਲੜਨ ਦੀ ਥਾਂ ਸੁਲਾਹ ਕਰ ਲੈ ਤੇ ਸੁਲਾਹ ਅਜਿਹੀ ਕਿ ਸਮਝੌਤਾ ਕਰ ਲੈ।

-ਕੈਸਾ ਸਮਝੌਤਾ?

-ਸਭ ਅੱਧੋ-ਅੱਧ। ਤੁਹਾਡੇ ਕੋਲ ਕਾਨੂੰਨੀ ਹੱਕ ਐ ਤੇ ਉਹਦੇ ਕੋਲ ਕਬਜ਼ਾ। ਨਾ ਤੇਰੇ ਤੋਂ ਇੰਡੀਆ ਜਾ ਕੇ ਕਾਨੂੰਨੀ ਉਲਝਣਾਂ ਵਿੱਚ ਪੈ ਹੋਣਾਂ ਤੇ ਨਾ ਕੁਝ ਹੋਰ। ਹਿੱਸੇਦਾਰੀ ਦੋਵਾਂ ਧਿਰਾਂ ਲਈ ਠੀਕ ਰਹਿਣੀ ਐਂ।

-ਪਰ ਨਵੀ ਇਹ ਹੋਵੇਗਾ ਕਿਵੇਂ?

-ਇਹ ਹੁਣ ਤੂੰ ਸੋਚ। ਜੋ ਵੀ ਮਿਲਦਾ ਲੈ ਲੈ। ਪੰਜਾਬੀ ਦੀ ਇੱਕ ਹੋਰ ਕਹਾਵਤ ਵੀ ਐ ਕਿ ਜਾਂਦੇ ਚੋਰ ਦੀ ਤੜਾਗੀ ਹੀ ਸਹੀ!

# ਤਰਤਾਲੀ

ਪ੍ਰੀਤੀ ਅਗਲੇ ਦਿਨ ਹੀ ਜੱਗੀ ਨੂੰ ਮਿਲਣ ਚਲੇ ਗਈ। ਆਪਣੇ ਨਾਲ ਉਹ ਰੌਕੀ ਨੂੰ ਵੀ ਲੈ ਗਈ। ਵੈਸੇ ਰੌਕੀ ਸ਼ਾਇਦ ਹੀ ਜਾਂਦਾ ਪਰ ਹੁਣ ਪ੍ਰੀਤੀ ਨੇ ਉਸ ਨੂੰ ਨਵੀਂਆਂ ਆਸਾਂ ਦਿਖਾਈਆਂ ਹੋਈਆਂ ਸਨ। ਉਹ ਸੋਚਦੀ ਸੀ ਕਿ ਜੇ ਵੀਹ ਸਾਲ ਪਹਿਲਾਂ ਇੱਕ ਇੱਕ ਕਰੋੜ ਦੀ ਦੁਕਾਨ ਸੀ ਤਾਂ ਹੁਣ ਤਾਂ ਉਹ ਕਈ ਕਈ ਕਰੋੜ ਦੀ ਹੋ ਗਈ ਹੋਵੇਗੀ। ਫਿਰ ਜੱਗੀ ਦਾ ਘਰ ਵੀ ਤਾਂ ਸੀ ਤੇ ਪਲਾਟ ਵੀ। ਇਸ ਤੋਂ ਬਿਨਾਂ ਹੋਰ ਵੀ ਬਹੁਤ ਕੁਝ ਹੋ ਸਕਦਾ ਸੀ। ਅਜਿਹਾ ਕਿੰਨਾ ਕੁਝ ਸੋਚਦੀ ਉਹ ਹਸਪਤਾਲ ਜਾ ਪੁੱਜੀ।

ਉਹ ਜੱਗੀ ਨੂੰ ਦੇਖ ਕੇ ਹੈਰਾਨ ਰਹਿ ਗਈ। ਹੱਡੀਆਂ ਦੀ ਮੁੱਠ ਬਣ ਗਿਆ ਸੀ ਜੱਗੀ। ਬਿਸਤਰ ਨਾਲ ਬਿਸਤਰ ਹੋਇਆ ਪਿਆ ਸੀ। ਉਹ ਸੁੱਤਾ ਪਿਆ ਇਵੇਂ ਲੱਗਦਾ ਸੀ ਜਿਵੇਂ ਕਿਸੇ ਹੋਰ ਦੁਨੀਆ ਵਿੱਚ ਪੁੱਜ ਚੁੱਕਿਆ ਹੋਵੇ। ਇੱਕ ਪਲ ਲਈ ਤਾਂ ਉਹ ਡਰ ਗਈ ਪਰ ਫਿਰ ਉਸ ਨੇ ਜੱਗੀ ਨੂੰ ਮੋਢੇ ਤੋਂ ਹਲੂਣਿਆਂ। ਉਸ ਨੇ ਅੱਖਾਂ ਖੋਲ੍ਹੀਆਂ। ਪ੍ਰੀਤੀ ਤੇ ਰੌਕੀ ਨੂੰ ਦੇਖ ਕੇ ਜੱਗੀ ਦੇ ਨੀਲੇ ਫਿਰੇ ਬੁੱਲ੍ਹਾਂ 'ਤੇ ਮੁਸਕ੍ਰਾਹਟ ਆ ਗਈ। ਉਹ ਬੋਲਿਆ,

-ਕਿਵੇਂ ਮੈਡਮ, ਠੀਕ ਐਂ? ਤੂੰ ਬਈ ਯੰਗ ਮੈਨ?

ਆਖਦਾ ਉਹ ਬਹਿਣ ਦੀ ਕੋਸ਼ਿਸ਼ ਕਰਨ ਲੱਗਾ। ਪ੍ਰੀਤੀ ਨੇ ਬੈਠਣ ਵਿੱਚ ਉਸ ਦੀ ਮੱਦਦ ਕੀਤੀ। ਪ੍ਰੀਤੀ ਨੇ ਘਰੋਂ ਉਸ ਲਈ ਖਾਣਾ ਲਿਆਂਦਾ ਹੋਇਆ ਸੀ ਪਰ ਡਾਕਟਰਾਂ ਵੱਲੋਂ ਬਾਹਰਲਾ ਖਾਣਾ ਖਾਣ ਦੀ ਮਨਾਹੀ ਸੀ। ਸਿਰਫ ਹਲਕੀਆਂ ਚੀਜ਼ਾਂ ਹੀ ਖਾਣ ਨੂੰ ਦਿੱਤੀਆਂ ਜਾਂਦੀਆਂ ਸਨ। ਘੰਟਾ ਭਰ ਪ੍ਰੀਤੀ ਤੇ ਰੌਕੀ ਜੱਗੀ ਕੋਲ ਬੈਠੇ ਰਹੇ। ਏਨੇ ਚਿਰ ਵਿੱਚ ਜੱਗੀ ਮੁੜ ਕੇ ਵਧੀਆ ਗੱਲਾਂ ਕਰਨ ਲੱਗ ਪਿਆ।

ਘਰ ਆ ਕੇ ਪ੍ਰੀਤੀ ਸੋਚਣ ਲੱਗੀ ਕਿ ਹੁਣ ਕੀ ਕੀਤਾ ਜਾਵੇ। ਨਿੱਕ ਨਾਲ ਉਹ ਅਜਿਹੀ ਕੋਈ ਸਲਾਹ ਨਹੀਂ ਸੀ ਕਰਿਆ ਕਰਦੀ। ਜਦੋਂ ਉਹ ਜੱਗੀ ਦੀ ਵਿਰਾਸਤ ਵਿੱਚੋਂ ਹਿੱਸੇ ਬਾਰੇ ਗੱਲ ਕਰਦੀ ਤਾਂ ਨਿੱਕ ਈਰਖਾ ਕਰਨ ਲੱਗ ਪੈਂਦਾ। ਮਿਲੀਅਨ ਪੌਂਡਾਂ ਦੀ ਗੱਲ ਕਰਦਿਆਂ ਦੇਖ ਉਹ ਪ੍ਰੀਤੀ ਨੂੰ ਪਾਗਲ ਵੀ ਕਹਿੰਦਾ ਪਰ ਹੁਣ ਕਈ ਮਿਲੀਅਨ ਪੌਂਡ ਪ੍ਰੀਤੀ ਨੂੰ ਸਾਹਮਣੇ ਪਿਆ ਦਿੱਸ ਰਿਹਾ ਸੀ। ਉਹ ਇਸ ਨੂੰ ਨਿੱਕ ਨਾਲ ਨਹੀਂ ਸੀ ਵੰਡਣਾ ਚਾਹੁੰਦੀ। ਇਹ ਉਸ ਦਾ ਆਪਣਾ ਨਿੱਜੀ ਸੀ। ਨਵੀ ਦਾ ਦੱਸੇ ਸਮਝੌਤੇ ਵਾਲੇ ਰਾਹ ਬਾਰੇ ਉਹ ਹਾਲੇ ਵੀ ਦੁਚਿੱਤੀ ਵਿੱਚ ਸੀ। ਉਸ ਦਾ ਅੱਧਾ ਮਨ ਕਹਿ ਰਿਹਾ ਸੀ ਕਿ ਉਹ ਚੁੱਪ ਰਹੇ ਤੇ ਜੱਗੀ ਦੇ ਮਰਨ ਤੋਂ ਬਾਅਦ ਆਪਣਾ ਹੱਕ ਜਿਤਾਵੇ। ਕਾਨੂੰਨੀ ਹੱਕ ਰੌਕੀ ਦਾ ਹੀ ਬਣਨਾ ਸੀ। ਮਨ ਦਾ ਦੂਜਾ ਅੱਧ ਨਵੀ ਦੀ ਗੱਲ ਮੰਨ ਰਿਹਾ ਸੀ। ਇਹ ਵੀ ਸੱਚ ਸੀ ਕਿ ਉਸ ਕੋਲੋਂ ਸ਼ਿਵਚਰਨ ਤੇ ਚਰਨਜੀਤ ਨਾਲ ਲੜਾਈ ਨਹੀਂ ਸੀ ਕਰ ਹੋਣੀ। ਉਸ ਦੇ ਆਪੇ ਲਾਏ ਅੰਦਾਜ਼ੇ ਮੁਤਾਬਕ ਜੱਗੀ ਦੀ ਜਾਇਦਾਦ ਸੌ ਕਰੋੜ ਰੁਪਏ ਦੀ ਹੋਵੇਗੀ, ਪੌਂਡਾਂ ਵਿੱਚ ਉਸ ਨੇ ਦਸ ਮਿਲੀਅਨ ਬਣਾ ਲਏ ਹੋਏ ਸਨ। ਇਹਨਾਂ ਵਿੱਚੋਂ ਪੰਜ ਮਿਲੀਅਨ ਵੀ ਮਿਲ ਜਾਣ ਤਾਂ ਬਹੁਤ ਸੀ। ਇਹ ਗੱਲਾਂ ਟੈਲੀਫੋਨ ਉਪਰ ਤਾਂ ਹੋਣੀਆਂ ਨਹੀਂ ਸਨ, ਜਾਂ ਤਾਂ ਉਹ ਇੰਡੀਆ ਜਾਵੇ ਜਾਂ ਫਿਰ ਚਰਨਜੀਤ ਤੇ ਸ਼ਿਵਚਰਨ ਇੰਗਲੈਂਡ ਆਉਣ। ਇਹ ਗੱਲ ਵੀ ਉਸ ਨੇ ਭਾਂਪ ਲਈ ਸੀ ਕਿ ਜੱਗੀ ਨੇ ਹਾਲੇ ਕੋਈ ਵਸੀਅਤ ਨਹੀਂ ਬਣਾਈ ਤੇ ਹੁਣ ਉਹ ਵਸੀਅਤ ਬਣਾਉਣ ਦੇ ਕਾਬਲ ਵੀ ਨਹੀਂ ਸੀ। ਜੇ ਚਰਨਜੀਤ ਨੇ ਅਜਿਹੀ ਕੋਈ ਕੋਸ਼ਿਸ਼ ਕੀਤੀ ਵੀ ਤਾਂ ਕਰਨ ਨਹੀਂ ਦੇਵੇਗੀ। ਇਵੇਂ ਬਹੁਤ ਕੁਝ ਸੋਚਦਿਆਂ ਉਸ ਨੇ ਚਰਨਜੀਤ ਨੂੰ ਫੋਨ ਕਰਨ ਦਾ ਮਨ ਬਣਾ ਲਿਆ।

ਚਰਨਜੀਤ ਦੀ ਇੰਗਲੈਂਡ ਦੀ ਪੂਰੀ ਤਿਆਰੀ ਸੀ। ਇਸ ਤਿਆਰੀ ਵਿੱਚ ਇੱਕ ਵਿਘਨ ਆ ਪਿਆ, ਉਹ ਇਹ ਕਿ ਆਨੰਦੀ ਨੂੰ ਕਿਸੇ ਕਾਰਨ ਇੰਗਲੈਂਡ ਦਾ ਵੀਜ਼ਾ ਨਹੀਂ ਸੀ ਮਿਲਿਆ। ਜੇ ਆਨੰਦੀ ਇੰਗਲੈਂਡ ਉਸ ਦੇ ਨਾਲ ਨਹੀਂ ਹੋਏਗੀ ਤਾਂ ਪਤਾ ਨਹੀਂ ਜੱਗੀ ਵਸੀਅਤ ਕਰੇਗਾ ਵੀ ਕਿ ਨਹੀਂ। ਦੂਜਾ ਇਹ ਕਿ ਆਨੰਦੀ ਬਿਨਾਂ ਉਹ ਇੰਗਲੈਂਡ ਵਿੱਚ ਕਿਵੇਂ ਕੰਮ ਚਲਾਵੇਗੀ। ਕੌਣ ਉਸ ਨੂੰ ਹਸਪਤਾਲਾਂ ਵਿੱਚ ਲੈ ਕੇ ਜਾਇਆ ਕਰੇਗਾ। ਇਕੱਲੀ ਜੱਗੀ ਦੇ ਫਲੈਟ ਵਿੱਚ ਕਿਵੇਂ ਰਹੇਗੀ। ਨਵੀ ਨੇ ਜਵਾਬ ਦੇ ਦਿੱਤਾ ਹੋਇਆ ਸੀ। ਉਸ ਦੀ ਮਾਸੀ ਅਮਰੀਕ ਕੌਰ, ਜਿਸ ਨੇ ਜੱਗੀ ਦਾ ਰਿਸ਼ਤਾ ਕਰਾਇਆ ਸੀ, ਹੁਣ ਮਰ ਚੁੱਕੀ ਸੀ ਤੇ ਉਸ ਦੇ ਬੱਚਿਆਂ ਨਾਲ ਉਹਨਾਂ ਦਾ ਕੋਈ ਰਾਬਤਾ ਨਹੀਂ ਸੀ। ਹੋਰ ਕੋਈ ਰਿਸ਼ਤੇਦਾਰ ਜਾਂ ਵਾਕਫ ਵੀ ਨਹੀਂ ਸੀ ਇੰਗਲੈਂਡ ਵਿੱਚ। ਸੋ ਹੁਣ ਤਾਂ ਉਹ ਇਹ ਸੋਚ ਰਹੀ ਸੀ ਕਿ ਇੰਗਲੈਂਡ ਜਾਵੇ ਵੀ ਕਿ ਨਾ। ਅਜਿਹੀਆਂ ਸੋਚਾਂ ਵਿੱਚ ਉਹ ਵਿਚਰ ਰਹੀ ਸੀ ਕਿ ਪ੍ਰੀਤੀ ਦਾ ਫੋਨ ਆ ਗਿਆ। ਪ੍ਰੀਤੀ ਦੇ ਫੋਨ ਨੇ ਜਿਵੇਂ ਚਰਨਜੀਤ ਨੂੰ ਇੱਕ ਨਵੀਂ ਆਸ ਜਗਾ ਦਿੱਤੀ ਹੋਵੇ। ਉਸ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਪੁੱਛਿਆ,

-ਪ੍ਰੀਤੀ, ਕੀ ਹਾਲ ਐ ਜੱਗੀ ਵੀਰੇ ਦਾ।

-ਚਰਨਜੀਤ, ਬਿਲਕੁਲ ਠੀਕ ਨਹੀਂ, ਤੈਨੂੰ ਚਾਹੀਦਾ ਕਿ ਇੱਕ ਵਾਰ ਆ ਕੇ ਆਪਣੇ ਭਰਾ ਨੂੰ ਮਿਲ ਲਵੇਂ।

ਪ੍ਰੀਤੀ ਦੀ ਗੱਲ ਸੁਣ ਕੇ ਚਰਨਜੀਤ ਹੈਰਾਨ ਸੀ। ਏਨੇ ਪਿਆਰ ਨਾਲ ਤਾਂ ਪ੍ਰੀਤੀ ਕਦੇ ਬੋਲੀ ਹੀ ਨਹੀਂ ਸੀ ਤੇ ਨਾ ਹੀ ਜੱਗੀ ਦਾ ਕਦੇ ਏਨਾ ਹੇਜ ਦਿਖਾਇਆ ਸੀ। ਉਹ ਬੋਲੀ,



-ਪ੍ਰੀਤੀ, ਮੈਂ ਵੀਜ਼ਾ ਤਾਂ ਲਿਆ ਹੋਇਆ ਪਰ ਮੈਂ ਡਬਲ-ਮਾਈਂਡਡ ਆਂ ਕਿ ਆਵਾਂ ਕਿ ਨਾ। ਜੇ ਆ ਵੀ ਜਾਵਾਂ ਤਾਂ ਮੈਨੂੰ ਤਾਂ ਏਸ ਮੁਲਕ ਬਾਰੇ ਕੁਝ ਪਤਾ ਹੀ ਨਹੀਂ। ਜੱਗੀ ਵੀਰਾ ਹਸਪਤਾਲ ਪਿਐ ਤੇ ਮੈਂ ਕਿੱਥੇ ਰਹੂੰ ?

-ਡਬਲ-ਮਾਈਂਡਡ ਕਿਉਂ ਐਂ ਚਰਨਜੀਤ। ਤੂੰ ਆ ਜਾ। ਆਹ ਘਰ ਰੌਕੀ ਦਾ ਹੀ ਐ। ਮੈਂ ਨਾ ਸਹੀ ਪਰ ਰੌਕੀ ਤਾਂ ਤੁਹਾਡੇ ਖਾਨਦਾਨ ਦਾ ਹਿੱਸਾ ਹੀ ਐ ਨਾ। ਤੂੰ ਆ ਤੇ ਸਾਡੇ ਕੋਲ ਰਹਿ। ਜਿੱਥੇ ਵੀ ਤੂੰ ਜਾਣਾ ਹੋਏਗਾ ਮੈਂ ਲੈ ਕੇ ਜਾਵਾਂਗੀ।

ਪ੍ਰੀਤੀ ਦੀਆਂ ਗੱਲਾਂ ਵਿੱਚੋਂ ਚਰਨਜੀਤ ਨੂੰ ਕਈ ਸਵਾਲਾਂ ਦੇ ਜਵਾਬ ਤਾਂ ਮਿਲ ਗਏ ਪਰ ਨਾਲ ਦੀ ਨਾਲ ਹੋਰ ਸਵਾਲ ਖੜੇ ਹੋ ਗਏ। ਪ੍ਰੀਤੀ ਕੋਲ ਜਾਣ ਦਾ ਮਤਲਬ ਸੀ ਕਿ ਉਹ ਜੱਗੀ ਨੂੰ ਇਕੱਲੀ ਮਿਲ ਹੀ ਨਹੀਂ ਸਕੇਗੀ। ਜੱਗੀ ਪ੍ਰੀਤੀ ਦੇ ਪ੍ਰਭਾਵ ਹੇਠ ਆ ਕੇ ਸ਼ਾਇਦ ਸਭ ਕੁਝ ਰੌਕੀ ਨੂੰ ਹੀ ਦੇ ਦੇਵੇ। ਚਰਨਜੀਤ ਨੇ ਇਹ ਵੀ ਭਾਂਪ ਲਿਆ ਸੀ ਕਿ ਪ੍ਰੀਤੀ ਮੁੜ ਜੱਗੀ ਦੀ ਜ਼ਿੰਦਗੀ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਸੀ। ਪੈਸੇ ਦੀ ਖਾਤਰ ਉਹ ਕੁਝ ਵੀ ਕਰ ਸਕਦੀ ਸੀ। ਉਸ ਦਾ ਦਿਲ ਕਰਦਾ ਸੀ ਕਿ ਇਸ ਬਾਰੇ ਉਹ ਸ਼ਿਵਚਰਨ ਦੀ ਸਲਾਹ ਲਵੇ ਪਰ ਉਹ ਆਪਣਾ ਦਿਲ ਆਪਣੇ ਪਤੀ ਕੋਲ ਨਹੀਂ ਸੀ ਖੋਲ੍ਹਣਾ ਚਾਹੁੰਦੀ। ਸ਼ਿਵਚਰਨ ਤਾਂ ਪਹਿਲਾਂ ਹੀ ਖੋਹ-ਖਿੱਚ ’ਤੇ ਆਇਆ ਹੋਇਆ ਸੀ ਪਰ ਚਰਨਜੀਤ ਦੇ ਅੰਦਰ ਹਾਲੇ ਵੀ ਭਰਾ ਦਾ ਪਿਆਰ ਠਾਠਾਂ ਮਾਰ ਰਿਹਾ ਸੀ। ਇੱਕ ਇਹ ਵੀ ਗੱਲ ਸੀ ਕਿ ਜੇ ਉਹ ਇੰਗਲੈਂਡ ਨਾ ਗਈ ਤਾਂ ਕਿਤੇ ਇਵੇਂ ਨਾ ਹੋਵੇ ਕਿ ਪ੍ਰੀਤੀ ਰੌਕੀ ਨੂੰ ਪਿੱਛੇ ਛੱਡ ਆਪਣੇ ਨਾਂ ’ਤੇ ਹੀ ਵਸੀਅਤ ਕਰਾ ਲਵੇ। ਉਸ ਨੇ ਫੈਸਲਾ ਕਰ ਲਿਆ ਕਿ ਜੱਗੀ ਨੂੰ ਪ੍ਰੀਤੀ ਲਈ ਇਕੱਲਾ ਨਹੀਂ ਛੱਡੇਗੀ ਤੇ ਉਹ ਇੰਗਲੈਂਡ ਜਾਵੇਗੀ ਹੀ ਜਾਵੇਗੀ।

ਚਰਨਜੀਤ ਇੰਗਲੈਂਡ ਪੁੱਜ ਗਈ। ਪ੍ਰੀਤੀ ਚਰਨਜੀਤ ਨੂੰ ਲੈਣ ਏਅਰਪੋਰਟ ’ਤੇ ਗਈ। ਉਹ ਦੋਵੇਂ ਪਿਛਲੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਮਿਲੀਆਂ। ਰੌਕੀ ਵੀ ਨਾਲ ਸੀ। ਚਰਨਜੀਤ ਨੇ ਰੌਕੀ ਨੂੰ ਜੱਫੀ ਵਿੱਚ ਲਿਆ ਤਾਂ ਉਸ ਨੂੰ ਜੱਗੀ ਜਿਹਾ ਮੋਹ ਹੀ ਮਹਿਸੂਸ ਹੋਇਆ। ਘਰ ਆਏ, ਨਿੱਕ ਨੂੰ ਦੇਖ ਕੇ ਉਸ ਦੇ ਮਨ ਵਿੱਚ ਨਫਰਤ ਦੀ ਤਾਰ ਜਿਹੀ ਫਿਰ ਗਈ ਪਰ ਉਸ ਨੇ ਆਪਣੇ ਆਪ ’ਤੇ ਕਾਬੂ ਰੱਖਿਆ। ਅਗਲੇ ਦਿਨ ਪ੍ਰੀਤੀ ਉਸ ਨੂੰ ਹਸਪਤਾਲ ਲੈ ਗਈ। ਜੱਗੀ ਦੀ ਹਾਲਤ ਦੇਖ ਕੇ ਚਰਨਜੀਤ ਦਾ ਰੋਣਾ ਨਿਕਲ ਗਿਆ। ਚਰਨਜੀਤ ਨੂੰ ਦੇਖ ਕੇ ਜੱਗੀ ਜਿਵੇਂ ਜਿਉਂਦਿਆਂ ਵਿੱਚ ਹੋ ਗਿਆ ਹੋਵੇ। ਉਹ ਬਹੁਤ ਖ਼ੁਸ਼ ਸੀ। ਉਸ ਨੇ ਨਰਸ ਨੂੰ ਕਿਹਾ,

-ਸਿਸਟਰ, ਡਾਕਟਰ ਨੂੰ ਕਹਿ ਕੇ ਮੈਨੂੰ ਘਰ ਭੇਜ ਦੇਵੋ। ਹੁਣ ਮੈਂ ਬਿਲਕੁਲ ਠੀਕ ਹੋ ਜਾਣਾਂ। ਮੇਰੀ ਭੈਣ ਆ ਗਈ, ਹੁਣ ਮੈਨੂੰ ਕੋਈ ਫਿਕਰ ਨਹੀਂ।

-ਹਾਂ ਵੀਰੇ, ਘਰ ਵੀ ਚੱਲਾਂਗੇ, ਤੂੰ ਜ਼ਰਾ ਠੀਕ ਹੋ ਜਾ।

-ਮੈਂ ਬਿਲਕੁਲ ਠੀਕ ਆਂ, ਬਸ ਹਵਾ ਜਿਹੀ ਭਰਦੀ ਕਰਕੇ ਇੱਥੇ ਰੱਖ ਲਿਆ, ਉਪਰੋਂ ਦੀ ਦਵਾਈਆਂ ਐਸੀਆਂ ਕਿ....।

ਹਮੇਸ਼ਾ ਵਾਂਗ ਜੱਗੀ ਨੂੰ ਘਰ ਜਾਣ ਦੀ ਕਾਹਲੀ ਸੀ। ਪ੍ਰੀਤੀ ਤੇ ਚਰਨਜੀਤ ਆਪ ਜਾ ਕੇ ਡਾਕਟਰ ਨੂੰ ਮਿਲੀਆਂ। ਡਾਕਟਰ ਨੇ ਕਿਹਾ,

–ਮਰੀਜ਼ 'ਤੇ ਦਵਾਈ ਦਾ ਅਸਰ ਨਹੀਂ ਹੋ ਰਿਹਾ, ਅਜਿਹੀ ਹਾਲਤ ਵਿੱਚ ਅਸੀਂ ਮਰੀਜ਼ ਨੂੰ ਘਰ ਨਹੀਂ ਭੇਜ ਸਕਦੇ।

–ਡੌਕ, ਜੈਗ ਦੇ ਠੀਕ ਹੋਣ ਦੇ ਕਿੰਨੇ ਕੁ ਚਾਂਸ ਨੇ ?

ਪ੍ਰੀਤੀ ਦੇ ਮਨ ਦਾ ਪਾਲ਼ਾ ਬੋਲਿਆ। ਡਾਕਟਰ ਆਖਣ ਲੱਗਾ,

–ਮੈਂ ਡਾਕਟਰ ਹਾਂ ਤੇ ਮੈਂ ਕਦੇ ਵੀ ਆਸ ਦਾ ਪੱਲਾ ਨਹੀਂ ਛੱਡਦਾ।

ਪ੍ਰੀਤੀ ਜਾਣਦੀ ਸੀ ਕਿ ਡਾਕਟਰ ਉਹਨਾਂ ਦਾ ਦਿਲ ਰੱਖਣ ਲਈ ਕਹਿ ਰਿਹਾ ਹੈ, ਨਹੀਂ ਤਾਂ ਜੱਗੀ ਦੀ ਸਿਹਤ ਇਸ ਸਥਿਤੀ ਵਿੱਚ ਸੀ ਕਿ ਇਹ ਮੁੜ ਕੇ ਨਹੀਂ ਸੁਧਰਨ ਵਾਲੀ। ਹੁਣ ਜੱਗੀ ਕਦੇ ਵੀ ਵਾਪਸ ਘਰ ਨਹੀਂ ਆਵੇਗਾ। ਦੋ ਕੁ ਘੰਟੇ ਉਹ ਹਸਪਤਾਲ ਬਹਿ ਕੇ ਵਾਪਸ ਆ ਗਈਆਂ। ਹੁਣ ਪ੍ਰੀਤੀ ਚਰਨਜੀਤ ਨਾਲ ਗੱਲ ਕਰਨ ਦਾ ਮੌਕਾ ਲੱਭਣ ਲੱਗੀ। ਸ਼ਾਮ ਨੂੰ ਰੋਟੀ ਖਾਣ ਤੋਂ ਬਾਅਦ ਨਿੱਕ ਆਪਣੇ ਕਮਰੇ ਵਿੱਚ ਚਲੇ ਗਿਆ ਤੇ ਰੌਕੀ ਆਪੇ ਕਮਰੇ ਵਿੱਚ। ਬਹਿਣ–ਕਮਰੇ ਵਿੱਚ ਪ੍ਰੀਤੀ ਤੇ ਚਰਨਜੀਤ ਹੀ ਸਨ। ਪ੍ਰੀਤੀ ਬੋਲੀ,

–ਕੀ ਸੋਚ ਰਹੀ ਐਂ ?

–ਇਹੀ ਕਿ ਵੀਰਾ ਜਲਦੀ ਠੀਕ ਹੋ ਜਾਵੇ।

–ਚਰਨਜੀਤ, ਜ਼ਰਾ ਸੱਚ ਦੇ ਨਜ਼ਦੀਕ ਰਹਿ ਕੇ ਸੋਚ। ਲਿਵਰ ਉਹਦਾ ਪੂਰੀ ਤਰ੍ਹਾਂ ਜਾ ਚੁੱਕਾ ਤੇ ਕਿਡਨੀਆਂ ਵੀ ਖਤਮ ਨੇ।

–ਇਵੇਂ ਨਾ ਕਹਿ ਪ੍ਰੀਤੀ, ਮੇਰਾ ਭਰਾ ਐ, ਇਵੇਂ ਸੋਚ ਕੇ ਮੇਰੇ ਦਿਲ ਨੂੰ ਡੋਬਾ ਪੈਂਦਾ।

–ਚਰਨਜੀਤ, ਹੌਸਲੇ ਤੋਂ ਕੰਮ ਲੈਣਾ ਪੈਣਾਂ।

–ਹਾਂ, ਹੌਸਲਾ ਤਾਂ ਰੱਖਣਾ ਹੀ ਪਵੇਗਾ।

ਚਰਨਜੀਤ ਨੇ ਕਿਹਾ। ਪ੍ਰੀਤੀ ਕੁਝ ਦੇਰ ਰੁਕੀ ਤੇ ਫਿਰ ਹਿੰਮਤ ਕਰਕੇ ਬੋਲੀ,

–ਚਰਨਜੀਤ, ਜੈਗ ਤੋਂ ਬਾਅਦ ਉਹ ਦੀ ਸਾਰੀ ਪ੍ਰੌਪਰਟੀ ਹੁਣ ਰੌਕੀ ਨੂੰ ਮਿਲਣੀ ਚਾਹੀਦੀ ਐ।

ਚਰਨਜੀਤ ਖਿਝਦੀ ਹੋਈ ਆਖਣ ਲੱਗੀ,

–ਪ੍ਰੀਤੀ, ਤੂੰ ਸਦਾ ਹੀ ਪ੍ਰੌਪਰਟੀ ਦਾ ਰਾਗ ਅਲਾਪਦੀ ਰਹਿੰਨੀ ਐਂ, ਜਿਹਦੀ ਪ੍ਰੌਪਰਟੀ ਹੈਗੀ ਐ ਉਹ ਜੀਂਦਾ ਵਸਦਾ ਰਹੇ ! ਨਾਲ਼ੇ ਏਨੀ ਪ੍ਰੌਪਰਟੀ ਨਹੀਂ ਜਿੰਨੀ ਤੂੰ ਆਸ ਰੱਖੀ ਬੈਠੀ ਐਂ।

–ਵੀਹ ਸਾਲ ਪਹਿਲਾਂ ਮੈਨੂੰ ਜੈਗ ਨੇ ਦੱਸਿਆ ਸੀ ਕਿ ਇੱਕ ਇੱਕ ਕਰੋੜ ਦੀਆਂ ਪੰਜ ਦੁਕਾਨਾਂ। ਹੁਣ ਤਾਂ ਉਹ ਵੀਹ ਵੀਹ ਕਰੋੜ ਦੀਆਂ ਹੋ ਗਈਆਂ ਹੋਣਗੀਆਂ। ਘਰ, ਪਲੌਟ ਤੇ ਕੈਸ਼। ਦਸ ਕਰੋੜ ਦਾ ਇੱਕ ਮਿਲੀਅਨ ਪੌਂਡ ਬਣਦਾ ਤੇ ਜੈਗ ਦੀ ਜਾਇਦਾਦ ਹੈਗੀ ਐ ਪੱਚੀ ਮਿਲੀਅਨ ਪੌਂਡ।

–ਪ੍ਰੀਤੀ, ਤੂੰ ਕਿਹੜੀ ਦੁਨੀਆ ਵਿੱਚ ਰਹਿੰਦੀ ਐਂ ! ਏਨੀ ਕਿਵੇਂ ਹੋ ਜਾਏਗੀ ? ਦੁਕਾਨਾਂ ਕਿਰਾਏ 'ਤੇ ਐ ਤੇ ਕਿਰਾਏ ਦੀਆਂ ਦੁਕਾਨਾਂ ਦੀ ਕੀਮਤ ਬਹੁਤੀ ਨਹੀਂ ਹੁੰਦੀ ਕਿਉਂਕਿ ਕਿਰਾਏਦਾਰ ਦੁਕਾਨ ਛੱਡੇਗਾ ਤਾਂ ਹੀ ਤਾਂ ਵਿਕੇਗੀ, ਉਸ ਦੀ ਕੀਮਤ ਪਏਗੀ। ਪੱਚੀ–ਪੱਚੀ ਸਾਲ ਦੇ ਦੁਕਾਨਦਾਰ ਦੁਕਾਨਾਂ ਵਿੱਚ ਬੈਠੇ ਆ, ਉਹ ਤਾਂ ਕਿਰਾਇਆ ਵੀ



ਥੋੜ੍ਹਾ ਜਿਹਾ ਹੀ ਦਿੰਦੇ ਆ। ਇੰਡੀਆ ਦਾ ਕਾਨੂੰਨ ਕਿਰਾਏਦਾਰ ਦੇ ਹੱਕ ਵਿੱਚ ਐ। ਘਰ ਦੀ ਵੀ ਕੀਮਤ ਬਹੁਤੀ ਨਹੀਂ, ਪੁਰਾਣੇ ਜ਼ਮਾਨੇ ਦਾ ਛੱਤਿਆ ਹੋਇਆ। ਪਲਾਟ ਜੱਗੀ ਵੀਰੇ ਦਾ ਨਹੀਂ, ਮੇਰਾ ਐ। ਕੈਸ਼ ਸਾਰਾ ਡੈਡੀ ਤੇ ਜੱਗੀ ਦੀ ਬਿਮਾਰੀ 'ਤੇ ਖਰਚ ਹੋ ਗਿਆ ਸੀ ਤੇ ਜੱਗੀ ਵੀਰਾ ਪੌਂਡ ਬਣਾ ਕੇ ਲੈ ਵੀ ਆਇਆ ਸੀ।

ਚਰਨਜੀਤ ਦੀ ਗੱਲ ਸੁਣ ਕੇ ਪ੍ਰੀਤੀ ਦਾ ਸਾਰਾ ਉਤਸ਼ਾਹ ਖਤਮ ਹੋ ਗਿਆ। ਉਸ ਨੇ ਅਗਲੇ ਹੀ ਪਲ ਸੋਚਿਆ ਕਿ ਸ਼ਾਇਦ ਚਰਨਜੀਤ ਉਸ ਨੂੰ ਬੇਵਕੂਫ ਬਣਾ ਰਹੀ ਹੈ। ਉਸ ਨੇ ਕਿਹਾ,

–ਇਹ ਤਾਂ ਕੀਮਤ ਪਵਾਏ 'ਤੇ ਪਤਾ ਚੱਲ ਜਾਂਦਾ ਹੁੰਦਾ। ਪ੍ਰੌਪਰਟੀ ਡੀਲਰ ਸਭ ਦੱਸ ਦਿੰਦੇ ਹੁੰਦੇ ਆ। ਜਿੰਨਾ ਵੀ ਹੋਵੇ, ਹੈ ਤਾਂ ਸਭ ਰੌਕੀ ਦਾ ਹੀ ਨਾ।

ਹੁਣ ਚਰਨਜੀਤ ਦੇ ਮਨ ਨੂੰ ਕੁਝ ਹੋਣ ਲੱਗ ਪਿਆ। ਉਸ ਨੂੰ ਸਭ ਕੁਝ ਹੱਥੋਂ ਜਾਂਦਾ ਦਿੱਸਦਾ ਜਾਪਿਆ। ਉਹ ਹੌਸਲਾ ਕਰਕੇ ਬੋਲੀ,

–ਪ੍ਰੀਤੀ, ਇਹਦੇ ਵਿੱਚ ਅੱਧ ਤਾਂ ਮੇਰਾ ਐ, ਅੱਧ ਵੀਰੇ ਦਾ।

–ਅੱਧ ਕਿਵੇਂ ? ਡੈਡ ਤਾਂ ਵਸੀਅਤ ਕਰ ਗਿਆ ਸੀ ਨਾ ਜੈਗ ਦੇ ਨਾਂ ?

–ਵਸੀਅਤ ਦਾ ਸਾਨੂੰ ਕੁਝ ਨਹੀਂ ਪਤਾ, ਮੈਂ ਕਦੇ ਕੋਈ ਵਸੀਅਤ ਨਹੀਂ ਦੇਖੀ। ਡੈਡ ਤਾਂ ਇਹੋ ਕਹਿੰਦੇ ਸੀ ਕਿ ਸਾਨੂੰ ਦੋਵਾਂ ਨੂੰ ਬਰਾਬਰ ਦਾ ਹਿੱਸਾ ਦੇਣਾ ਕਿਉਂਕਿ ਅਖ਼ੀਰ ਵਿੱਚ ਸੇਵਾ ਤਾਂ ਮੈਂ ਹੀ ਕੀਤੀ ਸੀ।

–ਇਹਦਾ ਮਤਲਬ ਵਸੀਅਤ ਤੁਸੀਂ ਲੁਕੋ ਲਈ ਏ। ਜੈਗ ਦੱਸਦਾ ਸੀ ਕਿ ਫਾਦਰ ਨੇ ਵਸੀਅਤ ਬਣਾਈ ਐ।

–ਪ੍ਰੀਤੀ, ਹਾਲੇ ਸਭ ਕੁਝ ਡੈਡ ਦੇ ਨਾਂ 'ਤੇ ਹੀ ਐ ਤੇ ਮੇਰਾ ਬਰਾਬਰ ਦਾ ਹਿੱਸਾ। ਜੇ ਵੀਰੇ ਨੂੰ ਕੁਝ ਹੋ ਗਿਆ ਤਾਂ ਸਭ ਕੁਝ ਮੇਰਾ।

–ਮੈਨੂੰ ਪਤਾ ਕਿ ਵਿੱਲ ਹੈਗੀ ਐ।

–ਜੇ ਵਿੱਲ ਹੋਵੇ ਵੀ ਤਾਂ ਹਾਲੇ ਲਾਗੂ ਨਹੀਂ ਹੋਈ ਕਿ ਹਾਲੇ ਐਕਸੀਕਿਊਟ ਨਹੀਂ ਹੋਈ, ਹਾਲੇ ਸਭ ਕੁਝ ਡੈਡ ਦੇ ਨਾਂ 'ਤੇ ਹੀ ਐ, ਵਿੱਲ ਹੋਵੇ ਵੀ ਤਾਂ ਸਭ ਕੁਝ ਏਦਾਂ ਹੀ ਕਿਸੇ ਦੇ ਨਾਵੇਂ ਨਹੀਂ ਚੜ੍ਹ ਜਾਂਦਾ, ਵਿੱਲ ਨੂੰ ਗਲਤ ਸਾਬਤ ਵੀ ਕੀਤਾ ਜਾ ਸਕਦਾ, ਡਿਸਪਿਊਟਡ ਵਿੱਲ ਐਵੇਂ ਹੀ ਲਾਗੂ ਨਹੀਂ ਹੋ ਸਕਦੀ।

ਚਰਨਜੀਤ ਨੇ ਆਪਣੇ ਹਿਸਾਬ ਨਾਲ ਚਾਲ ਚੱਲੀ। ਉਸ ਦੀ ਗੱਲ ਸੁਣ ਕੇ ਪਹਿਲਾਂ ਤਾਂ ਪ੍ਰੀਤੀ ਭੜਕੀ ਪਰ ਫਿਰ ਮਨ ਉਪਰ ਕਾਬੂ ਰੱਖਦੀ ਬੋਲੀ,

–ਚਰਨਜੀਤ, ਤੁਸੀਂ ਸਾਡੇ ਨਾਲ ਇਵੇਂ ਨਹੀਂ ਕਰ ਸਕਦੇ, ਤੁਸੀਂ ਸਾਨੂੰ ਸਾਡੇ ਹਿੱਸੇ ਤੋਂ ਵਾਂਝੇ ਨਹੀਂ ਕਰ ਸਕਦੇ, ਮੇਰਾ ਮਤਲਬ ਰੌਕੀ ਨੂੰ, ਆਖਿਰ ਉਹ ਤੁਹਾਡਾ ਹੀ ਤਾਂ ਖ਼ੂਨ ਐ, ਤੁਹਾਡੇ ਖਾਨਦਾਨ ਦਾ ਅਸਲੀ ਵਾਰਿਸ। ਰੌਕੀ ਨੂੰ ਉਸ ਦਾ ਹੱਕ ਦਵਾਉਣ ਲਈ ਮੈਂ ਹਰ ਕੋਰਟ ਵਿੱਚ ਜਾਂਵਾਗੀ, ਮੈਨੂੰ ਕਿਸੇ ਨੇ ਦੱਸਿਆ ਕਿ ਅੱਜ ਕੱਲ੍ਹ ਐਨ. ਆਰ. ਆਈ. ਦੀ ਸੁਣਦੇ ਵੀ ਬਹੁਤ ਐ।

ਆਪਣੀ ਗੱਲ ਕਹਿ ਕੇ ਪ੍ਰੀਤੀ ਆਪਣੇ ਕਮਰੇ ਵਿੱਚ ਸੌਣ ਚਲੇ ਗਈ। ਆਪਣੇ ਕਮਰੇ ਵਿੱਚ ਤਾਂ ਚਰਨਜੀਤ ਵੀ ਚਲੇ ਗਈ ਪਰ ਉਹ ਸੌਂ ਨਾ ਸਕੀ। ਉਹ ਸੋਚ ਰਹੀ ਸੀ ਕਿ

ਹੁਣ ਕੀ ਕੀਤਾ ਜਾਵੇ। ਜੇ ਤਾਂ ਉਸ ਕੋਲ ਜੱਗੀ ਦੀ ਕੀਤੀ ਵਸੀਅਤ ਹੁੰਦੀ ਤਾਂ ਉਹ ਪ੍ਰੀਤੀ ਦੀਆਂ ਗੱਲਾਂ ਨੂੰ ਨਕਾਰ ਕੇ ਰੱਖ ਦਿੰਦੀ ਪਰ ਉਹਦੇ ਹੱਥ ਵਿੱਚ ਤਾਂ ਕੁਝ ਵੀ ਨਹੀਂ ਤੇ ਨਾ ਹੀ ਜੱਗੀ ਇਸ ਕਾਬਲ ਹੈ ਕਿ ਕੋਈ ਵਸੀਅਤ ਕਰ ਸਕੇ। ਸੋਚ-ਸੋਚ ਕੇ ਉਸ ਨੇ ਸ਼ਿਵਚਰਨ ਨੂੰ ਫੋਨ ਕਰ ਲਿਆ। ਇਹ ਪਹਿਲੀ ਵਾਰ ਸੀ ਕਿ ਉਹ ਭਰਾ ਦੀ ਜਾਇਦਾਦ ਬਾਰੇ ਆਪਣੇ ਪਤੀ ਨਾਲ ਗੱਲ ਕਰ ਰਹੀ ਸੀ। ਸਾਰੀ ਗੱਲ ਦੱਸਦਿਆਂ ਪੁੱਛਿਆ,

–ਸ਼ਿਵ, ਹੁਣ ਕੀ ਹੋਵੇ ?

–ਤੂੰ ਇਹ ਗੱਲ ਬਹੁਤ ਵਧੀਆ ਕੀਤੀ ਕਿ ਵਿੱਲ ਡਿਸਪਿਊਟਡ ਐ। ਤੂੰ ਏਦਾਂ ਕਰ, ਜੇ ਥੋੜ੍ਹਾ ਬਹੁਤ ਲੈ ਦੇ ਕੇ ਇਹਦਾ ਮੂੰਹ ਬੰਦ ਹੁੰਦਾ ਤਾਂ ਕਰਾ ਦੇ। ਜੇ ਸੱਚ ਇਹ ਇੱਥੇ ਆ ਗਈ ਤਾਂ ਇਹਨਾਂ ਨੇ ਵਕੀਲਾਂ ਦੇ ਹੱਥ ਚੜ੍ਹ ਜਾਣਾਂ ਤੇ ਸਾਨੂੰ ਖਰਾਬ ਕਰਨਾ।

ਸ਼ਿਵਚਰਨ ਤਾਂ ਸਾਰੀ ਜਾਇਦਾਦ ਨੂੰ ਦੱਬਣ ਦੀਆਂ ਪਹਿਲਾਂ ਹੀ ਸਕੀਮਾਂ ਬਣਾਈ ਫਿਰਦਾ ਸੀ। ਉਹ ਅਕਸਰ ਸੋਚਦਾ ਕਿ ਕਿਸੇ ਨਾ ਕਿਸੇ ਤਰ੍ਹਾਂ ਦਿੱਲੀ ਵਾਲੀਆਂ ਦੁਕਾਨਾਂ ਵੇਚ ਦਿੱਤੀਆਂ ਜਾਣ ਤੇ ਉਹੀ ਪੈਸੇ ਜਲੰਧਰ ਵਿੱਚ ਵਰਤ ਲਏ ਜਾਣ। ਦੁਕਾਨਾਂ ਦੀ ਕੀਮਤ ਬਹੁਤ ਸੀ। ਇੱਕ ਦੁਕਾਨ ਦੇ ਪੈਸੇ ਪ੍ਰੀਤੀ ਨੂੰ ਦੇ ਕੇ ਵੀ ਉਹਨਾਂ ਲਈ ਬਹੁਤ ਕੁਝ ਸੀ।

# ਚੁਤਾਲੀ

ਸਵੇਰੇ ਉਹ ਉੱਠੇ ਤਾਂ ਰਾਤ ਵਾਲੇ ਵਿਸ਼ੇ 'ਤੇ ਮੁੜ ਕੇ ਕੋਈ ਵੀ ਗੱਲ ਨਾ ਹੋਈ। ਉਹ ਗੱਲਾਂ ਤਾਂ ਬਹੁਤ ਕਰ ਰਹੀਆਂ ਸਨ ਪਰ ਹੋਰ ਵਿਸ਼ਿਆਂ ਉਪਰ। ਉਹ ਦੋਵੇਂ ਸ਼ਾਮ ਨੂੰ ਹਸਪਤਾਲ ਜਾਂਦੀਆਂ, ਹੋਰ ਗੱਲਾਂ ਕਰਦੀਆਂ ਗਈਆਂ ਪਰ ਜਾਇਦਾਦ ਬਾਰੇ ਨਾ। ਹਾਂ, ਚਰਨਜੀਤ ਹੁਣ ਹਰ ਰੋਜ਼ ਸ਼ਿਵਚਰਨ ਨੂੰ ਫੋਨ ਕਰਕੇ ਸਲਾਹਾਂ ਕਰਨ ਲੱਗੀ ਸੀ। ਇੱਕ ਦਿਨ ਉਹ ਹਸਪਤਾਲ ਗਈਆਂ ਤਾਂ ਦੇਖਿਆ ਕਿ ਜੱਗੀ ਦੀ ਹਾਲਤ ਹੋਰ ਵੀ ਖਰਾਬ ਸੀ। ਉਸ ਨੂੰ ਆਕਸੀਜ਼ਨ ਲੱਗੀ ਹੋਈ ਸੀ। ਗੁਲੂਕੋਸ ਤਾਂ ਪਹਿਲਾਂ ਵੀ ਹਰ ਵੇਲੇ ਲੱਗਾ ਹੀ ਰਹਿੰਦਾ ਸੀ ਪਰ ਹੁਣ ਇੱਕ ਹੋਰ ਪਾਈਪ ਵੀ ਲਾਇਆ ਹੋਇਆ ਸੀ। ਉਸਦੀ ਹਾਲਤ ਦੇਖ ਕੇ ਉਹ ਦੋਵੇਂ ਹੀ ਰੋਣ ਲੱਗੀਆਂ। ਚਰਨਜੀਤ ਨੇ ਚਾਹਿਆ ਕਿ ਜੱਗੀ ਨੂੰ ਜਗਾ ਲਵੇ ਪਰ ਨਰਸ ਨੇ ਰੋਕ ਦਿੱਤਾ। ਉਹ ਦੋਵੇਂ ਜਲਦੀ ਹੀ ਘਰ ਮੁੜ ਆਈਆਂ। ਘਰ ਆ ਕੇ ਪ੍ਰੀਤੀ ਨੇ ਫਿਰ ਉਹੋ ਗੱਲ ਸ਼ੁਰੂ ਕਰਦਿਆਂ ਕਿਹਾ,

–ਕੀ ਸੋਚਿਆ ਫਿਰ ? ਭਾਜੀ ਕੀ ਕਹਿੰਦੇ ?

ਚਰਨਜੀਤ ਸਮਝ ਗਈ ਕਿ ਸ਼ਿਵਚਰਨ ਨਾਲ ਗੱਲਾਂ ਕਰਦੀ ਦੀ ਭਿਣਕ ਉਸ ਨੂੰ ਪੈ ਗਈ ਹੋਵੇਗੀ। ਉਹ ਬੋਲੀ,

–ਦੇਖ ਪ੍ਰੀਤੀ, ਇਹ ਸਾਰਾ ਕੰਮ ਏਨਾ ਸੌਖਾ ਨਹੀਂ ਹੁੰਦਾ। ਜਿਹੜਾ ਤਾਂ ਹੈਗਾ ਘਰ ਡੈਡੀ ਦਾ, ਇਹ ਅਸੀਂ ਕਿਸੇ ਵੀ ਹਾਲਤ ਵਿੱਚ ਨਹੀਂ ਵੇਚਣਾ। ਇਹਦਾ ਮਿਲਣਾ ਵੀ ਕੁਝ ਨਹੀਂ ਤੇ ਵੇਚਣਾ ਵੀ ਨਹੀਂ।

–ਪੰਜ ਦੁਕਾਨਾਂ ਤਾਂ ਹੈਗੀਆਂ ਨਾ ਰੌਕੀ ਦੀਆਂ।

–ਤੈਨੂੰ ਦੱਸਿਆ ਤਾਂ ਸੀ ਕਿ ਅੱਧ ਤਾਂ ਸਿੱਧਾ ਹੀ ਮੇਰਾ।



–ਚੱਲੋ ਏਦਾਂ ਕਰੋ ਝਗੜਾ ਨਿਬੇੜੋ, ਸਾਨੂੰ ਇਹਨਾਂ ਵਿੱਚੋਂ ਅੱਧ ਦੇ ਹੀ ਦੇਵੋ, ਸਾਡੇ ਹਿੱਸੇ ਦੀਆਂ ਦੁਕਾਨਾਂ ਵੇਚ ਕੇ ਸਾਨੂੰ ਪੈਸੇ ਦੇ ਦੇਵੋ।

–ਪ੍ਰੀਤੀ, ਪਹਿਲੀ ਗੱਲ ਤਾਂ ਕਿਰਾਏ 'ਤੇ ਹੋਣ ਕਰਕੇ ਇਹ ਦੁਕਾਨਾਂ ਵਿਕਣੀਆਂ ਨਹੀਂ, ਦੂਜੇ ਜੇ ਵਿਕ ਵੀ ਜਾਣ ਤਾਂ ਇਹਨਾਂ ਦਾ ਮਿਲਣਾ ਵੀ ਬਹੁਤਾ ਕੁਝ ਨਹੀਂ। ਇਹ ਸਾਰੀਆਂ ਦੁਕਾਨਾਂ ਹੀ ਝਗੜੇ ਵਾਲੀਆਂ ਨੇ।

–ਮਿਲਣਾ ਕਿਉਂ ਨਹੀਂ। ਜੇ ਵੀਹ ਸਾਲ ਪਹਿਲਾਂ ਇੱਕ ਇੱਕ ਕਰੋੜ ਦੀਆਂ ਹੋਣਗੀਆਂ ਤਾਂ ਹੁਣ ਤਾਂ ਸੌ ਕਰੋੜ ਦੀਆਂ ਹੋਣੀਆਂ ਹੀ ਨੇ।

–ਨਹੀਂ ਪ੍ਰੀਤੀ, ਬਹੁਤ ਲੰਮਾ ਪ੍ਰੋਸੀਜ਼ਰ ਹੁੰਦਾ। ਹਾਲੇ ਤਾਂ ਜੱਗੀ ਵੀਰੇ ਦੇ ਨਾਂ ਵੀ ਨਹੀਂ ਚੜ੍ਹਿਆ ਕੁਝ। ਪਹਿਲਾਂ ਇਹ ਸਾਰੀ ਜਾਇਦਾਦ ਜੱਗੀ ਤੇ ਮੇਰੇ ਨਾਂ ਚੜ੍ਹੇਗੀ, ਫਿਰ ਵੇਚਿਆ ਜਾ ਸਕੇਗਾ। ਜੇ ਕੁਝ ਰੌਕੀ ਦੇ ਨਾਂ ਚੜ੍ਹਿਆ ਵੀ ਤਾਂ ਇਹਨੂੰ ਵਾਰ ਵਾਰ ਇੰਡੀਆ ਜਾਣਾ ਪਵੇਗਾ। ਇਸ ਸਭ ਉਪਰ ਬਹੁਤ ਖਰਚ ਹੋਵੇਗਾ, ਲੱਖਾਂ ਵਿੱਚ, ਉਹ ਤੈਨੂੰ ਹੀ ਕਰਨਾ ਪੈਣਾਂ। ਜੇ ਕਿਸੇ ਨੂੰ ਰੌਕੀ ਦੀ ਸਿਹਤ ਦੀ ਭਿਣਕ ਪੈ ਗਈ ਤਾਂ ਹੋਰ ਵੀ ਗੜਬੜ ਹੋ ਜਾਣੀ ਆਂ। ਤੈਨੂੰ ਪਤਾ ਕਿ ਗਾਹਕ ਤਾਂ ਮੁਫਤ ਵਿੱਚ ਚੀਜ਼ ਭਾਲਦੇ ਆ।

ਚਰਨਜੀਤ ਦੱਸ ਰਹੀ ਸੀ। ਪ੍ਰੀਤੀ ਦਾ ਚਿਹਰਾ ਹੋਰਵੇਂ ਹੋ ਰਿਹਾ ਸੀ, ਮਿਲੀਅਨੇਅਰ ਬਣੀ ਜਿਵੇਂ ਮੁੜ ਫਰਸ਼ 'ਤੇ ਆ ਗਈ ਹੋਵੇ। ਚਰਨਜੀਤ ਨੇ ਫਿਰ ਆਖਿਆ,

–ਸੌ ਕਰੋੜ ਤਾਂ ਦੂਰ ਦੀ ਗੱਲ ਐ ਜੇ ਦਸ ਕਰੋੜ ਵੀ ਮਿਲ ਜਾਵੇ ਸਾਰੀਆਂ ਦੁਕਾਨਾਂ ਦਾ ਤਾਂ ਬਹੁਤ ਐ।

–ਚਰਨਜੀਤ, ਤੂੰ ਝੂਠ ਬੋਲ ਰਹੀ ਆਂ।

–ਤੂੰ ਆਪ ਇੰਡੀਆ ਜਾ ਕੇ ਦੇਖ ਆ। ਕਿਸੇ ਪ੍ਰੋਪਰਟੀ ਡੀਲਰ ਨਾਲ ਗੱਲ ਕਰ ਕੇ ਦੇਖ ਲੈ। ਉਸ ਤੋਂ ਬਾਅਦ ਗੱਲ ਕਰ ਲਵਾਂਗੇ।

ਚਰਨਜੀਤ ਨੇ ਆਖਿਆ ਤੇ ਪ੍ਰੀਤੀ ਸੋਚਾਂ ਵਿੱਚ ਪੈ ਗਈ। ਦਸ ਮਿਲੀਅਨ ਪੌਂਡ ਕੀ ਇਹ ਤਾਂ ਇੱਕ ਮਿਲੀਅਨ ਵੀ ਨਹੀਂ ਬਣ ਰਿਹਾ। ਉਹਦੇ ਵਿੱਚੋਂ ਵੀ ਹਿੱਸਾ ਹੋਵੇਗਾ। ਇੰਡੀਆ ਉਹ ਕਿੱਥੋਂ ਜਾ ਸਕੇਗੀ। ਮੁਕੱਦਮਾ ਚੱਲਿਆ ਤਾਂ ਉਸ ਲਈ ਵੀ ਪੈਸੇ ਚਾਹੀਦੇ ਹੋਣਗੇ। ਉਸ ਕੋਲ ਤਾਂ ਕੁਝ ਵੀ ਨਹੀਂ, ਨਿੱਕ ਦੇਵੇਗਾ ਨਹੀਂ। ਇਹ ਇੰਡੀਆ ਗਿਆਂ 'ਤੇ ਕੋਈ ਚਾਲ ਵੀ ਚੱਲ ਸਕਦੇ ਹਨ। ਕਿੰਨੇ ਕੇਸ ਪੜ੍ਹਨ-ਸੁਣਨ ਨੂੰ ਮਿਲਦੇ ਹਨ। ਇਹੋ ਸਹੀ ਵਕਤ ਸੀ ਸਮਝੌਤਾ ਕਰਨ ਦਾ। ਉਸ ਨੇ ਕਿਹਾ,

–ਚਰਨਜੀਤ, ਸ਼ਿਵਚਰਨ ਭਾਜੀ ਨਾਲ ਸਲਾਹ ਕਰ ਲੈ, ਤੁਸੀਂ ਸਾਨੂੰ ਦਸ ਕਰੋੜ ਦੇ ਦੇਵੋ, ਬਾਕੀ ਜਿੰਨਾ ਵੀ ਹੋਵੇ ਤੁਹਾਡਾ।

–ਜੇ ਮੰਨ ਲਿਆ ਕਿ ਦਸ ਕਰੋੜ ਦੀਆਂ ਪੰਜ ਦੁਕਾਨਾਂ ਹੋਣ ਵੀ ਤਾਂ ਉਹਦੇ ਵਿੱਚੋਂ ਪੰਜ ਤਾਂ ਮੇਰਾ ਸਿੱਧਾ ਐ, ਤੇਰਾ ਤਾਂ ਪੰਜ ਹੀ ਬਣਨਾਂ, ਉਹਦੇ ਬਾਰੇ ਵੀ ਹਾਲੇ ਡਿਸਪਿਊਟ ਐ।

ਉਹਨਾਂ ਵਿਚਕਾਰ ਲੈਣ-ਦੇਣ ਸ਼ੁਰੂ ਹੋ ਗਿਆ। ਕੋਈ ਗੱਲ ਕਰਕੇ ਚਰਨਜੀਤ ਇੰਡੀਆ ਸ਼ਿਵਚਰਨ ਨੂੰ ਫੋਨ ਕਰ ਲੈਂਦੀ ਤੇ ਪ੍ਰੀਤੀ ਆਪਣੀ ਸਹੇਲੀ ਚੰਦਾ ਦੇ ਪਤੀ ਅਵਿਨਾਸ਼ ਨੂੰ, ਜਿਸ ਨੂੰ ਏਦਾਂ ਦੀਆਂ ਗੱਲਾਂ ਬਾਰੇ ਵਾਹਵਾ ਪਤਾ ਸੀ। ਕਰ ਕਰਾ ਕੇ

ਚਰਨਜੀਤ ਨੇ ਤਿੰਨ ਕਰੋੜ ਪ੍ਰੀਤੀ ਨੂੰ ਦੇਣਾ ਕਰ ਲਿਆ ਤੇ ਬਦਲੇ ਵਿੱਚ ਰੌਕੀ ਸ਼ਿਵਚਰਨ ਦੇ ਨਾਂ 'ਤੇ ਆਮ-ਮੁਖਤਿਆਰਨਾਮਾ ਲਿਖ ਕੇ ਦੇਵੇਗਾ ਤੇ ਆਪਣੇ ਸਾਰੇ ਹੱਕ ਸ਼ਿਵਚਰਨ ਦੇ ਨਾਂ ਕਰ ਦੇਵੇਗਾ। ਤਿੰਨ ਕਰੋੜ ਦਾ ਭਾਵ ਸੀ ਤਿੰਨ ਲੱਖ ਪੌਂਡ। ਪ੍ਰੀਤੀ ਲਈ ਇਹ ਵੀ ਬਹੁਤ ਸੀ। ਸ਼ਿਵਚਰਨ ਸੋਚ ਰਿਹਾ ਸੀ ਕਿ ਤਿੰਨ ਕਰੋੜ ਦੇ ਤਾਂ ਜਲੰਧਰ ਵਾਲੇ ਪਲਾਟ ਹੀ ਹੋਏ ਖੜੇ ਸਨ। ਇਹ ਸੌਦਾ ਘਾਟੇ ਦਾ ਨਹੀਂ ਸੀ। ਜਾਇਦਾਦ ਬਾਰੇ ਸਾਰੀਆਂ ਗੱਲਾਂ ਹੋ ਗਈਆਂ ਤਾਂ ਪ੍ਰੀਤੀ ਬੋਲੀ,

–ਹੁਣ ਗੱਲ ਕਰੀਏ ਫਿਊਨਰਲ ਬਾਰੇ।

–ਕੀ ਮਤਲਬ ?

–ਮਤਲਬ ਕਿ ਜੱਗੀ ਦੇ ਫਿਊਨਰਲ ਉਪਰ ਵੀ ਤਿੰਨ ਹਜ਼ਾਰ ਪੌਂਡ ਖਰਚ ਹੋ ਜਾਣੇ ਆਂ, ਤੂੰ ਲਿਆਈ ਐਂ ਨਾ।

–ਪ੍ਰੀਤੀ, ਅਕਲ ਕਰ, ਮੈਂ ਆਪਣੇ ਭਰਾ ਦਾ ਕੱਫਣ ਲੈ ਕੇ ਆਉਣਾ ਸੀ।

–ਚਰਨਜੀਤ, ਸਭ ਕੁਝ ਤੇਰੇ ਸਾਹਮਣੇ ਆਂ। ਇਹ ਤਾਂ ਸਿਰਫ ਇੱਕ ਦੋ ਦਿਨ ਦੀ ਗੱਲ ਐ।

–ਪ੍ਰੀਤੀ, ਜੱਗੀ ਦਾ ਹਿੱਸਾ ਤੂੰ ਲੈ ਲਿਆ ਤੇ ਫਿਊਨਰਲ ਦਾ ਖਰਚ ਮੇਰੇ ਸਿਰ ਪਾਉਨੀ ਐਂ ?

–ਵੈਸੇ ਤਾਂ ਲਵਾਰਸਾਂ ਦਾ ਫਿਊਨਰਲ ਕੌਂਸਲ ਵੀ ਕਰ ਦਿੰਦੀ ਐ।

–ਅਕਲ ਕਰ ਪ੍ਰੀਤੀ ! ਮੇਰਾ ਭਰਾ ਲਵਾਰਸ ਨਹੀਂ।

ਚਰਨਜੀਤ ਨੇ ਰੋਣ ਹਾਕੀ ਹੁੰਦੀ ਨੇ ਕਿਹਾ। ਇਸ ਬਾਰੇ ਉਸ ਨੇ ਸ਼ਿਵਚਰਨ ਨੂੰ ਫੋਨ ਕੀਤਾ ਤਾਂ ਉਸ ਨੇ ਸੌਖਾ ਹੱਲ ਕੱਢ ਦਿੱਤਾ ਕਿ ਅੱਧੋ-ਅੱਧ ਕਰ ਲਵੋ। ਪ੍ਰੀਤੀ ਵੀ ਮੰਨ ਗਈ। ਹੁਣ ਤਿੰਨ ਲੱਖ ਪੌਂਡ ਉਸ ਨੂੰ ਮਿਲ ਜਾਣੇ ਸਨ, ਵਿੱਚੋਂ ਪੰਦਰਾਂ ਸੌ ਪੌਂਡ ਖਰਚ ਵੀ ਦਿੱਤਾ ਤਾਂ ਕਿਹੜੀ ਵੱਡੀ ਗੱਲ ਸੀ। ਹਸਪਤਾਲ ਜਾਣ ਦੇ ਵਕਤ ਹੋਣ ਤਕ ਪ੍ਰੀਤੀ ਤੇ ਚਰਨਜੀਤ ਵਿੱਚ ਸਾਰੇ ਸਮਝੌਤੇ ਹੋ ਗਏ ਤੇ ਦੋਵਾਂ ਨੇ ਆਪਸ ਵਿੱਚ ਹੱਥ ਮਿਲਾ ਲਿਆ। ਦੋਵੇਂ ਹੀ ਖੁਸ਼ ਸਨ। ਦੋਵੇਂ ਜਿੱਤ ਗਈਆਂ ਸਮਝ ਰਹੀਆਂ ਸਨ। ਚਹਿਕ ਚਹਿਕ ਕੇ ਗੱਲਾਂ ਕਰ ਰਹੀਆਂ ਸਨ ਜਿਵੇਂ ਸਕੀਆਂ ਭੈਣਾਂ ਜਾਂ ਗੂੜੀਆਂ ਸਹੇਲੀਆਂ ਹੋਣ।

ਸ਼ਾਮ ਨੂੰ ਉਹ ਦੋਵੇਂ ਹਸਪਤਾਲ ਪੁੱਜ ਗਈਆਂ। ਕਾਰ ਖੜੀ ਕਰ ਕੇ ਉਹ ਹਸਪਤਾਲ ਦੀ ਇਮਾਰਤ ਵਿੱਚ ਜਾ ਵੜੀਆਂ। ਉਹਨਾਂ ਦੇ ਪੈਰਾਂ ਵਿੱਚ ਕਾਹਲ ਸੀ ਤੇ ਜੇਤੂਆਂ ਵਾਲਾ ਆਤਮ ਵਿਸ਼ਵਾਸ। ਗੱਲਬਾਤ ਵਿੱਚ ਮੋਹ। ਸਤਵੀ ਮੰਜ਼ਿਲ 'ਤੇ ਜੱਗੀ ਵਾਲੀ ਵਾਰਡ ਸੀ। ਲਿਫਟ ਰਾਹੀਂ ਉਹ ਪੁੱਜ ਗਈਆਂ। ਨਾਈਟਿੰਗੇਲ ਵਾਰਡ ਵਿੱਚ ਜੱਗੀ ਦਾ ਕਮਰਾ ਸੀ। ਉਹ ਦੋਵੇਂ ਇੱਕ ਦੂਜੇ ਦਾ ਹੱਥ ਫੜੀ ਤੁਰ ਰਹੀਆਂ ਸਨ। ਉਹ ਜੱਗੀ ਦੇ ਕਮਰੇ ਮੂਹਰੇ ਆ ਗਈਆਂ। ਉਹਨਾਂ ਨੇ ਕਮਰੇ ਦੇ ਅੰਦਰ ਦੇਖਿਆ ਤਾਂ ਅੰਦਰਲਾ ਨਜ਼ਾਰਾ ਦੇਖ ਕੇ ਉਹਨਾਂ ਦੇ ਪੈਰ ਥਾਵੇਂ ਹੀ ਜੰਮ ਗਏ ਤੇ ਇੱਕ ਦੂਜੇ ਵੱਲ ਦੇਖਣ ਲੱਗੀਆਂ। ਜੱਗੀ ਕੁਰਸੀ 'ਤੇ ਬੈਠਾ ਨਵੀ ਨਾਲ ਹੱਸ-ਹੱਸ ਕੇ ਗੱਲਾਂ ਕਰ ਰਿਹਾ ਸੀ। ਉਹਨਾਂ ਨੂੰ ਆਈਆਂ ਨੂੰ ਦੇਖ ਕੇ ਉਹ ਖੁਸ਼ ਹੁੰਦਾ ਬੋਲਿਆ,



–ਕਿੱਦਾਂ ? ਠੀਕ ਐ ਸਭ ? ...ਮੈਂ ਸੋਚਦਾ ਹੀ ਸੀ ਕਿ ਤੁਹਾਨੂੰ ਫੋਨ ਕਰ ਦੇਵਾਂ। ਦਵਾਈ ਆਪਣਾ ਕੰਮ ਕਰ ਰਹੀ ਐ। ਮੈਂ ਡਾਕਟਰ ਨੂੰ ਕਹਿ ਦਿੱਤਾ ਕਿ ਮੈਂ ਘਰ ਜਾਣਾਂ। ਹਸਪਤਾਲ ਆ ਕੇ ਮੈਂ ਕੱਛੂਕੁਮਾ ਬਣ ਜਾਨਾਂ, ਘਰ ਗਏ ਨੇ ਮੈਂ ਘੋੜੇ ਵਾਂਗ ਫਿਰਨਾ। ਹੁਣ ਬਸ ਡਾਕਟਰ ਨੇ ਮੈਨੂੰ ਦਵਾਈ ਦੇਣੀ ਆਂ ਤੇ ਫੇਰ ਆਪਾਂ ਘਰ ਨੂੰ ਚਲਦੇ ਆਂ। ਜਾਂਦੇ ਜਾਂਦੇ ਥੋੜ੍ਹੀ ਸ਼ੌਪਿੰਗ ਕਰਦੇ ਜਾਵਾਂਗੇ, ਆਟਾ, ਤੇਲ, ਮੀਟ, ਸਬਜ਼ੀਆ, ...ਫਰਿੱਜ ਵੀ ਖਾਲੀ ਹੋਣੀ ਆਂ।

ਸਮਾਪਤ

ਨਾਵਲ 'ਕਾਲੇ ਰੰਗ ਗੁਲਾਬਾਂ ਦੇ' ਟਾਈਟਲ ਦਾ ਬੈਕ ਪੇਜ

ਹਰਜੀਤ ਅਟਵਾਲ ਦਾ ਹਰੇਕ ਨਾਵਲ ਵੱਖਰੀ ਸਮੱਸਿਆ ਤੇ ਵੱਖਰੀ ਵਿਧਾ ਨੂੰ ਲੈ ਕੇ ਪੇਸ਼ ਹੁੰਦਾ ਹੈ। ਨਾਵਲ 'ਕਾਲੇ ਰੰਗ ਗੁਲਾਬਾਂ ਦੇ' ਹਰਜੀਤ ਦੇ ਜੀਵਨ ਦੀ ਉਹ ਸੱਚਾਈ ਪੇਸ਼ ਕਰਦਾ ਹੈ ਜਿਸ ਬਾਰੇ ਅਸੀਂ ਸੋਚਣਾ ਨਹੀਂ ਚਾਹੁੰਦੇ, ਮੰਨਣਾ ਨਹੀਂ ਚਾਹੁੰਦੇ। ਅਸੀਂ ਜਾਣਦੇ ਹਾਂ ਕਿ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਹੈ ਪਰ ਇਹ ਨਾਵਲ ਜ਼ਿੰਦਗੀ ਦੀ ਕਰੂਪਤਾ ਤੇ ਕਰੂਰਤਾ ਨੂੰ ਮਾਰਮਿਕ ਢੰਗ ਨਾਲ ਪੇਸ਼ ਕਰਦਾ ਹੈ। ਇਹ ਸੱਚ ਹੈ ਕਿ ਸਾਡੇ ਇਸ ਸਮਾਜ ਵਿੱਚ ਸ਼ਰੀਫ ਲੋਕਾਂ ਦਾ ਜੀਵਨ ਬਹੁਤਾ ਸੌਖਾ ਨਹੀਂ ਹੁੰਦਾ। ਕਿਸੇ ਨਾ ਕਿਸੇ ਤਰੀਕੇ ਨਾਲ ਸਮਾਜ ਵਿੱਚ ਜੰਗਲ ਰਾਜ ਦਾ ਕਾਨੂੰਨ ਭਾਵ 'ਤਕੜਾ ਜੀਵੇਗਾ' ਲਾਗੂ ਰਹਿੰਦਾ ਹੈ। ਜ਼ਿੰਦਗੀ ਵਿੱਚ ਪੈਸਾ ਰਿਸ਼ਤਿਆਂ ਤੋਂ ਬਹੁਤ ਵੱਡਾ ਹੈ। ਨਾਵਲ ਵਿੱਚ ਜੱਗੀ ਨਾਲ ਅਜਿਹਾ ਕੁਝ ਵਾਪਰਦਾ ਹੈ ਕਿ ਉਸ ਦੀ ਸ਼ਰਾਫਤ, ਅਗਲੇ 'ਤੇ ਵਿਸ਼ਵਾਸ ਕਰ ਲੈਣਾ, ਰਿਸ਼ਤਿਆਂ ਦਾ ਅੰਨੇਵਾਹ ਕੈਦੀ ਹੋ ਜਾਣਾ ਉਸਨੂੰ ਇਸ ਹਾਲਤ ਵਿੱਚ ਪਹੁੰਚਦਾ ਕਰ ਦਿੰਦੇ ਹਨ ਜਿੱਥੋਂ ਉਸਦੀ ਅਸਲ ਪਛਾਣ ਹੀ ਗਵਾਚ ਜਾਂਦੀ ਹੈ। ਜੱਗੀ ਤੇ ਪ੍ਰੀਤੀ ਦੇ ਦੁਆਲੇ ਬੁਣੀ ਇਹ ਕਹਾਣੀ ਬਹੁਤ ਹੀ ਰੌਚਕ ਹੈ। ਇਹ ਕਹਾਣੀ ਤੁਹਾਨੂੰ ਤਕਲੀਫ ਵੀ ਦਿੰਦੀ ਹੈ, ਬੇਚੈਨ ਵੀ ਕਰਦੀ ਹੈ ਤੇ ਚੇਤਾਵਨੀ ਵੀ ਦਿੰਦੀ ਹੈ। ਨਿੱਕ, ਨਵੀ, ਨੀਸ਼ਾ, ਚਰਨਜੀਤ, ਰੌਕੀ ਤੇ ਸ਼ਿਵਚਰਨ ਆਦਿ ਪਾਤਰ ਕਿਸੇ ਪੱਖੋਂ ਵੀ ਓਪਰੇ ਨਹੀਂ ਲੱਗਦੇ। ਸਭ ਤੋਂ ਵੱਡੀ ਗੱਲ ਹੈ ਇਸ ਨਾਵਲ ਦਾ ਕਥਾ-ਰਸ। ਹਰਜੀਤ ਕੋਲ ਇਹ ਕਲਾ ਹੈ। ਸ਼ੁਰੂ ਤੋਂ ਅੰਤ ਤੀਕ ਇਹ ਨਾਵਲ ਪਹਾੜੀ ਦਰਿਆ ਵਾਂਗ ਚਲਦਾ ਹੈ।

—ਜਿੰਦਰ